**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
*Jassi Gill*
CA DRE Lic.#01180969
CA DRE# 00966763

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
www.011india.com
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrictions & Additional Fees Apply.
800-914-1013 408-428-2300

FARMERS INSURANCE
*Auto *Home *Life
*Business *Work Comp
Do You Drive with
Uber - Curb – Lyft - SideCar
Need Insurance?
We have Special Coverage for You!!
Call: 510-797-7989
Duabba Insurance Agency
2450 Peralta Blvd, Suite 203
Fremont CA 94536
Gurcharan S. Mann
License # 0C70672

Sixteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 40, October 03, 2015 20451 N Plum Grove Rd., Palatine, IL 60074 Ph:847-359-0746, Fax:847-705-9388

# ਸਿੱਖ ਮੁੱਦਿਆਂ 'ਤੇ ਭਾਰੂ ਪਈ ਸਿਆਸਤ

## ਡੇਰਾ ਮੁਖੀ ਨੂੰ ਮੁਆਫੀ ਦੇਣ ਦਾ ਮਸਲਾ ਭਖਿਆ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜ ਸਿੰਘ ਸਾਹਿਬਾਨ ਵੱਲੋਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਾਉਣ ਦੇ ਮਾਮਲੇ ਵਿਚ ਚੁੱਪ-ਚੁਪੀਤੇ ਮੁਆਫੀ ਦੇਣ ਦੇ ਫੈਸਲੇ 'ਤੇ ਸਵਾਲ ਖੜ੍ਹੇ ਹੋ ਗਏ ਹਨ। ਅਕਾਲ ਤਖਤ ਤੋਂ ਮੁਆਫੀਨਾਮਾ ਜਾਰੀ ਕਰਨ ਵਾਲੇ ਜਥੇਦਾਰ ਇਸ ਫੈਸਲੇ ਬਾਰੇ ਕੋਈ ਤਰਕ ਦੇਣ ਵਿਚ ਫਿਲਹਾਲ ਅਸਫਲ ਰਹੇ ਹਨ। ਸਿੱਖ ਬੁੱਧੀਜੀਵੀਆਂ ਦਾ ਕਹਿਣਾ ਹੈ ਕਿ 2007 ਵਿਚ ਡੇਰਾ ਮੁਖੀ ਖਿਲਾਫ਼ ਸਮਾਜਕ ਬਾਈਕਾਟ ਦਾ ਫੈਸਲਾ ਸਮੂਹ ਪੰਥਕ ਜਥੇਬੰਦੀਆਂ ਦੀ ਹਾਜ਼ਰੀ ਵਿਚ ਉਨ੍ਹਾਂ ਦੀ ਰਾਏ ਲੈਣ ਮਗਰੋਂ ਕੀਤਾ ਗਿਆ ਸੀ ਅਤੇ ਹੁਣ ਡੇਰਾ ਮੁਖੀ ਨੂੰ ਮੁਆਫ਼ੀ ਦਾ ਫੈਸਲਾ ਵੀ ਇਸੇ ਵਿਧੀ ਨਾਲ ਹੋਣਾ ਚਾਹੀਦਾ ਸੀ। ਮੁਆਫ਼ੀ ਮੰਗਣ ਵਾਲੇ ਦਾ ਹਾਜ਼ਰ ਹੋਣਾ ਵੀ ਜ਼ਰੂਰੀ ਹੈ। ਜੇ ਡੇਰਾ ਮੁਖੀ ਆਪਣੇ ਆਪ ਨੂੰ ਸਿੱਖ ਨਹੀਂ ਮੰਨਦਾ ਹੈ ਤੇ ਗ਼ੈਰ-ਸਿੱਖ ਹੈ ਤਾਂ ਫਿਰ 1956 ਵਿਚ ਸ੍ਰੀ ਹਰਿਮੰਦਰ ਸਾਹਿਬ ਵਿਚ ਫੌਜ ਤੇ ਪੁਲਿਸ ਦੇ ਦਾਖਲੇ ਲਈ ਉਸ ਵੇਲੇ ਦੇ ਮੁੱਖ ਮੰਤਰੀ ਭੀਮ ਸੈਨ ਸੱਚਰ ਨੇ ਹਾਜ਼ਰ ਹੋ ਕੇ ਮੁਆਫ਼ੀ ਕਿਉਂ ਮੰਗੀ ਸੀ।

ਯਾਦ ਰਹੇ ਕਿ 2008 ਵਿਚ ਵੀ ਡੇਰੇ ਵੱਲੋਂ ਸੁਆਮੀ ਅਗਨੀਵੇਸ਼ ਸਮੇਤ ਪੰਜ ਵੱਖ ਵੱਖ ਧਾਰਮਿਕ ਆਗੂਆਂ ਰਾਹੀਂ ਆਪਣਾ ਸਪਸ਼ਟੀਕਰਨ ਭੇਜਿਆ ਸੀ। ਉਸ ਸਪਸ਼ਟੀਕਰਨ ਦੀ ਸ਼ਬਦਾਵਲੀ ਹੂ-ਬ-ਹੂ ਹੁਣ ਆਏ ਪੱਤਰ ਵਾਲੀ ਹੀ ਸੀ। ਉਸ ਸਮੇਂ ਅਕਾਲ ਤਖਤ ਦੇ ਤਤਕਾਲੀ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਸਿੱਖ ਬੁੱਧੀਜੀਵੀਆਂ ਨਾਲ ਸਲਾਹ-ਮਸ਼ਵਰੇ ਪਿਛੋਂ ਡੇਰਾ ਮੁਖੀ ਨੂੰ ਖੁਦ ਪੇਸ਼ ਹੋ ਕੇ ਮੁਆਫੀ ਮੰਗਣ ਦੀ ਸ਼ਰਤ ਤਹਿਤ ਸਪਸ਼ਟੀਕਰਨ ਰੱਦ ਕਰਦਿਆਂ ਡੇਰਾ ਸਮਰਥਕਾਂ ਦਾ ਸਮਾਜਕ ਬਾਈਕਾਟ ਕਰਨ ਦੀ ਤਾਕੀਦ ਕਰ ਦਿੱਤੀ। ਉਸ ਤੋਂ ਬਾਅਦ ਸਿੱਖ ਤੇ ਡੇਰਾ ਪ੍ਰੇਮੀਆਂ ਵਿਚ ਕਈ ਵਾਰ ਝੜਪਾਂ ਹੋਈਆਂ ਅਤੇ ਇਸ ਸੰਘਰਸ਼ ਵਿਚ ਤਿੰਨ ਸਿੱਖਾਂ ਦੀਆਂ ਜਾਨਾਂ ਵੀ ਚਲੀਆਂ ਗਈਆਂ। ਹੁਣ ਅੱਠ ਸਾਲਾਂ ਬਾਅਦ ਡੇਰਾ ਮੁਖੀ ਨੂੰ ਚੁੱਪ-ਚੁਪੀਤੇ ਮੁਆਫੀ ਕਈ ਸਵਾਲ ਖੜ੍ਹੇ ਕਰਦੀ ਹੈ।

ਇਥੋਂ ਤੱਕ ਕਿ ਫੈਸਲੇ ਦੀ ਹਮਾਇਤ ਕਰਨ ਵਾਲਾ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਵੀ ਇਸ ਨੂੰ ਠੀਕ ਜਾਂ ਗਲਤ ਕਹਿਣ ਦੀ ਥਾਂ ਅਕਾਲ ਤਖਤ ਸਾਹਿਬ ਤੋਂ ਆਇਆ ਹੁਕਮ ਮੰਨਣ ਦੀ ਗੱਲ ਆਖ ਰਿਹਾ ਹੈ। ਫੈਸਲੇ ਖਿਲਾਫ ਵੱਡੀ ਗਿਣਤੀ ਸਿੱਖ ਜਥੇਬੰਦੀਆਂ ਦੀ ਲਾਮਬੰਦੀ ਵੇਖ ਬਾਦਲ ਧੜਾ ਵੀ ਵੋਟ ਬੈਂਕ ਦੇ ਨਫੇ-ਨੁਕਸਾਨ ਬਾਰੇ ਦੁਚਿੱਤੀ ਵਿਚ ਪੈ ਗਿਆ ਹੈ। ਅਸਲ ਵਿਚ ਪੰਜਾਬ ਸਰਕਾਰ ਖਿਲਾਫ ਡੇਰਾ ਪ੍ਰੇਮੀਆਂ ਦੀ ਨਾਰਾਜ਼ਗੀ ਵਧਦੀ ਜਾ ਰਹੀ ਸੀ। ਪੰਜਾਬ ਵਿਚ ਡੇਰਾ ਮੁਖੀ ਦੀ ਫਿਲਮ 'ਤੇ ਰੋਕ ਕਾਰਨ ਹਾਲਤ ਤਣਾਅਪੂਰਨ ਬਣੀ ਹੋਈ ਹੈ। ਸਿੰਘ ਸਾਹਿਬਾਨ ਵੱਲੋਂ ਮੁਆਫੀ ਬਾਰੇ ਫੈਸਲਾ ਭਾਵੇਂ ਚੁੱਪ-ਚੁਪੀਤੇ ਸੁਣਾਇਆ ਗਿਆ, ਪਰ ਜਾਣਕਾਰੀ ਅਨੁਸਾਰ ਇਸ ਬਾਰੇ ਅੰਦਰਖਾਤੇ ਗੰਢ-ਤੁੱਪ ਪਿਛਲੇ ਕਾਫੀ ਸਮੇਂ ਤੋਂ ਚੱਲ ਰਹੀ ਸੀ। ਸੂਹ ਹੈ ਕਿ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਸ ਫੈਸਲੇ ਤੋਂ ਦੋ-ਢਾਈ ਹਫਤੇ ਪਹਿਲਾਂ ਹੀ ਮੁੰਬਈ ਵਿਚ ਡੇਰਾ ਮੁਖੀ ਨਾਲ ਗੁਪਤ ਮੀਟਿੰਗ ਕੀਤੀ ਸੀ। ਤਕਰੀਬਨ ਵੀਹ ਮਿੰਟ ਬੰਦ ਕਮਰਾ ਮੀਟਿੰਗ ਵਿਚ ਡੇਰਾ ਮੁਖੀ ਨੂੰ ਮੁਆਫ਼ੀ ਦੇਣ, ਉਸ ਦੀ ਫਿਲਮ ਪੰਜਾਬ ਵਿਚ ਰਿਲੀਜ਼ ਹੋਣ ਸਮੇਤ ਕਈ ਹੋਰ ਮਸਲਿਆਂ ਬਾਰੇ ਰਣਨੀਤੀ ਤਿਆਰ ਹੋਈ ਸੀ।

ਮੰਨਿਆ ਜਾ ਰਿਹਾ ਹੈ ਕਿ ਲੰਮੇ ਸਮੇਂ ਤੋਂ ਦੋਵਾਂ ਧਿਰਾਂ ਵਿਚਾਲੇ ਗੱਲਬਾਤ ਦੇ ਯਤਨ ਕੀਤੇ ਜਾ ਰਹੇ ਸਨ ਤੇ ਭਾਜਪਾ ਨੇ ਵੀ ਇਸ ਵਿਚ ਅਹਿਮ ਭੂਮਿਕਾ ਨਿਭਾਈ ਹੈ। ਦੋਵਾਂ ਧਿਰਾਂ ਵਿਚਾਲੇ 'ਰਾਜ਼ੀਨਾਮਾ' ਭਾਵੇਂ 2014 ਦੀਆਂ ਲੋਕ ਸਭਾ

*(ਬਾਕੀ ਸਫਾ 6 'ਤੇ)*




### ਜਥੇਦਾਰ ਫੈਸਲੇ 'ਤੇ ਮੁੜ ਵਿਚਾਰ ਲਈ ਤਿਆਰ



**ਅੰਮ੍ਰਿਤਸਰ:** ਵਿਰੋਧ ਨੂੰ ਵੇਖਦੇ ਹੋਏ ਗਿਆਨੀ ਗੁਰਬਚਨ ਸਿੰਘ ਨੇ ਆਪਣੇ ਹੀ ਫੈਸਲੇ ਦੀ ਘੋਖ ਕਰਨ ਲਈ ਰਿਵਿਊ ਕਮੇਟੀ ਬਣਾਉਣ ਦਾ ਐਲਾਨ ਕੀਤਾ ਹੈ। ਇਹ ਕਮੇਟੀ ਦੇਸ-ਵਿਦੇਸ਼ ਵਿਚ ਵਸੇ ਸਿੱਖਾਂ ਦੇ ਸੁਝਾਅ ਵੀ ਲਵੇਗੀ। ਜਥੇਦਾਰ ਨੇ ਆਖਿਆ ਹੈ ਕਿ ਇਹ ਫੈਸਲਾ ਸਿੱਖ ਕੌਮ ਦੇ ਹਿੱਤ ਵਿਚ ਲਿਆ ਗਿਆ ਸੀ ਤੇ ਇਸ ਬਾਰੇ ਸਿੱਖ ਸਹਿਬਾਨ ਨਾਲ ਪੂਰਨ ਵਿਚਾਰ ਕੀਤਾ ਗਿਆ ਸੀ।

### ਫੈਸਲੇ ਖਿਲਾਫ ਲਾਮਬੰਦੀ

**ਅੰਮ੍ਰਿਤਸਰ:** ਸਿੰਘ ਸਾਹਿਬਾਨ ਦੇ ਫੈਸਲੇ ਖਿਲਾਫ ਵਿਆਪਕ ਲਾਮਬੰਦੀ ਸ਼ੁਰੂ ਹੋ ਗਈ ਹੈ। ਦਲ ਖਾਲਸਾ, ਅਕਾਲੀ ਦਲ ਪੰਚ ਪ੍ਰਧਾਨੀ, ਅਖੰਡ ਕੀਰਤਨੀ ਜਥਾ ਤੇ ਫੈਡਰੇਸ਼ਨ ਭਿੰਡਰਾਂਵਾਲਾ ਸਮੇਤ ਵੱਡੀ ਗਿਣਤੀ ਸਿੱਖ ਜਥੇਬੰਦੀਆਂ ਨੇ ਸਕੱਤਰੇਤ ਤੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਘਰ ਦੇ ਬਾਹਰ ਤਖਤੀਆਂ ਲੈ ਕੇ ਰੋਸ ਦਿਖਾਵਾ ਕੀਤਾ। ਜਥੇਬੰਦੀਆਂ ਦਾ ਕਹਿਣਾ ਹੈ ਕਿ ਜਦੋਂ ਤੱਕ ਜਥੇਦਾਰ ਫੈਸਲੇ ਵਾਪਸ ਨਹੀਂ ਲੈਂਦੇ ਉਦੋਂ ਤੱਕ ਉਹ ਇਨ੍ਹਾਂ ਦਾ ਬਾਈਕਾਟ ਕਰਨਗੇ। ਉਨ੍ਹਾਂ ਕਿਹਾ ਕਿ ਗੁਰਮੀਤ ਰਾਮ ਰਹੀਮ ਸਿੱਖ ਦੇ ਘਰ ਜੰਮਿਆ ਹੈ, ਇਸ ਲਈ ਉਹ ਅਕਾਲ ਤਖ਼ਤ ਉਤੇ ਸੱਦਿਆ ਜਾ ਸਕਦਾ ਹੈ। ਪੰਜਾਬ ਤੋਂ ਬਾਹਰ ਵੀ ਇਸ ਫੈਸਲੇ ਖਿਲਾਫ ਰੋਹ ਜਾਰੀ ਹੈ। ਫੈਸਲੇ ਦੇ ਵਿਰੋਧ ਵਿਚ ਤਖ਼ਤ ਹਜ਼ੂਰ ਸਾਹਿਬ ਨਾਂਦੇੜ ਵਿਖੇ ਵੀ ਰੋਸ ਵਿਖਾਵਾ ਕੀਤਾ ਗਿਆ।

We Do Real Estate in Bay Area & Central Valley
We do loans anywhere in California
Cell: 408-816-0408
Tel: 209-918-6464
Fax: 866-594-4680
email: realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011




Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chafing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
*Attorny At Law*
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਸਿੱਖ ਟੈਂਪਲ ਗੁਰਦੁਆਰਾ ਟਾਇਰਾ ਬਿਊਨਾ, ਯੂਬਾ ਸਿਟੀ

## ਪ੍ਰਬੰਧਕ ਕਮੇਟੀ ਵੱਲੋਂ 26 ਫਾਊਂਡਰ ਡਾਇਰੈਕਟਰਾਂ ਦਾ ਧੰਨਵਾਦ

ਗੁਰੂ ਗ੍ਰੰਥ ਸਾਹਿਬ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ 36ਵੇਂ ਮਹਾਨ ਨਗਰ ਕੀਰਤਨ ਦੀਆਂ ਖੁਸ਼ੀਆਂ ਵਿਚ ਸੋਮਵਾਰ ਨੂੰ ਸਿੱਖ ਟੈਂਪਲ ਗੁਰਦੁਆਰਾ ਟਾਇਰਾ ਬਿਊਨਾ ਦੀ ਮੌਜੂਦਾ ਪ੍ਰਬੰਧਕ ਕਮੇਟੀ ਨੇ ਫਾਊਂਡਰ ਡਾਇਰੈਕਟਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ 20 ਅਕਤੂਬਰ 1969 ਨੂੰ ਸੰਗਤ ਦੇ ਸਹਿਯੋਗ ਨਾਲ ਇਕ ਮਹਾਨ ਉਪਰਾਲਾ ਕਰਕੇ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 500 ਸਾਲਾ ਪ੍ਰਕਾਸ਼ ਦਿਹਾੜੇ ‘ਤੇ ਸਿੱਖ ਟੈਂਪਲ ਗੁਰਦੁਆਰਾ ਸਾਹਿਬ ਟਾਇਰਾ ਬਿਊਨਾ ਦਾ ਨੀਂਹ ਪੱਥਰ ਰੱਖਿਆ। ਇਹ ਉਸਾਰੀ 1970 ਵਿਚ ਮੁਕੰਮਲ ਹੋਈ। ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਦੁਆਰਾ ਸਾਹਿਬ ਸਾਧ ਸੰਗਤ ਦੇ ਸਪੁਰਦ ਕੀਤਾ ਗਿਆ।




ਉਸ ਸਮੇਂ 26 ਫਾਊਂਡਰ ਡਾਇਰੈਕਟਰਾਂ, ਜਿਨ੍ਹਾਂ ਨੇ ਗੁਰਦੁਆਰਾ ਸਾਹਿਬ ਉਸਾਰਨ ਵਿਚ ਉਘਾ ਯੋਗਦਾਨ ਪਾਇਆ, ਉਨ੍ਹਾਂ ਵਿਚੋਂ 23 ਡਾਇਰੈਕਟਰ ਇਸ ਦੁਨੀਆਂ ਵਿਚ ਨਹੀਂ ਰਹੇ, ਪਰ ਉਨ੍ਹਾਂ ਦੇ ਪਰਿਵਾਰ ਅੱਜ ਵੀ ਗੁਰੂਘਰ ਨਾਲ ਪੂਰੀ ਸ਼ਰਧਾ ਭਾਵਨਾ ਨਾਲ ਜੁੜੇ ਹੋਏ ਹਨ। ਉਨ੍ਹਾਂ ਸਮੂਹ ਡਾਇਰੈਕਟਰਾਂ ਦਾ ਧੰਨਵਾਦ ਕਰਦਿਆਂ ਮੌਜੂਦਾ ਪ੍ਰਬੰਧਕ ਕਮੇਟੀ ਵੱਲੋਂ ਉਪਰਾਲਾ ਕਰਕੇ ਇਕ ਯਾਦਗਾਰੀ ਪਲੇਟ ਲਗਾਈ ਗਈ ਜਿਸ ਦਾ ਉਦਘਾਟਨ 26 ਡਾਇਰੈਕਟਰਾਂ ਦੇ ਪਰਿਵਾਰਾਂ ਅਤੇ ਉਸ ਸਮੇਂ ਦੇ 3 ਡਾਇਰੈਕਟਰਾਂ ਵਿਚੋਂ 2 ਡਾਇਰੈਕਟਰਾਂ ਸ. ਹਰਭਜਨ ਸਿੰਘ ਜੌਹਲ ਅਤੇ ਸ. ਮਲਕੀਤ ਸਿੰਘ ਜੌਹਲ ਨੇ ਆਪਣੇ ਕਰ ਕਮਲਾਂ ਨਾਲ ਪਲੇਟ ਤੋਂ ਪਰਦਾ ਹਟਾ ਕੇ ਕੀਤਾ। ਪ੍ਰਬੰਧਕ ਕਮੇਟੀ ਨੇ ਆਏ ਹੋਏ ਸਾਰੇ ਪਰਿਵਾਰਾਂ ਦਾ ਧੰਨਵਾਦ ਕੀਤਾ।














# ਗੁਰਦੁਆਰਾ ਸੈਨ ਹੋਜੇ ਵਿਚ ਸਭ ਨੂੰ ਬਰਾਬਰ ਸਤਿਕਾਰ ਦਿਤਾ ਜਾਂਦਾ ਹੈ-ਪ੍ਰਬੰਧਕ ਕਮੇਟੀ

**ਸੈਨ ਹੋਜੇ (ਬਿਊਰੋ):** ਸਿੱਖ ਗੁਰਦੁਆਰਾ ਸੈਨ ਹੋਜੇ ਦੇ ਦਰ ਬਿਨਾ ਕਿਸੇ ਜਾਤ-ਪਾਤ, ਊਚ-ਨੀਚ, ਅਮੀਰ-ਗਰੀਬ, ਵਿਚਾਰਾਂ ਦੇ ਭਿੰਨ-ਭੇਦ ਤੋਂ ਸਭ ਸ਼ਰਧਾਲੂਆਂ ਲਈ ਖੁਲ੍ਹੇ ਹਨ। ਇਹ ਵਿਚਾਰ ਪ੍ਰਗਟਾਉਂਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭੁਪਿੰਦਰ ਸਿੰਘ (ਬਾਬ) ਢਿਲੋਂ ਅਤੇ ਪ੍ਰਧਾਨ ਸ. ਹਰਦੇਵ ਸਿੰਘ ਤੱਖਰ ਨੇ ਕੁਝ ਧਿਰਾਂ ਵਲੋਂ ਸੰਗਤ ਵਿਚ ਫੈਲਾਈ ਜਾ ਰਹੀ ਇਸ ਗਲਤ ਫਹਿਮੀ ਨੂੰ ਨਿਰਮੂਲ ਅਤੇ ਸਵਾਰਥੀ ਹਿੱਤਾਂ ਤੋਂ ਪ੍ਰੇਰਿਤ ਦੱਸਿਆ ਕਿ ਪ੍ਰਬੰਧਕ ਕਮੇਟੀ ਵਲੋਂ ਕਿਸੇ ਖਾਸ ਸਿਆਸੀ ਧਿਰ ਦੀ ਉਚੇਚੀ ਪੁਸ਼ਤ-ਪਨਾਹੀ ਕੀਤੀ ਜਾਂਦੀ ਹੈ।



ਹਰਦੇਵ ਸਿੰਘ ਤੱਖਰ



ਭੁਪਿੰਦਰ (ਬਾਬ) ਸਿੰਘ ਢਿੱਲੋਂ

ਇਥੇ ਜਾਰੀ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਗੁਰੂਘਰ ਅੰਦਰ ਸਭ ਸਿਆਸੀ, ਸਮਾਜਕ ਅਤੇ ਧਾਰਮਕ ਜਥੇਬੰਦੀਆਂ ਤੇ ਸ਼ਖਸੀਅਤਾਂ ਦਾ ਬਿਨਾ ਕਿਸੇ ਭਿੰਨ-ਭੇਦ ਤੋਂ ਬਰਾਬਰ ਮਾਣ-ਸਤਿਕਾਰ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜੇ ਕੋਈ ਆਪਣੇ ਵਿਚਾਰਾਂ ਨਾਲ ਗੁਰੂਘਰ ਦਾ ਨਾਂ ਵਰਤਦਾ ਹੈ ਤਾਂ ਉਹ ਬਿਲਕੁਲ ਗਲਤ ਹੈ।

ਸ. ਢਿਲੋਂ ਅਤੇ ਸ. ਤੱਖਰ ਨੇ ਸਮੂਹ ਸੰਗਤਾਂ ਨੂੰ ਆਪਸੀ ਧੜੇਬੰਦਕ ਹਿੱਤਾਂ ਤੋਂ ਉਪਰ ਉਠ ਕੇ ਗੁਰੂਘਰ ਦੀ ਬਿਹਤਰੀ ਲਈ ਕੰਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਹਾਲੀਆ ਚੋਣਾਂ ਵਿਚ ਮੌਜੂਦਾ ਪ੍ਰਬੰਧਕ ਕਮੇਟੀ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਲਈ ਸਭ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਚੁਣੇ ਗਏ ਪ੍ਰਬੰਧਕ ਗੁਰੂ ਪ੍ਰਤੀ ਸਮਰਪਿਤ ਹੋ ਕੇ ਸੰਗਤਾਂ ਦੀਆਂ ਆਸਾਂ 'ਤੇ ਪੂਰਾ ਉਤਰਨ ਲਈ ਹਰ ਹੀਲਾ ਕਰਨਗੇ।

# ਪੰਜਾਬ ਦੇ ਕਿਸਾਨਾਂ ਨੂੰ ਪੈਕੇਜ ਦੀ ਲੋੜ ਨਹੀਂ: ਹਰਸਿਮਰਤ

**ਬਠਿੰਡਾ:** ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਆਖਿਆ ਹੈ ਕਿ ਕੇਂਦਰ ਸਰਕਾਰ ਤੋਂ ਪੰਜਾਬ ਦੀ ਕਿਸਾਨੀ ਲਈ ਕੋਈ ਵਿਸ਼ੇਸ਼ ਪੈਕੇਜ ਦੀ ਲੋੜ ਨਹੀਂ ਹੈ ਕਿਉਂਕਿ ਪੰਜਾਬ ਸਰਕਾਰ ਨੇ ਕਿਸਾਨੀ ਨੂੰ 600 ਕਰੋੜ ਦਾ ਰਾਹਤ ਪੈਕੇਜ ਦੇ ਦਿੱਤਾ ਹੈ। ਜਦੋਂ ਸਮਾਂ ਆਵੇਗਾ, ਉਦੋਂ ਕੇਂਦਰ ਤੋਂ ਪੈਕੇਜ ਦੀ ਮੰਗ ਵੀ ਉਠਾਈ ਜਾਵੇਗੀ।

ਉਨ੍ਹਾਂ ਆਖਿਆ ਕਿ ਕੇਂਦਰ ਸਰਕਾਰ ਨੇ ਮੁਆਵਜ਼ਾ ਰਾਸ਼ੀ 3600 ਰੁਪਏ ਤੋਂ ਵਧਾ ਕੇ 8000 ਰੁਪਏ ਪ੍ਰਤੀ ਏਕੜ ਕਰ ਦਿੱਤੀ ਹੈ ਅਤੇ 33 ਫੀਸਦੀ ਤੱਕ ਦੇ ਖਰਾਬੇ ਨੂੰ ਸੌ ਫੀਸਦੀ ਮੰਨਣ ਦਾ ਫੈਸਲਾ ਕੀਤਾ ਹੈ। ਕੇਂਦਰ ਸਰਕਾਰ ਨੇ ਪ੍ਰਤੀ ਏਕੜ ਮੁਆਵਜ਼ਾ ਰਾਸ਼ੀ ਵਿਚ ਵਾਧਾ ਕੀਤਾ ਹੈ ਜਦੋਂ ਕਿ ਪੰਜਾਬ ਸਰਕਾਰ ਨੇ 600 ਕਰੋੜ ਰੁਪਏ ਜਾਰੀ ਕਰ ਕੇ ਕਿਸਾਨੀ ਨੂੰ ਰਾਹਤ ਦਿੱਤੀ ਹੈ। ਉਹ ਇਥੇ ਪ੍ਰਧਾਨ ਮੰਤਰੀ ਮੁਦਰਾ ਬੈਂਕ ਤਹਿਤ ਕਰਜ਼ ਪ੍ਰਵਾਨਗੀ ਦੇ ਪੱਤਰ ਵੰਡਣ ਆਏ ਸਨ। ਯਾਦ ਰਹੇ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੁਹਾਲੀ ਸਮਾਗਮਾਂ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਕਿਸਾਨੀ ਲਈ ਵਿਸ਼ੇਸ਼ ਪੈਕੇਜ ਮੰਗਿਆ ਸੀ ਜਿਸ ਬਾਰੇ ਪ੍ਰਧਾਨ ਮੰਤਰੀ ਨੇ ਕੋਈ ਹੁੰਗਾਰਾ ਨਹੀਂ ਸੀ ਭਰਿਆ।

ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ

ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

ਜਗਦੇਵ ਸਿੰਘ

ਫੋਨ: 510-689-4625



JAGDEV SINGH
*Realtor*
CalBre #01423409
42820 Albrae, St.,
Fremont, CA 94538

REALTOR
EQUAL HOUSING OPPORTUNITY

STATEN SOLAR
AFFORDABLE ENERGY FOR EVERYONE

Save with Solar

Commercial, Agricultural and Residential



For South California



Simran Deol
*Solar Engineer*
661-412-4728
661-427-0843 (fax)

BYE BILL

No One Can Beat Our Price Guaranteed!

Top Quality Product *20 Years Performance Guarantee *25 Years Guarantee for Panels *Free Maintenance for 20 Years *No Need to worry about increasing utility *Professional Installation *24/7 Monitoring

For North California



Balwinder Garcha
*Sales Rep Bay Area*
*by North California*
510-468-9825

# ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਖਿਲਾਫ ਰੋਹ ਭੜਕਿਆ

**ਅੰਮ੍ਰਿਤਸਰ:** ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਦਾ ਮਾਮਲਾ ਭਖਦਾ ਜਾ ਰਿਹਾ ਹੈ। ਸਿੱਖ ਜਥੇਬੰਦੀਆਂ ਨੇ ਫੈਸਲੇ ਨੂੰ ਮੰਨਣ ਤੋਂ ਇਨਕਾਰ ਕਰਦਿਆਂ ਫੈਸਲਾ ਵਾਪਸ ਲੈਣ ਜਾਂ ਸਿੰਘ ਸਾਹਿਬਾਨਾਂ ਨੂੰ ਅਹੁਦੇ ਤੋਂ ਅਸਤੀਫਾ ਦੇਣ ਦੀ ਮੰਗ ਰੱਖੀ ਹੈ। ਦੀਵਾਲੀ ਮੌਕੇ ਸਰਬੱਤ ਖ਼ਾਲਸਾ ਸੱਦਣ ਦਾ ਵੀ ਐਲਾਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਆਪਣੇ ਪੱਧਰ 'ਤੇ ਰਣਨੀਤੀ ਘੜੀ ਜਾ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਆਖਿਆ ਕਿ ਜੇਕਰ ਜਥੇਦਾਰਾਂ ਵੱਲੋਂ ਡੇਰਾ ਮੁਖੀ ਨੂੰ ਮੁਆਫ ਕਰਨ ਦਾ ਫ਼ੈਸਲਾ ਵਾਪਸ ਨਾ ਲਿਆ ਗਿਆ ਸੰਘਰਸ਼ ਤਿੱਖਾ ਕੀਤਾ ਜਾਵੇਗਾ। ਸ. ਮਾਨ ਨੇ ਦਾਅਵਾ ਕੀਤਾ ਕਿ ਇਹ ਫ਼ੈਸਲਾ ਦਿੱਲੀ ਸਰਕਾਰ ਦੇ ਦਬਾਅ ਹੇਠ ਕੀਤਾ ਗਿਆ ਹੈ। ਸੰਤ ਸਮਾਜ ਦੇ ਮੁੱਖ ਧੜੇ ਨੂੰ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਹੁਕਮਰਾਨ ਅਕਾਲੀ ਦਲ ਦਾ ਸਾਥ ਛੱਡ ਕੇ ਸਿਧਾਂਤਾਂ ਤੇ ਮਰਿਆਦਾ ਦੀ ਉਲੰਘਣਾ ਨਾਲ ਕੀਤੇ ਗਏ ਫ਼ੈਸਲਿਆਂ ਖ਼ਿਲਾਫ਼ ਖੜ੍ਹੇ ਹੋਣ। ਸਿੱਖ ਬੰਦੀਆਂ ਦੀ ਰਿਹਾਈ ਸਬੰਧੀ ਬਣਾਈ ਸੰਘਰਸ਼ ਕਮੇਟੀ ਦੇ ਕਨਵੀਨਰ ਗੁਰਦੀਪ ਸਿੰਘ ਬਠਿੰਡਾ ਨੇ ਜਥੇਦਾਰਾਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਹਟਾਉਣ ਦਾ ਸੁਝਾਅ ਦਿੱਤਾ ਹੈ।

ਚੀਫ਼ ਖ਼ਾਲਸਾ ਦੀਵਾਨ ਦੇ ਮੈਂਬਰ ਜਗਜੀਤ ਸਿੰਘ ਗਾਬਾ ਨੇ ਆਖਿਆ ਕਿ ਇਸ ਮਾਮਲੇ ਵਿਚ ਜਥੇਦਾਰਾਂ ਦਾ ਘਿਰਾਓ ਕੀਤਾ ਜਾਵੇ ਤੇ ਉਨ੍ਹਾਂ ਨੂੰ ਕਿਸੇ ਵੀ ਸਟੇਜ ਤੋਂ ਬੋਲਣ ਨਾ ਦਿੱਤਾ ਜਾਵੇ। ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਦੇ ਨੁਮਾਇੰਦੇ ਮਨਿੰਦਰ ਸਿੰਘ ਧੁੰਨਾ, ਸਾਬਕਾ ਖਾੜਕੂ ਵੱਸਣ ਸਿੰਘ ਜ਼ੱਫਰਵਾਲ, ਫੈਡਰੇਸ਼ਨ ਪੀਰ ਮੁਹੰਮਦ ਦੇ ਮੁਖੀ ਕਰਨੈਲ ਸਿੰਘ ਪੀਰ ਮੁਹੰਮਦ ਤੇ ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਤੁਗਲਵਾਲ ਨੇ ਜਥੇਦਾਰਾਂ ਦੇ ਫ਼ੈਸਲੇ ਨੂੰ ਸਿਆਸੀ ਹਿੱਤਾਂ ਨਾਲ ਪ੍ਰੇਰਿਤ ਦੱਸਿਆ ਤੇ ਸਰਬੱਤ ਖ਼ਾਲਸਾ ਦੀ ਪ੍ਰੋੜ੍ਹਤਾ ਕੀਤੀ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਵਾਨ ਪ੍ਰੋ. ਗੁਰਦਰਸ਼ਨ ਸਿੰਘ ਢਿੱਲੋਂ ਨੇ ਦੋਸ਼ ਲਾਇਆ ਕਿ ਇਸ ਫ਼ੈਸਲੇ ਪਿੱਛੇ ਆਰ.ਐਸ.ਐਸ. ਦਾ ਹੱਥ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਇਸ ਮਾਮਲੇ ਵਿਚ ਆਨਲਾਈਨ ਮੁਹਿੰਮ ਸ਼ੁਰੂ ਕੀਤੀ ਜਾਵੇ, ਜਿਸ ਤਹਿਤ ਇਕ ਕਰੋੜ ਤੋਂ ਵੱਧ ਸਿੱਖਾਂ ਦੇ ਦਸਤਖ਼ਤ ਇਕੱਠੇ ਕੀਤੇ ਜਾਣ ਤੇ ਮਗਰੋਂ ਸਮੂਹਿਕ ਫ਼ੈਸਲੇ ਦੇ ਰੂਪ ਵਿਚ ਜਥੇਦਾਰਾਂ ਨੂੰ ਹਟਾਉਣ ਆਦਿ ਬਾਰੇ ਨਿਰਣੇ ਲਏ ਜਾਣ। ਇਹ ਸੁਝਾਅ ਵੀ ਪੇਸ਼ ਕੀਤਾ ਗਿਆ ਕਿ ਜਥੇਦਾਰਾਂ ਨੂੰ ਭਵਿੱਖ ਵਿਚ ਸਿੰਘ ਸਾਹਿਬਾਨ ਨਾ ਆਖਿਆ ਜਾਵੇ ਤੇ ਉਨ੍ਹਾਂ ਨੂੰ ਸਾਧਾਰਣ ਗ੍ਰੰਥੀ ਹੀ ਸਮਝਿਆ ਜਾਵੇ। ਇਹ ਸ਼ਾਇਦ ਪਹਿਲੀ ਵਾਰ ਹੈ ਕਿ ਜਥੇਦਾਰਾਂ ਖ਼ਿਲਾਫ਼ ਦੇਸ-ਵਿਦੇਸ ਵਿਚ ਵੱਡੇ ਪੱਧਰ ਤੇ ਰੋਹ ਪੈਦਾ ਹੋ ਰਿਹਾ ਹੈ। ਹੋਰ ਕਈ ਸਿੱਖ ਜਥੇਬੰਦੀਆਂ ਵੱਲੋਂ ਵੀ ਬੈਠਕਾਂ ਕੀਤੀਆਂ ਜਾ ਰਹੀਆਂ ਹਨ।

## ਸਿੰਘ ਸਾਹਿਬਾਨ ਦੇ ਬਾਈਕਾਟ ਦਾ ਸੱਦਾ




## ਕੀ ਸੀ ਸਵਾਂਗ ਵਾਲਾ ਮਾਮਲਾ

**ਅੰਮ੍ਰਿਤਸਰ:** 2007 ਵਿਚ ਡੇਰਾ ਮੁਖੀ ਉਤੇ ਦੋਸ਼ ਲਾਇਆ ਗਿਆ ਸੀ ਕਿ ਉਸ ਨੇ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਿਆ, ਗੁਰੂ ਸਾਹਿਬ ਵਰਗੀ ਪੁਸ਼ਾਕ ਪਾਈ ਤੇ ਅੰਮ੍ਰਿਤ ਸੰਚਾਰ ਕੀਤਾ। ਅੰਮ੍ਰਿਤ ਸੰਚਾਰ ਦੌਰਾਨ ਖੰਡੇ ਬਾਟੇ ਦਾ ਪਾਹੁਲ ਤਿਆਰ ਕਰਨ ਦੀ ਥਾਂ ਰੂਹ-ਅਫ਼ਜ਼ਾ ਦਾ ਅੰਮ੍ਰਿਤ ਬਣਾਇਆ। ਇਹ ਮਾਮਲਾ ਸਾਹਮਣੇ ਆਉਣ ਮਗਰੋਂ ਸਮੁੱਚੇ ਸਿੱਖ ਜਗਤ ਵਿਚ ਰੋਹ ਦੀ ਇਕ ਵੱਡੀ ਲਹਿਰ ਖੜੀ ਹੋ ਗਈ ਸੀ। ਇਸ ਰੋਹ ਨੂੰ ਦੇਖਦਿਆਂ ਉਸ ਵੇਲੇ ਪੰਜ ਸਿੰਘ ਸਾਹਿਬਾਨ ਵੱਲੋਂ ਅਕਾਲ ਤਖ਼ਤ ਤੋਂ ਡੇਰਾ ਮੁਖੀ ਖ਼ਿਲਾਫ਼ ਹੁਕਮਨਾਮਾ ਜਾਰੀ ਕੀਤਾ ਗਿਆ ਸੀ, ਜਿਸ ਵਿਚ ਸਿੱਖ ਸੰਗਤਾਂ ਨੂੰ ਉਸ ਨਾਲ ਕੋਈ ਸਬੰਧ ਨਾ ਰੱਖਣ ਤੇ ਡੇਰੇ ਦਾ ਬਾਈਕਾਟ ਕਰਨ ਦੇ ਆਦੇਸ਼ ਦਿੱਤੇ ਗਏ ਸਨ।

## ਸਾਦੇ ਕਾਗਜ਼ ਉਤੇ ਹੀ ਦਿੱਤਾ ਸਪਸ਼ਟੀਕਰਨ

**ਅੰਮ੍ਰਿਤਸਰ:** ਡੇਰਾ ਮੁਖੀ ਵੱਲੋਂ ਭੇਜਿਆ ਗਿਆ ਸਪਸ਼ਟੀਕਰਨ ਸਾਦੇ ਕਾਗਜ਼ ਉਪਰ ਪੰਜਾਬੀ ਵਿਚ ਲਿਖਿਆ ਹੋਇਆ ਹੈ ਤੇ ਦਸਤਖ਼ਤ ਕੀਤੇ ਹੋਏ ਹਨ। ਇਸ ਉਪਰ ਨਾ ਤਾਂ ਡੇਰੇ ਮੁਖੀ ਦੀ ਜਾਂ ਕਿਸੇ ਅਧਿਕਾਰੀ ਦੀ ਕੋਈ ਮੋਹਰ ਹੈ ਤੇ ਨਾ ਹੀ ਇਹ ਸਪਸ਼ਟੀਕਰਨ ਡੇਰੇ ਦੇ ਲੈਟਰ ਹੈੱਡ ਉਤੇ ਹੈ। ਇਸ ਵਿਚ ਵਰਤੀ ਗਈ ਸ਼ਬਦਾਵਲੀ ਵਿਚ ਡੇਰਾ ਮੁਖੀ ਨੇ 2007 ਦੀ ਘਟਨਾ ਬਾਰੇ ਕਿਸੇ ਵੀ ਤਰ੍ਹਾਂ ਦੇ ਅਫਸੋਸ ਦਾ ਪ੍ਰਗਟਾਵਾ ਨਹੀਂ ਕੀਤਾ ਹੈ ਤੇ ਨਾ ਹੀ ਮੁਆਫੀ ਮੰਗਣ ਦਾ ਕੋਈ ਜ਼ਿਕਰ ਸ਼ਾਮਲ ਹੈ। ਉਸ ਨੇ ਸਿਰਫ ਸਵਾਂਗ ਰਚਣ ਦੇ ਲਾਏ ਜਾ ਰਹੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ ਤੇ ਆਖਿਆ ਕਿ ਉਹ ਗੁਰੂਆਂ ਤੇ ਪੀਰ-ਪੈਗੰਬਰਾਂ ਦਾ ਸਤਿਕਾਰ ਕਰਦਾ ਹੈ ਤੇ ਕਿਸੇ ਦੀ ਨਕਲ ਕਰਨ ਬਾਰੇ ਸੋਚ ਵੀ ਨਹੀਂ ਸਕਦਾ।



### ਕਿਰਨ ਬੇਦੀ ਰਾਹੀਂ ਪੁੱਜਾ ਸਪਸ਼ਟੀਕਰਨ ਪੱਤਰ?

ਯੂਨਾਈਟਿਡ ਅਕਾਲੀ ਦਲ ਦੇ ਮੁਖੀ ਭਾਈ ਮੋਹਕਮ ਸਿੰਘ ਨੇ ਦਾਅਵਾ ਕੀਤਾ ਕਿ ਡੇਰਾ ਸਿਰਸਾ ਮੁਖੀ ਵੱਲੋਂ ਸਪਸ਼ਟੀਕਰਨ ਪੱਤਰ ਭਾਜਪਾ ਦੀ ਇਕ ਸੀਨੀਅਰ ਆਗੂ ਰਾਹੀਂ ਭੇਜਿਆ ਗਿਆ ਸੀ, ਜੋ ਕਿ ਮੀਟਿੰਗ ਤੋਂ ਇਕ ਦਿਨ ਪਹਿਲਾਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਦਫਤਰ ਵਿਚ ਮਿਲੀ ਸੀ। ਇਹ ਪੱਤਰ ਭਾਜਪਾ ਆਗੂ ਕਿਰਨ ਬੇਦੀ ਰਾਹੀਂ ਭੇਜਿਆ ਗਿਆ ਹੈ।

## ਸਰਕਾਰ ਨੇ ਜਥੇਦਾਰ ਦੀ ਸੁਰੱਖਿਆ ਵਧਾਈ

**ਅੰਮ੍ਰਿਤਸਰ:** ਪੰਜਾਬ ਸਰਕਾਰ ਵੱਲੋਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਸੁਰੱਖਿਆ ਲਈ ਤਾਇਨਾਤ ਕਰਮਚਾਰੀਆਂ ਦੀ ਗਿਣਤੀ ਵਿਚ ਵਾਧਾ ਕਰ ਦਿੱਤਾ ਗਿਆ ਹੈ। ਡੇਰਾ ਮੁਖੀ ਦੇ ਪੱਖ ਵਿਚ ਫੈਸਲਾ ਲੈਣ ਤੋਂ ਬਾਅਦ ਬਣੇ ਹਾਲਾਤ ਨੂੰ ਦੇਖਦਿਆਂ ਚੌਕਸੀ ਵਧਾਈ ਗਈ ਹੈ।

## ਜੇਲ੍ਹ ਵਿਚੋਂ ਜਗਤਾਰ ਸਿੰਘ ਹਵਾਰਾ ਦਾ ਸੰਦੇਸ਼

**ਅੰਮ੍ਰਿਤਸਰ:** ਬੇਅੰਤ ਸਿੰਘ ਹੱਤਿਆ ਕਾਂਡ ਵਿਚ ਸਜ਼ਾ ਕੱਟ ਰਹੇ ਭਾਈ ਜਗਤਾਰ ਸਿੰਘ ਹਵਾਰਾ ਵੱਲੋਂ ਭੇਜੇ ਸੰਦੇਸ਼ ਵਿਚ ਸਿੱਖ ਆਗੂਆਂ ਨੂੰ ਦੂਸ਼ਣਬਾਜ਼ੀ ਛੱਡ ਕੇ ਇਕ ਵੱਡੀ ਸਿੱਖ ਲਹਿਰ ਸਥਾਪਤ ਕਰਨ ਦਾ ਸੱਦਾ ਦਿੱਤਾ ਜੋ ਬਾਦਲ ਪਰਿਵਾਰ ਤੇ ਮੌਜੂਦਾ ਜਥੇਦਾਰਾਂ ਨੂੰ ਪੰਥ ਵਿਚੋਂ ਛੇਕਣ ਦੀ ਸਮੱਰਥਾ ਰੱਖਦੀ ਹੋਵੇ।

## ਸੁਖਬੀਰ ਤੇ ਡੇਰਾ ਮੁਖੀ ਵਿਚਕਾਰ ਹੋਈ ਸੀ ਮੀਟਿੰਗ

**ਪਟਿਆਲਾ:** ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਪੰਜ ਸਿੰਘ ਸਿੰਘ ਸਾਹਿਬਾਨ ਵੱਲੋਂ ਦਿੱਤੀ ਮੁਆਫ਼ੀ ਤੋਂ ਤਕਰੀਬਨ ਦੋ ਢਾਈ ਹਫ਼ਤੇ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਮੁੰਬਈ ਵਿਚ ਡੇਰਾ ਮੁਖੀ ਨਾਲ ਗੁਪਤ ਮੀਟਿੰਗ ਹੋਣ ਦਾ ਖੁਲਾਸਾ ਹੋਇਆ ਹੈ। ਸੂਤਰਾਂ ਨੇ ਦੱਸਿਆ ਕਿ ਤਕਰੀਬਨ ਵੀਹ ਮਿੰਟ ਬੰਦ ਕਮਰਾ ਮੀਟਿੰਗ ਹੋਈ ਸੀ ਤੇ ਇਸ ਮੀਟਿੰਗ ਵਿਚ ਹੀ ਅਕਾਲ ਤਖ਼ਤ ਸਾਹਿਬ ਵੱਲੋਂ ਡੇਰਾ ਮੁਖੀ ਨੂੰ ਮੁਆਫ਼ੀ ਦੇਣ ਸਮੇਤ ਇਸ ਫਿਲਮ ਦੇ ਪੰਜਾਬ ਵਿਚ ਰਿਲੀਜ਼ ਹੋਣ ਤੇ ਕਈ ਹੋਰ ਮਾਮਲਿਆਂ ਬਾਰੇ ਰਣਨੀਤੀ ਤਿਆਰ ਹੋਈ ਸੀ। ਡੇਰਾ ਸਿਰਸਾ ਵੱਲੋਂ ਪੰਜਾਬ ਦੇ ਸਿਆਸੀ ਮਾਮਲਿਆਂ ਉੱਤੇ ਗਠਿਤ 45 ਮੈਂਬਰੀ ਕਮੇਟੀ ਦੇ ਇਕ ਸੀਨੀਅਰ ਮੈਂਬਰ ਨੇ ਇਹ ਖ਼ੁਲਾਸਾ ਕੀਤਾ ਹੈ।

# ਡੇਰਾ ਮੁਖੀ ਬਾਰੇ ਫੈਸਲੇ ਤੋਂ ਸ਼੍ਰੋਮਣੀ ਕਮੇਟੀ ਦੋਫਾੜ

**ਅੰਮ੍ਰਿਤਸਰ:** ਡੇਰਾ ਸਿਰਸਾ ਦੇ ਮੁਖੀ ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਮੁਆਫੀ ਦਿੱਤੇ ਜਾਣ ਦੇ ਫ਼ੈਸਲੇ ਨਾਲ ਸ਼੍ਰੋਮਣੀ ਕਮੇਟੀ ਵੀ ਵੰਡੀ ਗਈ ਹੈ। ਕੁਝ ਮੈਂਬਰ ਤੇ ਅਹੁਦੇਦਾਰ ਇਸ ਫ਼ੈਸਲੇ ਦੇ ਖ਼ਿਲਾਫ਼ ਹਨ ਜਦੋਂਕਿ ਕੁਝ ਇਸ ਫੈਸਲੇ ਦਾ ਸਮਰਥਨ ਕਰ ਰਹੇ ਹਨ। ਸਿੱਖ ਜਥੇਬੰਦੀਆਂ ਵੀ ਵੱਡੇ ਪੱਧਰ ਉਤੇ ਇਸ ਫ਼ੈਸਲੇ ਦਾ ਵਿਰੋਧ ਕਰ ਰਹੀਆਂ ਹਨ।

ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਨੇ ਆਖਿਆ ਕਿ ਇਸ ਫੈਸਲੇ ਨਾਲ ਅਕਾਲ ਤਖ਼ਤ ਦੀ ਭਰੋਸੇਯੋਗਤਾ 'ਤੇ ਅਸਰ ਪਿਆ ਹੈ, ਜੋ ਕਿ ਦੁਖਦਾਈ ਹੈ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਆਖਿਆ ਕਿ ਉਹ ਇਸ ਫੈਸਲੇ ਨਾਲ ਸਹਿਮਤ ਨਹੀਂ ਹਨ ਤੇ ਜਥੇਦਾਰਾਂ ਨੂੰ ਇਹ ਫੈਸਲਾ ਵਾਪਸ ਲੈਣਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਦੀ ਸਾਬਕਾ ਜਨਰਲ ਸਕੱਤਰ ਤੇ ਮੌਜੂਦਾ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਵੀ ਇਸ ਫੈਸਲੇ ਨਾਲ ਅਸਹਿਮਤੀ ਜ਼ਾਹਰ ਕਰਦਿਆਂ ਹੈਰਾਨੀ ਪ੍ਰਗਟਾਈ ਹੈ।

ਇਸ ਫੈਸਲੇ ਨਾਲ ਸਹਿਮਤੀ ਪ੍ਰਗਟਾਉਣ ਵਾਲਿਆਂ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਸਮੇਤ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਕੇਵਲ ਸਿੰਘ ਬਾਦਲ, ਅੰਤ੍ਰਿੰਗ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ, ਦਿਆਲ ਸਿੰਘ ਕੋਠਿਆਂਵਾਲੀ, ਨਿਰਮਲ ਸਿੰਘ ਜੌਹਲਾਂ, ਮੋਹਨ ਸਿੰਘ ਬੰਗੀ ਤੇ ਮੈਂਬਰ ਅਮਰੀਕ ਸਿੰਘ ਕੋਟ ਸ਼ਮੀਰ, ਬੀਬੀ ਜੋਗਿੰਦਰ ਕੌਰ, ਗੁਰਤੇਜ ਸਿੰਘ ਢੱਡੇ, ਸੁਖਦੇਵ ਸਿੰਘ ਮਾਹੀਆ, ਸੁਰਜੀਤ ਸਿੰਘ ਰਾਏਪੁਰ ਤੇ ਮਿੱਠੂ ਸਿੰਘ ਸ਼ਾਮਲ ਹਨ। ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਬਿਆਨ ਵਿਚ ਇਨ੍ਹਾਂ ਆਗੂਆਂ ਨੇ ਆਖਿਆ ਕਿ ਅਕਾਲ ਤਖ਼ਤ ਤੋਂ ਜਾਰੀ ਹਰ ਗੁਰਮਤਾ ਸਿੱਖ ਪੰਥ ਲਈ ਪ੍ਰਵਾਨ ਹੁੰਦਾ ਹੈ, ਜਿਸ ਨੂੰ ਮੰਨਣਾ ਹਰ ਸਿੱਖ ਦਾ ਫਰਜ਼ ਹੈ।



## ਪਾਕਿਸਤਾਨ ਕਮੇਟੀ ਵੱਲੋਂ ਸਖਤ ਫੈਸਲੇ ਦੀ ਚਿਤਾਵਨੀ

**ਅੰਮ੍ਰਿਤਸਰ:** ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਗੋਪਾਲ ਸਿੰਘ ਚਾਵਲਾ ਨੇ ਕਿਹਾ ਹੈ ਕਿ ਸਥਾਨਕ ਸਿੱਖਾਂ ਨੂੰ ਇਹ ਫੈਸਲਾ ਕਿਸੇ ਵੀ ਕੀਮਤ ਤੇ ਮਨਜ਼ੂਰ ਨਹੀਂ ਹੈ। ਇਸ ਫੈਸਲੇ ਨਾਲ ਦੁਨੀਆਂ ਭਰ ਦੇ ਸਿੱਖਾਂ ਦੇ ਮਨਾਂ ਨੂੰ ਠੇਸ ਪਹੁੰਚੀ ਹੈ। ਉਨ੍ਹਾਂ ਕਿਹਾ ਕਿ ਜੇਕਰ ਅਕਾਲ ਤਖ਼ਤ ਵੱਲੋਂ ਮੁੜ ਵਿਚਾਰ ਕਰਕੇ ਫੈਸਲੇ ਨੂੰ ਬਦਲਿਆ ਨਹੀਂ ਜਾਂਦਾ ਤਾਂ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ 'ਤੇ ਨਨਕਾਣਾ ਸਾਹਿਬ ਵਿਖੇ ਹੋਣ ਵਾਲੇ ਸਮਾਗਮ ਵਿਚ ਵਿਸ਼ਵ ਭਰ ਤੋਂ ਆਏ ਸਿੱਖਾਂ ਵੱਲੋਂ ਵੱਡਾ ਫੈਸਲਾ ਲਿਆ ਜਾਵੇਗਾ।

## ਸ਼੍ਰੋਮਣੀ ਅਕਾਲੀ ਦਲ ਫੈਸਲੇ ਦੇ ਹੱਕ ਵਿਚ ਨਿੱਤਰਿਆ

**ਸੰਗਰੂਰ:** ਪੰਜਾਬ ਵਿਚ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੇ ਡੇਰਾ ਮੁਖੀ ਨੂੰ ਮੁਆਫੀ ਦੇ ਫੈਸਲੇ ਦਾ ਸਮਰਥਨ ਕੀਤਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਅਕਾਲ ਤਖ਼ਤ ਸਿੱਖਾਂ ਲਈ ਸਰਵਉੱਚ ਹੈ। ਅਕਾਲ ਤਖ਼ਤ ਤੋਂ ਹੋਇਆ ਫੈਸਲਾ ਸਭ ਨੂੰ ਸਿਰ ਝੁਕਾ ਕੇ ਮੰਨਣਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਤੇ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਹੈ ਕਿ ਫ਼ੈਸਲੇ ਨਾਲ ਜੇ ਕਿਸੇ ਨੂੰ ਕੋਈ ਠੇਸ ਪੁੱਜੀ ਹੈ ਤਾਂ ਹੁਣ ਉਸ ਨੂੰ ਚੁੱਪ ਰਹਿਣਾ ਚਾਹੀਦਾ ਹੈ। ਫ਼ੈਸਲੇ ਉਪਰ ਕਿੰਤੂ-ਪ੍ਰੰਤੂ ਕਰਕੇ ਸਿੱਖ ਕੌਮ ਦਾ ਜਨਾਜ਼ਾ ਨਹੀਂ ਕੱਢਣਾ ਚਾਹੀਦਾ। ਦਿੱਲੀ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਅਕਾਲ ਤਖ਼ਤ ਸਾਹਿਬ ਵੱਲੋਂ ਆਏ ਫੈਸਲੇ ਨੂੰ ਉਸਾਰੂ ਰੂਪ ਵਿਚ ਦੇਖਣ ਦੀ ਅਪੀਲ ਕਰਦੇ ਹੋਏ ਫੈਸਲੇ ਦਾ ਸਮਰਥਨ ਕੀਤਾ ਹੈ।

## ਡੇਰਾ ਵਿਵਾਦ ਦੌਰਾਨ ਸ਼ਹੀਦ ਸਿੱਖਾਂ ਦੇ ਪਰਿਵਾਰਾਂ 'ਚ ਰੋਸ

**ਸੰਗਰੂਰ:** ਡੇਰਾ ਵਿਵਾਦ ਦੌਰਾਨ ਸ਼ਹੀਦ ਹੋਏ ਭਾਈ ਕਮਲਜੀਤ ਸਿੰਘ ਸੰਗਰੂਰ ਤੇ ਭਾਈ ਹਰਮਿੰਦਰ ਸਿੰਘ ਡੱਬਵਾਲੀ ਦੇ ਪਰਿਵਾਰਾਂ ਨੇ ਜਥੇਦਾਰਾਂ ਦੇ ਫੈਸਲੇ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਸਵਾਲ ਕੀਤਾ ਕਿ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ ਕਰ ਦੇਣ ਵਾਲੇ ਜਥੇਦਾਰ ਜਵਾਬ ਦੇਣ ਕਿ ਡੇਰਾ ਵਿਵਾਦ ਦੌਰਾਨ ਸ਼ਹੀਦ ਹੋਣ ਵਾਲੇ ਸਾਡੇ ਪੁੱਤਰਾਂ ਦੀਆਂ ਸ਼ਹੀਦੀਆਂ ਕਿਹੜੇ ਲੇਖੇ ਲਾਈਆਂ ਗਈਆਂ ਹਨ ਤੇ ਸਾਡੇ ਪੁੱਤਰਾਂ ਦੀਆਂ ਸ਼ਹਾਦਤਾਂ ਨੂੰ ਕਿਸ ਦੇ ਦਬਾਅ ਹੇਠ ਰੋਲ ਦਿੱਤਾ ਗਿਆ ਹੈ।

## ਫੈਸਲੇ ਨੂੰ ਸਮਰਥਨ ਦੇਣ ਸਿੱਖ: ਮੱਕੜ



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਆਖਿਆ ਕਿ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣ ਦੇ ਫੈਸਲੇ ਦਾ ਸ਼੍ਰੋਮਣੀ ਕਮੇਟੀ ਸਮਰਥਨ ਕਰਦੀ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਤ ਹੈ। ਉਨ੍ਹਾਂ ਸਮੁੱਚੀ ਸਿੱਖ ਕੌਮ ਨੂੰ ਅਪੀਲ ਕੀਤੀ ਹੈ ਕਿ ਉਹ ਫੈਸਲੇ ਨੂੰ ਸਮਰਥਨ ਦੇਣ।

## ਸੰਘ ਦੇ ਇਸ਼ਾਰੇ 'ਤੇ ਮੁਆਫ਼ੀ ਮਿਲੀ: ਨੰਦਗੜ੍ਹ




ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਤਖ਼ਤਾਂ ਦੇ ਜਥੇਦਾਰਾਂ ਨੂੰ ਸਿੱਖ ਕੌਮ ਦੇ ਸਭ ਤੋਂ ਵੱਡੇ ਦੁਸ਼ਮਣ ਦੱਸਿਆ ਹੈ। ਉਨ੍ਹਾਂ ਆਖਿਆ ਕਿ ਇਨ੍ਹਾਂ ਜਥੇਦਾਰਾਂ ਨੇ ਆਰ.ਐਸ.ਐਸ. ਦੇ ਇਸ਼ਾਰੇ ਤੇ ਗੱਠਜੋੜ ਸਰਕਾਰ ਦੇ ਹੁਕਮਾਂ ਉੱਤੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਦਿੱਤੀ ਹੈ। ਡੇਰਾ ਸਿਰਸਾ ਦੇ ਮੁਖੀ ਨੇ ਤਾਂ ਮੁਆਫੀ ਵੀ ਨਹੀਂ ਮੰਗੀ, ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਪੇਸ਼ ਹੋਣਾ ਤਾਂ ਦੂਰ ਦੀ ਗੱਲ ਹੈ।

## ਸਿੱਖਾਂ ਲਈ ਸਿਰ ਜੋੜ ਫੈਸਲੇ ਲੈਣ ਦਾ ਸਮਾਂ: ਕੇਵਲ ਸਿੰਘ



ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਜਥੇਦਾਰਾਂ ਦੀਆਂ ਮਨਮਰਜ਼ੀਆਂ ਦੀ ਅੱਤ ਹੋ ਗਈ ਹੈ ਤੇ ਕੌਮ ਲਈ ਸਿਰ ਜੋੜ ਕੇ ਫੈਸਲੇ ਲੈਣ ਦਾ ਸਮਾਂ ਆ ਗਿਆ ਹੈ। ਜਥੇਦਾਰਾਂ ਵੱਲੋਂ ਕੀਤਾ ਗਿਆ ਫੈਸਲਾ ਬਹੁਤ ਦੁਖਦਾਈ ਹੈ ਤੇ ਇਤਿਹਾਸ ਜਥੇਦਾਰਾਂ ਨੂੰ ਕਦੇ ਵੀ ਮੁਆਫ਼ ਨਹੀਂ ਕਰੇਗਾ।

## ਡੇਰਾ ਮੁਖੀ ਨੇ ਮੁਆਫੀ ਨਹੀਂ ਮੰਗੀ: ਵੇਦਾਂਤੀ



ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਜਿਨ੍ਹਾਂ ਦੇ ਵੇਲੇ ਡੇਰਾ ਮੁਖੀ ਖ਼ਿਲਾਫ ਹੁਕਮਨਾਮਾ ਜਾਰੀ ਹੋਇਆ ਸੀ, ਨੇ ਆਖਿਆ ਕਿ ਡੇਰਾ ਮੁਖੀ ਵੱਲੋਂ ਕੀਤੇ ਕਾਰਨਾਮੇ ਸਬੰਧੀ ਕੋਈ ਮੁਆਫੀ ਹੀ ਨਹੀਂ ਮੰਗੀ ਗਈ ਹੈ ਤੇ ਬਿਨਾਂ ਮੁਆਫ਼ੀ ਮੰਗਿਆਂ ਹੀ ਉਸ ਨੂੰ ਮੁਆਫ ਕਰ ਦਿੱਤਾ ਗਿਆ ਹੈ।

# ਡੇਰਾ ਮੁਖੀ ਦੀ ਫਿਲਮ ਨੂੰ ਵੀ ਮਿਲੀ ਹਰੀ ਝੰਡੀ

**ਮੋਗਾ:** ਡੇਰਾ ਸਿਰਸਾ ਨੂੰ ਕਲੀਨ ਚਿੱਟ ਦੇਣ ਪਿੱਛੋਂ ਡੇਰਾ ਮੁਖੀ ਦੀ ਫ਼ਿਲਮ ਮੈਸੇਂਜਰ ਆਫ ਗੌਡ-2 ਮੋਗਾ ਸਮੇਤ ਕਈ ਸ਼ਹਿਰਾਂ ਵਿਚ ਸ਼ੁਰੂ ਹੋ ਗਈ। ਫ਼ਿਲਮ ਸਿਨੇਮਾ ਘਰਾਂ ਵਿਚ ਲੱਗਣ ਕਰ ਕੇ ਡੇਰਾ ਪ੍ਰੇਮੀਆਂ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਦੱਸਣਯੋਗ ਹੈ ਕਿ ਇਸ ਫਿਲਮ 'ਤੇ ਪਾਬੰਦੀ ਖ਼ਿਲਾਫ਼ ਡੇਰਾ ਪ੍ਰੇਮੀਆਂ ਨੇ ਮਾਲਵੇ ਖ਼ਿੱਤੇ ਵਿਚ ਸੜਕੀ ਤੇ ਰੇਲ ਆਵਾਜਾਈ ਠੱਪ ਕਰ ਦਿੱਤੀ ਸੀ। ਸਰਕਾਰ ਵੱਲੋਂ ਫ਼ਿਲਮ ਉਤੇ ਪਾਬੰਦੀ ਨਹੀਂ ਲਾਈ ਗਈ ਸੀ ਪਰ ਸਿਨੇਮਾ ਘਰਾਂ ਦੇ ਮਾਲਕ ਫ਼ਿਲਮ ਰਿਲੀਜ਼ ਕਰਨ ਨੂੰ ਤਿਆਰ ਨਹੀਂ ਸਨ।ਇਸ ਦੌਰਾਨ ਪ੍ਰਸ਼ਾਸਨ ਨੇ ਡੇਰਾ ਸਮਰਥਕਾਂ ਨੂੰ ਇਹ ਭਰੋਸਾ ਦਿਵਾਉਦਿਆਂ ਧਰਨੇ ਤੋਂ ਉਠਾਇਆ ਸੀ ਕਿ ਜਲਦ ਹੀ ਉਨ੍ਹਾਂ ਦੀ ਫ਼ਿਲਮ ਰਿਲੀਜ਼ ਕਰਵਾਈ ਜਾਵੇਗੀ।

# ਮੋਦੀ ਅਤੇ ਓਬਾਮਾ ਵੱਲੋਂ ਰਣਨੀਤਕ ਸਾਂਝ ਵਧਾਉਣ ਦਾ ਅਹਿਦ

**ਨਿਊ ਯਾਰਕ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਵਾਤਾਵਰਨ ਬਦਲਾਅ, ਸੁਰੱਖਿਆ, ਅਤਿਵਾਦ ਵਿਰੁੱਧ ਮੁਹਿੰਮ, ਰੱਖਿਆ ਤੇ ਆਰਥਿਕਤਾ ਦੇ ਖੇਤਰ ਵਿਚ ਰਣਨੀਤਕ ਸਾਂਝ ਵਧਾਉਣ ਦਾ ਫ਼ੈਸਲਾ ਕੀਤਾ ਹੈ। ਪਿਛਲੇ ਤਕਰੀਬਨ ਇਕ ਸਾਲ ਦੌਰਾਨ ਦੋਹਾਂ ਆਗੂਆਂ ਦੀ ਇਹ ਤੀਜੀ ਮਿਲਣੀ ਸੀ। ਸ੍ਰੀ ਮੋਦੀ ਨੇ ਪੈਰਿਸ ਵਿਚ ਵਾਤਾਵਰਣ ਉਤੇ ਹੋ ਰਹੀ ਵਿਸ਼ਵ ਕਾਨਫਰੰਸ ਵਿਚ ਠੋਸ ਨਤੀਜਿਆਂ ਦੀ ਲੋੜ 'ਤੇ ਜ਼ੋਰ ਦਿੱਤਾ ਜਦਕਿ ਬਰਾਕ ਓਬਾਮਾ ਨੇ ਕਿਹਾ ਕਿ ਭਾਰਤ ਦੀ ਲੀਡਰਸ਼ਿਪ ਆਉਣ ਵਾਲੇ ਦਹਾਕਿਆਂ ਦੀ ਝਲਕ ਪੇਸ਼ ਕਰੇਗੀ। ਅਮਰੀਕੀ ਰਾਸ਼ਟਰਪਤੀ ਓਬਾਮਾ ਨੇ ਕਿਹਾ ਕਿ ਦੋਵਾਂ ਨੇਤਾਵਾਂ ਨੇ ਇਸ ਗੱਲ 'ਤੇ ਚਰਚਾ ਕੀਤੀ ਹੈ ਕਿ ਸੁਰੱਖਿਆ, ਆਰਥਿਕਤਾ, ਵਪਾਰ, ਨਿਵੇਸ਼ ਤੇ ਰੱਖਿਆ ਖਰੀਦ ਵਿਚ ਸਹਿਯੋਗ ਸਮੇਤ ਵੱਖ-ਵੱਖ ਖੇਤਰਾਂ ਵਿਚ ਕਿਵੇਂ ਅੱਗੇ ਵਧਿਆ ਜਾ ਸਕਦਾ ਹੈ।

ਗੱਲਬਾਤ ਦੌਰਾਨ ਭਾਰਤ ਤੇ ਅਮਰੀਕਾ ਅਤਿਵਾਦ ਖ਼ਿਲਾਫ਼ ਸਹਿਯੋਗ ਕਰਨ ਉਤੇ ਸਹਿਮਤ ਹੋਏ ਤੇ ਪਾਕਿਸਤਾਨ ਨੂੰ ਕਿਹਾ ਕਿ ਉਹ ਮੁੰਬਈ ਹਮਲੇ ਦੇ ਸਾਜ਼ਿਸ਼ਘਾੜਿਆਂ ਨੂੰ ਸਜ਼ਾਵਾਂ ਦੇਵੇ। ਸ੍ਰੀ ਮੋਦੀ ਨੇ ਭਾਰਤ ਦੀ ਸੰਯੁਕਤ ਰਾਸ਼ਟਰ ਵਿਚ ਪੱਕੀ ਮੈਂਬਰਸ਼ਿਪ ਦੀ ਦਾਅਵੇਦਾਰੀ ਲਈ ਅਮਰੀਕਾ ਵੱਲੋਂ ਕੀਤੀ ਗਈ ਹਮਾਇਤ ਦਾ ਧੰਨਵਾਦ ਕੀਤਾ। ਇਸ ਦੌਰਾਨ ਸ੍ਰੀ ਮੋਦੀ ਬ੍ਰਿਟੇਨ ਦੇ ਹਮਰੁਤਬਾ ਡੇਵਿਡ ਕੈਮਰੌਨ ਤੇ ਫਰਾਂਸ ਦੇ ਰਾਸ਼ਟਰਪਤੀ ਫਰਾਂਸਵਾਂ ਔਲਾਂਦ ਨੂੰ ਵੀ ਮਿਲੇ। ਸ੍ਰੀ ਔਲਾਂਦ ਨਾਲ ਮਾਈਕਰੋਸਾਫ਼ਟ ਦੇ ਸਹਿ ਸੰਸਥਾਪਕ ਬਿਲ ਗੇਟਸ ਵੀ ਹਾਜ਼ਰ ਸਨ।



## ਮੋਦੀ ਵੱਲੋਂ ਸਲਾਮਤੀ ਕੌਂਸਲ ਦੀ ਮੈਂਬਰੀ ਲਈ ਪੈਰਵੀ

**ਨਿਊਯਾਰਕ:** ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਵਿਚ ਭਾਰਤ ਨੂੰ ਪੱਕਾ ਮੈਂਬਰ ਬਣਾਉਣ ਦੀ ਪੈਰਵੀ ਕਰਦਿਆਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਵਿਚ ਤੈਅ ਸਮੇਂ ਅੰਦਰ ਸੁਧਾਰ ਕਰਕੇ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰਾਂ, ਆਲਮੀ ਅਰਥਚਾਰੇ ਦੇ ਵੱਡੇ ਇੰਜਣਾਂ ਤੇ ਸਾਰੇ ਵੱਡੇ ਮਹਾਦੀਪਾਂ ਦੀਆਂ ਆਵਾਜ਼ਾਂ ਨੂੰ ਇਸ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਗਰੁੱਪ-4 ਦੀ ਬੈਠਕ ਵਿਚ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਦਿਸ਼ਾ ਵਿਚ ਦਸਤਾਵੇਜ਼ ਆਧਾਰਿਤ ਗੱਲਬਾਤ ਦੀ ਸ਼ੁਰੂਆਤ ਅਹਿਮ ਪਹਿਲਾ ਕਦਮ ਹੈ, ਪਰ ਸੰਯੁਕਤ ਰਾਸ਼ਟਰ ਦੀ 70ਵੀਂ ਆਮ ਸਭਾ ਵਿਚ ਇਸ ਨੂੰ ਅੰਜਾਮ ਤੱਕ ਪਹੁੰਚਾਇਆ ਜਾਣਾ ਚਾਹੀਦਾ ਹੈ।

ਸੰਯੁਕਤ ਰਾਸ਼ਟਰ ਵੱਲੋਂ 70 ਸਾਲਾਂ ਵਿਚ ਅਤਿਵਾਦ ਨੂੰ ਪਰਿਭਾਸ਼ਤ ਨਾ ਕਰਨ 'ਤੇ ਅਫ਼ਸੋਸ ਜਤਾਉਂਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਜੇਕਰ ਅਜਿਹਾ ਕਰਨ ਵਿਚ ਇੰਨੇ ਵਰ੍ਹੇ ਲੰਘ ਗਏ ਹਨ ਤਾਂ ਅਤਿਵਾਦ ਨਾਲ ਨਜਿੱਠਣ ਵਿਚ ਕਿੰਨੇ ਸਾਲ ਲੱਗਣਗੇ। ਸ੍ਰੀ ਮੋਦੀ ਨੇ ਸੈਪ ਸੈਂਟਰ ਵਿਚ ਭਾਸ਼ਨ ਦਿੰਦਿਆਂ ਕਿਹਾ ਕਿ ਸੰਯੁਕਤ ਰਾਸ਼ਟਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਪਸ਼ਟ ਰੂਪ ਵਿਚ ਦੱਸੇ ਕਿ ਉਹ ਕਿਸ ਨੂੰ ਅਤਿਵਾਦੀ ਮੰਨਦਾ ਹੈ ਤਾਂ ਜੋ ਕੌਮਾਂਤਰੀ ਭਾਈਚਾਰਾ ਸ਼ਾਂਤੀ ਲਈ ਆਪਣੇ ਰਾਹ ਦਾ ਖਾਕਾ ਤਿਆਰ ਕਰ ਸਕੇ। ਚੰਗੇ ਅਤਿਵਾਦ ਤੇ ਬੁਰੇ ਅਤਿਵਾਦ ਦੀਆਂ ਗੱਲਾਂ ਹੋ ਰਹੀਆਂ ਹਨ ਪਰ ਇਸ ਨਾਲ ਅਸੀਂ ਮਨੁੱਖਤਾ ਦੀ ਰੱਖਿਆ ਨਹੀਂ ਕਰ ਸਕਦੇ। ਭਾਰਤ ਪਿਛਲੇ 40 ਸਾਲਾਂ ਤੋਂ ਅਤਿਵਾਦ ਤੋਂ ਪੀੜਤ ਹੈ ਪਰ ਪੱਛਮ ਤੇ ਹੋਰ ਮੁਲਕ ਤਾਂ ਜਾਗੇ ਜਦੋਂ ਉਨ੍ਹਾਂ ਨੂੰ ਬੰਬ ਧਮਾਕਿਆਂ ਜਾਂ ਦਹਿਸ਼ਤੀ ਹਮਲਿਆਂ ਦਾ ਸਾਹਮਣਾ ਕਰਨਾ ਪਿਆ। ਅਸੀਂ 21ਵੀਂ ਸਦੀ ਨੂੰ ਅਤਿਵਾਦ ਵਾਲੀ ਨਹੀਂ ਬਣਨ ਦੇ ਸਕਦੇ। ਹੁਣ ਤਾਂ ਦੁਨੀਆਂ ਨੂੰ ਅਤਿਵਾਦ ਦੇ ਟਾਕਰੇ ਲਈ ਇਕਜੁੱਟ ਹੋ ਜਾਣਾ ਚਾਹੀਦਾ ਹੈ।

## ਨਿਵੇਸ਼ਕਾਂ ਅੱਗੇ ਹੱਥ ਅੱਡਣਾ ਮਸਲੇ ਦਾ ਹੱਲ ਨਹੀਂ: ਕੇਜਰੀਵਾਲ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀਆਂ ਵਿਦੇਸ਼ ਫੇਰੀਆਂ ਉਪਰ ਵਿਅੰਗ ਕਸਦਿਆਂ ਕਿਹਾ ਕਿ ਦੂਜੇ ਮੁਲਕਾਂ ਅੰਦਰ ਜਾ ਕੇ ਗਿੜਗੜਾਉਣ ਨਾਲੋਂ ਚੰਗਾ ਹੈ ਕਿ ਅਸੀਂ 'ਮੇਕ ਇੰਡੀਆ' ਨੂੰ ਅਪਣਾਈਏ ਜਿਸ ਨੂੰ ਦੇਖ ਕੇ ਨਿਵੇਸ਼ਕ ਖ਼ੁਦ ਆ ਕੇ ਸਾਡੇ ਸਾਹਮਣੇ ਗਿੜਗੜਾਉਣਗੇ। ਉਨ੍ਹਾਂ ਪ੍ਰਧਾਨ ਮੰਤਰੀ ਦੇ ਵਿਦੇਸ਼ ਅੰਦਰ ਦੌਰੇ ਕਰਕੇ ਉਥੋਂ ਦੇ ਨਿਵੇਸ਼ਕਾਂ ਨੂੰ ਬੁਲਾਉਣ ਉਤੇ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ ਮੈਨੂੰ ਨਹੀਂ ਲੱਗਦਾ ਕਿ ਇਸ ਤਰ੍ਹਾਂ ਦੁਨੀਆਂ ਭਰ ਵਿਚ ਘੁੰਮ-ਫਿਰ ਕੇ ਬੇਨਤੀਆਂ ਕਰਨ ਨਾਲ ਕੋਈ ਨਿਵੇਸ਼ ਕਰੇਗਾ।

## ਸਿੱਖਾਂ ਤੇ ਪਟੇਲਾਂ ਵੱਲੋਂ ਮੋਦੀ ਖਿਲਾਫ਼ ਪ੍ਰਦਰਸ਼ਨ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਹੈੱਡਕੁਆਟਰ ਦੇ ਬਾਹਰ ਸਿੱਖਾਂ ਤੇ ਪਟੇਲ ਭਾਈਚਾਰੇ ਦੇ ਲੋਕਾਂ ਨੇ ਉਸ ਵੇਲੇ ਪ੍ਰਦਰਸ਼ਨ ਕੀਤਾ ਜਦੋਂ ਨਰੇਂਦਰ ਮੋਦੀ ਸਿਖ਼ਰ ਸੰਮੇਲਨ ਮੌਕੇ ਸੰਬੋਧਨ ਕਰ ਰਹੇ ਸਨ। ਸਿੱਖਸ ਫਾਰ ਜਸਟਿਸ ਦੇ ਬੈਨਰ ਹੇਠ ਸਿੱਖਾਂ ਨੇ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਦੋਸ਼ ਲਾਇਆ ਤੇ ਖਾਲਿਸਤਾਨ ਲਈ 2020 ਵਿਚ ਰਾਇਸ਼ੁਮਾਰੀ ਕਰਵਾਉਣ ਦੀ ਮੰਗ ਕੀਤੀ। ਪ੍ਰਦਰਸ਼ਨਕਾਰੀਆਂ ਨੇ ਕੌਮਾਂਤਰੀ ਭਾਈਚਾਰੇ ਕੋਲੋਂ ਮੰਗ ਕੀਤੀ ਕਿ ਉਨ੍ਹਾਂ ਦੀਆਂ ਮੰਗਾਂ ਦੀ ਪੂਰਤੀ ਲਈ ਤੁਰੰਤ ਕਦਮ ਉਠਾਏ ਜਾਣ।



# ਮੋਦੀ ਵਲੋਂ ਸਿੱਖ ਵਫ਼ਦ ਨੂੰ ਨਜ਼ਰਅੰਦਾਜ਼ ਕੀਤੇ ਜਾਣ ਦੀ ਨਿਖੇਧੀ

**ਸੈਨ ਹੋਜੇ (ਬਿਊਰੋ):** ਸਿੱਖਾਂ ਦੀਆਂ ਮੁਸ਼ਕਿਲਾਂ ਤੋਂ ਜਾਣੂੰ ਕਰਵਾਉਣ ਲਈ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਣ ਗਏ ਇਕ ਵਫ਼ਦ ਨੂੰ ਸਮਾਂ ਨਾ ਦਿੱਤੇ ਜਾਣ ਦੀ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਨੇ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।

ਪਾਰਟੀ ਵਲੋਂ ਜਾਰੀ ਇਕ ਬਿਆਨ ਵਿਚ ਅਮਰੀਕਾ ਦੀ ਹਾਈ ਪਾਵਰ ਕੋਰ ਕਮੇਟੀ ਦੇ ਚੇਅਰਮੈਨ ਅਤੇ ਲੀਗਲ ਅਡਵਾਈਜ਼ਰ ਸ. ਜਸਪ੍ਰੀਤ ਸਿੰਘ ਅਟਾਰਨੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਸ ਫੇਰੀ ਤੋਂ ਸਿੱਖ ਭਾਈਚਾਰੇ ਨੂੰ ਬੜੀਆਂ ਆਸਾਂ ਸਨ, ਸਿੱਖਾਂ ਦਾ ਵਫ਼ਦ ਆਪਣੀਆਂ ਸਮੱਸਿਆਵਾਂ ਜਿਨ੍ਹਾਂ 'ਚ ਖਾਸ ਤੌਰ 'ਤੇ ਭਾਰਤੀ ਅੰਬੈਸੀ ਵਲੋਂ ਅਮਰੀਕਾ 'ਚ ਸਿਆਸੀ ਸ਼ਰਨ ਲੈ ਕੇ ਬੈਠੇ ਵਿਅਕਤੀਆਂ ਨੂੰ ਭਾਰਤ ਦਾ ਵੀਜ਼ਾ ਨਾ ਦੇਣਾ, ਪਾਸਪੋਰਟ ਬਣਾਉਣ ਲਈ ਹੁੰਦੀ ਖੱਜਲ ਖੁਆਰੀ ਆਦਿ ਸਮੱਸਿਆਵਾਂ ਸਬੰਧੀ ਉਹ ਪ੍ਰਧਾਨ ਮੰਤਰੀ ਨਾਲ ਗੱਲ ਕਰਨਾ ਚਾਹੁੰਦੇ ਸਨ, ਪ੍ਰੰਤੂ ਪ੍ਰਧਾਨ ਮੰਤਰੀ ਨੇ ਵਫ਼ਦ ਨਾਲ ਹੱਥ ਤਾਂ ਮਿਲਾਇਆ ਪਰ ਉਨ੍ਹਾਂ ਦੀ ਕੋਈ ਗੱਲ ਨਾ ਸੁਣੀ। ਵਫ਼ਦ ਦੇ ਮੈਂਬਰ ਆਪਣੇ ਖਰਚੇ ਤੇ ਵਸ਼ਿੰਗਟਨ ਡੀ ਸੀ ਤੋਂ ਸੈਨ ਹੋਜ਼ੇ ਪੁੱਜੇ ਸਨ, ਪ੍ਰੰਤੂ ਸ੍ਰੀ ਮੋਦੀ ਨੇ ਵਫ਼ਦ ਨਾਲ ਸਿਰਫ਼ ਫੋਟੋਆਂ ਹੀ ਖਿਚਵਾਈਆਂ ਤੇ ਉਨ੍ਹਾਂ ਨਾਲ ਕੋਈ ਗੱਲ ਨਹੀਂ ਕੀਤੀ। ਇਸ ਨਾਲ ਸਿੱਖਾਂ ਨੂੰ ਨਿਰਾਸ਼ਾ ਹੋਈ ਹੈ।

ਇਸੇ ਦੌਰਾਨ ਸ. ਜਸਪ੍ਰੀਤ ਸਿੰਘ ਅਟਾਰਨੀ ਨੇ ਕਿਹਾ ਹੈ ਕਿ ਪੰਜਾਬ ਦੇ ਉਪ ਮੁੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਵਲੋਂ ਜਲਦ ਹੀ ਨਿਊ ਯਾਰਕ, ਸ਼ਿਕਾਗੋ ਅਤੇ ਕੈਲੀਫੋਰਨੀਆਂ 'ਚ ਵਸਦੇ ਪੰਜਾਬੀਆਂ ਨਾਲ ਵੀਡੀਓ ਕਾਨਫਰੰਸਾਂ ਕੀਤੀਆਂ ਜਾਣਗੀਆਂ ਤਾਂ ਜੋ ਪ੍ਰਵਾਸੀ ਪੰਜਾਬੀਆਂ ਨੂੰ ਦਰਪੇਸ਼ ਮੁਸ਼ਕਿਲਾਂ ਦਾ ਹੱਲ ਕੱਢਿਆ ਜਾ ਸਕੇ। ਇਸ ਵੀਡੀਓ ਕਾਨਫਰੰਸ ਦੌਰਾਨ ਸ. ਬਾਦਲ ਪ੍ਰਵਾਸੀਆਂ ਦੀਆਂ ਮੁਸ਼ਕਿਲਾਂ ਸੁਣਨਗੇ।



ਜਸਪ੍ਰੀਤ ਸਿੰਘ ਅਟਾਰਨੀ

ਸ. ਜਸਪ੍ਰੀਤ ਸਿੰਘ ਦੇ ਇਸ ਬਿਆਨ ਦੀ ਸਤਪਾਲ ਸਿੰਘ ਬਰਾੜ, ਰਘਵੀਰ ਸਿੰਘ ਸੁਭਾਨਪੁਰ, ਹਰਬੰਸ ਸਿੰਘ ਢਿੱਲੋਂ ਮੋਹਨ ਸਿੰਘ ਖਟੜਾ, ਕੁਲਵੰਤ ਸਿੰਘ ਖਹਿਰਾ, ਹਰਬੰਸ ਸਿੰਘ ਚਾਹਲ, ਗੁਰਦੇਵ ਸਿੰਘ ਸੱਲ੍ਹਾਂ, ਮੁਖਤਿਆਰ ਸਿੰਘ ਹੀਰ, ਅਮਰੀਕ ਸਿੰਘ (ਅਮਰ ਕਾਰਪੈਟ), ਸਰਬਜੋਤ ਸਿੰਘ ਸਵੱਦੀ, ਸੁਰਿੰਦਰ ਸਿੰਘ ਗਿੱਲ, ਪ੍ਰੀਤਮ ਸਿੰਘ ਗਿਲਜੀਆਂ, ਹਰਦੀਪ ਸਿੰਘ ਗੋਲਡੀ, ਬਲਜੀਤ ਸਿੰਘ ਮਾਨ ਅਤੇ ਅਵਤਾਰ ਸਿੰਘ ਗਿੱਲ ਨੇ ਵੀ ਪ੍ਰੋੜਤਾ ਕੀਤੀ ਹੈ।

# ਤਸਵੀਰਾਂ ਖਿਚਾਈਆਂ ਤੇ ਮੋਦੀ ਤੁਰਦੇ ਬਣੇ...

**ਸੈਨ ਹੋਜ਼ੇ (ਬਿਊਰੋ):** ਸਥਾਨਕ ਫੇਅਰ ਮਾਊਂਟ ਹੋਟਲ ਵਿਚ ਭਾਰਤੀ ਪ੍ਰਸ਼ਾਸਨ ਵਲੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਆਮਦ 'ਤੇ ਵੱਡੇ ਪੱਧਰ 'ਤੇ ਖਾਣੇ ਦਾ ਪ੍ਰਬੰਧ ਕੀਤਾ ਗਿਆ ਜਿਸ ਵਿਚ ਲਗਭਗ 1700 ਵਿਸ਼ੇਸ਼ ਵਿਅਕਤੀਆਂ ਨੇ ਸ਼ਿਰਕਤ ਕੀਤੀ। ਇਸ ਸਮਾਗਮ ਵਿਚ ਸ਼ਾਮਲ ਲੋਕ ਉਸ ਵੇਲੇ ਹੈਰਾਨ ਰਹਿ ਗਏ ਜਦੋਂ ਪ੍ਰਧਾਨ ਮੰਤਰੀ ਮੋਦੀ ਆਏ ਅਤੇ ਫੋਟੋਆਂ ਖਿਚਵਾ ਕੇ ਤੁਰਦੇ ਬਣੇ।

ਇਸੇ ਦੌਰਾਨ ਸਾਰੇ ਇਕੱਠ ਵਿਚੋਂ ਕੇਵਲ 30 ਵਿਅਕਤੀ ਵਿਸ਼ੇਸ਼ ਵੱਖਰੇ ਕੱਢੇ ਗਏ ਜਿਨ੍ਹਾਂ ਨੂੰ ਇਕ ਵੱਖਰੇ ਕਮਰੇ ਵਿਚ ਗੱਲਬਾਤ ਕਰਨ ਲਈ ਲਿਜਾਇਆ ਗਿਆ ਪਰ ਪ੍ਰਧਾਨ ਮੰਤਰੀ ਨੇ ਬਿਨਾ ਗੱਲਬਾਤ ਕੀਤਿਆਂ ਫੋਟੋਆਂ ਖਿਚਵਾਈਆਂ ਤੇ ਚਲੇ ਗਏ। ਇਹ 30 ਵਿਸ਼ੇਸ਼ ਵਿਅਕਤੀ ਯੂਬਾ ਸਿਟੀ, ਸੈਕਰਾਮੈਂਟੋ, ਮਾਡੈਸਟੋ ਅਤੇ ਬੇਅ ਏਰੀਆ ਤੋਂ ਸਥਾਨਕ ਭਾਰਤੀ ਪ੍ਰਬੰਧਕਾਂ ਨੇ ਇਕੱਠੇ ਕੀਤੇ ਸਨ। ਸਮਾਗਮ ਵਿਚ ਸ੍ਰੀ ਮੋਦੀ ਭਾਰਤੀ ਰਵਾਇਤ ਅਨੁਸਾਰ ਲਗਭਗ ਡੇਢ ਘੰਟਾ ਲੇਟ ਪਹੁੰਚੇ।

ਸ੍ਰੀ ਮੋਦੀ ਸਮਾਗਮ 'ਚੋਂ ਚਲੇ ਗਏ ਤਾਂ ਲੋਕਾਂ ਨੇ ਰੋਟੀ ਖਾਧੀ। ਇਸ ਮੌਕੇ ਕੁਝ ਲੋਕ ਜਿਨ੍ਹਾਂ 'ਚ ਪੰਜਾਬੀ ਵੀ ਸਨ, ਪ੍ਰਧਾਨ ਮੰਤਰੀ ਨਾਲ ਫੋਟੋਆਂ ਖਿਚਵਾਉਣ ਲਈ ਤਰਲੋਮੱਛੀ ਹੁੰਦੇ ਵੀ ਦੇਖੇ ਗਏ। ਸਟੇਜ 'ਤੇ ਇਕ ਤਰ੍ਹਾਂ ਨਾਲ ਭਗਦੜ ਮਚੀ ਰਹੀ।

ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਉਤੇ ਅਮਰੀਕਾ ਵਿਚ ਮੁਢਲੇ ਮੇਲੇ ਤੇ ਸੈਮੀਨਾਰ ਕਰਵਾਉਣ ਵਾਲੇ ਸ. ਚਰਨ ਸਿੰਘ ਜੱਜ ਵੀ ਇਸ ਸਮਾਗਮ ਵਿਚ ਸ਼ਾਮਿਲ ਸਨ। ਉਨ੍ਹਾਂ ਕਿਹਾ ਕਿ ਇਸ ਸਮਾਗਮ ਨੇ ਲੋਕ ਭਾਵਨਾਵਾਂ ਦੀ ਤਰਜਮਾਨੀ ਨਹੀਂ ਕੀਤੀ। ਗਦਰੀ ਬਾਬਿਆਂ ਨੇ ਭਾਰਤ ਨੂੰ ਆਜ਼ਾਦ ਕਰਾਉਣ 'ਚ ਭਾਰੀ ਯੋਗਦਾਨ ਪਾਇਆ।

ਇਥੇ ਜਾਰੀ ਇਕ ਬਿਆਨ ਵਿਚ ਸ. ਜੱਜ ਨੇ ਕਿਹਾ ਕਿ ਸੈਨ ਫਰਾਂਸਿਸਕੋ ਸਥਿਤ ਗਦਰ ਮੈਮੋਰੀਅਲ ਹਾਲ ਵਿਚ ਆਜ਼ਾਦ ਭਾਰਤ ਦੇ ਪ੍ਰਧਾਨ ਮੰਤਰੀ ਦਾ ਜਾਣਾ ਬਹੁਤ ਜ਼ਰੂਰੀ ਸੀ ਅਤੇ ਉਨ੍ਹਾਂ ਨੂੰ ਪ੍ਰੈਸ ਕਾਨਫਰੰਸ ਕਰਕੇ ਗਦਰ ਮੈਮੋਰੀਅਲ ਹਾਲ ਦੀ ਨਵੀਂ ਇਮਾਰਤ ਦੀ ਉਸਾਰੀ ਦਾ ਐਲਾਨ ਕਰਨਾ ਚਾਹੀਦਾ ਸੀ ਕਿਉਂਕਿ ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ 2013 ਦੇ ਬਜਟ ਸੈਸ਼ਨ ਵਿਚ ਇਸ ਗਦਰ ਮੈਮੋਰੀਅਲ ਹਾਲ ਦੀ ਚਾਰ ਮੰਜ਼ਿਲੀ ਇਮਾਰਤ ਦੀ ਇਕ ਵੱਖਰੀ ਰਕਮ ਪਾਸ ਕੀਤੀ ਹੋਈ ਹੈ ਜੋ ਇਸੇ ਹਾਲ ਦੀ ਇਮਾਰਤ 'ਤੇ ਖਰਚ ਹੋਵੇਗੀ।

ਸ. ਜੱਜ ਨੇ ਕਿਹਾ ਕਿ ਪਰਵਾਸੀ ਭਾਰਤੀਆਂ ਨੂੰ ਆ ਰਹੀਆਂ ਮੁਸ਼ਕਿਲਾਂ ਤੇ ਹੋ ਰਹੀਆਂ ਖੱਜਲ-ਖੁਆਰੀਆਂ ਦੀ ਕੋਈ ਗੱਲ ਨਹੀਂ ਹੋਈ ਤੇ ਨਾ ਹੀ ਕੋਈ ਸੁਣੀ ਗਈ। ਸਿੱਖਾਂ ਦਾ ਇਕ ਵਫਦ ਆਪਣੀਆਂ ਸਮੱਸਿਆਵਾਂ ਦੱਸਣ ਲਈ ਕਾਹਲਾ ਸੀ ਪਰ ਸ੍ਰੀ ਮੋਦੀ ਪਾਸ ਉਨ੍ਹਾਂ ਦੀ ਗੱਲ ਸੁਣਨ ਲਈ ਟਾਈਮ ਹੀ ਨਹੀਂ ਸੀ। ਪੰਜਾਬੀ ਮੁਹਾਵਰੇ ਦੀ ਤਰ੍ਹਾਂ, ਇਹ ਸਮਾਗਮ 'ਉਚੀ ਦੁਕਾਨ, ਫਿੱਕਾ ਪਕਵਾਨ' ਸਾਬਤ ਹੋਇਆ। ਸੂਝਵਾਨਾਂ ਦੇ ਪੱਲੇ ਤਾਂ ਇਸ ਸਮਾਗਮ ਨੇ ਨਿਰਾਸ਼ਾ ਹੀ ਪਾਈ।

## ਮੋਦੀ ਸਮਰਥਕਾਂ ਵੱਲੋਂ ਵਿਖਾਵਾਕਾਰੀਆਂ ਨਾਲ ਧੱਕਾ-ਮੁੱਕੀ

**ਸੈਨ ਹੋਜ਼ੇ:** ਕੈਲੀਫੋਰਨੀਆ ਦੇ ਸ਼ਹਿਰ ਸੈਨ ਹੋਜ਼ੇ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਆਮਦ ਮੌਕੇ ਰੋਸ ਵਿਖਾਵਾ ਕਰ ਰਹੇ ਲੋਕਾਂ ਉਤੇ ਮੋਦੀ ਸਮਰਥਕਾਂ ਨੇ ਹੱਲਾ ਬੋਲ ਦਿੱਤਾ ਅਤੇ ਉਨ੍ਹਾਂ ਨਾਲ ਧੱਕੇਮੁੱਕੀ ਕੀਤੀ।

ਆਰਗੇਨਾਈਜੇਸ਼ਨ ਫਾਰ ਮਾਈਨਾਰਟੀਜ਼ ਆਫ਼ ਇੰਡੀਆ ਦੇ ਸਲਾਹਕਾਰ ਪੀਟਰ ਫ੍ਰੈਡਰਿਕ ਨੇ ਦੱਸਿਆ ਕਿ ਜਦੋਂ ਉਹ ਅਤੇ ਉਨ੍ਹਾਂ ਦੇ ਸਾਥੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਖਿਲਾਫ਼ ਰੋਸ ਵਿਖਾਵਾ ਕਰ ਰਹੇ ਸਨ ਤਾਂ ਮੋਦੀ ਸਮਰਥਕਾਂ ਨੇ ਉਨ੍ਹਾਂ ਨਾਲ ਧੱਕੇ-ਮੁੱਕੀ ਕੀਤੀ। ਵਾਰ ਵਾਰ ਰੋਕਣ ਦੇ ਬਾਵਜੂਦ ਇਹ ਸਮਰਥਕ ਲਗਾਤਾਰ ਧੱਕੇ ਮਾਰਦੇ ਰਹੇ। ਇਕ ਵਾਰ ਤਾਂ ਇਨ੍ਹਾਂ ਭੂਤਰੇ ਹੋਏ ਮੋਦੀ ਸਮਰਥਕਾਂ ਨੇ ਹੱਥਾਂ ਵਿਚੋਂ ਤਖਤੀਆਂ ਖੋਹਣ ਦੀ ਕੋਸ਼ਿਸ਼ ਵੀ ਕੀਤੀ।

ਯਾਦ ਰਹੇ, ਸ੍ਰੀ ਮੋਦੀ ਨੇ ਸੈਨ ਹੋਜ਼ੇ ਦੇ ਐਸ. ਏ. ਪੀ. ਸੈਂਟਰ 'ਚ ਸੰਬੋਧਨ ਕੀਤਾ ਸੀ ਤੇ ਘੱਟ ਗਿਣਤੀਆਂ ਦੇ ਹੱਕਾਂ ਲਈ ਜੂਝਣ ਵਾਲੀਆਂ ਜਥੇਬੰਦੀਆਂ ਅਤੇ ਇਨ੍ਹਾਂ ਨਾਲ ਜੁੜੇ ਲੋਕਾਂ ਨੇ ਉਨ੍ਹਾਂ ਖਿਲਾਫ਼ ਰੋਸ ਮੁਜ਼ਾਹਰਾ ਕੀਤਾ ਸੀ। ਇਨ੍ਹਾਂ ਲੋਕਾਂ ਦਾ ਦੋਸ਼ ਸੀ ਕਿ ਭਾਰਤ 'ਚ ਸਿੱਖਾਂ, ਮੁਸਲਮਾਨਾਂ, ਇਸਾਈਆਂ ਅਤੇ ਹੋਰ ਘੱਟ ਗਿਣਤੀਆਂ ਖਿਲਾਫ਼ ਮੋਦੀ ਸਰਕਾਰ ਲਗਾਤਾਰ ਵਧੀਕੀਆਂ ਕਰ ਰਹੀ ਹੈ।

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com

WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਇਕ ਝੂਠੇ ਪੁਲਿਸ ਮੁਕਾਬਲੇ ਦਾ ਸੱਚ...

16 ਸਤੰਬਰ ਨੂੰ ਮੀਡੀਆ ਦੀ ਖ਼ਬਰ ਸੀ: ਤਿਲੰਗਾਨਾ ਦੇ ਵਾਰੰਗਲ ਜ਼ਿਲ੍ਹੇ ਦੇ ਜੰਗਲਾਂ ਵਿਚ ਦੋ ਮਾਓਵਾਦੀ ਮੁਕਾਬਲੇ 'ਚ ਹਲਾਕ। ਮਾਰੀ ਗਈ ਮਟਿਆਰ ਸ਼ਰੂਤੀ ਨੇ ਐਮ.ਟੈੱਕ. ਦੀ ਡਿਗਰੀ ਕੀਤੀ ਹੋਈ ਸੀ ਅਤੇ ਨੌਜਵਾਨ ਵਿਦਿਆ ਸਾਗਰ ਰੈੱਡੀ ਉਰਫ਼ ਸਾਗਰ ਵੀ ਖ਼ੂਬ ਪੜ੍ਹਿਆ-ਲਿਖਿਆ ਸੀ। ਇਸੇ ਸਾਲ ਅਪਰੈਲ ਦੇ ਪਹਿਲੇ ਹਫ਼ਤੇ ਹੀ ਤਿਲੰਗਾਨਾ ਪੁਲਿਸ ਨੇ ਪੰਜ ਮੁਸਲਿਮ ਕੈਦੀਆਂ ਅਤੇ ਆਂਧਰਾ ਪੁਲਿਸ ਨੇ ਚੰਦਨ ਮਾਫ਼ੀਆ ਲਈ ਕੰਮ ਕਰਦੇ 20 ਮਜ਼ਦੂਰਾਂ ਨੂੰ ਇਸੇ ਤਰ੍ਹਾਂ ਫਰਜ਼ੀ ਮੁਕਾਬਲੇ ਵਿਚ ਮਾਰ ਦਿੱਤਾ ਸੀ। ਹੁਣ 19 ਸਤੰਬਰ ਨੂੰ ਉੜੀਸਾ ਪੁਲਿਸ ਨੇ ਮਲਕਾਨਗਿਰੀ ਜ਼ਿਲ੍ਹੇ ਵਿਚ ਤਿੰਨ ਮਾਓਵਾਦੀਆਂ ਨੂੰ ਮੁਕਾਬਲੇ ਵਿਚ ਮਾਰ ਦਿੱਤਾ ਹੈ।


ਸ਼ਰੂਤੀ

2013 ਤਕ ਦੇ ਚਾਰ ਸਾਲਾਂ ਵਿਚ 555 ਫਰਜ਼ੀ ਮੁਕਾਬਲਿਆਂ ਦੀਆਂ ਸ਼ਿਕਾਇਤਾਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਦਰਜ ਹੋਈਆਂ। ਜਿਸ ਰਾਜ ਪ੍ਰਬੰਧ ਵਿਚ ਬੇਮਿਸਾਲ ਬੇਰਹਿਮੀ ਦਿਖਾਉਣ ਵਾਲੇ ਜਲਾਦਾਂ ਨੂੰ 'ਐਨਕਾਊਂਟਰ ਸਪੈਸ਼ਲਿਸਟ' ਦਾ ਖ਼ਿਤਾਬ, ਸਰਕਾਰੇ-ਦਰਬਾਰੇ ਖ਼ਾਸ ਇਨਾਮ-ਸਨਮਾਨ ਅਤੇ ਅਦਾਲਤਾਂ ਵਿਚ ਕਾਨੂੰਨੀ ਕਾਰਵਾਈ ਤੋਂ ਮੁਕੰਮਲ ਸੁਰੱਖਿਆ ਹਾਸਲ ਹੋਵੇ ਅਤੇ ਜਿਥੇ ਅਵਾਮ ਪ੍ਰਤੀ ਜਵਾਬਦੇਹ ਹੋਣ ਦੀ ਥਾਂ ਸਮਾਜੀ ਬੇਚੈਨੀ ਨੂੰ ਇਸ ਤਰ੍ਹਾਂ ਦੇ ਕਤਲਾਂ ਰਾਹੀਂ ਦਬਾਉਣਾ ਹੁਕਮਰਾਨ ਜਮਾਤ ਦੀ ਬਾਕਾਇਦਾ ਨੀਤੀ ਹੋਵੇ ਅਤੇ ਇਸ ਨੀਤੀ ਤਹਿਤ 'ਮੁਕਾਬਲੇ' ਪੁਲਿਸ ਅਧਿਕਾਰੀਆਂ ਲਈ ਇਕ ਸਭ ਤੋਂ ਲਾਹੇਵੰਦਾ ਕਾਰੋਬਾਰ ਬਣ ਜਾਣ, ਉਥੇ ਫਰਜ਼ੀ ਮੁਕਾਬਲਿਆਂ ਦੇ ਸਿਲਸਿਲੇ ਦਾ ਆਮ ਵਰਤਾਰਾ ਬਣ ਜਾਣਾ ਸੁਭਾਵਿਕ ਹੈ। ਮਾਓਵਾਦੀ ਰਸੂਖ਼ ਵਾਲੇ 10 ਸੂਬੇ ਹੋਣ, ਜੰਮੂ ਕਸ਼ਮੀਰ ਹੋਵੇ ਜਾਂ ਉਤਰ-ਪੂਰਬੀ ਰਿਆਸਤਾਂ ਵਿਚ 'ਮੁਕਾਬਲੇ' ਹੋਣ, ਮੀਡੀਆ ਇਸ ਨੂੰ ਮਹਿਜ਼ ਖ਼ਬਰ ਦੇ ਤੌਰ 'ਤੇ ਲੈਂਦਾ ਹੈ ਅਤੇ ਇਸ 'ਸਟੋਰੀ' ਦੇ ਮੀਡੀਆ ਮੰਡੀ ਦੇ ਲਿਹਾਜ਼ ਨਾਲ ਲਾਹੇਵੰਦ ਨਾ ਹੋਣ ਕਾਰਨ ਪੁਲਿਸ ਦੇ ਪ੍ਰੈੱਸ ਨੋਟ ਵਿਚ ਪੇਸ਼ ਕਹਾਣੀ ਹੀ ਖ਼ਬਰ ਹੁੰਦੀ ਹੈ ਅਤੇ ਖ਼ਬਰ ਭੇਜਣ ਤੇ ਛਾਪਣ ਵਾਲੇ ਛਾਣ-ਬੀਣ ਕਰਨ ਦੇ ਯੱਭ ਵਿਚ ਨਹੀਂ ਪੈਂਦੇ। ਸਬੰਧਤ ਲਹਿਰਾਂ, ਮਨੁੱਖੀ/ਸ਼ਹਿਰੀ ਹੱਕਾਂ ਦੀਆਂ ਜਥੇਬੰਦੀਆਂ ਅਤੇ ਮਾਰੇ ਗਿਆਂ ਦੇ ਪਰਿਵਾਰਾਂ ਨੂੰ ਛੱਡ ਕੇ ਬਾਕੀ ਮੁਲਕ ਦੀ 'ਸਮੂਹਿਕ ਆਤਮਾ' ਲਈ ਹਕੂਮਤੀ ਦਹਿਸ਼ਤਗਰਦੀ ਕੋਈ ਮਸਲਾ ਹੀ ਨਹੀਂ ਹੈ।

ਇਸ 'ਮੁਕਾਬਲੇ' ਵਿਚ ਮਾਓਵਾਦੀਆਂ ਦਾ ਸਫ਼ਾਇਆ ਕਰਨ ਦੇ ਖ਼ਾਸ ਉਦੇਸ਼ ਨਾਲ ਬਣਾਏ ਖ਼ਾਸ ਦਸਤੇ 'ਗਰੇਅ ਹਾਊਂਡਜ਼' ਵਲੋਂ ਇਸ ਗ਼ੈਰ-ਅਦਾਲਤੀ ਕਤਲ ਨੂੰ ਅੰਜਾਮ ਦੇਣ ਤੋਂ ਪਹਿਲਾਂ ਜੋ ਵਹਿਸ਼ੀ ਢੰਗ ਅਖ਼ਤਿਆਰ ਕੀਤੇ ਗਏ, ਉਹ ਹੋਰ ਵੀ ਖ਼ਤਰਨਾਕ ਰੁਝਾਨ ਨੂੰ ਦਰਸਾਉਂਦੇ ਹਨ। ਦੋਵਾਂ ਨੂੰ ਮਾਰਨ ਤੋਂ ਪਹਿਲਾਂ ਘੋਰ ਤਸੀਹੇ ਦਿੱਤੇ ਗਏ, ਥਾਂ ਥਾਂ ਤੋਂ ਵੱਢੇ-ਟੁੱਕੇ ਜਿਸਮ ਇਸ ਦੇ ਗਵਾਹ ਸਨ। ਕੁੜੀ ਨੂੰ ਮਾਰਨ ਤੋਂ ਪਹਿਲਾਂ ਸਮੂਹਕ ਜਬਰ-ਜਨਾਹ ਕੀਤਾ ਗਿਆ ਅਤੇ ਫਿਰ ਉਸ ਦੇ ਜਨਣ ਅੰਗ ਤੇਜ਼ਾਬ ਪਾ ਕੇ ਲੂਹ ਦਿੱਤੇ ਗਏ। ਇਹ ਖ਼ਾਸ 'ਮੁਕਾਬਲੇ' ਇਕ ਖ਼ਾਸ ਉਦੇਸ਼ ਨਾਲ ਬਣਾਏ ਜਾ ਰਹੇ ਹਨ। ਵੱਖਰਾ ਤਿਲੰਗਾਨਾ ਸੂਬਾ ਬਣਾਏ ਜਾਣ ਤੋਂ ਬਾਅਦ ਅਵਾਮ ਦਾ 'ਵਿਕਾਸ' ਦਾ ਭਰਮ ਟੁੱਟ ਚੁੱਕਾ ਹੈ।

ਨੌਜਵਾਨਾਂ ਵਿਚ ਰਾਜ ਪ੍ਰਬੰਧ ਪ੍ਰਤੀ ਬੇਚੈਨੀ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਰਿਪੋਰਟਾਂ ਅਨੁਸਾਰ, ਪਿਛਲੇ ਦਿਨੀਂ ਤੇਲੰਗਾਨਾ ਅੰਦਰ ਦੋ ਮਹੀਨਿਆਂ ਵਿਚ 36 ਆਹਲਾ ਤਾਲੀਮਯਾਫ਼ਤਾ ਨੌਜਵਾਨ ਆਪਣਾ ਨਿੱਜ ਤਿਆਗ ਕੇ ਮਾਓਵਾਦੀ ਲਹਿਰ ਵਿਚ ਰੂਪੋਸ਼ ਹੋ ਗਏ। ਤਿਲੰਗਾਨਾ-ਆਂਧਰਾ ਵਿਚ ਭਾਵੇਂ ਮਾਓਵਾਦੀ ਲਹਿਰ ਦਹਾਕਾ ਪਹਿਲਾਂ ਕੁਚਲ ਦਿੱਤੀ ਗਈ ਸੀ, ਪਰ ਨੰਗੀ ਬੇਇਨਸਾਫ਼ੀ ਤੇ ਲੁੱਟਮਾਰ 'ਤੇ ਉੱਸਰੇ ਇਸ ਪ੍ਰਬੰਧ ਕੋਲ ਅਵਾਮ ਦੇ ਮਸਲਿਆਂ ਦਾ ਕੋਈ ਹੱਲ ਨਾ ਹੋਣ ਕਾਰਨ ਅਵਾਮ ਅੰਦਰ ਇਸ ਲਹਿਰ ਪ੍ਰਤੀ ਡੂੰਘੀ ਹਮਦਰਦੀ ਪਈ ਹੈ। ਇਸ ਹਮਦਰਦੀ ਦੇ ਕਦੇ ਵੀ ਮੁੜ ਵੱਡਾ ਸਿਆਸੀ ਵਿਸਫੋਟ ਬਣ ਜਾਣ ਦਾ ਖ਼ੌਫ਼ ਹੁਕਮਰਾਨਾਂ ਦੀ ਨੀਂਦ ਉਡਾ ਰਿਹਾ ਹੈ ਅਤੇ ਹਕੂਮਤੀ ਦਹਿਸ਼ਤ ਨੂੰ ਬਰਕਰਾਰ ਰੱਖਣ ਦੀ ਲੋੜ ਵਿਚੋਂ ਹੀ ਬਾਕਾਇਦਾ ਰਾਜਕੀ ਨੀਤੀ ਤਹਿਤ ਇਹ ਕਤਲ ਕਰਵਾਏ ਜਾ ਰਹੇ ਹਨ। ਇਸ ਮੁਕਾਬਲੇ ਪਿਛੋਂ ਤਿਲੰਗਾਨਾ ਦੇ ਡੀ.ਜੀ.ਪੀ. ਵਲੋਂ ਦਿੱਤਾ ਬਿਆਨ ਇਸ ਦੀ ਤਸਦੀਕ ਕਰਦਾ ਹੈ ਜਿਸ ਨੇ ਖੁੱਲ੍ਹੇਆਮ ਐਲਾਨ ਕੀਤਾ ਕਿ ਮਾਓਵਾਦੀਆਂ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ।

*-ਬੂਟਾ ਸਿੰਘ*

# ਰਿਆਸੀ ਗੁਰਦੁਆਰੇ ਦਾ ਕਬਜ਼ਾ ਲੈਣ ਦਾ ਐਲਾਨ

**ਚੰਡੀਗੜ੍ਹ:** ਹੋਦ ਚਿੱਲੜ ਤਾਲਮੇਲ ਕਮੇਟੀ ਦੇ ਆਗੂਆਂ ਨੇ ਕਿਹਾ ਹੈ ਕਿ ਜੰਮੂ ਦੇ ਰਿਆਸੀ ਦੇ ਗੁਰਦੁਆਰੇ ਤੋਂ ਕਬਜ਼ਾ ਹਰ ਹਾਲਤ ਵਿਚ ਹਟਾਇਆ ਜਾਵੇਗਾ ਅਤੇ ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਦਦ ਲਈ ਜਾਵੇਗੀ। ਕਮੇਟੀ ਦੇ ਆਗੂ ਇੰਜਨੀਅਰ ਮਨਜਿੰਦਰ ਸਿੰਘ ਗਿਆਸਪੁਰਾ ਅਤੇ ਭਾਈ ਦਰਸ਼ਨ ਸਿੰਘ ਘੋਲੀਆ ਨੇ ਦੱਸਿਆ ਕਿ ਨਵੰਬਰ 1984 ਨੂੰ ਰਿਆਸੀ ਵਿਚ ਐਨ.ਐਚ.ਪੀ.ਸੀ. ਦਾ ਸਿਆਲ ਪ੍ਰੋਜੈਕਟ ਸਿੱਖ ਇੰਜਨੀਅਰਾਂ ਵੱਲੋਂ ਤਿਆਰ ਕੀਤਾ ਜਾ ਰਿਹਾ ਸੀ। ਪ੍ਰੋਜੈਕਟ ਵਿਚ ਕੰਮ ਕਰਨ ਵਾਲਿਆਂ ਨੇ ਇਸ ਦੇ ਨਜ਼ਦੀਕ ਤਿੰਨ ਗੁਰੂ ਘਰ ਉਸਾਰੇ ਸਨ ਜਿਥੇ ਸਿੱਖ ਸੰਗਤ ਰੋਜ਼ ਜੁੜਦੀ ਸੀ। ਇਨ੍ਹਾਂ ਵਿਚ ਇੱਕ ਗੁਰਦੁਆਰਾ ਤਲਵਾੜਾ ਵਿਚ, ਦੂਸਰਾ ਜੋਤੀ ਪੁਰਮ ਅਤੇ ਤੀਸਰਾ ਰਿਆਸੀ ਵਿਚ ਉਸਾਰਿਆ ਗਿਆ ਸੀ। ਇਸ ਪ੍ਰੋਜੈਕਟ ਵਿਚ ਕੰਮ ਕਰਨ ਵਾਲੇ ਹਰਬੰਸ ਸਿੰਘ ਨੇ ਦੱਸਿਆ ਕਿ ਪਹਿਲੀ ਨਵੰਬਰ 1984 ਨੂੰ ਭੀੜ ਨੇ ਸਵੇਰੇ ਸਭ ਤੋਂ ਪਹਿਲਾਂ ਤਲਵਾੜਾ ਦੇ ਗੁਰੂ ਘਰ 'ਤੇ ਹਮਲਾ ਕੀਤਾ। ਭੀੜ ਨੇ ਗੁਰਦੁਆਰੇ ਵੱਲ ਪੱਥਰ ਮਾਰੇ ਤਾਂ ਉਸ ਵੇਲੇ ਗੁਰੂ ਘਰ ਵਿਚ 16 ਸਿੱਖ ਸਨ। ਭੀੜ ਨੇ ਉਨ੍ਹਾਂ ਨੂੰ ਪੱਥਰ ਮਾਰ ਮਾਰ ਕੇ ਮਾਰ ਦਿੱਤਾ ਅਤੇ ਗੁਰੂ ਘਰ ਨੂੰ ਅੱਗ ਲਾ ਦਿੱਤੀ। ਇਸ ਮਗਰੋਂ ਉਹੀ ਭੀੜ ਜੋਤੀ ਪੁਰਮ ਗੁਰਦੁਆਰੇ ਪਹੁੰਚੀ ਅਤੇ ਗੁਰੂ ਘਰ ਨੂੰ ਅੱਗ ਲਗਾ ਦਿੱਤੀ। ਜੋਤੀ ਪੁਰਮ ਵਿਖੇ ਭੀੜ ਦੀ ਗੋਲੀ ਨਾਲ ਜਨਕ ਸਿੰਘ ਮਾਰਿਆ ਗਿਆ ਸੀ। ਇਸ ਭੀੜ ਨੇ ਰਿਆਸੀ ਦੇ ਗੁਰੂ ਘਰ ਨੂੰ ਵੀ ਅੱਗ ਲਗਾ ਕੇ ਸਾੜ ਦਿੱਤਾ। ਸਥਾਨਕ ਸਿੱਖਾਂ ਦੀ ਮਿਹਨਤ ਸਦਕਾ ਤਲਵਾੜਾ ਦਾ ਗੁਰੂ ਘਰ ਅਤੇ ਜੋਤੀ ਪੁਰਮ ਦੇ ਗੁਰੂ ਘਰ ਵਿਚ ਮਰਿਆਦਾ ਪੰਜ ਛੇ ਸਾਲ ਦੀ ਜੱਦੋਜਹਿਦ ਮਗਰੋਂ ਬਹਾਲ ਕਰਵਾਈ ਗਈ ਪਰ ਰਿਆਸੀ ਵਿਚਲੇ ਗੁਰੂ ਘਰ ਵਿਚ ਦੋ ਹਿੰਦੂ ਪਰਿਵਾਰਾਂ ਭੂਸ਼ਣ ਲਾਲ ਦੇ ਪਰਿਵਾਰ ਅਤੇ ਮਦਨ ਲਾਲ ਦੇ ਪਰਿਵਾਰ ਨੇ ਜਬਰੀ ਕਬਜ਼ਾ ਕਰ ਲਿਆ ਹੈ ਜੋ ਅਜੇ ਤੱਕ ਕਾਇਮ ਹੈ। ਜਦੋਂ ਹੋਦ ਚਿੱਲੜ ਤਾਲਮੇਲ ਕਮੇਟੀ ਦੀ ਟੀਮ ਨੇ ਉਥੋਂ ਦਾ ਦੌਰਾ ਕੀਤਾ ਤਾਂ ਇਸੇ ਪਰਿਵਾਰ ਦਾ ਕਬਜ਼ਾ ਸੀ।

# ਸਿੱਖ ਮਸਲਿਆਂ 'ਤੇ ਭਾਰੂ ਪਈ ਸਿਆਸਤ

*(ਸਫਾ ਇਕ ਦੀ ਬਾਕੀ)*

ਚੋਣਾਂ ਤੋਂ ਪਹਿਲਾਂ ਹੀ ਹੋ ਗਿਆ ਸੀ ਜਦੋਂ ਹਰਸਿਮਰਤ ਕੌਰ ਬਾਦਲ ਨੇ ਬਠਿੰਡਾ ਸੀਟ ਤੋਂ ਚੋਣ ਲੜੀ ਸੀ। ਉਂਜ, ਉਸ ਸਮੇਂ ਇਹ ਰਾਜ਼ੀਨਾਮਾ ਮੌਜੂਦਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਲਈ ਬਹੁਤੀਆਂ ਵੋਟਾਂ ਨਹੀਂ ਸੀ ਬਟੋਰ ਸਕਿਆ। ਧਾਰਮਿਕ ਸਤਿਸੰਗ ਕਰਨ 'ਤੇ ਲਾਈ ਰੋਕ ਕਾਰਨ ਖਿਝੇ ਡੇਰਾ ਪ੍ਰੇਮੀਆਂ ਨੇ ਬਠਿੰਡਾ ਸੀਟ, ਜਿਥੇ ਡੇਰੇ ਦਾ ਵੱਡਾ ਪ੍ਰਭਾਵ ਹੈ, ਉਤੇ ਅਕਾਲੀ ਦਲ ਉਮੀਦਵਾਰ ਨੂੰ ਜ਼ਿਆਦਾ ਵੋਟਾਂ ਨਹੀਂ ਸਨ ਪਾਈਆਂ; ਹਾਲਾਂਕਿ ਸੀਨੀਅਰ ਅਕਾਲੀ ਆਗੂ ਤੇ ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਦਾ ਤਰਕ ਹੈ ਕਿ ਡੇਰੇ ਨਾਲ 'ਸੁਲ੍ਹਾ ਸਫਾਈ' ਦਾ ਕਾਰਨ ਸਿਰਫ ਸਮਾਜਕ ਤਾਣੇ-ਬਾਣੇ ਨੂੰ ਕਾਇਮ ਰੱਖਣਾ ਹੈ।

ਸੂਤਰਾਂ ਮੁਤਾਬਕ ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਵਿਚੋਂ ਮਾਲਵਾਂ ਖੇਤਰ ਦੀਆਂ 62 ਸੀਟਾਂ ਉਤੇ ਡੇਰੇ ਦਾ ਪ੍ਰਭਾਵ ਹੈ। ਵਿਧਾਨ ਸਭਾ ਦੀਆਂ ਇਨ੍ਹਾਂ 62 ਸੀਟਾਂ ਵਿਚੋਂ ਹਰ ਸੀਟ ਉਤੇ ਡੇਰੇ ਦੀਆਂ ਤਕਰੀਬਨ 10-10 ਹਜ਼ਾਰ ਵੋਟਾਂ ਹਨ। ਜਾਣਕਾਰੀ ਮੁਤਾਬਕ ਅਕਾਲੀ ਦਲ ਵੱਲੋਂ ਇਹ ਤੈਅ ਕੀਤਾ ਗਿਆ ਸੀ ਕਿ ਵਿਧਾਨ ਸਭਾ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਡੇਰੇ ਨਾਲ ਸਮਝੌਤਾ ਕਰ ਲਿਆ ਜਾਵੇ ਤਾਂ ਜੋ ਡੇਰੇ ਦਾ ਸਿਆਸੀ ਵਿੰਗ ਆਪਣੇ ਪ੍ਰੇਮੀਆਂ ਤੱਕ ਇਹ ਸੁਨੇਹਾ ਬਿਹਤਰ ਢੰਗ ਨਾਲ ਪਹੁੰਚਾ ਸਕੇ।

**ਸ਼੍ਰੋਮਣੀ ਕਮੇਟੀ ਵੱਲੋਂ ਹੱਕ ਵਿਚ ਮਤਾ ਪਾਸ : ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਜਨਰਲ ਹਾਊਸ ਦੇ ਸਮੂਹ ਮੈਂਬਰਾਂ ਦੀ ਮੀਟਿੰਗ ਸੱਦ ਕੇ ਡੇਰਾ ਸਿਰਸਾ ਮੁਖੀ ਨੂੰ ਮੁਆਫ਼ੀ ਦੇ ਫ਼ੈਸਲੇ ਦੇ ਹੱਕ ਵਿਚ ਮਤਾ ਪਾਸ ਕੀਤਾ ਪਰ ਇਸ ਮੌਕੇ ਹਾਜ਼ਰ ਮੈਂਬਰਾਂ ਨੇ ਇਸ ਦਾ ਜ਼ੋਰਦਾਰ ਵਿਰੋਧ ਕੀਤਾ ਤੇ ਵਿਰੋਧ ਕਰਨ ਵਾਲਿਆਂ ਵਿਚ ਹਾਕਮ ਧਿਰ ਨਾਲ ਸਬੰਧਤ ਮੈਂਬਰ ਵੀ ਸ਼ਾਮਲ ਹਨ।

ਮੀਟਿੰਗ ਵਿਚ ਮੈਂਬਰਾਂ ਦੀ ਗਿਣਤੀ ਤਸੱਲੀਬਖਸ਼ ਨਹੀਂ ਸੀ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ ਵਿਚ ਕੁੱਲ 185 ਮੈਂਬਰ ਹਨ। ਇਕੱਠ ਵਿਚ ਮੈਂਬਰਾਂ ਦੀ ਗਿਣਤੀ ਤਕਰੀਬਨ 90 ਦੱਸੀ ਗਈ ਹੈ। ਉਂਜ ਵੀ ਕਾਨੂੰਨੀ ਤੌਰ 'ਤੇ ਇਸ ਮੀਟਿੰਗ ਦੀ ਕੋਈ ਮਹੱਤਤਾ ਨਹੀਂ ਹੈ, ਕਿਉਂਕਿ ਸੁਪਰੀਮ ਕੋਰਟ ਵੱਲੋਂ ਮੌਜੂਦਾ ਸਦਨ ਨੂੰ ਫਿਲਹਾਲ ਮਾਨਤਾ ਨਹੀਂ ਦਿੱਤੀ ਗਈ।

# ਕੋਲਾ ਘੁਟਾਲਾ ਕੇਸ 'ਚ ਮਨਮੋਹਨ ਸਿੰਘ ਨੂੰ ਕਲੀਨ ਚਿੱਟ


**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਸੰਮਨ ਭੇਜਣ ਦਾ ਵਿਰੋਧ ਕਰਦਿਆਂ ਸੀ.ਬੀ.ਆਈ. ਨੇ ਵਿਸ਼ੇਸ਼ ਅਦਾਲਤ ਵਿਚ ਕਿਹਾ ਹੈ ਕਿ ਨਵੀਨ ਜਿੰਦਲ ਗਰੁੱਪ ਦੀ ਕੰਪਨੀ ਨੂੰ ਕੋਲਾ ਬਲਾਕਾਂ ਦੀ ਵੰਡ ਦੇ ਮਾਮਲੇ ਵਿਚ ਉਨ੍ਹਾਂ ਦੀ ਸ਼ਮੂਲੀਅਤ ਦਾ ਕੋਈ ਸਬੂਤ ਨਹੀਂ ਮਿਲਿਆ।

ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਮਧੂ ਕੋਡਾ ਦੀ ਅਰਜ਼ੀ 'ਤੇ ਸੁਣਵਾਈ ਦੌਰਾਨ ਵਿਸ਼ੇਸ਼ ਸਰਕਾਰੀ ਵਕੀਲ ਆਰ.ਐਸ. ਚੀਮਾ ਨੇ ਕਿਹਾ ਕਿ ਇਸ ਦਾ ਕੋਈ ਆਧਾਰ ਨਹੀਂ ਹੈ। ਸ੍ਰੀ ਕੋਡਾ ਨੇ ਪਟੀਸ਼ਨ ਵਿਚ ਕਿਹਾ ਸੀ ਕਿ ਸਾਬਕਾ ਪ੍ਰਧਾਨ ਮੰਤਰੀ ਨੂੰ ਵੀ ਇਸ ਮਾਮਲੇ ਵਿਚ ਸੰਮਨ ਭੇਜੇ ਜਾਣ ਕਿਉਂਕਿ ਉਨ੍ਹਾਂ ਕੋਲ ਕੋਲਾ ਮੰਤਰਾਲਾ ਸੀ।



# ਮਾਓਵਾਦੀ ਆਗੂ ਕੋਬਾਦ ਗਾਂਧੀ ਨੂੰ ਜ਼ਮਾਨਤ

**ਨਵੀਂ ਦਿੱਲੀ:** ਇਥੋਂ ਦੀ ਇਕ ਅਦਾਲਤ ਨੇ ਸੀ.ਪੀ.ਆਈ. (ਮਾਓਵਾਦੀ) ਦੇ ਪੋਲਿਟ ਬਿਊਰੋ ਮੈਂਬਰ ਕੋਬਾਦ ਗਾਂਧੀ ਨੂੰ ਤਿੰਨ ਮਹੀਨਿਆਂ ਦੀ ਅੰਤ੍ਰਿਮ ਜ਼ਮਾਨਤ ਦੇ ਦਿੱਤੀ ਹੈ। ਅਦਾਲਤ ਨੇ ਕਿਹਾ ਕਿ 65 ਸਾਲਾ ਕੋਬਾਦ ਕਈ ਬਿਮਾਰੀਆਂ ਤੋਂ ਪੀੜਤ ਹੈ ਤੇ ਉਸ ਦੀ ਹਾਲਤ ਦਿਨ-ਬ-ਦਿਨ ਖਰਾਬ ਹੋ ਰਹੀ ਹੈ ਜਿਸ ਕਾਰਨ ਉਸ ਦੀ ਜ਼ਮਾਨਤ ਦੀ ਅਰਜ਼ੀ ਮਨਜ਼ੂਰ ਕੀਤੀ ਜਾਂਦੀ ਹੈ। ਕੋਬਾਦ ਨੂੰ 20 ਸਤੰਬਰ 2009 ਨੂੰ ਨਵੀਂ ਦਿੱਲੀ ਤੋਂ ਗ੍ਰਿਫਤਾਰ ਕੀਤਾ ਗਿਆ ਸੀ।



# ਸੂਰਤ ਸਿੰਘ ਖਾਲਸਾ ਦੀ ਹਾਲਤ ਨਾਜ਼ੁਕ

**ਚੰਡੀਗੜ੍ਹ:** ਬੰਦੀ ਸਿੰਘਾਂ ਦੀ ਰਿਹਾਈ ਲਈ ਭੁੱਖ ਹੜਤਾਲ 'ਤੇ ਬੈਠੇ ਸੂਰਤ ਸਿੰਘ ਖਾਲਸਾ ਦੀ ਸਿਹਤ ਵਿਗੜਦੀ ਜਾ ਰਹੀ ਹੈ। ਉਨ੍ਹਾਂ ਨੂੰ ਮੁੜ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ ਹੈ। ਪੀ.ਜੀ.ਆਈ. ਚੰਡੀਗੜ੍ਹ ਲਿਆਂਦੇ ਗਏ ਖਾਲਸਾ ਦਾ ਦਿਲ ਕੰਮ ਕਰਨ ਤੋਂ ਅਸਮਰੱਥ ਹੁੰਦਾ ਜਾ ਰਿਹਾ ਹੈ। ਡਾਕਟਰਾਂ ਵੱਲੋਂ ਉਨ੍ਹਾਂ ਨੂੰ ਖੁਰਾਕ ਦੇਣ ਲਈ ਜ਼ੋਰ ਪਾਇਆ ਗਿਆ, ਪਰ ਹਮੇਸ਼ਾ ਵਾਂਗ ਉਨ੍ਹਾਂ ਮਨ੍ਹਾਂ ਕਰ ਦਿੱਤਾ। ਬੰਦੀ ਸਿੰਘਾਂ ਦੀ ਰਿਹਾਈ ਬਾਰੇ ਸੰਘਰਸ਼ ਕਮੇਟੀ ਦੇ ਆਗੂ ਗੁਰਨਾਮ ਸਿੰਘ ਸਿੱਧੂ ਨੇ ਦੱਸਿਆ ਕਿ ਬਾਬਾ ਸੂਰਤ ਸਿੰਘ ਖਾਲਸਾ ਹੁਣ ਨਾਂ-ਮਾਤਰ ਹੀ ਗੱਲ ਕਰਦੇ ਹਨ।



## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਪਾਵਨ ਸਰੂਪ ਚੁੱਕਣ ਬਾਰੇ ਮਾਮਲੇ ਦੀ ਜਾਂਚ 'ਚ ਢਿੱਲ ਖਿਲਾਫ ਰੋਸ

**ਮਾਲੇਰਕੋਟਲਾ:** ਮਾਲੇਰਕੋਟਲਾ ਖੇਤਰ ਵਿਚੋਂ ਗੁਰੂ ਗ੍ਰੰਥ ਸਾਹਿਬ ਦੇ 35 ਸਰੂਪ ਤੇ 250 ਪੋਥੀਆਂ ਚੁੱਕ ਕੇ ਲਿਜਾਣ ਦੇ ਮਾਮਲੇ ਬਾਰੇ ਜਾਂਚ ਰਿਪੋਰਟ ਧਰਮ ਪ੍ਰਚਾਰ ਕਮੇਟੀ ਨੂੰ ਸੌਂਪ ਦਿੱਤੀ ਗਈ ਹੈ। ਉਂਜ ਇਹ ਮਾਮਲਾ ਡੇਢ ਮਹੀਨਾ ਪਹਿਲਾਂ ਅਕਾਲ ਤਖ਼ਤ ਦੇ ਧਿਆਨ ਵਿਚ ਲਿਆਂਦੇ ਜਾਣ ਦੇ ਬਾਵਜੂਦ ਪੜਤਾਲ ਵਿਚ ਹੋਈ ਦੇਰੀ ਕਾਰਨ ਸਿੱਖ ਸੰਗਤ ਵਿਚ ਰੋਸ ਪਾਇਆ ਜਾ ਰਿਹਾ ਸੀ।

ਬਾਬਾ ਬੁੱਢਾ ਜੀ ਗੁਰਮਤਿ ਗ੍ਰੰਥੀ ਸਭਾ ਦੇ ਪ੍ਰਧਾਨ ਤੇ ਗੁਰਦੁਆਰਾ ਹਾਅ ਦਾ ਨਾਅਰਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਨਰਿੰਦਰਪਾਲ ਸਿੰਘ ਨੇ ਦੱਸਿਆ ਕਿ 12 ਅਗਸਤ ਨੂੰ ਇਹ ਕਾਰ ਸਵਾਰ ਸਥਾਨਕ ਗੁਰਦੁਆਰਾ ਭਗਤ ਨਾਮਦੇਵ ਵਿਖੇ ਵੀ ਗੁਰੂ ਗ੍ਰੰਥ ਸਾਹਿਬ ਦੇ ਬਿਰਧ ਸਰੂਪ ਲੈਣ ਲਈ ਗਏ ਸਨ, ਜਿਥੇ ਉਨ੍ਹਾਂ ਨੂੰ ਸਿੱਖ ਸੰਗਤ ਦੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਦਿਆਂ ਖਿਸਕਣਾ ਪਿਆ ਸੀ। ਉਨ੍ਹਾਂ ਨੇ ਇਸ ਘਟਨਾ ਦਾ ਪੂਰਾ ਵੇਰਵਾ 15 ਅਗਸਤ ਨੂੰ ਲਿਖਤੀ ਰੂਪ ਵਿਚ ਅਕਾਲ ਤਖ਼ਤ ਦੇ ਜਥੇਦਾਰ ਦੇ ਨਿੱਜੀ ਸਹਾਇਕ ਨੂੰ ਲਿਖਤੀ ਫੈਕਸ ਸੰਦੇਸ਼ ਅਤੇ ਫ਼ੋਨ ਰਾਹੀਂ ਦਿੱਤਾ ਸੀ।

ਉਨ੍ਹਾਂ ਅਫ਼ਸੋਸ ਜ਼ਾਹਰ ਕੀਤਾ ਕਿ ਇਸ ਮਾਮਲੇ ਦੀ ਜਾਂਚ ਲਈ ਡੇਢ ਮਹੀਨੇ ਦੌਰਾਨ ਐਸ.ਜੀ.ਪੀ.ਸੀ. ਦਾ ਕੋਈ ਵੀ ਨੁਮਾਇੰਦਾ ਇਲਾਕੇ ਵਿਚ ਨਹੀਂ ਬਹੁੜਿਆ।

ਸ਼੍ਰੋਮਣੀ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਇਸ ਮਾਮਲੇ ਦੀ ਜਾਂਚ ਕਰ ਰਹੇ ਪ੍ਰਚਾਰਕ ਜਗਤਾਰ ਸਿੰਘ ਜੰਗੀਆਣਾ ਨੇ ਇਸ ਬਾਰੇ ਛਪੀਆਂ ਖ਼ਬਰਾਂ ਤੋਂ ਬਾਅਦ ਮਾਲੇਰਕੋਟਲਾ ਪੁੱਜ ਕੇ ਮਾਮਲੇ ਦੀ ਜਾਂਚ ਪਿੱਛੋਂ ਰਿਪੋਰਟ ਸਕੱਤਰ, ਧਰਮ ਪ੍ਰਚਾਰ ਕਮੇਟੀ ਨੂੰ ਭੇਜ ਦਿੱਤੀ ਹੈ। ਉਨ੍ਹਾਂ ਇਸ ਰਿਪੋਰਟ ਵਿਚ ਕਾਰ ਸਵਾਰ ਅੰਮ੍ਰਿਤਧਾਰੀ ਬੀਬੀ, ਜੋ ਆਪਣਾ ਨਾਂ ਹਰਿਬੰਧਨ ਕੌਰ ਮੁਹਾਲੀ ਤੇ ਆਪਣੇ ਆਪ ਨੂੰ ਗੁਰੂ ਗ੍ਰੰਥ ਸਾਹਿਬ ਸੇਵਾ ਸੁਸਾਇਟੀ ਮੁਹਾਲੀ ਦੀ ਮੁਖੀ ਦੱਸਦੀ ਹੈ, ਦਾ ਫ਼ੋਨ ਨੰਬਰ, ਗੱਡੀਆਂ ਦੇ ਨੰਬਰ, ਵੱਖ-ਵੱਖ ਪਿੰਡਾਂ ਤੇ ਮਾਲੇਰਕੋਟਲਾ ਸ਼ਹਿਰ ਦੇ ਗੁਰਦੁਆਰਿਆਂ ਵਿਚੋਂ ਚੁੱਕੇ ਗਏ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਗਿਣਤੀ ਦੱਸੀ ਹੈ।



### ਜਬਰੀ ਪਾਵਨ ਸਰੂਪ ਲਿਜਾਣ ਵਾਲਿਆਂ 'ਤੇ ਹੋਵੇ ਕਾਰਵਾਈ

**ਅੰਮ੍ਰਿਤਸਰ:** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਸਿੱਖ ਸੰਗਤ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਜੋ ਜਥੇਬੰਦੀਆਂ ਪਾਵਨ ਬਿਰਧ ਸਰੂਪ ਸ੍ਰੀ ਅਕਾਲ ਤਖ਼ਤ ਦੀ ਪ੍ਰਵਾਨਗੀ ਤੋਂ ਬਿਨਾਂ ਪਿੰਡਾਂ ਵਿਚੋਂ ਜਬਰੀ ਲਿਜਾ ਰਹੀਆਂ ਹਨ, ਉਨ੍ਹਾਂ ਖ਼ਿਲਾਫ਼ ਪ੍ਰਸ਼ਾਸਨ ਰਾਹੀਂ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਹ ਫੈਸਲਾ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਕੀਤਾ ਗਿਆ ਹੈ। ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਕੁਝ ਜਥੇਬੰਦੀਆਂ ਪਿੰਡਾਂ ਵਿਚੋਂ ਜਬਰੀ ਪਾਵਨ ਸਰੂਪ ਲਿਜਾ ਰਹੀਆਂ ਹਨ, ਜਿਸ ਨਾਲ ਸਿੱਖ ਸੰਗਤ ਵਿਚ ਰੋਸ ਹੈ। ਉਨ੍ਹਾਂ ਸਿੱਖ ਸੰਗਤ ਨੂੰ ਹਦਾਇਤ ਕੀਤੀ ਹੈ ਕਿ ਅਜਿਹੀਆਂ ਜਥੇਬੰਦੀਆਂ ਖ਼ਿਲਾਫ਼ ਪ੍ਰਸ਼ਾਸਨ ਰਾਹੀਂ ਕਾਨੂੰਨੀ ਕਾਰਵਾਈ ਕੀਤੀ ਜਾਵੇ।

### ਇਹ ਹੈ ਮਾਮਲਾ...

**ਮਾਲੇਰਕੋਟਲਾ:** ਮਾਲੇਰਕੋਟਲਾ ਖੇਤਰ ਵਿਚੋਂ ਨੀਲੀ ਬੱਤੀ ਵਾਲੀਆਂ ਦੋ ਗੱਡੀਆਂ ਵਿਚ ਸਵਾਰ ਇਕ ਅੰਮ੍ਰਿਤਧਾਰੀ ਬੀਬੀ ਸਮੇਤ ਪੰਜ ਜਣੇ ਗੁਰੂ ਗ੍ਰੰਥ ਸਾਹਿਬ ਦੇ ਤਕਰੀਬਨ 35 ਸਰੂਪ ਤੇ 250 ਤੋਂ ਵੱਧ ਧਾਰਮਿਕ ਪੋਥੀਆਂ ਚੁੱਕ ਕੇ ਲੈ ਗਏ ਸਨ। ਇਹ ਲੋਕ ਗੁਰੂ ਘਰਾਂ ਵਿਚ ਜਾ ਕੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਸਾਦੇ ਕਾਗਜ਼ ਉਤੇ ਦਸਤਖ਼ਤ ਕੀਤੀ ਚਿੱਠੀ ਦਿਖਾ ਕੇ ਸਰੂਪਾਂ ਨੂੰ ਬਿਰਧ ਸਰੂਪ ਆਖ ਕੇ ਇਨ੍ਹਾਂ ਦਾ ਸਸਕਾਰ ਕਰਨ ਦੇ ਬਹਾਨੇ ਚੁੱਕ ਕੇ ਲੈ ਜਾਂਦੇ ਹਨ।

# ਡੇਰਾ ਸਿਰਸਾ ਮੁਖੀ ਬਾਰੇ ਜਥੇਦਾਰ ਦੇ ਫੈਸਲੇ ਦਾ ਕਰੜਾ ਵਿਰੋਧ

**ਫਰਿਜ਼ਨੋ:** ਸਥਾਨਕ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਖੇ ਚੱਲਦੇ ਪੰਜਾਬੀ ਸਕੂਲ ਦੀ ਇਮਾਰਤ ਵਿਚ ਸੰਗਤ ਦਾ ਭਰਵਾਂ ਇਕੱਠ ਹੋਇਆ, ਜਿਥੇ ਸੰਗਤਾਂ ਨੇ ਡੇਰਾ ਸਿਰਸਾ ਦੇ ਮੁਖੀ ਨੂੰ ਉਸ ਵੱਲੋਂ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਾਉਣ ਦੇ ਮਾਮਲੇ ਵਿਚ ਅਕਾਲ ਤਖਤ ਸਾਹਿਬ ਦੇ ਜਥੇਦਾਰ ਗੁਰਬਚਨ ਸਿੰਘ ਵੱਲੋਂ ਉਸ ਨੂੰ ਮੁਆਫ਼ੀ ਦੇਣ ਦੀ ਕਰੜੀ ਆਲੋਚਨਾ ਕੀਤੀ।

ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਇਹ ਮੁਆਫ਼ੀਨਾਮਾ ਸਰਾਸਰ ਸਿਆਸਤ ਤੋਂ ਪ੍ਰੇਰਤ ਹੈ ਅਤੇ ਇਸ ਨਾਲ ਸਿੱਖੀ ਸਿਧਾਤਾਂ ਨੂੰ ਡਾਢੀ ਠੇਸ ਪਹੁੰਚੀ ਹੈ। ਉਨ੍ਹਾਂ ਇਸ ਮੁਆਫੀਨਾਮੇ ਦੀ ਕਰੜੇ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਇਹ ਸ਼ਹੀਦ ਹੋਏ ਨੌਜੁਆਨਾਂ ਦੀ ਆਤਮਾ ਨਾਲ ਇਹ ਕੋਝਾ ਮਜਾਕ ਹੈ। ਉਨ੍ਹਾਂ ਜਥੇਦਾਰ ਗੁਰਬਚਨ ਸਿੰਘ ਦੇ ਹਰ ਉਸ ਫੈਸਲੇ ਦਾ ਬਾਈਕਾਟ ਕਰਨ ਦੀ ਗੱਲ ਆਖੀ ਜੋ ਸਿੱਖ ਪੰਥ ਦੇ ਵਿਰੁਧ ਹੋਵੇਗਾ। ਉਨ੍ਹਾਂ ਕਿਹਾ ਕਿ ਹੁਣ ਮਸੰਦਾਂ ਤੋਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਆਜ਼ਾਦ ਕਰਵਾਉਣ ਦਾ ਮੌਕਾ ਆ ਗਿਆ ਅਤੇ ਸਮੂਹ ਸਿੱਖ ਸੰਗਤ ਨੂੰ ਸੁਚੇਤ ਹੋਣ ਦੀ ਲੋੜ ਹੈ। ਬੁਲਾਰਿਆਂ ਵਿਚ ਹੋਰਨਾਂ ਤੋਂ ਇਲਾਵਾ ਜਗਰੂਪ ਸਿੰਘ, ਜਤਿੰਦਰ ਸਿੰਘ, ਸੁਰਿੰਦਰ ਸਿੰਘ, ਗੁਰਵਿੰਦਰ ਸਿੰਘ, ਕੁਲਵਿੰਦਰ ਸਿੰਘ ਤੇ ਰਾਜਵਿੰਦਰਪਾਲ ਸਿੰਘ ਸ਼ਾਮਲ ਸਨ।

### ਵਿਧਾਇਕ ਵੱਲੋਂ ਆਤਮ ਸਮਰਪਣ

**ਨਵੀਂ ਦਿੱਲੀ:** ਪੁਲਿਸ ਨਾਲ ਕਈ ਦਿਨਾਂ ਤੋਂ ਲੁਕਣ ਮਿਚਾਈ ਖੇਡ ਰਹੇ ਦਿੱਲੀ ਦੇ ਸਾਬਕਾ ਕਾਨੂੰਨ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਸੋਮਨਾਥ ਭਾਰਤੀ ਨੇ ਦੁਆਰਕਾ ਪੁਲਿਸ ਸਾਹਮਣੇ ਆਤਮ ਸਮਰਪਣ ਕਰ ਦਿੱਤਾ। ਚੇਤੇ ਰਹੇ, ਸੋਮਨਾਥ ਦੀ ਪਤਨੀ ਦੀਪਿਕਾ ਮਿੱਤਰਾ ਨੇ ਉਨ੍ਹਾਂ ਖਿਲਾਫ ਘਰੇਲੂ ਹਿੰਸਾ ਤੇ ਹੱਤਿਆ ਦੀ ਕੋਸ਼ਿਸ ਦਾ ਮਾਮਲਾ ਦਰਜ ਕਰਵਾਇਆ ਹੈ।


Platinum Business Brokers

For Sale in Wisconsin

Three Store Convenience Store Package-Northeastern, WI

Two Store Convenience Store Package-New Berlin, WI

*For information please contact*

Gerald Krull: gkrull@theplatinumgroupwi.com

Terry Glime: tglime@theplatinumgroupwi.com

Ph: 920-593-1925

40-



Golden State Realty

9912 Kapalua Ln., Elk Grove, CA 95624



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

*Please Contact For*

Commercial or Residential Needs

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

*Call: Sohanpreet 'Sam' Chahal*

Ph: 916-612-5773

email: samchahal@hotmail.com

**Serving all over California**



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

# ਸਿਆਸੀ ਧਿਰਾਂ ਨੇ ਲੁੱਟਿਆ ਛਪਾਰ ਮੇਲਾ

**ਮੰਡੀ ਅਹਿਮਦਗੜ੍ਹ:** ਕਿਸੇ ਵੇਲੇ ਪੰਜਾਬੀ ਵਿਰਸੇ ਤੇ ਸਭਿਆਚਾਰ ਦਾ ਪ੍ਰਦਰਸ਼ਨ ਕਰਨ ਵਾਲਾ ਮੇਲਾ ਛਪਾਰ ਅੱਜ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਆਪਣੇ ਵਿਰੋਧੀਆਂ ਨੂੰ ਭੰਡਣ ਲਈ ਸਿਆਸੀ ਦੰਗਲ ਹੋ ਨਿੱਬੜਿਆ। ਸੂਬੇ ਦੀ ਸੱਤਾ ਉਤੇ ਕਾਬਜ਼ ਪਾਰਟੀ ਦੇ ਆਗੂਆਂ ਨੇ ਆਪਣੀ ਸਰਕਾਰ ਦੇ ਸੋਹਲੇ ਗਾਉਣ ਤੋਂ ਇਲਾਵਾ ਵਿਰੋਧੀ ਪਾਰਟੀਆਂ 'ਤੇ ਵਿਕਾਸ ਦੇ ਕੰਮਾਂ ਵਿਚ ਰੋੜਾ ਅਟਕਾਉਣ ਦੇ ਦੋਸ਼ ਲਾਏ। ਕਾਂਗਰਸ, ਆਮ ਆਦਮੀ ਪਾਰਟੀ ਤੇ ਖੱਬੇ ਪੱਖੀ ਪਾਰਟੀਆਂ ਦੇ ਆਗੂਆਂ ਨੇ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਗੱਠਜੋੜ ਨੂੰ ਸੂਬੇ ਦੇ ਵਿਕਾਸ ਲਈ ਘਾਤਕ ਦੱਸਦਿਆਂ ਸੱਤਾ ਵਿਚ ਬਦਲਾਅ ਲਿਆਉਣ ਲਈ ਲਾਮਬੰਦ ਹੋਣ ਦੀ ਅਪੀਲ ਕੀਤੀ। ।

ਕਾਂਗਰਸ ਪਾਰਟੀ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੇ ਵਿਅੰਗ ਕੱਸਿਆ ਕਿ ਅਕਾਲੀਆਂ ਨੂੰ ਕੈਪਟਨ ਅਮਰਿੰਦਰ ਸਿੰਘ ਦਾ ਭੂਤ ਦਿਖਾਈ ਦੇ ਰਿਹਾ ਹੈ, ਜਿਸ ਕਾਰਨ ਬਾਦਲ ਪਰਿਵਾਰ ਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ ਤੇ ਉਹ ਕੈਪਟਨ ਦੇ ਡਰ ਕਾਰਨ ਹੀ ਬੇਤੁਕੀ ਬਿਆਨਬਾਜ਼ੀ ਕਰ ਰਹੇ ਹਨ।

ਉਨ੍ਹਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਚੰਡੀਗੜ੍ਹ ਏਅਰਪੋਰਟ ਦਾ ਨਾਂ ਸ਼ਹੀਦ ਭਗਤ ਸਿੰਘ ਦੀ ਯਾਦ ਵਿਚ ਨਾ ਰੱਖਣ ਦੀ ਅਲੋਚਨਾ ਕੀਤੀ। ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦਿੱਤੇ ਜਾਣ ਬਾਰੇ ਗੱਲ ਕਰਦਿਆਂ ਕਿਹਾ ਕਿ ਜੇਕਰ ਸ. ਬਾਦਲ ਨੇ ਇਹ ਮੁਆਫੀ ਦਵਾਉਣੀ ਹੀ ਸੀ ਤਾਂ ਪਹਿਲਾਂ ਇੰਨਾ ਫਸਾਦ ਕਰਵਾਉਣ ਦੀ ਕੀ ਲੋੜ ਸੀ। ਉਨ੍ਹਾਂ ਦਾਅਵਾ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਰਾਜ ਵਿਚ ਸਭ ਤੋਂ ਵੱਧ ਗਿਣਤੀ ਕਿਸਾਨਾਂ ਵੱਲੋਂ ਖੁਦਕੁਸ਼ੀਆਂ ਕੀਤੀਆਂ ਗਈਆਂ ਹਨ।

## ਇਕ-ਦੂਜੇ ਖਿਲਾਫ ਖੁੱਲ੍ਹ ਕੇ ਚੱਲੇ ਸਿਆਸੀ ਤੀਰ



## ਅਕਾਲੀ ਦਲ ਦੇ ਪੇਂਡੂ ਵੋਟ ਬੈਂਕ ਨੂੰ ਖੋਰੇਗੀ 'ਆਪ'

**ਪਟਿਆਲਾ:** ਆਮ ਆਦਮੀ ਪਾਰਟੀ ਦੇ ਕਿਸਾਨ ਵਿੰਗ ਨੇ ਪੰਜਾਬ ਦੇ ਪਿੰਡਾਂ ਵਿਚਲੇ ਅਕਾਲੀ ਦਲ ਦੇ ਵੋਟ ਬੈਂਕ ਨੂੰ ਤੋੜਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਤਹਿਤ ਉਨ੍ਹਾਂ ਨੇ ਸਰਕਲ ਪੱਧਰ ਦੇ ਪਿੰਡਾਂ ਵਿਚ ਜਾ ਕੇ ਕਿਸਾਨਾਂ ਨੂੰ ਅਕਾਲੀ-ਭਾਜਪਾ ਸਰਕਾਰ ਵੱਲੋਂ ਕਿਸਾਨਾਂ ਦੇ ਵਿਰੋਧੀ ਲਏ ਫ਼ੈਸਲੇ ਦਾ ਢਿੰਡੋਰਾ ਪਿੱਟਣ ਦਾ ਪ੍ਰੋਗਰਾਮ ਬਣਾਇਆ ਹੈ। ਸੰਗਰੂਰ ਤੋਂ ਪਾਰਟੀ ਦੇ ਲੋਕ ਸਭਾ ਮੈਂਬਰ ਭਗਵੰਤ ਮਾਨ ਨੇ ਆਮ ਆਦਮੀ ਨੂੰ ਆਪਣੀ ਤਾਕਤ ਪਛਾਣਨ ਦਾ ਸੱਦਾ ਦਿੱਤਾ ਹੈ। ਸ. ਮਾਨ ਨੇ ਕਿਹਾ ਕਿ ਭਾਵੇਂ ਅਸੀਂ ਆਜ਼ਾਦ ਦੇਸ਼ ਦੇ ਵਾਸੀ ਹਾਂ ਪਰ ਅਸਲ ਵਿਚ ਆਜ਼ਾਦੀ ਅਜੇ ਆਮ ਲੋਕਾਂ ਤੱਕ ਨਹੀਂ ਪੁੱਜੀ ਹੈ। ਉਨ੍ਹਾਂ ਕਿਹਾ ਕਿ ਆਮ ਲੋਕਾਂ ਨੇ ਅਜੇ ਤੱਕ ਆਪਣੀ ਤਾਕਤ ਨੂੰ ਪਹਿਚਾਣਿਆ ਹੀ ਨਹੀਂ ਹੈ, ਇਸ ਲਈ ਆਮ ਆਦਮੀ ਪਾਰਟੀ ਆਮ ਲੋਕਾਂ ਨੂੰ ਉਨ੍ਹਾਂ ਦੀ ਤਾਕਤ ਦਾ ਅਹਿਸਾਸ ਕਰਵਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪਾਰਟੀ ਦੇ ਸੂਬਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਸਰਕਾਰਾਂ ਬਣਾਉਣ ਦਾ ਮਤਲਬ ਸਾਫ਼ ਪ੍ਰਸ਼ਾਸਨ ਮੁਹੱਈਆ ਕਰਾਉਣਾ ਹੁੰਦਾ ਹੈ, ਪਰ ਦੁੱਖ ਦੀ ਗੱਲ ਹੈ ਕਿ ਅੱਜ ਦੇ ਆਗੂ ਪ੍ਰਾਪਰਟੀ ਡੀਲਰ ਬਣ ਕੇ ਰਹਿ ਗਏ ਹਨ।

# ਅਹੁਦਿਓਂ ਲਾਹੇ ਖੇਤੀ ਅਧਿਕਾਰੀ ਮੰਗਲ ਨੇ ਘੇਰੀ ਬਾਦਲ ਸਰਕਾਰ



**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਕੁਰਸੀ ਤੋਂ ਲਾਹੇ ਗਏ ਖੇਤੀ ਅਧਿਕਾਰੀ ਮੰਗਲ ਸਿੰਘ ਸੰਧੂ ਵੱਲੋਂ ਖੇਤੀ ਮੰਤਰੀ ਤੋਤਾ ਸਿੰਘ ਤੇ ਮੁੱਖ ਮੰਤਰੀ ਦਫ਼ਤਰ ਨੂੰ ਨਿਸ਼ਾਨਾ ਬਣਾਏ ਜਾਣ ਕਾਰਨ ਬਾਦਲ ਸਰਕਾਰ ਵੱਡੇ ਸੰਕਟ ਵਿਚ ਘਿਰੀ ਦਿਖਾਈ ਦੇ ਰਹੀ ਹੈ। ਸਰਕਾਰ ਲਈ ਉਸ ਤੋਂ ਵੱਡੀ ਨਮੋਸ਼ੀ ਵਾਲੀ ਇਹ ਗੱਲ ਬਣ ਗਈ ਕਿ ਪੰਜਾਬ-ਹਰਿਆਣਾ ਹਾਈਕੋਰਟ ਨੇ ਸਰਕਾਰੀ ਹੁਕਮਾਂ 'ਤੇ ਰੋਕ ਲਾਉਂਦਿਆਂ ਮੰਗਲ ਸਿੰਘ ਨੂੰ ਡਾਇਰੈਕਟਰ ਵਜੋਂ 'ਬਹਾਲ' ਕਰ ਦਿੱਤਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਿਧਾਨ ਸਭਾ ਵਿਚ ਖੇਤੀ ਵਿਭਾਗ ਦੀ ਖੁੱਲ੍ਹ ਕੇ ਹਮਾਇਤ ਕਰ ਚੁੱਕੇ ਹਨ ਪਰ ਮੰਗਲ ਸਿੰਘ ਦੇ ਖੁਲਾਸਿਆਂ ਨੇ ਉਨ੍ਹਾਂ ਦੀ ਹਾਲਤ ਵੀ ਕਸੂਤੀ ਬਣਾ ਦਿੱਤੀ ਹੈ। ਸੂਤਰਾਂ ਮੁਤਾਬਕ ਸੀਨੀਅਰ ਅਫ਼ਸਰ ਵੱਲੋਂ ਕੀਤੇ ਖੁਲਾਸਿਆਂ ਤੋਂ ਬਾਅਦ ਖੇਤੀ ਮੰਤਰੀ ਤੇ ਉਚ ਅਧਿਕਾਰੀ ਸਹਿਮੇ ਹੋਏ ਹਨ। ਜਥੇਦਾਰ ਤੋਤਾ ਸਿੰਘ ਨੇ ਮੰਗਲ ਸਿੰਘ ਨੂੰ ਗ਼ਲਤ ਬਿਆਨਬਾਜ਼ੀ ਕਰਨ ਤੋਂ ਵਰਜਿਆ ਅਤੇ ਸਪਸ਼ਟੀਕਰਨ ਲਈ ਮਜਬੂਰ ਹੋਏ।

ਸੂਬੇ ਵਿਚ ਨਰਮੇ ਦੀ ਫ਼ਸਲ 'ਤੇ ਚਿੱਟੇ ਮੱਛਰ ਦੇ ਹਮਲੇ ਦੌਰਾਨ ਕੀਟਨਾਸ਼ਕਾਂ ਦੀ ਖ਼ਰੀਦ ਕਾਰਨ ਵਿਭਾਗ ਵਿਵਾਦਾਂ ਵਿਚ ਘਿਰਿਆ ਹੋਇਆ ਹੈ। ਵਿਭਾਗ ਵੱਲੋਂ 33 ਕਰੋੜ ਰੁਪਏ ਦੇ ਕੀਟਨਾਸ਼ਕ ਖ਼ਰੀਦੇ ਗਏ। ਮੁੱਖ ਮੰਤਰੀ ਨੇ ਘੁਟਾਲੇ 'ਤੇ ਮਿੱਟੀ ਪਾਉਂਦਿਆਂ ਖ਼ਰੀਦ ਵਿਚ ਲਾਪਰਵਾਹੀ ਵਰਤੇ ਜਾਣ ਦੀ ਗੱਲ ਕਹੀ ਹੈ। ਸਰਕਾਰ ਵੱਲੋਂ ਕੀਟਨਾਸ਼ਕਾਂ ਦੀ ਖ਼ਰੀਦ ਵਿਚ ਬਦਨਾਮੀ ਹੋਣ ਤੋਂ ਬਾਅਦ ਡਾ. ਮੰਗਲ ਸਿੰਘ ਨੂੰ ਅਹੁਦੇ ਤੋਂ ਲਾਹ ਦਿੱਤਾ ਗਿਆ ਸੀ। ਜਥੇਦਾਰ ਤੋਤਾ ਸਿੰਘ ਵੱਲੋਂ ਹੁਣ ਤੱਕ ਆਪਣੇ ਆਪ ਨੂੰ ਇਸ ਮਾਮਲੇ ਤੋਂ ਦੂਰ ਰੱਖਿਆ ਜਾ ਰਿਹਾ ਸੀ। ਇਸ ਅਫਸਰ ਵੱਲੋਂ ਖੇਤੀ ਮੰਤਰੀ 'ਤੇ ਸੇਧੇ ਨਿਸ਼ਾਨੇ ਕਾਰਨ ਸਰਕਾਰ ਨੂੰ ਬਚਾਅ ਕਰਨਾ ਮੁਸ਼ਕਿਲ ਹੋ ਗਿਆ ਹੈ।

ਇਥੋਂ ਤੱਕ ਕਿ ਮੁੱਖ ਮੰਤਰੀ ਦਫ਼ਤਰ ਦਾ ਨਾਮ ਘੜੀਸੇ ਜਾਣ ਕਾਰਨ ਵੀ ਸਰਕਾਰ ਨੂੰ ਬਚਾਅ ਕਰਨਾ ਮੁਸ਼ਕਿਲ ਹੋ ਗਿਆ ਹੈ। ਦਿਲਚਸਪ ਤੱਥ ਇਹ ਹੈ ਕਿ ਹਾਈਕੋਰਟ ਦੇ ਹੁਕਮਾਂ ਬਾਰੇ ਪੰਜਾਬ ਪੁਲਿਸ ਦੇ ਸੀ.ਆਈ.ਡੀ. ਵਿੰਗ ਨੂੰ ਕੋਈ ਜਾਣਕਾਰੀ ਨਹੀਂ ਸੀ ਤੇ ਮੁੱਖ ਮੰਤਰੀ ਦਫ਼ਤਰ ਤੱਕ ਪਹਿਲਾਂ ਸੂਚਨਾ ਪੁੱਜ ਗਈ।ਮੰਗਲ ਸਿੰਘ ਨੂੰ ਮੁੱਖ ਮੰਤਰੀ ਦਾ ਕਰੀਬੀ ਮੰਨਿਆ ਜਾਂਦਾ ਹੈ।

# ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਖਿਲਾਫ ਪੱਕਾ ਮੋਰਚਾ

**ਚੰਡੀਗੜ੍ਹ:** ਪੰਜਾਬ ਦੀਆਂ ਅੱਠ ਕਿਸਾਨ ਜਥੇਬੰਦੀਆਂ ਵੱਲੋਂ ਸੱਤ ਮਜ਼ਦੂਰ ਜਥੇਬੰਦੀਆਂ ਦੀ ਹਮਾਇਤ ਨਾਲ ਬਠਿੰਡਾ ਵਿਚ 12 ਦਿਨਾਂ ਤੋਂ ਚੱਲ ਰਿਹਾ ਪੱਕਾ ਮੋਰਚਾ ਮਾਨਸਾ, ਸੰਗਰੂਰ ਤੇ ਬਰਨਾਲਾ ਜ਼ਿਲ੍ਹਾ ਮੁੱਖ ਦਫ਼ਤਰਾਂ ਦੇ ਸਾਹਮਣੇ ਵੀ ਸ਼ੁਰੂ ਹੋ ਗਿਆ। ਕਿਸਾਨ ਆਗੂਆਂ ਨੇ ਕਿਸਾਨੀ ਮੰਗਾਂ ਬਾਰੇ ਸਰਕਾਰ ਵੱਲੋਂ ਧਾਰੀ ਚੁੱਪ ਦੀ ਨਿਖੇਧੀ ਕਰਦਿਆਂ ਇਸ ਸੰਘਰਸ਼ ਨੂੰ ਰਾਜ ਵਿਆਪੀ ਬਣਾਉਣ ਦਾ ਐਲਾਨ ਕੀਤਾ। ਵੱਡੀ ਗਿਣਤੀ ਵਿਚ ਕਿਸਾਨ ਬੀਬੀਆਂ ਵੀ ਧਰਨਿਆਂ ਵਿਚ ਸ਼ਾਮਲ ਹੋ ਰਹੀਆਂ ਹਨ। ਸਾਰੇ ਸ਼ਹਿਰਾਂ ਵਿਚ ਰੋਸ ਮਾਰਚ ਵੀ ਕੀਤੇ ਗਏ। ਧਰਨਿਆਂ ਦੌਰਾਨ ਬੁਲਾਰਿਆਂ ਨੇ ਕੀਟਨਾਸ਼ਕ ਦਵਾਈ ਘੁਟਾਲੇ ਲਈ ਖੇਤੀਬਾੜੀ ਮੰਤਰੀ ਤੇ ਵਿਭਾਗ ਦੇ ਡਾਇਰੈਕਟਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਇਨ੍ਹਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ। ਪੀੜਤ ਕਿਸਾਨਾਂ ਨੂੰ ਚਾਲੀ ਹਜ਼ਾਰ ਰੁਪਏ ਪ੍ਰਤੀ ਏਕੜ, ਮਜ਼ਦੂਰਾਂ ਨੂੰ ਪ੍ਰਤੀ ਪਰਿਵਾਰ 20 ਹਜ਼ਾਰ ਰੁਪਏ ਤੇ ਖੁਦਕੁਸ਼ੀ ਕਰ ਗਏ ਕੁਲਦੀਪ ਸਿੰਘ ਦੇ ਪਰਿਵਾਰ ਨੂੰ ਦਸ ਲੱਖ ਰੁਪਏ ਦਾ ਮੁਆਵਜ਼ਾ ਦੇਣ ਦੀ ਮੰਗ ਕੀਤੀ। ਕਿਸਾਨ ਆਗੂਆਂ ਨੇ 11-11 ਰੁਪਏ ਦੇ ਚੈੱਕਾਂ ਨੂੰ ਕਿਸਾਨਾਂ ਨਾਲ ਕੋਝਾ ਮਜ਼ਾਕ ਕਰਾਰ ਦਿੱਤਾ।



# ਜਗੀਰ ਕੌਰ ਖਿਲਾਫ ਪਟੀਸ਼ਨ ਪਾਉਣ ਵਾਲੇ ਵਿਰੁਧ ਕੇਸ

**ਜਲੰਧਰ:** ਬੇਗੋਵਾਲ ਦੀ 22 ਏਕੜ ਸਰਕਾਰੀ ਜ਼ਮੀਨ ਉੱਪਰ ਗੈਰਕਾਨੂੰਨੀ ਕਬਜ਼ਾ ਕੀਤੇ ਜਾਣ ਖ਼ਿਲਾਫ਼ ਹਾਈਕੋਰਟ ਵਿਚ ਪਟੀਸ਼ਨ ਪਾਉਣ ਵਾਲੇ ਜਾਰਜ ਸ਼ੁਭ ਨੂੰ ਬੀਬੀ ਜਗੀਰ ਕੌਰ ਤੇ ਕਪੂਰਥਲਾ ਪੁਲਿਸ ਵੱਲੋਂ ਡਰਾਇਆ ਧਮਕਾਇਆ ਜਾ ਰਿਹਾ ਹੈ। ਉਹ (ਜਾਰਜ ਸ਼ੁਭ) ਗਵਾਹੀ ਲਈ ਅਦਾਲਤ ਨਾ ਜਾ ਸਕੇ, ਇਸ ਲਈ ਕਪੂਰਥਲਾ ਪੁਲਿਸ ਨੇ ਝੂਠਾ ਕੇਸ ਦਰਜ ਕਰਕੇ ਉਸ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਹੈ।

ਇਹ ਦੋਸ਼ ਜਾਰਜ ਸ਼ੁਭ ਦੇ ਭਰਾ ਮਖਨਪਾਲ ਸਿੰਘ ਨੇ ਲਾਏ ਹਨ। ਉਸ ਨੇ ਦੱਸਿਆ ਕਿ ਜਾਰਜ ਸ਼ੁਭ, ਜੋ ਕਾਂਗਰਸੀ ਆਗੂ ਹੈ ਤੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਦਾ ਕਰੀਬੀ ਹੈ, ਨੇ ਪਹਿਲਾਂ ਬੀਬੀ ਜਗੀਰ ਕੌਰ ਖ਼ਿਲਾਫ਼ 2011 ਵਿਚ ਲੋਕਪਾਲ ਨੂੰ ਸ਼ਿਕਾਇਤ ਕੀਤੀ ਸੀ, ਜਿਸ ਨੂੰ ਸਰਕਾਰੀ ਦਬਾਅ ਕਾਰਨ ਦੋ ਸਾਲ ਦਬਾਈ ਰੱਖਿਆ। ਫਿਰ ਉਸ ਨੇ 2013 ਵਿਚ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਪਹੁੰਚ ਕੀਤੀ, ਜਿਥੇ ਮਾਮਲਾ ਸੁਣਵਾਈ ਹੇਠ ਹੈ। ਉਨ੍ਹਾਂ ਦੋਸ਼ ਲਾਇਆ ਕਿ ਬੀਬੀ ਜਗੀਰ ਕੌਰ ਆਪਣੇ ਸਿਆਸੀ ਅਸਰ ਰਸੂਖ਼ ਦੀ ਦੁਰਵਰਤੋਂ ਕਰਦੇ ਹੋਏ ਜਾਰਜ ਸ਼ੁਭ ਤੇ ਉਸ ਦੇ ਪਰਿਵਾਰ ਨੂੰ ਕੇਸ ਵਾਪਸ ਲੈਣ ਲਈ ਡਰਾ ਧਮਕਾ ਰਹੀ ਹੈ।

25 ਸਤੰਬਰ ਨੂੰ ਕਪੂਰਥਲਾ ਦੇ ਐਸ.ਐਸ.ਪੀ. ਰਾਜਿੰਦਰ ਸਿੰਘ ਨੇ ਬੀਬੀ ਜਗੀਰ ਕੌਰ ਦਾ ਸਾਥ ਦਿੰਦੇ ਹੋਏ ਥਾਣਾ ਬੇਗੋਵਾਲ ਵਿਚ ਉਸ ਖ਼ਿਲਾਫ਼ ਕੇਸ ਦਰਜ ਕਰਕੇ ਗ੍ਰਿਫ਼ਤਾਰ ਕਰ ਲਿਆ। ਜਾਰਜ ਸ਼ੁਭ ਨੇ 15 ਸਤੰਬਰ ਨੂੰ ਆਈ.ਜੀ. ਜਲੰਧਰ ਰੇਂਜ ਨੂੰ ਦਰਖਾਸਤ ਦਿੱਤੀ ਸੀ ਕਿ ਉਸ ਨੂੰ ਝੂਠੇ ਕੇਸ ਵਿਚ ਫਸਾਇਆ ਜਾ ਸਕਦਾ ਹੈ ਤੇ ਆਈ.ਜੀ. ਨੇ ਉਸ ਨੂੰ ਨਿਰਪੱਖ ਜਾਂਚ ਦਾ ਭਰੋਸਾ ਦਿੱਤਾ ਸੀ। ਐਸ.ਐਸ.ਪੀ. ਕਪੂਰਥਲਾ ਰਾਜਿੰਦਰ ਸਿੰਘ ਨੇ ਕਿਹਾ ਕਿ ਜਾਰਜ ਸ਼ੁਭ ਖ਼ਿਲਾਫ਼ ਕੇਸ ਪੂਰੀ ਜਾਂਚ ਪੜਤਾਲ ਤੋਂ ਬਾਅਦ ਹੀ ਦਰਜ ਕੀਤਾ ਗਿਆ ਹੈ।



## ਮਾਮਲੇ ਨਾਲ ਮੇਰਾ ਕੋਈ ਲੈਣਾ ਦੇਣਾ ਨਹੀਂ: ਜਗੀਰ ਕੌਰ

**ਜਲੰਧਰ:** ਜਗੀਰ ਕੌਰ ਨੇ ਕਿਹਾ ਹੈ ਕਿ ਉਨ੍ਹਾਂ ਦਾ ਇਸ ਕੇਸ ਨਾਲ ਕੋਈ ਲੈਣਾ ਦੇਣਾ ਨਹੀਂ। ਕੁਝ ਲੋਕ ਜਾਣ ਬੁੱਝ ਕੇ ਇਸ ਨੂੰ ਕਾਂਗਰਸ ਤੇ ਅਕਾਲੀ ਦਲ ਦਾ ਮੁੱਦਾ ਬਣਾ ਰਹੇ ਹਨ। ਜੇਕਰ ਕਿਸੇ ਵਿਅਕਤੀ ਦਾ ਉਨ੍ਹਾਂ ਵਿਰੁੱਧ ਕੇਸ ਚੱਲਦਾ ਹੈ ਤੇ ਉਹ ਵਿਅਕਤੀ ਗਲਤ ਕੰਮ ਕਰਦਾ ਹੈ ਤਾਂ ਪੁਲਿਸ ਉਸ ਨੂੰ ਕਲੀਨ ਚਿੱਟ ਕਿਉਂ ਦੇਵੇਗੀ।

# ਬਿਹਾਰ ਚੋਣਾਂ ਤੈਅ ਕਰਨਗੀਆਂ ਅਕਾਲੀ-ਭਾਜਪਾ ਗੱਠਜੋੜ ਦਾ ਭਵਿੱਖ

**ਚੰਡੀਗੜ੍ਹ:** ਪੰਜਾਬ ਵਿਚ ਪਿਛਲੇ ਪੌਣੇ ਦੋ ਦਹਾਕਿਆਂ ਤੋਂ ਚੱਲੇ ਆ ਰਹੇ ਅਕਾਲੀ-ਭਾਜਪਾ ਗੱਠਜੋੜ ਉਤੇ ਬਿਹਾਰ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਦਾ ਪਰਛਾਵਾਂ ਪੈਣ ਦੇ ਆਸਾਰ ਹਨ। ਅਕਾਲੀ ਹਲਕਿਆਂ ਦਾ ਮੰਨਣਾ ਹੈ ਕਿ ਬਿਹਾਰ ਦੀਆਂ ਚੋਣਾਂ ਵਿਚ ਜੇਕਰ ਭਾਰਤੀ ਜਨਤਾ ਪਾਰਟੀ ਦੀ ਕਾਰਗੁਜ਼ਾਰੀ ਬਿਹਤਰ ਰਹੀ ਤਾਂ ਅਕਾਲੀ ਦਲ ਨੂੰ 2017 ਦੀਆਂ ਚੋਣਾਂ ਤੱਕ ਗੱਠਜੋੜ ਬਚਾਉਣ ਲਈ ਭਾਜਪਾ ਦੀਆਂ ਸ਼ਰਤਾਂ ਮੰਨਣੀਆਂ ਪੈ ਸਕਦੀਆਂ ਹਨ ਤੇ ਭਾਜਪਾ ਦੇ ਅਕਾਲੀਆਂ ਨਾਲੋਂ ਅਲੱਗ ਹੋਣ ਦੀ ਨੌਬਤ ਵੀ ਆ ਸਕਦੀ ਹੈ।

ਸੂਤਰਾਂ ਮੁਤਾਬਕ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਤੇ ਕੈਪਟਨ ਅਮਰਿੰਦਰ ਸਿੰਘ ਦਰਮਿਆਨ ਦੋ ਮੀਟਿੰਗ ਹੋ ਚੁੱਕੀਆਂ ਹਨ। ਅਮਰਿੰਦਰ ਵਿਰੋਧੀ ਆਗੂਆਂ ਵੱਲੋਂ ਇਨ੍ਹਾਂ ਮੀਟਿੰਗਾਂ ਨੂੰ ਭਾਵੇਂ ਵਿਦੇਸ਼ੀ ਖਾਤਿਆਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ ਪਰ ਅਕਾਲੀ ਤੇ ਭਾਜਪਾ ਆਗੂਆਂ ਦਾ ਮੰਨਣਾ ਹੈ ਕਿ ਆਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜੇਕਰ ਕੈਪਟਨ ਪਾਰਟੀ ਬਣਾਉਂਦੇ ਹਨ ਤਾਂ ਭਾਜਪਾ ਅਕਾਲੀ ਦਲ ਨਾਲੋਂ ਤੋੜ ਵਿਛੋੜਾ ਕਰਕੇ ਨਵੀਂ ਪਾਰਟੀ ਨਾਲ ਵੀ ਸਾਂਝ ਪਾ ਸਕਦੀ ਹੈ। ਸੂਤਰਾਂ ਅਨੁਸਾਰ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਕੇਂਦਰੀ ਵਿੱਤ ਮੰਤਰੀ ਤੇ ਸਾਬਕਾ ਮੁੱਖ ਮੰਤਰੀ ਦਰਮਿਆਨ ਹੋਈਆਂ ਮੀਟਿੰਗਾਂ ਦੀ ਜਾਣਕਾਰੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵੀ ਦੇ ਦਿੱਤੀ ਹੈ। ਅਕਾਲੀ ਆਗੂਆਂ ਮੁਤਾਬਕ ਬਿਹਾਰ ਚੋਣਾਂ ਦੇ ਨਤੀਜੇ ਪੰਜਾਬ ਦੀ ਰਾਜਨੀਤੀ 'ਤੇ ਵੀ ਅਸਰ ਪਾਉਣਗੇ। ਇਸ ਪੂਰਬੀ ਰਾਜ ਦੀ ਸੱਤਾ ਉਤੇ ਕਾਬਜ਼ ਹੋਣ ਲਈ ਭਾਜਪਾ ਵੱਲੋਂ ਸਿਰ ਤੋੜ ਯਤਨ ਕੀਤੇ ਜਾ ਰਹੇ ਹਨ। ਬਿਹਾਰ ਦੇ ਚੋਣ ਨਤੀਜਿਆਂ ਤੋਂ ਬਾਅਦ ਪੰਜਾਬ ਦੀਆਂ ਚੋਣਾਂ ਦਾ ਐਲਾਨ ਹੋਣ ਵਿਚ ਮਹਿਜ਼ 13 ਕੁ ਮਹੀਨੇ ਰਹਿ ਜਾਣਗੇ। ਇਸ ਤਰ੍ਹਾਂ ਨਾਲ ਭਾਜਪਾ ਵੱਲੋਂ ਇਹ ਫੈਸਲਾ ਬਿਹਾਰ ਚੋਣਾਂ ਤੋਂ ਤੁਰੰਤ ਬਾਅਦ ਕੀਤਾ ਜਾਵੇਗਾ ਕਿ ਭਵਿੱਖ ਦੀਆਂ ਚੋਣਾਂ ਅਕਾਲੀ ਦਲ ਨਾਲ ਰਲ ਕੇ ਲੜਨੀਆਂ ਹਨ ਜਾਂ ਕਿਸੇ ਹੋਰ ਪਾਰਟੀ ਨਾਲ।

ਅਕਾਲੀ ਆਗੂਆਂ ਅਨੁਸਾਰ ਭਾਜਪਾ ਦੀ ਪੰਜਾਬ ਲੀਡਰਸ਼ਿਪ ਦੇ ਬਹੁਤੇ ਆਗੂ ਤੇ ਵਰਕਰ ਅਕਾਲੀਆਂ ਨਾਲੋਂ ਅਲੱਗ ਹੋਣਾ ਚਾਹੁੰਦੇ ਹਨ। ਕੇਂਦਰੀ ਮੰਤਰੀ ਅਰੁਣ ਜੇਤਲੀ, ਰਾਜਨਾਥ ਸਿੰਘ ਤੇ ਨਿਤਿਨ ਗਡਕਰੀ ਨਾਲ ਅਕਾਲੀਆਂ ਦੇ ਚੰਗੇ ਸਬੰਧਾਂ ਕਾਰਨ ਗੱਠਜੋੜ ਬਣਿਆ ਹੋਇਆ ਹੈ। ਅਕਾਲੀ ਦਲ ਤੇ ਭਾਜਪਾ ਅੰਦਰ ਜੇਤਲੀ-ਅਮਰਿੰਦਰ ਮੀਟਿੰਗਾਂ ਨੇ ਨਵੀਂ ਚਰਚਾ ਛੇੜੀ ਹੋਈ ਹੈ। ਸਾਬਕਾ ਮੁੱਖ ਮੰਤਰੀ ਦੀ ਕੋਰ ਟੀਮ ਦੇ ਇਕ ਮੈਂਬਰ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਜੇਤਲੀ ਤੇ ਕੈਪਟਨ ਵਿਚਾਲੇ ਮੀਟਿੰਗਾਂ ਹੋਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਜ਼ਾਹਿਰ ਹੈ ਕਿ ਇਨ੍ਹਾਂ ਮੀਟਿੰਗਾਂ ਵਿਚ ਪੰਜਾਬ ਦੇ ਰਾਜਸੀ ਹਾਲਾਤਾਂ ਬਾਰੇ ਹੀ ਚਰਚਾ ਹੋਈ ਹੈ। ਕਾਂਗਰਸ ਵੱਲੋਂ ਵੀ ਕੈਪਟਨ ਅਮਰਿੰਦਰ ਸਿੰਘ ਨੂੰ ਪੂਰੀ ਤਰ੍ਹਾਂ ਅੱਖੋਂ ਪਰੋਖੇ ਕੀਤਾ ਹੋਇਆ ਹੈ। ਸਾਬਕਾ ਮੁੱਖ ਮੰਤਰੀ ਨੇ ਪਿਛਲੇ ਦਿਨਾਂ ਦੌਰਾਨ ਪਾਰਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ 'ਤੇ ਸਿੱਧੇ ਨਿਸ਼ਾਨੇ ਸੇਧੇ ਸਨ। ਸਾਬਕਾ ਮੁੱਖ ਮੰਤਰੀ ਦੀਆਂ ਟਿੱਪਣੀਆਂ ਨੇ ਭਵਿੱਖ ਦੀ ਰਾਜਨੀਤੀ ਵੀ ਇਕ ਤਰ੍ਹਾਂ ਨਾਲ ਤੈਅ ਕਰ ਹੀ ਦਿੱਤੀ ਹੈ। ਅਮਰਿੰਦਰ ਸਿੰਘ ਦੀ ਵਿਦੇਸ਼ ਤੋਂ ਵਾਪਸੀ ਨੂੰ ਪੰਜਾਬ ਦੇ ਲੋਕਾਂ ਤੇ ਸਿਆਸੀ ਆਗੂਆਂ ਵੱਲੋਂ ਉਤਸੁਕਤਾ ਨਾਲ ਦੇਖਿਆ ਜਾ ਰਿਹਾ ਹੈ।



## ਭਾਜਪਾ ਨੂੰ ਕੈਪਟਨ ਦੀ ਰਣਨੀਤੀ ਦਾ ਇੰਤਜ਼ਾਰ



**ਚੰਡੀਗੜ੍ਹ:** ਭਾਜਪਾ ਵੱਲੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਅਖ਼ਤਿਆਰ ਕੀਤੀ ਜਾਣ ਵਾਲੀ ਰਣਨੀਤੀ ਦਾ ਇੰਤਜ਼ਾਰ ਕਰ ਰਹੀ ਹੈ। ਕੈਪਟਨ ਵੱਲੋਂ ਲੰਘੀਆਂ ਲੋਕ ਸਭਾ ਚੋਣਾਂ ਵਿਚ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਜੇਤਲੀ ਨੂੰ ਇਕ ਲੱਖ ਤੋਂ ਵੱਧ ਵੋਟਾਂ ਨਾਲ ਹਰਾਇਆ ਸੀ। ਇਸ ਤੋਂ ਬਾਅਦ ਹੁਣ ਭਾਜਪਾ ਲੀਡਰਸ਼ਿਪ ਨੂੰ ਸਾਬਕਾ ਮੁੱਖ ਮੰਤਰੀ ਦੀ ਲੋਕਪ੍ਰਿਅਤਾ ਦਾ ਵੀ ਅੰਦਾਜ਼ਾ ਲੱਗ ਚੁੱਕਾ ਹੈ। ਇਹੀ ਕਾਰਨ ਹੈ ਕਿ ਅਕਾਲੀਆਂ ਤੋਂ ਬਾਅਦ ਭਾਜਪਾ ਜੇਕਰ ਕੋਈ ਬਦਲ ਲੱਭ ਰਹੀ ਹੈ ਤਾਂ ਉਹ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਨਵੀਂ ਪਾਰਟੀ ਹੀ ਹੋ ਸਕਦੀ ਹੈ।

## Matrimonial

### ਵਰ ਦੀ ਲੋੜ ਹੈ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕੀ ਐਮ ਐਡ, ਉਮਰ 37 ਸਾਲ, ਕੱਦ 5'-4" ਲਈ ਅਮਰੀਕੀ/ਕੈਨੇਡੀਅਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਯੋਗ ਲੜਕੇ ਦੀ ਲੋੜ ਹੈ। ਸੰਪਰਕ ਕਰੋ ਫੋਨ:1-773-443-2720 ਜਾਂ ਈਮੇਲ nikkisekhon@hotmail.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ। 37-40

### ਕੰਨਿਆ ਦੀ ਲੋੜ ਹੈ

Wanted US citizen girl for Amaritdhari Jatt Sikh handsome boy, 30, 5'-10", visiting US on B1/B2 visa. Please send picture and bio data on hayer3_sandeep@yahoo.co.in or call: 623-505-8250 37-40

Jatt Sikh parents seeking tall, professional match for their U.S. citizen, athletic build son, 26 yrs, 6'-3" in first year of residency. Pl. Email: chardikhala5@ymail.com 37-40

ਪੜ੍ਹੇ ਲਿਖੇ ਚੰਗੇ ਖਾਨਦਾਨ ਦੇ 24 ਸਾਲ, 6'-1", ਲੜਕੇ ਲਈ ਅਮਰੀਕਨ ਪੱਕੀ ਵਸਨੀਕ ਲੜਕੀ ਦੀ ਲੋੜ ਹੈ। ਲੜਕਾ ਯੂਰਪ ਦਾ ਪੱਕਾ ਵਸਨੀਕ ਹੈ ਤੇ ਅੱਜ ਕੱਲ੍ਹ ਆਪਣੇ ਅਮਰੀਕਨ ਸਿਟੀਜ਼ਨ ਪਰਿਵਾਰ ਕੋਲ ਆਇਆ ਹੋਇਆ ਹੈ। ਉਹ ਵੀ ਸੰਪਰਕ ਕਰ ਸਕਦੇ ਹਨ ਜੋ ਲੜਕੇ ਦੇ 26 ਸਾਲਾ ਵੱਡੇ ਅਮਰੀਕਨ ਸਿਟੀਜ਼ਨ ਭਰਾ ਨੂੰ ਇੰਡੀਆ ਤੋਂ ਰਿਸ਼ਤਾ ਕਰਵਾਉਣ ਦੇ ਇੱਛੁਕ ਹੋਣ। ਸੰਪਰਕ ਕਰੋ, ਫੋਨ: 510-695-4836

ਜੱਟ ਸਿੱਖ ਅਮਰੀਕੀ ਸਿਟੀਜ਼ਨ, 28 ਸਾਲ, 5'-8", ਫੈਡਰਲ ਜੌਬ ਕਰਦੇ ਲੜਕੇ ਲਈ ਸੁੰਦਰ ਸੁਸ਼ੀਲ ਜੱਟ ਸਿੱਖ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਬੇ ਏਰੀਆ, ਕੈਲੀਫੋਰਨੀਆ ਨੂੰ ਪਹਿਲ। ਸੰਪਰਕ ਕਰੋ: 408-931-5803 38-41

ਜੱਟ ਸ਼ੇਰਗਿੱਲ, ਐਮ ਕਾਮ, 24 ਸਾਲ, 6'-2", ਵੈਸ਼ਨੂੰ ਲੜਕੇ ਵਾਸਤੇ ਅਮਰੀਕਨ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਫੋਨ: 216-235-5171 ਜਾਂ ਈਮੇਲ: ranjitdhillons@gmail.com 38-41


# ਵਿਦੇਸ਼ਾਂ ਤੱਕ ਫੈਲੀਆਂ ਨੇ ਨਸ਼ਿਆਂ ਦੇ ਕਾਰੋਬਾਰ ਦੀਆਂ ਜੜ੍ਹਾਂ

**ਚੰਡੀਗੜ੍ਹ:** ਪੰਜਾਬ ਵਿਚ ਹਜ਼ਾਰਾਂ ਕਰੋੜ ਰੁਪਏ ਦੇ ਨਸ਼ਾ ਰੈਕੇਟ ਤੇ ਕਾਲੇ ਧਨ ਨੂੰ ਚਿੱਟਾ ਕਰਨ (ਮਨੀ ਲਾਂਡਰਿੰਗ) ਦੇ ਨਸ਼ਾ ਰੈਕੇਟ ਦੀਆਂ ਜੜ੍ਹਾਂ ਹੋਰ ਦੇਸ਼ਾਂ ਤੱਕ ਫੈਲੀਆਂ ਹੋਈਆਂ ਹਨ। ਨਸ਼ਾ ਤਸਕਰੀ ਦੇ ਮਾਮਲੇ ਦੀ ਸੁਣਵਾਈ ਦੌਰਾਨ ਸੂਬਾ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਮੰਨਿਆਂ ਹੈ ਕਿ ਨਸ਼ਾ ਰੈਕੇਟ ਦੀਆਂ ਜੜ੍ਹਾਂ ਕਾਫੀ ਮਜਬੂਤ ਹਨ ਤੇ ਅਮਰੀਕਾ-ਕੈਨੇਡਾ ਵਰਗੇ ਦੇਸ਼ਾਂ ਤੱਕ ਫੈਲੀਆਂ ਹੋਇਆ ਹੈ। ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ ਸੀ.ਬੀ.ਆਈ. ਵੱਲੋਂ ਵਿਦੇਸ਼ਾਂ ਵਿਚ ਬੈਠੇ ਅਜਿਹੇ 11 ਨਸ਼ਾ ਤਸਕਰਾਂ ਖਿਲਾਫ਼ 'ਰੈਡ ਕਾਰਨਰ ਨੋਟਿਸ' ਜਾਰੀ ਕੀਤੇ ਗਏ ਹਨ।

ਮਾਮਲੇ ਦੀ ਸੁਣਵਾਈ ਦੌਰਾਨ ਹਾਈਕੋਰਟ ਦੇ ਬੈਂਚ ਨੇ ਸੀ.ਬੀ.ਆਈ. ਨੂੰ ਹੁਕਮ ਦਿੱਤਾ ਕਿ ਉਨ੍ਹਾਂ 11 ਵਿਦੇਸ਼ੀ ਨਸ਼ਾ ਤਸਕਰਾਂ ਬਾਰੇ ਸਮੁੱਚੀ ਜਾਣਕਾਰੀ ਅਗਲੀ ਸੁਣਵਾਈ ਦੌਰਾਨ ਅਦਾਲਤ ਨੂੰ ਸੌਂਪੇ। ਇਨ੍ਹਾਂ 11 ਨਸ਼ਾ ਤਸਕਰਾਂ ਵਿਚੋਂ ਇਕ ਅਮਰੀਕਾ ਤੇ ਇਕ ਤਸਕਰ ਕੈਨੇਡਾ ਵਿਚ ਰਹਿ ਰਿਹਾ ਹੈ। ਹਾਈਕੋਰਟ ਨੇ ਸੀ.ਬੀ.ਆਈ. ਤੋਂ ਪੁੱਛਿਆ ਕਿ ਅਗਲੀ ਸੁਣਵਾਈ ਦੌਰਾਨ ਦੱਸਿਆ ਜਾਵੇ ਕਿ ਅਜਿਹੇ ਮਾਮਲਿਆਂ ਦੀ ਜਾਂਚ ਵਿਚ ਉਸ ਨੂੰ ਕਿਹੜੀਆਂ ਸਮੱਸਿਆਵਾਂ ਪੇਸ਼ ਆ ਰਹੀਆਂ ਹਨ।

ਹਾਈਕੋਰਟ ਨੇ ਕੇਂਦਰੀ ਗ੍ਰਿਹ ਮੰਤਰਾਲੇ ਨੂੰ ਵੀ ਹੁਕਮ ਦਿੱਤਾ ਹੈ ਕਿ ਉਹ ਭਾਰਤ-ਪਾਕਿ ਸਰਹੱਦ ਉਤੇ ਨਸ਼ਾ ਤਸਕਰੀ ਦੇ ਹੁਣ ਤੱਕ ਸਾਹਮਣੇ ਆਏ ਮਾਮਲਿਆਂ ਵਿਚ ਕੀਤੀ ਗਈ ਕਾਰਵਾਈ ਦੀ ਸਟੇਟਸ ਰਿਪੋਰਟ ਅਦਾਲਤ ਵਿਚ ਦਾਇਰ ਕਰੇ। ਅਦਾਲਤ ਵੱਲੋਂ ਇਹ ਹੁਕਮ ਸੀਮਾ ਸੁਰੱਖਿਆ ਫੋਰਸ (ਬੀ.ਐਸ.ਐਫ.) ਵੱਲੋਂ ਹਾਈਕੋਰਟ ਨੂੰ ਸੌਂਪੀ ਉਸ ਰਿਪੋਰਟ ਮਗਰੋਂ ਜਾਰੀ ਕੀਤੇ ਗਏ, ਜਿਸ ਵਿਚ ਬੀ.ਐਸ.ਐਫ. ਵੱਲੋਂ ਭਾਰਤ-ਪਾਕਿ ਸਰਹੱਦ ਉਤੇ ਨਸ਼ਾ ਤਸਕਰਾਂ ਖਿਲਾਫ਼ ਕੀਤੀ ਜਾ ਰਹੀ ਕਾਰਵਾਈ ਦੇ ਵੇਰਵੇ ਦਿੱਤੇ ਗਏ ਹਨ। ਉਪਰੋਕਤ ਹੁਕਮਾਂ ਨਾਲ ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ 21 ਅਕਤੂਬਰ ਉਤੇ ਪਾ ਦਿੱਤੀ ਗਈ ਹੈ।

ਉਧਰ, ਹਾਈਕੋਰਟ ਦੇ ਹੁਕਮਾਂ ਮਗਰੋਂ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਆਪਣੇ ਲਾਅ ਅਫ਼ਸਰ ਸੁਰੇਸ਼ ਬੱਤਰਾ ਦੇ ਪੰਜਾਬ ਵਿਚੋਂ ਬੰਗਲੌਰ ਤਬਾਦਲੇ ਉਤੇ ਵੀ ਰੋਕ ਲਗਾ ਦਿੱਤੀ ਹੈ। ਈ.ਡੀ. ਦੇ ਸਹਾਇਕ ਡਾਇਰੈਕਟਰ ਨਿਰੰਜਣ ਸਿੰਘ ਦੇ ਵਕੀਲ ਨੇ ਵੀ ਹਾਈਕੋਰਟ ਨੂੰ ਮਾਮਲੇ ਨਾਲ ਜੁੜੇ ਕੁਝ ਅਹਿਮ ਦਸਤਾਵੇਜ਼ ਸੌਂਪਦੇ ਹੋਏ ਬੇਨਤੀ ਕੀਤੀ ਹੈ ਕਿ ਇਸ ਮਾਮਲੇ ਵਿਚ ਇਹ ਦਸਤਾਵੇਜ਼ ਬਹੁਤ ਅਹਿਮ ਹਨ, ਇਸ ਲਈ ਅਦਾਲਤ ਇਨ੍ਹਾਂ ਦਸਤਾਵੇਜ਼ਾਂ ਦਾ ਅਧਿਐਨ ਕਰੇ।

## ਦਸ ਪੰਜਾਬੀਆਂ ਨੂੰ ਰੈਡ ਕਾਰਨਰ ਨੋਟਿਸ

**ਨਵੀਂ ਦਿੱਲੀ:** ਭਾਰਤ ਦੀ ਕੇਂਦਰੀ ਜਾਂਚ ਏਜੰਸੀ (ਸੀ.ਬੀ.ਆਈ.) ਵੱਲੋਂ ਡਰੱਗਜ਼ ਤਸਕਰੀ ਦੇ ਮਾਮਲਿਆਂ ਵਿਚ ਲੋੜੀਂਦੇ ਮੁਲਜ਼ਮਾਂ ਲਈ ਇੰਟਰਪੋਲ ਰਾਹੀਂ ਜਾਰੀ ਕਰਵਾਏ ਰੈਡ ਕਾਰਨਰ ਨੋਟਿਸ ਬਾਅਦ ਕੈਨੇਡਾ ਦੇ ਪੰਜਾਬੀਆਂ ਵਿਚ ਹਲਚਲ ਮੱਚ ਗਈ ਹੈ।

ਇੰਟਰਪੋਲ ਰਾਹੀਂ ਭਾਰਤ ਹਵਾਲੇ ਕੀਤੇ ਜਾਣ ਵਾਲੇ ਇਨ੍ਹਾਂ ਮੁਲਜ਼ਮਾਂ ਵਿਚੋਂ 10 ਕੈਨੇਡੀਅਨ ਹਨ, ਜਿਨ੍ਹਾਂ ਵਿਚ ਕੁਝ ਖੇਡ ਪ੍ਰਮੋਟਰ ਤੇ ਵੱਡੇ ਕਾਰੋਬਾਰੀ ਹਨ। ਇਹ ਲੋਕ ਚਰਚਾ ਵਿਚ ਤਾਂ ਸਨ ਪਰ ਉਹ ਅਜਿਹੇ ਦੋਸ਼ਾਂ ਤੋਂ ਮੁਨਕਰ ਹੁੰਦੇ ਰਹੇ। ਸੂਚੀ ਵਿਚ ਅਮਰਜੀਤ ਸਿੰਘ (59) ਪਿੰਡ ਮਹਿਮਦਪੁਰ, ਰਣਜੀਤ ਸਿੰਘ ਔਜਲਾ (ਫਿਲੌਰ), ਲਹਿੰਬਰ ਸਿੰਘ ਦਲੇਹ (ਫਿਲੌਰ), ਹਰਬੰਸ ਸਿੰਘ ਸਿੱਧੂ (56), ਪਰਦੀਪ ਸਿੰਘ (38) (ਜਗਰਾਉਂ), ਗੁਰਸੇਵਕ ਸਿੰਘ ਢਿੱਲੋਂ (44), ਨਿਰੰਕਾਰ ਸਿੰਘ ਢਿੱਲੋਂ (52) (ਹੁਸ਼ਿਆਰਪੁਰ), ਸਰਬਜੀਤ ਸਿੰਘ ਸੰਧਰ (50) (ਸਮਰਾਲਾ) ਤੇ ਪਰਮਿੰਦਰ ਸਿੰਘ ਦਿਓ (60) (ਹੁਸ਼ਿਆਰਪੁਰ) ਦੇ ਨਾਂ ਹਨ।

## ਪੰਜਾਬ ਬੈਠੇ ਵੱਡੇ ਮਾਫੀਏ ਨਾਲ ਲਿਹਾਜ਼ ਕਿਉਂ?

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਵਿਦੇਸ਼ ਬੈਠੇ ਤਸਕਰਾਂ ਬਾਰੇ ਸਾਂਝੀ ਕੀਤੀ ਸੂਚਨਾ 'ਤੇ ਮੁੱਖ ਪਟੀਸ਼ਨਰ ਸ਼ਸ਼ੀਕਾਂਤ (ਸਾਬਕਾ ਡੀ.ਜੀ.ਪੀ. ਜੇਲ੍ਹਾਂ ਪੰਜਾਬ) ਨੇ ਕਿਹਾ ਕਿ ਇਸ ਨਸ਼ਾ ਰੈਕੇਟ ਦੀਆਂ ਤਾਰਾਂ ਯਕੀਨਨ ਹੋਰ ਦੇਸ਼ਾਂ ਨਾਲ ਜੁੜੀਆਂ ਹੋਈਆਂ ਹਨ, ਪਰ ਪੰਜਾਬ ਵਿਚ ਬੈਠੇ ਵੱਡੇ ਮਾਫੀਏ ਖਿਲਾਫ਼ ਪੁਲਿਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ, ਬਲਕਿ ਪੁਲਿਸ ਵੱਲੋਂ ਸਿਰਫ ਨਸ਼ੇੜੀਆਂ ਦੀ ਹੀ ਫੜੋ-ਫੜੀ ਕੀਤੀ ਜਾ ਰਹੀ ਹੈ।

# ਬਿਨਾਂ ਵੀਜ਼ਾ ਵਪਾਰਕ ਫੇਰੀ ਦੀ ਸਹੂਲਤ

**ਨਵੀਂ ਦਿੱਲੀ:** ਭਾਰਤ ਤੇ 15 ਹੋਰ ਮੁਲਕਾਂ, ਜਿਨ੍ਹਾਂ ਵਿਚ ਚੀਨ ਤੇ ਜਾਪਾਨ ਵੀ ਸ਼ਾਮਲ ਹਨ, ਦੇ ਮੋਹਰੀ ਸਨਅਤਕਾਰਾਂ ਨੂੰ ਛੇਤੀ ਹੀ ਬਿਨਾਂ ਵੀਜ਼ੇ ਤੋਂ ਇਨ੍ਹਾਂ ਮੁਲਕਾਂ ਵਿਚ ਵਪਾਰਕ ਫੇਰੀ ਉਤੇ ਜਾਣ ਦੀ ਸਹੂਲਤ ਮਿਲਣ ਦੀ ਉਮੀਦ ਹੈ। ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਗ੍ਰਿਹ ਮੰਤਰਾਲੇ ਨੇ ਇਸ ਯੋਜਨਾ ਨੂੰ ਸਿਧਾਂਤਕ ਤੌਰ 'ਤੇ ਮਨਜ਼ੂਰੀ ਦੇ ਦਿੱਤੀ ਹੈ। ਇਸ ਤਜਵੀਜ਼ਤ ਮੈਗਾ ਵਪਾਰਕ ਸਮਝੌਤੇ 'ਤੇ ਦੱਖਣੀ ਕੋਰੀਆ ਦੇ ਬੁਸਾਨ ਵਿਚ 12 ਤੋਂ 16 ਅਕਤੂਬਰ ਦੌਰਾਨ ਹੋਣ ਵਾਲੀ ਮੀਟਿੰਗ ਵਿਚ ਖੇਤਰੀ ਵਿਆਪਕ ਆਰਥਿਕ ਭਾਈਵਾਲੀ (ਆਰ.ਸੀ.ਈ.ਪੀ.) ਦੇ ਮੈਂਬਰ ਦੇਸ਼ਾਂ ਵੱਲੋਂ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਇਸ ਤਜਵੀਜ਼ ਮੁਤਾਬਕ ਆਰ.ਸੀ.ਈ.ਪੀ. ਮੈਂਬਰ ਦੇਸ਼ਾਂ ਦੇ ਸਨਅਤਕਾਰਾਂ ਨੂੰ ਵਿਸ਼ੇਸ਼ ਵਪਾਰਕ ਯਾਤਰਾ ਕਾਰਡ ਦਿੱਤਾ ਜਾਵੇਗਾ।

# ਤੰਬਾਕੂ ਵੇਚਣ ਲਈ ਪਹਿਲਾਂ ਲਾਇਸੈਂਸ ਲੈਣਾ ਪਵੇਗਾ

**ਚੰਡੀਗੜ੍ਹ:** ਪੰਜਾਬ ਵਿਚ ਹੁਣ ਤੰਬਾਕੂ ਵਿਕਰੇਤਾਵਾਂ ਨੂੰ ਕਿਸੇ ਵੀ ਤਰ੍ਹਾਂ ਦਾ ਤੰਬਾਕੂ ਉਤਪਾਦ ਵੇਚਣ ਲਈ ਪਹਿਲਾਂ ਲਾਇਸੈਂਸ ਲੈਣਾ ਪਵੇਗਾ। ਸੂਬੇ ਦੇ ਸਥਾਨਕ ਸਰਕਾਰਾਂ ਵਿਭਾਗ ਨੇ ਕਿਹਾ ਹੈ ਕਿ ਬਿਨਾਂ ਲਾਇਸੈਂਸ ਤੋਂ ਤੰਬਾਕੂ ਵੇਚਣ ਵਾਲੀਆਂ ਦੁਕਾਨਾਂ ਨੂੰ ਬੰਦ ਕੀਤਾ ਜਾਵੇ। ਦੁਕਾਨਦਾਰਾਂ ਨੂੰ ਪਹਿਲਾਂ 'ਪੰਜਾਬ ਤੰਬਾਕੂ ਵੈਂਡਸ ਫੀਸ ਐਕਟ-1953' ਅਧੀਨ ਲਾਇਸੈਂਸ ਲੈਣਾ ਪਵੇਗਾ।

ਫੂਡ ਸੇਫਟੀ ਕਮਿਸ਼ਨਰ ਹੁਸਨ ਲਾਲ ਨੇ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ ਤੇ ਸਿਵਲ ਸਰਜਨਾਂ ਨੂੰ 'ਸਿਗਰਟ ਤੇ ਹੋਰ ਤੰਬਾਕੂ ਉਤਪਾਦ-2003' (ਕੋਟਪਾ) ਨੂੰ ਆਪੋ-ਆਪਣੇ ਜ਼ਿਲ੍ਹਿਆਂ ਵਿਚ ਸਖਤੀ ਨਾਲ ਲਾਗੂ ਕਰਨ ਬਾਰੇ ਪੱਤਰ ਜਾਰੀ ਕੀਤਾ ਹੈ।

ਦੱਸਣਯੋਗ ਹੈ ਕਿ ਫੂਡ ਸੇਫਟੀ ਅਫਸਰ ਖਾਣ-ਪੀਣ ਵਾਲੀਆਂ ਵਸਤਾਂ ਦੇ ਨਾਲ ਤੰਬਾਕੂ ਉਤਪਾਦ ਵੇਚਣ ਵਾਲੇ ਦੁਕਾਨਦਾਰਾਂ ਦਾ ਲਾਇਸੈਂਸ ਰੱਦ ਕਰ ਸਕਦੇ ਹਨ। ਪ੍ਰਮੁੱਖ ਸਕੱਤਰ ਸਿਹਤ ਵਿਨੀ ਮਹਾਜਨ ਨੇ ਦੱਸਿਆ ਕਿ ਅਜੇ ਤੱਕ ਪੰਜਾਬ ਦੇ ਕਿਸੇ ਵੀ ਜ਼ਿਲ੍ਹੇ ਵਿਚ 'ਪੰਜਾਬ ਤੰਬਾਕੂ ਵੈਂਡਸ ਫੀਸ ਐਕਟ-1953' ਲਾਗੂ ਨਹੀਂ ਹੋਇਆ।

# ਸ਼ਾਂਤ ਭਵਨ ਫਿਊਨਰਲ ਹੋਮ ਜਲਦ ਹੋਵੇਗਾ ਕਮਿਊਨਟੀ ਹਵਾਲੇ

**ਫਰਿਜ਼ਨੋ (ਬਿਊਰੋ):** ਸਥਾਨਕ ਸ਼ਾਂਤ ਭਵਨ ਫਿਊਨਰਲ ਹੋਮ ਜਲਦ ਹੀ ਇਕ ਨਾਨ ਪ੍ਰਾਫਿਟ ਸੰਸਥਾ ਬਣਾ ਕੇ ਇਕ ਨਵੀਂ ਸਾਂਝੀ ਕਮੇਟੀ ਦੇ ਹਵਾਲੇ ਕੀਤਾ ਜਾਵੇਗਾ। ਇਸ ਸਬੰਧੀ ਫੈਸਲਾ ਪਿਛਲੇ ਦਿਨੀਂ ਪ੍ਰਬੰਧਕ ਕਮੇਟੀ ਦੀ ਸ਼ਾਂਤ ਭਵਨ ਵਿਚ ਹੋਈ ਇਕ ਮੀਟਿੰਗ ਵਿਚ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਇਹ ਸੰਸਥਾ ਪਿਛਲੇ ਕੁਝ ਸਾਲਾਂ ਤੋਂ ਡਾ. ਬੂਟਾ ਸਿੰਘ ਦੀ ਸਰਪ੍ਰਸਤੀ ਹੇਠ ਸੈਂਟਰਲ ਵੈਲੀ ਦੇ ਲੋਕਾਂ ਦੀਆਂ ਅੰਤਮ ਰਸਮਾਂ ਸਬੰਧੀ ਲੋੜਾਂ ਪੂਰੀਆਂ ਕਰਦੀ ਆ ਰਹੀ ਹੈ।

ਮੀਟਿੰਗ ਵਿਚ ਬੋਲਦਿਆਂ ਡਾ. ਬੂਟਾ ਸਿੰਘ ਨੇ ਕਿਹਾ ਕਿ ਆਪਣੇ ਰੁਝੇਵਿਆਂ ਕਾਰਨ ਉਹ ਫਿਊਨਰਲ ਹੋਮ ਲਈ ਬਹੁਤਾ ਸਮਾਂ ਨਹੀਂ ਕੱਢ ਪਾ ਰਹੇ ਇਸ ਕਰਕੇ ਉਹ ਚਾਹੁੰਦੇ ਹਨ ਕਿ ਇਸ ਦਾ ਪ੍ਰਬੰਧ ਪੰਜਾਬੀ ਕਮਿਊਨਟੀ ਵਿਚੋਂ ਹੀ ਪ੍ਰਬੰਧਕ ਕਮੇਟੀ ਬਣਾ ਕੇ ਉਸ ਨੂੰ ਸੌਂਪਿਆ ਜਾਵੇ। ਇਹ ਤਜਵੀਜ਼ ਹਾਜ਼ਰ ਸੱਜਣਾਂ ਨੇ ਬਹੁਮੱਤ ਨਾਲ ਪਾਸ ਕਰ ਦਿੱਤੀ।

ਜ਼ਿਕਰਯੋਗ ਹੈ ਕਿ ਇਹ ਫਿਊਨਰਲ ਹੋਮ ਪੂਰੇ ਅਮਰੀਕਾ ਵਿਚ ਪੰਜਾਬੀਆਂ ਦਾ ਪਹਿਲਾ ਆਪਣਾ ਫਿਊਨਰਲ ਹੋਮ ਹੈ ਅਤੇ ਇਹ ਸਾਰੇ ਏਸ਼ੀਆਈ ਲੋਕਾਂ ਦਾ ਸਾਂਝਾ ਹੈ। ਪ੍ਰਬੰਧਕ ਕਮੇਟੀ ਦੇ ਇਕ ਨੁਮਾਇੰਦੇ ਅਜੀਤ ਸਿੰਘ ਗਿੱਲ ਨੇ ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ ਕਿ 7 ਅਕਤੂਬਰ, ਬੁਧਵਾਰ ਨੂੰ ਸ਼ਾਮੀਂ ਸਾਢੇ ਪੰਜ ਵਜੇ ਨਵੀਂ ਕਮੇਟੀ ਚੁਣਨ ਸਬੰਧੀ ਹੋ ਰਹੀ ਮੀਟਿੰਗ ਵਿਚ ਉਹ ਜ਼ਰੂਰ ਪਹੁੰਚਣ।


ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?

ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

Homeopathic natural medicines supply


Gurdip Singh Sandhu

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200

Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)



ਕਮਾਲ ਬਈ ਕਮਾਲ!

ਐਚ ਡੀ ਅਤੇ ਆਈ ਪੀ ਕੈਮਰਿਆਂ ਦੀਆਂ ਬਹੁਤ ਹੀ ਵਾਜਬ ਕੀਮਤਾਂ
ਪੀ ਓ ਐਸ ਅਤੇ ਕੈਸ਼ ਰਜਿਸਟਰ ਲਈ ਇੰਟਰਫੇਸ ਉਪਲਬਧ ਹੈ



Upgrade your Security Cameras to High Definition at very reasonable prices




For a Free Demo of our new HD Cameras
Please Contact us: Balbir S Sidhu
209-495-3905 (Cell)
www.dvrunlimited.com
Toll Free (888) 233-4566

DVRunlimited Inc.

Installation Available

# ਸੜਕ ਹਾਦਸਿਆਂ ਵਿਚ ਮੌਤਾਂ ਬਾਰੇ ਪੰਜਾਬ ਹੋਇਆ ਬਦਨਾਮ

**ਚੰਡੀਗੜ੍ਹ:** ਸੜਕ ਹਾਦਸਿਆਂ ਤੇ ਇਨ੍ਹਾਂ ਵਿਚ ਹੋਣ ਵਾਲੀਆਂ ਮੌਤਾਂ ਦੀ ਦਰ ਪੱਖੋਂ ਪੰਜਾਬ ਤੇ ਹਰਿਆਣਾ ਮੁਲਕ ਦੇ ਪਹਿਲੇ 13 ਸੂਬਿਆਂ ਵਿਚ ਆਉਂਦੇ ਹਨ ਜਦੋਂਕਿ ਮੌਤਾਂ ਪੱਖੋਂ ਪੰਜਾਬ ਦਾ ਦੂਜਾ ਨੰਬਰ ਹੈ। ਸੜਕੀ ਆਵਾਜਾਈ ਬਾਰੇ ਮੰਤਰਾਲੇ ਵੱਲੋਂ ਹਾਲ ਹੀ ਵਿਚ ਸੜਕ ਹਾਦਸਿਆਂ ਸਬੰਧੀ ਜਾਰੀ ਕੀਤੀ ਰਿਪੋਰਟ ਦੇ ਅੰਕੜੇ ਸਮੁੱਚੇ ਮੁਲਕ, ਵਿਸ਼ੇਸ਼ ਕਰਕੇ ਪੰਜਾਬ ਲਈ ਅੱਖਾਂ ਖੋਲ੍ਹਣ ਵਾਲੇ ਹਨ। ਰਿਪੋਰਟ ਅਨੁਸਾਰ ਮੁਲਕ ਦੀਆਂ ਸੜਕਾਂ ਉੱਤੇ ਹਰ ਇਕ ਘੰਟੇ ਵਿਚ 50 ਹਾਦਸੇ ਵਾਪਰਦੇ ਹਨ ਜਿਨ੍ਹਾਂ ਵਿਚ 16 ਵਿਅਕਤੀਆਂ ਦੀਆਂ ਜਾਨਾਂ ਚਲੀਆਂ ਜਾਂਦੀਆਂ ਹਨ। ਇਸ ਰਿਪੋਰਟ ਅਨੁਸਾਰ ਪਿਛਲੇ ਇਕ ਸਾਲ ਦੌਰਾਨ ਮੁਲਕ ਦੇ 1.39 ਲੱਖ ਵਿਅਕਤੀ ਸੜਕ ਹਾਦਸਿਆਂ ਵਿਚ ਆਪਣੀਆਂ ਜਾਨਾਂ ਗੁਆ ਬੈਠੇ ਹਨ ਜਿਨ੍ਹਾਂ ਵਿਚ ਇਕੱਲੇ ਪੰਜਾਬ ਵਿਚ ਹੀ 4621 ਵਿਅਕਤੀ ਮਾਰੇ ਗਏ। ਮੌਤਾਂ ਤੋਂ ਇਲਾਵਾ ਪਿਛਲੇ ਢਾਈ ਸਾਲਾਂ ਦੌਰਾਨ ਪੰਜਾਬ ਦੇ 10,653 ਲੋਕ ਸੜਕ ਹਾਦਸਿਆਂ ਵਿਚ ਜ਼ਖ਼ਮੀ ਹੋਏ।

ਕੇਂਦਰੀ ਸੜਕੀ ਆਵਾਜਾਈ ਮੰਤਰਾਲੇ ਦੀ ਇਹ ਰਿਪੋਰਟ ਜਿਥੇ ਪੰਜਾਬ ਸਰਕਾਰ ਦੇ ਸੁਰੱਖਿਅਤ ਸਫ਼ਰ ਸਬੰਧੀ ਕੀਤੇ ਜਾਂਦੇ ਦਾਅਵਿਆਂ ਦੀ ਪੋਲ ਖੋਲ੍ਹਦੀ ਹੈ, ਉਥੇ ਸੂਬੇ ਦੀਆਂ ਸੜਕਾਂ ਦੀ ਮਾੜੀ ਹਾਲਤ ਵੀ ਬਿਆਨਦੀ ਹੈ ਜਿਹੜੀਆਂ ਸੜਕ ਹਾਦਸਿਆਂ ਦਾ ਮੁੱਖ ਕਾਰਨ ਬਣ ਕੇ ਸਾਹਮਣੇ ਆ ਰਹੀਆਂ ਹਨ। ਕੌਮੀ ਤੇ ਸੂਬਾਈ ਰਾਜ ਮਾਰਗਾਂ ਸਮੇਤ ਸੂਬੇ ਦੀ ਕੋਈ ਵੀ ਸੜਕ ਅਜਿਹੀ ਨਹੀਂ ਜਿਹੜੀ ਡੂੰਘੇ ਟੋਇਆਂ, ਨਾਕਸ ਪੁਲਾਂ ਤੇ ਹਾਦਸਿਆਂ ਤੇ ਮੌਤਾਂ ਦਾ ਕਾਰਨ ਬਣਨ ਵਾਲੀਆਂ ਅਸੁਰੱਖਿਅਤ ਥਾਵਾਂ ਨਾਲ 'ਲੈਸ' ਨਾ ਹੋਵੇ। ਕਈ ਵੱਡੇ ਹਾਦਸੇ ਵਾਪਰਨ ਦੇ ਬਾਵਜੂਦ ਸ਼ਨਾਖ਼ਤ ਕੀਤੀਆਂ ਗਈਆਂ ਅਸੁਰੱਖਿਅਤ ਥਾਵਾਂ ਨੂੰ ਸੁਰੱਖਿਅਤ ਬਣਾਉਣ ਲਈ ਸੂਬਾ ਸਰਕਾਰ ਵੱਲੋਂ ਕੋਈ ਠੋਸ ਨੀਤੀ ਤੇ ਕਾਰਜ ਯੋਜਨਾ ਨਹੀਂ ਉਲੀਕੀ ਗਈ। ਸੜਕਾਂ ਉੱਤੇ ਪਏ ਖੱਡਿਆਂ ਨੂੰ ਨਾਲ ਦੀ ਨਾਲ ਭਰਨ, ਤੰਗ ਪੁਲਾਂ ਨੂੰ ਚੌੜਾ ਕਰਨ ਤੇ ਬਰਮਾਂ ਨੂੰ ਮਜ਼ਬੂਤ ਕਰਨ ਜਿਹੇ ਲੋੜੀਂਦੇ ਕਦਮ ਵੀ ਸਰਕਾਰ ਦੇ ਲੋਕ ਨਿਰਮਾਣ ਵਿਭਾਗ ਵੱਲੋਂ ਸਮੇਂ ਸਿਰ ਨਹੀਂ ਚੁੱਕੇ ਜਾਂਦੇ।

ਅਧਿਓਂ ਬਹੁਤੇ ਪੰਜਾਬ ਦੀਆਂ ਸੜਕਾਂ ਟੋਲ ਵਾਲੀਆਂ ਬਣਾਉਣ ਦੇ ਬਾਵਜੂਦ ਉਨ੍ਹਾਂ ਦੀ ਹਾਲਤ ਵਿਚ ਕੋਈ ਗੁਣਾਤਮਕ ਸੁਧਾਰ ਨਹੀਂ ਦਿਸ ਰਿਹਾ ਪਰ ਟੋਲ ਪਲਾਜ਼ਿਆਂ ਦੇ ਠੇਕੇਦਾਰਾਂ ਵੱਲੋਂ ਲੋਕਾਂ ਦੀਆਂ ਜੇਬਾਂ ਜ਼ਰੂਰ ਹੌਲੀਆਂ ਕੀਤੀਆਂ ਜਾ ਰਹੀਆਂ ਹਨ। ਟਰੈਫ਼ਿਕ ਪੁਲਿਸ ਭ੍ਰਿਸ਼ਟਾਚਾਰ ਦੇ ਤਾਣੇ-ਬਾਣੇ ਦੀ ਸ਼ਿਕਾਰ ਹੋ ਚੁੱਕੀ ਹੈ ਜਿਸ ਕਰਕੇ ਉਹ ਟਰੈਫ਼ਿਕ ਨਿਯਮ ਸਖ਼ਤੀ ਨਾਲ ਲਾਗੂ ਕਰਨ ਵਿਚ ਅਸਫ਼ਲ ਸਿੱਧ ਹੋ ਰਹੀ ਹੈ। ਸੜਕ ਹਾਦਸਿਆਂ ਨਾਲ ਹਰ ਸਾਲ ਮੁਲਕ ਨੂੰ 6500 ਕਰੋੜ ਦਾ ਆਰਥਿਕ ਨੁਕਸਾਨ ਵੀ ਹੁੰਦਾ ਹੈ ਜੋ ਕਿ ਕੁੱਲ ਕੌਮੀ ਆਮਦਨ ਦਾ ਤਿੰਨ ਫ਼ੀਸਦੀ ਬਣਦਾ ਹੈ।

### ਸੜਕੀ ਆਵਾਜਾਈ ਬਾਰੇ ਰਿਪੋਰਟ 'ਚ ਅਹਿਮ ਖੁਲਾਸੇ




#### 78 ਫੀਸਦੀ ਹਾਦਸਿਆਂ ਲਈ ਡਰਾਈਵਰ ਜ਼ਿੰਮੇਵਾਰ

ਸੜਕ ਹਾਦਸਿਆਂ ਦੇ ਭਾਵੇਂ ਦਰਜਨਾਂ ਕਾਰਨ ਸਾਹਮਣੇ ਆਉਂਦੇ ਹਨ ਪਰ ਇਸ ਰਿਪੋਰਟ ਅਨੁਸਾਰ 78 ਫ਼ੀਸਦੀ ਹਾਦਸੇ ਡਰਾਈਵਰਾਂ ਦੀ ਗ਼ਲਤੀ ਕਾਰਨ ਵਾਪਰਦੇ ਹਨ। ਡਰਾਈਵਰਾਂ ਵੱਲੋਂ ਨਸ਼ੇ ਦੀ ਵਰਤੋਂ ਕਰਨ, ਟਰੈਫ਼ਿਕ ਨਿਯਮਾਂ ਦੀ ਪਾਲਣਾ ਨਾ ਕਰਨ ਤੇ ਤੇਜ਼ ਰਫ਼ਤਾਰ ਨਾਲ ਗੱਡੀ ਚਲਾਉਣ ਨੂੰ ਸੜਕ ਹਾਦਸਿਆਂ ਦਾ ਮੁੱਖ ਕਾਰਨ ਮੰਨਿਆ ਜਾਂਦਾ ਹੈ।

#### ਲੁਧਿਆਣਾ ਤੇ ਅੰਮ੍ਰਿਤਸਰ ਵੱਧ ਪ੍ਰਭਾਵਿਤ

ਸੜਕ ਹਾਦਸਿਆਂ ਦੀ ਭਿਆਨਕਤਾ ਵਧੇਰੇ ਚਿੰਤਾ ਵਾਲੀ ਇਸ ਕਰਕੇ ਵੀ ਹੈ ਕਿਉਂਕਿ ਇਨ੍ਹਾਂ ਵਿਚ ਮਰਨ ਤੇ ਜ਼ਖ਼ਮੀ ਹੋਣ ਵਾਲਿਆਂ ਵਿਚੋਂ ਅਧਿਓਂ ਬਹੁਤੇ 15-35 ਸਾਲ ਉਮਰ ਗਰੁੱਪ ਦੇ ਸਨ। ਸੜਕ ਹਾਦਸਿਆਂ ਤੋਂ ਪ੍ਰਭਾਵਿਤ ਮੁਲਕ ਦੇ ਵੱਡੇ ਸ਼ਹਿਰਾਂ ਵਿਚ ਪੰਜਾਬ ਦੇ ਲੁਧਿਆਣਾ ਤੇ ਅੰਮ੍ਰਿਤਸਰ ਸ਼ਾਮਲ ਹਨ।

# ਡੇਰਾ ਸਿਰਸਾ ਬਾਰੇ ਫੈਸਲਾ ਨਾ ਬਦਲਣ 'ਤੇ ਜਥੇਦਾਰਾਂ ਦੇ ਬਾਈਕਾਟ ਦਾ ਸੱਦਾ

**ਨਿਊ ਯਾਰਕ (ਬਿਊਰੋ):** ਸਿੱਖ ਜਥੇਬੰਦੀ ਅਮੈਰਿਕਨ ਸਿੱਖ ਆਰਗੇਨਾਈਜੇਸ਼ਨ (ਏ ਐਸ ਓ) ਨੇ ਕਿਹਾ ਹੈ ਕਿ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮੁਆਫੀਨਾਮਾ ਦੇਣ ਦਾ ਅਕਾਲ ਤਖਤ ਦਾ ਫੈਸਲਾ ਸਿਆਸੀ ਹਿੱਤਾਂ ਤੋਂ ਪ੍ਰੇਰਿਤ ਹੈ ਅਤੇ ਇਹ ਹਿੰਦੂਤਵੀ ਤਾਕਤਾਂ ਦੇ ਦਬਾਅ ਹੇਠ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਮੁਖ ਰਖ ਕੇ ਬਾਦਲ ਪਰਿਵਾਰ ਦੇ ਇਸ਼ਾਰੇ 'ਤੇ ਲਿਆ ਗਿਆ ਹੈ।

ਜਥੇਬੰਦੀ ਵਲੋਂ ਜਾਰੀਇਕ ਬਿਆਨ ਵਿਚ ਦੋਸ਼ ਲਾਇਆ ਗਿਆ ਹੈ ਕਿ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਹਮੇਸ਼ਾਂ ਹੀ ਹਿੰਦੂਤਵੀ ਲਾਬੀ ਦੀਆਂ ਅੱਖਾਂ ਵਿੱਚ ਰੜਕਦੀ ਰਹੀ ਹੈ ਅਤੇ ਇਹ ਤਾਕਤਾਂ ਹਮੇਸ਼ਾਂ ਹੀ ਅਜਿਹੇ ਮੌਕੇ ਦੀ ਭਾਲ ਵਿੱਚ ਰਹੀਆਂ ਹਨ ਜਿਸ ਨਾਲ ਆਪਣੇ ਕਾਰਿੰਦਿਆਂ ਰਾਹੀਂ ਅਕਾਲ ਤਖਤ ਦੇ ਸਿਧਾਤਾਂ ਨੂੰ ਭਾਰੀ ਸੱਟ ਮਾਰੀ ਜਾ ਸਕੇ ਅਤੇ ਜਿਸ ਨਾਲ ਸਿੱਖਾਂ ਅੰਦਰ ਖਾਨਾਜੰਗੀ ਦੀ ਸਥਿਤੀ ਬਣ ਜਾਵੇ, ਸਿਰਸੇ ਵਾਲੇ ਪਾਖੰਡੀ ਦਾ ਅਖੌਤੀ ਮੁਆਫੀਨਾਮਾ ਇਸੇ ਕੜੀ ਦਾ ਹੀ ਹਿੱਸਾ ਹੈ।

ਏ ਐਸ ਓ ਦੇ ਆਗੂਆਂ ਭਾਈ ਦਵਿੰਦਰ ਸਿੰਘ, ਦੀਦਾਰ ਸਿੰਘ ਕੈਲੀਫੋਰਨੀਆ, ਸੁਖਦੇਵ ਸਿੰਘ ਨਾਗਰਾ, ਇੰਦਰਜੀਤ ਸਿੰਘ ਸਿਆਟਲ, ਦਲਜੀਤ ਸਿੰਘ ਪੋਰਟਲੈਂਡ, ਲਾਲ ਸਿੰਘ, ਸਤਪ੍ਰਕਾਸ ਸਿੰਘ, ਚਰਨਜੀਤ ਸਿੰਘ ਸਮਰਾ, ਸੁਖਵੀਰ ਸਿੰਘ, ਕਰਨੈਲ ਸਿੰਘ ਨਿਊ ਯਾਰਕ, ਭੁਪਿੰਦਰ ਸਿੰਘ ਵਰਜੀਨੀਆ, ਨਵਜੋਤ ਸਿੰਘ ਅਰਕਨਸਾਸ, ਜਸਦੀਪ ਸਿੰਘ ਜੱਸੀ ਅਤੇ ਅਮਰਦੀਪ ਸਿੰਘ ਅਮਰ ਇੰਡੀਆਨਾ ਵਲੋਂ ਜਾਰੀ ਇਸ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਸ਼ਾਇਦ ਇਹ ਇਤਿਹਾਸ ਵਿਚ ਪਹਿਲੀ ਵਾਰ ਹੈ ਕਿ ਅਕਾਲ ਤਖਤ ਤੋਂ ਜਾਰੀ ਕੀਤਾ ਗਿਆ ਹੁਕਮਨਾਮਾ ਵਾਪਸ ਲਿਆ ਜਾਵੇ, ਉਹ ਵੀ ਅਜਿਹੀ ਨਮੋਸ਼ੀ ਦੀ ਹਾਲਤ ਵਿਚ ਜਿਥੇ ਅਪਰਾਧੀ ਨੂੰ ਧੱਕੇ ਨਾਲ ਮੁਆਫ ਕੀਤਾ ਗਿਆ ਹੋਵੇ। ਜਥੇਬੰਦੀ ਨੇ ਇਸ ਨੂੰ ਖਾਲਸਾ-ਪੰਥ ਨਾਲ ਵੱਡਾ ਧੋਖਾ ਕਰਾਰ ਦਿਤਾ ਹੈ।

ਬਿਆਨ ਅਨੁਸਾਰ 2007 ਵਾਲੇ ਹੁਕਮ 'ਤੇ ਪਹਿਰਾ ਦਿੰਦਿਆਂ ਆਪਣੀਆਂ ਜਾਨਾਂ ਵਾਰ ਗਏ ਸ਼ਹੀਦ ਕਮਲਜੀਤ ਸਿੰਘ, ਹਰਮਿੰਦਰ ਸਿੰਘ ਅਤੇ ਬਲਕਾਰ ਸਿੰਘ ਦੇ ਪਰਿਵਾਰਾਂ ਨਾਲ ਵੱਡਾ ਵਿਸਾਹਘਾਤ ਹੈ ਅਤੇ ਬਾਦਲ ਪਰਿਵਾਰ ਲਈ 2017 ਦੀਆਂ ਚੋਣਾਂ ਲਈ ਸੁਭ ਸ਼ਗਨ ਹੈ। ਉਨ੍ਹਾਂ ਕਿਹਾ ਕਿ ਕਿ ਇਨ੍ਹਾਂ ਅਖੌਤੀ ਜਥੇਦਾਰਾਂ ਦੀ ਜਮੀਰ ਮਰ ਚੁੱਕੀ ਹੈ ਅਤੇ ਅਸਲ ਵਿਚ ਇਹ ਕੌਮ ਦੇ ਜਥੇਦਾਰ ਨਹੀਂ, ਇਹ ਤਾਂ ਆਰ ਐਸ ਐਸ ਦੇ ਹੱਥਠੋਕੇ ਤੇ ਬਾਦਲਾਂ ਦੇ ਵਫਾਦਾਰ ਸਿਪਾਹੀ ਹਨ, ਜੋ ਇਨ੍ਹਾਂ ਰਾਹੀਂ ਆਪਣੀ ਰਾਜਸੀ ਹਵਸ਼ ਪੂਰੀ ਕਰਦੇ ਹਨ। ਜਥੇਬੰਦੀ ਨੇ ਸੱਦਾ ਦਿਤਾ ਹੈ ਕਿ ਸਿੱਖ ਕੌਮ ਇਨ੍ਹਾਂ ਦਾ ਪੂਰਨ ਤੌਰ ਤੇ ਬਾਈਕਾਟ ਕਰੇ। ਹੁਣ ਸਮਾ ਆ ਗਿਆ ਹੈ ਕਿ ਇੱਕ ਹੋਰ ਗੁਰਦੁਆਰਾ ਸੁਧਾਰ ਲਹਿਰ ਸੂਰੂ ਕੀਤੀ ਜਾਵੇ ਅਤੇ ਸਰਬੱਤ ਖਾਲਸਾ ਸੱਦ ਕੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਦੀ ਨਿਯੁਕਤੀ ਦੀ ਤਰਜ 'ਤੇ ਸਰਬਸੰਮਤੀ ਨਾਲ ਕੌਮ ਦੇ ਸੂਰਬੀਰ ਜਰਨੈਲ ਜਗਤਾਰ ਸਿੰਘ ਹਵਾਰਾ ਨੂੰ ਅਕਾਲ ਤਖਤ ਸਾਹਿਬ ਦਾ ਜਥੇਦਾਰ ਥਾਪਿਆ ਜਾਵੇ।

# ਭਾਸ਼ਾ ਵਿਭਾਗ ਦੇ ਇਨਾਮਾਂ ਦਾ ਐਲਾਨ

**ਚੰਡੀਗੜ੍ਹ:** ਭਾਸ਼ਾ ਵਿਭਾਗ ਪੰਜਾਬ ਦੇ ਰਾਜ ਸਲਾਹਕਾਰ ਬੋਰਡ ਨੇ ਸਾਲ 2012, 2013 ਤੇ 2014 ਲਈ ਸ਼੍ਰੋਮਣੀ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਹੈ।

ਪੰਜਾਬੀ ਭਾਸ਼ਾ ਦਾ ਸਿਰਮੌਰ ਪੁਰਸਕਾਰ ਪੰਜਾਬੀ ਸਾਹਿਤ ਰਤਨ ਲਈ ਉਘੇ ਲੇਖਕ ਕਿਰਪਾਲ ਸਿੰਘ ਕਸੇਲ, ਨਾਟਕਕਾਰ ਅਜਮੇਰ ਔਲਖ ਅਤੇ ਨਿਰੰਜਣ ਸਿੰਘ ਤਸਨੀਮ ਨੂੰ ਚੁਣਿਆ ਗਿਆ ਹੈ। ਉਨ੍ਹਾਂ ਨੂੰ 10-10 ਲੱਖ ਰੁਪਏ ਦਾ ਨਕਦ ਇਨਾਮ ਦਿੱਤਾ ਜਾਵੇਗਾ। ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ ਮੋਹਨ ਭੰਡਾਰੀ, ਬਲਦੇਵ ਸਿੰਘ ਸੜਕਨਾਮਾ ਤੇ ਅਵਤਾਰ ਸਿੰਘ ਬਲਿੰਗ ਨੂੰ ਦਿੱਤਾ ਜਾਵੇਗਾ।

ਉਚੇਰੀ ਸਿੱਖਿਆ ਤੇ ਭਾਸ਼ਾਵਾਂ ਬਾਰੇ ਮੰਤਰੀ ਸੁਰਜੀਤ ਸਿੰਘ ਰੱਖੜਾ ਦੀ ਪ੍ਰਧਾਨਗੀ ਹੇਠ ਮੰਗਲਵਾਰ ਨੂੰ ਇਥੇ ਰਾਜ ਭਾਸ਼ਾ ਸਲਾਹਕਾਰ ਬੋਰਡ ਦੀ ਹੋਈ ਮੀਟਿੰਗ ਵਿਚ ਕੁਝ ਐਵਾਰਡਾਂ ਬਾਰੇ ਤਿੱਖੀ ਬਹਿਸ ਬਾਅਦ ਇਨ੍ਹਾਂ ਪੁਰਸਕਾਰਾਂ ਲਈ ਚੁਣੀਆਂ ਸ਼ਖ਼ਸੀਅਤਾਂ ਦਾ ਐਲਾਨ ਕੀਤਾ ਗਿਆ। ਸ੍ਰੀ ਰੱਖੜਾ ਨੇ ਦੱਸਿਆ ਕਿ ਹਰ ਵਰਗ ਵਿਚ ਤਿੰਨ ਜੇਤੂਆਂ ਦਾ ਐਲਾਨ ਕੀਤਾ ਗਿਆ ਹੈ। 18 ਵੰਨਗੀਆਂ 'ਚ 54 ਸ਼ਖ਼ਸੀਅਤਾਂ ਨੂੰ ਤਿੰਨ ਸਾਲਾਂ ਲਈ ਸ਼੍ਰੋਮਣੀ ਪੁਰਸਕਾਰਾਂ ਲਈ ਚੁਣਿਆ ਗਿਆ ਹੈ। ਇਸ ਤੋਂ ਇਲਾਵਾ ਛੇ ਹੋਰ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਪੁਰਸਕਾਰ ਦਿੱਤੇ ਜਾਣਗੇ। ਕੁੱਲ ਮਿਲਾ ਕੇ 60 ਸ਼ਖ਼ਸੀਅਤਾਂ ਨੂੰ 2.92 ਕਰੋੜ ਰੁਪਏ ਦੇ ਨਕਦ ਇਨਾਮ ਦਿੱਤੇ ਜਾਣਗੇ।

ਸ਼੍ਰੋਮਣੀ ਹਿੰਦੀ ਸਾਹਿਤਕਾਰ ਲਈ ਮਾਧਵ ਕੌਸ਼ਿਕ, ਤਰਸੇਮ ਗੁਜਰਾਲ ਤੇ ਮੋਹਨ ਸਪਰਾ; ਸ਼੍ਰੋਮਣੀ ਉਰਦੂ ਸਾਹਿਤਕਾਰ ਪੁਰਸਕਾਰ ਲਈ ਮਹੇਸ਼ ਪਟਿਆਲਵੀ, ਮੁਹੰਮਦ ਇਕਬਾਲ ਤੇ ਰੇਨੂੰ ਬਹਿਲ ਦੀ ਚੋਣ ਕੀਤੀ ਗਈ ਹੈ।

ਸ਼੍ਰੋਮਣੀ ਸੰਸਕ੍ਰਿਤ ਸਾਹਿਤਕਾਰ ਪੁਰਸਕਾਰ ਲਈ ਸ਼ਸ਼ੀਧਰ ਸ਼ਰਮਾ, ਭੂਸ਼ਨ ਲਾਲ ਸ਼ਰਮਾ ਤੇ ਲੇਖ ਰਾਮ ਪਰਵਾਨਾ, ਸ਼੍ਰੋਮਣੀ ਪੰਜਾਬੀ ਕਵੀ ਲਈ ਜਸਵਿੰਦਰ, ਗੁਰਭਜਨ ਗਿੱਲ ਤੇ ਕੁਲਵੰਤ ਸਿੰਘ ਗਰੇਵਾਲ, ਸ਼੍ਰੋਮਣੀ ਪੰਜਾਬੀ ਆਲੋਚਕ/ਖੋਜ ਸਾਹਿਤਕਾਰ ਲਈ ਡਾ. ਸੁਰਜੀਤ ਸਿੰਘ ਭੱਟੀ, ਡਾ. ਬਲਕਾਰ ਸਿੰਘ ਤੇ ਡਾ. ਤੇਜਵੰਤ ਗਿੱਲ, ਸ਼੍ਰੋਮਣੀ ਪੰਜਾਬੀ ਗਿਆਨ ਸਾਹਿਤਕਾਰ ਪੁਰਸਕਾਰ ਲਈ ਬਲਵੰਤ ਸਿੰਘ ਕੋਠਾਗੁਰੂ, ਡਾ. ਕਿਰਪਾਲ ਸਿੰਘ ਤੇ ਪ੍ਰੋ. ਅੱਛਰੂ ਸਿੰਘ, ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਵਿਦੇਸ਼ੀ) ਲਈ ਕੇਸਰ ਸਿੰਘ ਨੀਰ, ਗੁਰਬਖ਼ਸ਼ ਸਿੰਘ ਭੰਡਾਲ ਤੇ ਅਜੀਤ ਸਿੰਘ ਰਾਹੀ, ਸ਼੍ਰੋਮਣੀ ਪੰਜਾਬੀ ਸਾਹਿਤਕਾਰ (ਪੰਜਾਬ ਤੋਂ ਬਾਹਰ) ਲਈ ਚੰਦਨ ਨੇਗੀ, ਰਸ਼ਪਿੰਦਰ ਰਸ਼ਿਮ ਤੇ ਖਾਲਿਦ ਹੁਸੈਨ, ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਲਈ ਸੰਤੋਸ਼ ਸਾਹਨੀ, ਆਤਮਾ ਸਿੰਘ ਚਿੱਟੀ ਅਤੇ ਅਮਰੀਕ ਸਿੰਘ ਤਲਵੰਡੀ ਦੀ ਚੋਣ ਕੀਤੀ ਗਈ ਹੈ।

ਸ਼੍ਰੋਮਣੀ ਪੰਜਾਬੀ ਪੱਤਰਕਾਰ ਪੁਰਸਕਾਰ ਅਮਰ ਸਿੰਘ ਭੁੱਲਰ, ਹਰਜਿੰਦਰ ਸਿੰਘ ਲਾਲ ਅਤੇ ਭੂਸ਼ਨ ਸੂਦ ਜਦੋਂ ਕਿ ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ ਪੁਰਸਕਾਰ ਨਰਿੰਜਨ ਸਿੰਘ ਸਾਥੀ, ਸੁਸ਼ੀਲ ਦੁਸਾਂਝ ਤੇ ਵਰਿੰਦਰ ਵਾਲੀਆ ਨੂੰ ਦੇਣ ਦਾ ਫ਼ੈਸਲਾ ਕੀਤਾ ਗਿਆ।

ਸ਼੍ਰੋਮਣੀ ਰਾਗੀ ਲਈ ਭਾਈ ਹਰੀ ਸਿੰਘ, ਪ੍ਰੋ. ਕਰਤਾਰ ਸਿੰਘ ਤੇ ਭਾਈ ਜਸਵੰਤ ਸਿੰਘ, ਸ਼੍ਰੋਮਣੀ ਢਾਡੀ/ਕਵੀਸ਼ਰ ਲਈ ਬ੍ਰਿਜ ਲਾਲ ਧੌਲਾ, ਮਹਿੰਦਰ ਸਿੰਘ ਸਿਬੀਆ ਤੇ ਦੇਰ ਰਾਜ ਲਚਕਾਣੀ, ਸ਼੍ਰੋਮਣੀ ਪੰਜਾਬੀ ਟੈਲੀਵਿਜ਼ਨ/ਰੇਡੀਓ/ਫਿਲਮ ਪੁਰਸਕਾਰ ਲਈ ਬੂਟਾ ਸਿੰਘ ਸ਼ਾਦ, ਸਤੀਸ਼ ਕੌਲ ਤੇ ਬਲਦੇਵ ਗਿੱਲ, ਸ਼੍ਰੋਮਣੀ ਪੰਜਾਬੀ ਨਾਟਕ/ਥਿਏਟਰ ਪੁਰਸਕਾਰ ਲਈ ਦਵਿੰਦਰ ਦਮਨ, ਗੁਰਚਰਨ ਚੰਨੀ ਤੇ ਪਾਲੀ ਭੁਪਿੰਦਰ ਅਤੇ ਸ਼੍ਰੋਮਣੀ ਪੰਜਾਬੀ ਗਾਇਕ/ਸੰਗੀਤਕਾਰ ਲਈ ਮੁਹੰਮਦ ਸਦੀਕ, ਗੁਰਦਾਸ ਮਾਨ ਤੇ ਸੁਰਿੰਦਰ ਛਿੰਦਾ ਨੂੰ ਚੁਣਿਆ ਗਿਆ ਹੈ।

ਇਸ ਤੋਂ ਇਲਾਵਾ ਛੇ ਹੋਰ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਪੁਰਸਕਾਰ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਨ੍ਹਾਂ ਵਿਚ ਦਵਿੰਦਰ ਸਿੰਘ (ਚਿੱਤਰਕਾਰ) ਤੇ ਰਘਬੀਰ ਸਿੰਘ ਬੈਂਸ ਨੂੰ ਡੇਢ-ਡੇਢ ਲੱਖ ਰੁਪਏ, ਪੰਡਿਤ ਰਾਓ ਧਰੇਸਨਵਰ, ਰਣਜੀਤ ਰਾਣਾ, ਮਲਕੀਤ ਸਿੰਘ ਗੁਆਰਾ ਤੇ ਬਚਨ ਸਿੰਘ ਸਰਲ ਨੂੰ 1-1 ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ।

# ਘਰਾਂ ਤੇ ਵਾਹਨਾਂ ਲਈ ਕਰਜ਼ੇ ਸਸਤੇ ਹੋਏ

**ਮੁੰਬਈ:** ਭਾਰਤੀ ਰਿਜ਼ਰਵ ਬੈਂਕ ਨੇ ਮੁੱਖ ਨੀਤੀਗਤ ਦਰ (ਰੈਪੋ ਰੇਟ) ਵਿਚ 0.50 ਫੀਸਦੀ ਕਟੌਤੀ ਕਰ ਦਿੱਤੀ ਜਿਸ ਨਾਲ ਘਰ, ਵਾਹਨ ਤੇ ਕੰਪਨੀਆਂ ਲਈ ਕਰਜ਼ੇ ਹੋਰ ਸਸਤੇ ਹੋਣ ਦਾ ਰਾਹ ਖੁੱਲ੍ਹ ਗਿਆ ਹੈ। ਐਸ.ਬੀ.ਆਈ. ਨੇ ਵਿਆਜ ਦਰਾਂ 0.4 ਫੀਸਦ ਦੀ ਕੌਟਤੀ ਕਰ ਦਿੱਤੀ ਹੈ ਜੋ ਪੰਜ ਅਕਤੂਰ ਤੋਂ ਲਾਗੂ ਹੋਵੇਗੀ। ਆਂਧਰਾ ਬੈਂਕ ਨੇ ਵੀ ਵਿਆਜ ਦਰ 0.25 ਫੀਸਦ ਘੱਟ ਕਰ ਦਿੱਤੀ ਹੈ ਜਦ ਕਿ ਮੁੱਖ ਪ੍ਰਾਈਵੇਟ ਬੈਂਕਾਂ- ਆਈ.ਸੀ.ਆਈ.ਸੀ.ਆਈ. ਤੇ ਐਕਸਿਸ ਬੈਂਕ ਨੇ ਵੀ ਵਿਆਜ ਦਰਾਂ ਘਟਾਉਣ ਦੇ ਸੰਕੇਤ ਦਿੱਤੇ ਹਨ। ਇਸ ਨਾਲ ਬੱਚਤ ਖਾਤਿਆਂ ਤੇ ਮਿਆਦੀ ਜਮ੍ਹਾਂ ਰਾਸ਼ੀਆਂ 'ਤੇ ਦਿੱਤ ਜਾਂਦੇ ਵਿਆਜ ਵਿਚ ਕਮੀ ਆਵੇਗੀ। ਸਰਕਾਰ ਨੇ ਕਿਹਾ ਹੈ ਕਿ ਉਹ ਛੋਟੀਆਂ ਬੱਚਤਾਂ, ਪੀ.ਪੀ.ਐਫ. ਅਤੇ ਡਾਕਘਰਾਂ ਦੀਆਂ ਬੱਚਤਾਂ 'ਤੇ ਵਿਆਜ ਦੀਆਂ ਦਰਾਂ 'ਤੇ ਨਜ਼ਰਸਾਨੀ ਕਰੇਗੀ।

ਆਰਥਿਕਤਾ ਨੂੰ ਉਤਸ਼ਾਹਤ ਕਰਨ ਲਈ ਕੇਂਦਰੀ ਬੈਂਕ ਵੱਲੋਂ ਪਿਛਲੇ ਤਿੰਨ ਸਾਲਾਂ ਵਿਚ ਇਹ ਸਭ ਤੋਂ ਵੱਡੀ ਕਟੌਤੀ ਹੈ। ਚਾਲੂ ਵਿੱਤ ਸਾਲ ਦੀ ਮੁਦਰਾ ਨੀਤੀ ਦੀ ਚੌਥੀ ਦੋਮਾਹੀ ਸਮੀਖਿਆ ਵਿਚ ਰਿਜ਼ਰਵ ਬੈਂਕ ਨੇ ਰੈਪੋ ਦਰ, ਜਿਸ ਵਿਚ ਕੇਂਦਰੀ ਬੈਂਕ ਬੈਂਕਿੰਗ ਪ੍ਰਣਾਲੀ ਨੂੰ ਤੁਰੰਤ ਨਕਦੀ ਮੁਹੱਈਆ ਕਰਵਾਉਂਦਾ ਹੈ, 7.25 ਫੀਸਦ ਤੋਂ ਘਟ ਕੇ ਤੁਰੰਤ 6.75 ਹੋ ਗਈ ਹੈ। ਇਹ ਰੈਪੋ ਦਰ ਚਾਰ ਸਾਲਾਂ ਵਿਚ ਸਭ ਤੋਂ ਘੱਟ ਹੈ। ਪੰਜਵੀਂ ਦੋਮਾਹੀ ਮੁਦਰਾ ਨੀਤੀਗਤ ਸਮੀਖਿਆ ਪਹਿਲੀ ਦਸੰਬਰ ਨੂੰ ਹੋਵੇਗੀ। ਰਿਜ਼ਰਵ ਬੈਂਕ ਦੇ ਗਵਰਨਰ ਰਘੂਰਾਮ ਰਾਜਨ 'ਤੇ ਸਰਕਾਰ ਤੇ ਸਨਅਤਕਾਰਾਂ ਵੱਲੋਂ ਨੀਤੀਗਤ ਵਿਆਜ ਦਰਾਂ ਘਟਾਉਣ ਦਾ ਲਗਾਤਾਰ ਦਬਾਅ ਸੀ। ਮੁਦਰਾ ਨੀਤੀ ਵਿਚ ਆਸ ਤੋਂ ਵੱਧ ਕਟੌਤੀ ਕਰਨ ਨੂੰ ਸਹੀ ਕਰਾਰ ਦਿੰਦਿਆਂ ਸ੍ਰੀ ਰਾਜਨ ਨੇ ਕਿਹਾ ਕਿ ਜਨਵਰੀ ਤੱਕ ਪਰਚੂਨ ਮਹਿੰਗਾਈ ਦਰ 5.8 ਫੀਸਦ ਰਹਿ ਸਕਦੀ ਹੈ ਹੁਣ ਧਿਆਨ ਮਾਰਚ 2017 ਤੱਕ ਮਹਿੰਗਾਈ ਦਰ ਨੂੰ ਕਰੀਬ ਪੰਜ ਫੀਸਦ 'ਤੇ ਲੈ ਕੇ ਆਉਣ ਉਪਰ ਹੋਣਾ ਚਾਹੀਦਾ ਹੈ। ਇਸੇ ਦੌਰਾਨ ਅਮਰੀਕੀ ਫੈਡਰਲ ਬੈਂਕ ਵੱਲੋਂ ਵੀ ਵਿਆਜ ਦਰਾਂ ਵਿਚ ਵਾਧਾ ਟਾਲਣ ਨਾਲ ਵੀ ਸ੍ਰੀ ਰਾਜਨ ਨੂੰ ਰਾਹਤ ਮਿਲੀ ਹੈ। ਫੈਡਰਲ ਬੈਂਕ ਨੇ ਪਿਛਲੇ 9 ਮਹੀਨਿਆਂ ਵਿਚ ਵਿਆਜ ਦਰਾਂ ਨਹੀਂ ਵਧਾਈਆਂ ਤੇ ਹੁਣ ਇਸ ਦੇ ਵਧਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਸੀ।

# ਹੱਜ ਦੌਰਾਨ ਭਾਜੜ 'ਚ 35 ਭਾਰਤੀਆਂ ਸਣੇ 770 ਮੌਤਾਂ

**ਮੀਨਾ:** ਸਾਊਦੀ ਅਰਬ ਦੇ ਪਵਿਤਰ ਸ਼ਹਿਰ ਮੱਕਾ ਨੇੜੇ ਮੀਨਾ ਵਿਚ ਹੱਜ ਦੌਰਾਨ ਮਚੀ ਭਾਜੜ ਕਾਰਨ 770 ਹਾਜੀ ਮਾਰੇ ਗਏ ਤੇ 35 ਭਾਰਤੀਆਂ ਸਮੇਤ 863 ਹੋਰ ਜ਼ਖ਼ਮੀ ਹੋ ਗਏ।



ਹਾਦਸਾ ਉਸ ਸਮੇਂ ਵਾਪਰਿਆ ਜਦੋਂ ਸ਼ੈਤਾਨ ਨੂੰ ਪੱਥਰ ਮਾਰਨ ਸਮੇਂ ਹਾਜੀਆਂ ਵਿਚ ਹਫੜਾ ਦਫੜੀ ਮੱਚ ਗਈ।

ਸਾਲਾਨਾ ਹੱਜ ਯਾਤਰਾ ਦੌਰਾਨ ਪਿਛਲੇ 25 ਸਾਲਾਂ ਵਿਚ ਵਾਪਰਿਆ ਇਹ ਦੂਜਾ ਸਭ ਤੋਂ ਵੱਡਾ ਹਾਦਸਾ ਹੈ। 1990 ਵਿਚ ਪਵਿੱਤਰ ਸਥਾਨਾਂ ਨੂੰ ਜਾਂਦੀ ਸੁਰੰਗ ਵਿਚ ਭਗਦੜ ਮੱਚਣ ਕਾਰਨ 1426 ਹਾਜੀ ਮਾਰੇ ਗਏ ਸਨ। ਹਾਜੀਆਂ ਨਾਲ ਇਸ ਸਾਲ ਇਹ ਦੂਜਾ ਵੱਡਾ ਹਾਦਸਾ ਵਾਪਰਿਆ ਹੈ। ਹੱਜ ਸ਼ੁਰੂ ਹੋਣ ਤੋਂ ਕੁਝ ਦਿਨ ਪਹਿਲਾਂ ਮੱਕਾ ਦੀ ਗਰੈਂਡ ਮਸਜਿਦ ਵਿਚ ਕਰੇਨ ਡਿੱਗਣ ਕਰਕੇ 11 ਭਾਰਤੀਆਂ ਸਮੇਤ 115 ਵਿਅਕਤੀ ਹਲਾਕ ਹੋ ਗਏ ਸਨ।

ਮੱਕੇ ਨੂੰ ਇਸਲਾਮ ਵਿਚ ਅਹਿਮ ਸਥਾਨ ਹਾਸਲ ਹੈ ਤੇ ਜਿਹੜਾ ਮੁਸਲਮਾਨ ਵਿੱਤ ਤੇ ਸਰੀਰ ਪੱਖੋਂ ਸਮਰੱਥ ਹੈ ਤਾਂ ਉਸ ਨੂੰ ਜੀਵਨ ਵਿਚ ਇਕ ਵਾਰ ਜ਼ਰੂਰ ਹੱਜ ਕਰਨ ਲਈ ਕਿਹਾ ਜਾਂਦਾ ਹੈ। ਹਾਜੀ ਆਖਰੀ ਰਸਮ ਲਈ ਸ਼ੈਤਾਨ ਨੂੰ ਪੱਥਰ ਮਾਰਨ ਵਾਸਤੇ ਮੀਨਾ ਆਏ ਸਨ। ਮੀਨਾ ਵਿਚ ਪਹਿਲਾਂ ਵੀ ਵੱਡੀਆਂ ਭਗਦੜਾਂ ਮੱਚੀਆਂ ਹਨ ਜਿਨ੍ਹਾਂ ਵਿਚ ਸੈਂਕੜੇ ਵਿਅਕਤੀ ਹਲਾਕ ਹੋਏ ਹਨ।

ਸਾਲ 2006 ਵਿਚ ਮੀਨਾ ਵਿਚ ਵਾਪਰੀ ਭਗਦੜ ਦੌਰਾਨ 51 ਭਾਰਤੀਆਂ ਸਮੇਤ 364 ਹਾਜੀ ਮਾਰੇ ਗਏ ਸਨ। ਸਾਊਦੀ ਅਰਬ ਦੇ ਸ਼ਹਿਜ਼ਾਦੇ ਤੇ ਸਾਊਦੀ ਹੱਜ ਕਮੇਟੀ ਦੇ ਚੇਅਰਮੈਨ ਮੁਹੰਮਦ ਬਿਨ ਨਾਯੇਫ਼ ਨੇ ਭਗਦੜ ਦੀ ਜਾਂਚ ਦੇ ਹੁਕਮ ਦੇ ਦਿੱਤੇ ਹਨ।

### ਮੱਕਾ ਵਿਚ 25 ਸਾਲ ਵਿਚ 2700 ਮੌਤਾਂ

**ਰਿਆਧ:** ਮੱਕਾ ਵਿਚ ਹੱਜ ਦੌਰਾਨ ਹੋਏ ਹਾਦਸਿਆਂ ਦੀ ਲਿਸਟ ਕਾਫੀ ਲੰਬੀ ਹੈ। ਪਿਛਲੇ 25 ਸਾਲਾਂ ਵਿਚ 2700 ਦੇ ਕਰੀਬ ਯਾਤਰੀਆਂ ਦੀ ਮੌਤ ਮੱਕਾ ਵਿਚ ਹੱਜ ਦੌਰਾਨ ਹੋ ਚੁੱਕੀ ਹੈ। ਖ਼ਲੀਜ ਟਾਈਮਜ਼ ਮੁਤਾਬਕ 1990 ਤੋਂ ਬਾਅਦ ਇਹ ਦੂਜਾ ਵੱਡਾ ਹਾਦਸਾ ਹੈ।12 ਜਨਵਰੀ 2006 ਨੂੰ ਹੱਜ ਦੇ ਆਖੀਰੀ ਦਿਨ ਮੀਨਾ ਵਿਚ ਭਾਜੜ ਵਿਚ 346 ਯਾਤਰੀ ਮਾਰੇ ਗਏ ਸਨ। ਪਹਿਲੀ ਫਰਵਰੀ 2004 ਵਿਚ ਸ਼ੈਤਾਨ ਨੂੰ ਪੱਥਰ ਮਾਰਨ ਮੌਕੇ ਭਗਦੜ ਵਿਚ 250 ਹਾਜੀਆਂ ਦੀ ਮੌਤ ਹੋਈ ਸੀ। 11 ਫਰਵਰੀ 2003 ਨੂੰ ਸ਼ੈਤਾਨ ਨੂੰ ਪੱਥਰ ਮਾਰਨ ਦੀ ਘਟਨਾ ਦੌਰਾਨ 15 ਤੇ 2001 ਵਿਚ 35 ਸ਼ਰਧਾਲੂਆਂ ਦੀ ਜਾਨ ਗਈ ਸੀ। ਨੌਂ ਅਪਰੈਲ 1998 ਨੂੰ ਜਮਾਰਾਤ ਪੁਲ ਉੱਤੇ ਹੋਏ ਹਾਦਸੇ ਵਿਚ 118 ਹਾਜੀਆਂ ਦੀ ਮੌਤ ਹੋਈ ਸੀ। 23 ਮਈ 1994 ਨੂੰ 270 ਸ਼ਰਧਾਲੂਆਂ ਦੀ ਮੌਤ। ਸਭ ਤੋਂ ਵੱਡਾ ਹਾਦਸਾ ਦੋ ਜੁਲਾਈ 1990 ਨੂੰ ਹੋਇਆ ਸੀ। ਇਸ ਦੌਰਾਨ 1426 ਸ਼ਰਧਾਲੂਆਂ ਦੀ ਮੌਤ ਭਗਦੜ ਕਾਰਨ ਗਈ ਸੀ।

# ਪੰਜਾਬ ਵਿਚ ਔਰਤਾਂ ਵਿਰੁਧ ਅਪਰਾਧਾਂ ਵਿਚ ਹੋਇਆ ਚੋਖਾ ਵਾਧਾ

**ਚੰਡੀਗੜ੍ਹ:** ਪੰਜਾਬ ਵਿਚ ਔਰਤਾਂ ਵਿਰੁੱਧ ਹੁੰਦੇ ਅਪਰਾਧਾਂ ਖਾਸ ਕਰਕੇ ਬਲਾਤਕਾਰ ਤੇ ਜਿਸਮਾਨੀ ਛੇੜ-ਛਾੜ ਦੇ ਅੰਕੜੇ ਹੈਰਾਨ ਕਰਨ ਵਾਲੇ ਹਨ। ਸੂਬੇ ਵਿਚ ਰੋਜ਼ਾਨਾ ਦੋ ਤੋਂ ਵੱਧ ਔਰਤਾਂ ਨਾਲ ਬਲਾਤਕਾਰ ਹੁੰਦੇ ਹਨ ਤੇ ਤਕਰੀਬਨ ਸੱਤ ਔਰਤਾਂ ਛੇੜਛਾੜ, ਦਹੇਜ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ। ਇਹ ਤੱਥ ਸੂਬਾ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਦੇ ਹਾਲ ਹੀ ਵਿਚ ਖ਼ਤਮ ਹੋਏ ਮੌਨਸੂਨ ਸੈਸ਼ਨ ਦੌਰਾਨ ਰੱਖੇ ਗਏ ਸਨ।

ਇਨ੍ਹਾਂ ਅੰਕੜਿਆਂ ਅਨੁਸਾਰ ਸੂਬੇ ਵਿਚ ਸਾਲ 2012 ਤੋਂ 31 ਅਗਸਤ 2015 ਤੱਕ (ਤਕਰੀਬਨ 1338 ਦਿਨਾਂ) ਦੌਰਾਨ ਬਲਾਤਕਾਰ ਦੇ 3,146 ਮਾਮਲੇ ਸਾਹਮਣੇ ਆਏ ਜਦਕਿ ਇਸੇ ਸਮੇਂ ਦੌਰਾਨ ਦਹੇਜ ਕਾਰਨ ਤਸ਼ੱਦਦ, ਘਰੇਲੂ ਹਿੰਸਾ ਤੇ ਜਿਸਮਾਨੀ ਛੇੜਛਾੜ ਦੀਆਂ 9102 ਘਟਨਾਵਾਂ ਵਾਪਰੀਆਂ ਹਨ। ਇਨ੍ਹਾਂ ਤੱਥਾਂ ਮੁਤਾਬਕ ਤਾਂ ਸੂਬਾ ਸਰਕਾਰ ਵੱਲੋਂ ਮਹਿਲਾਵਾਂ ਵਿਰੁੱਧ ਹੁੰਦੇ ਅਪਰਾਧਾਂ ਦੇ ਮਾਮਲਿਆਂ ਵਿਚ ਸਖ਼ਤ ਕਾਰਵਾਈ ਕਰਨ ਦੇ ਦਾਅਵਿਆਂ ਦੇ ਉਲਟ ਬਲਾਤਕਾਰ, ਛੇੜਛਾੜ, ਦਹੇਜ ਕਾਰਨ ਤਸ਼ੱਦਦ ਤੇ ਘਰੇਲੂ ਹਿੰਸਾ ਦੇ ਮਾਮਲਿਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਸੂਬੇ ਵਿਚ 2012 ਦੌਰਾਨ ਬਲਾਤਕਾਰ ਦੀਆਂ 680, 2013 ਦੌਰਾਨ 888, ਸਾਲ 2014 ਦੌਰਾਨ 981 ਤੇ 2015 ਦੌਰਾਨ 31 ਅਗਸਤ ਤੱਕ 697 ਘਟਨਾਵਾਂ ਵਾਪਰ ਚੁੱਕੀਆਂ ਹਨ। ਅੰਕੜਿਆਂ ਮੁਤਾਬਕ ਘਰੇਲੂ ਹਿੰਸਾ ਦੀਆਂ ਘੱਟ ਪਰ ਬਲਾਤਕਾਰ, ਛੇੜ ਛਾੜ ਤੇ ਦਹੇਜ ਦੇ ਮਾਮਲਿਆਂ ਦੀ ਗਿਣਤੀ ਹਰ ਸਾਲ ਵਧਦੀ ਜਾ ਰਹੀ ਹੈ।

ਤੱਥਾਂ ਮੁਤਾਬਕ 2012 ਦੌਰਾਨ ਘਰੇਲੂ ਹਿੰਸਾ ਦੇ ਤਿੰਨ, ਸਾਲ 2013 ਦੌਰਾਨ ਤਿੰਨ, ਸਾਲ 2014 ਦੌਰਾਨ ਦੋ ਤੇ ਸਾਲ 2015 ਦੌਰਾਨ 31 ਅਗਸਤ ਤੱਕ ਸਿਰਫ਼ ਇਕ ਕੇਸ ਦਰਜ ਕੀਤਾ ਗਿਆ ਹੈ। ਜਿਸਮਾਨੀ ਛੇੜਛਾੜ ਦੇ ਸਾਲ 2012 ਦੌਰਾਨ 340, ਸਾਲ 2013 ਦੌਰਾਨ 1045, ਸਾਲ 2014 ਦੌਰਾਨ 1113 ਅਤੇ 2015 ਦੌਰਾਨ 31 ਅਗਸਤ ਤੱਕ 826 ਘਟਨਾਵਾਂ ਵਾਪਰੀਆਂ। ਦਹੇਜ ਕਾਰਨ ਤਸ਼ੱਦਦ ਦੀਆਂ 2012 ਦੌਰਾਨ 1293, ਸਾਲ 2013 ਦੌਰਾਨ 1741, ਸਾਲ 2014 ਦੌਰਾਨ 1681 ਤੇ ਸਾਲ 2015 ਦੌਰਾਨ 1054 ਘਟਨਾਵਾਂ ਵਾਪਰੀਆਂ ਹਨ।

ਸੂਤਰਾਂ ਦਾ ਕਹਿਣਾ ਹੈ ਕਿ ਘਰੇਲੂ ਹਿੰਸਾ ਦੇ ਮਾਮਲੇ ਆਮ ਤੌਰ ਉਤੇ ਪੁਲਿਸ ਰਿਕਾਰਡ ਵਿਚ ਨਹੀਂ ਆਉਂਦੇ। ਕੌਮੀ ਪੱਧਰ 'ਤੇ ਹੋਈਆਂ ਕਾਨਫਰੰਸਾਂ ਦੌਰਾਨ ਇਹ ਗੱਲ ਸਾਹਮਣੇ ਆ ਚੁੱਕੀ ਹੈ ਕਿ ਹੋਰਨਾਂ ਸੂਬਿਆਂ ਦੇ ਮੁਕਾਬਲੇ ਪੰਜਾਬ ਵਿਚ ਘਰੇਲੂ ਹਿੰਸਾ ਕਾਨੂੰਨ ਨੂੰ ਲਾਗੂ ਕਰਨ ਲਈ ਠੋਸ ਕਦਮ ਨਹੀਂ ਚੁੱਕੇ ਗਏ। ਕੰਮਕਾਜੀ ਔਰਤਾਂ ਨੂੰ ਛੇੜ ਛਾੜ ਵਰਗੀਆਂ ਘਟਨਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪੁਲਿਸ ਵੱਲੋਂ ਇਸ ਤਰ੍ਹਾਂ ਦੇ ਮਾਮਲਿਆਂ ਵਿਚ ਢਿੱਲਾ ਰਵੱਈਆ ਅਪਣਾਏ ਜਾਣ ਕਾਰਨ ਅਕਸਰ ਦੋਸ਼ੀ ਸਜ਼ਾ ਤੋਂ ਬਚ ਵੀ ਜਾਂਦੇ ਹਨ।

### ਰੋਜ਼ਾਨਾ ਦੋ ਤੋਂ ਵੱਧ ਔਰਤਾਂ ਨਾਲ ਬਲਾਤਕਾਰ




### ਮਾਲਵਾ ਖਿੱਤੇ ਵਿਚ ਜਬਰ ਜਨਾਹ ਦੇ ਕੇਸ ਵੱਧ

ਪੰਜਾਬ ਦੇ ਮਾਲਵੇ ਖਿੱਤੇ ਵਿਚ ਬਲਾਤਕਾਰ ਜਿਹੇ ਸੰਗੀਨ ਅਪਰਾਧਾਂ ਦੀਆਂ ਘਟਨਾਵਾਂ ਮਾਝੇ ਤੇ ਦੁਆਬੇ ਦੇ ਮੁਕਾਬਲੇ ਵਧੇਰੇ ਵਾਪਰ ਰਹੀਆਂ ਹਨ। ਬਲਾਤਕਾਰ ਦੀਆਂ ਘਟਨਾਵਾਂ ਮਾਲਵਾ ਦੇ ਜ਼ਿਲ੍ਹਿਆਂ ਲੁਧਿਆਣਾ ਸ਼ਹਿਰੀ, ਪਟਿਆਲਾ, ਸੰਗਰੂਰ ਤੇ ਬਠਿੰਡਾ ਵਿਚ ਸਭ ਤੋਂ ਜ਼ਿਆਦਾ ਵਾਪਰੀਆਂ ਹਨ। ਲੁਧਿਆਣਾ (ਦਿਹਾਤੀ) ਤੇ ਪਠਾਨਕੋਟ ਦੋ ਅਜਿਹੇ ਜ਼ਿਲ੍ਹੇ ਹਨ ਜਿਥੇ ਜਬਰ ਜਨਾਹ ਦੀਆਂ ਘਟਨਾਵਾਂ ਹੋਰਨਾਂ ਜ਼ਿਲ੍ਹਿਆਂ ਦੇ ਮੁਕਾਬਲੇ ਬਹੁਤ ਘੱਟ ਵਾਪਰੀਆਂ ਹਨ। ਦਹੇਜ ਤੇ ਜਿਸਮਾਨੀ ਛੇੜ ਛਾੜ ਦੀਆਂ ਘਟਨਾਵਾਂ ਲੁਧਿਆਣਾ, ਪਟਿਆਲਾ, ਅੰਮ੍ਰਿਤਸਰ, ਜਲੰਧਰ ਤੇ ਬਠਿੰਡਾ ਵਿਚ ਜ਼ਿਆਦਾ ਵਾਪਰੀਆਂ ਹਨ।

### ਬਲਾਤਕਾਰ ਦੇ 595 ਮਾਮਲਿਆਂ ਵਿਚ ਸਜ਼ਾ

ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੇ ਗਏ ਤੱਥਾਂ ਮੁਤਾਬਕ ਅਦਾਲਤਾਂ ਵੱਲੋਂ ਉਕਤ ਪੌਣੇ ਚਾਰ ਸਾਲਾਂ ਦੌਰਾਨ ਬਲਾਤਕਾਰ ਦੇ ਕੁੱਲ ਕੇਸਾਂ ਵਿਚੋਂ 595 ਮਾਮਲਿਆਂ ਵਿਚ ਸਜ਼ਾ ਸੁਣਾਈ ਗਈ। ਛੇੜਛਾੜ ਤੇ ਦਹੇਜ ਦੇ 188 ਮਾਮਲਿਆਂ ਵਿਚ ਦੋਸ਼ੀਆਂ ਨੂੰ ਸਜ਼ਾ ਹੋਈ ਹੈ। ਘਰੇਲੂ ਹਿੰਸਾ ਦੇ ਕਿਸੇ ਵੀ ਕੇਸ ਵਿਚ ਸਜ਼ਾ ਨਹੀਂ ਸੁਣਾਈ ਗਈ। ਜ਼ਿਕਰਯੋਗ ਹੈ ਕਿ ਹਾਲ ਹੀ ਵਿਚ ਕੌਮਾਂਤਰੀ ਪੱਧਰ 'ਤੇ ਹੋਏ ਇਕ ਸਰਵੇਖਣ ਮੁਤਾਬਕ ਭਾਰਤ ਔਰਤਾਂ ਵਿਰੁੱਧ ਹੁੰਦੇ ਅਪਰਾਧਾਂ ਦੇ ਮਾਮਲਿਆਂ ਵਿਚ ਦੁਨੀਆਂ ਵਿਚੋਂ ਪਹਿਲਾ ਸਥਾਨ ਹਾਸਲ ਕਰ ਚੁੱਕਿਆ ਹੈ।

# ਸੈਲਾਨੀਆਂ ਲਈ ਅਜੇ ਨਹੀਂ ਖੁੱਲ੍ਹੇਗਾ ਸ਼ੀਸ਼ ਮਹਿਲ

**ਪਟਿਆਲਾ:** ਪਟਿਆਲਾ ਵਿਰਾਸਤ ਦੀ ਸ਼ਾਨ ਮੰਨੇ ਜਾਂਦੇ ਸ਼ੀਸ਼ ਮਹਿਲ ਨੂੰ ਅਜੇ ਸੈਲਾਨੀਆਂ ਦੇ ਹਵਾਲੇ ਹੋਣ ਵਿਚ ਛੇ ਮਹੀਨੇ ਤੋਂ ਇਕ ਸਾਲ ਤੱਕ ਦਾ ਸਮਾਂ ਲੱਗ ਸਕਦਾ ਹੈ, ਕਿਉਂਕਿ ਸ਼ੀਸ਼ ਮਹਿਲ ਦੀ ਕੀਤੀ ਜਾ ਰਹੀ ਮੁਰੰਮਤ ਵਿਚ ਕਰੀਬ 37 ਕਮੀਆਂ ਪਾਈਆਂ ਗਈਆਂ ਹਨ। ਪੰਜਾਬ ਸੈਰ ਸਪਾਟਾ ਨਿਗਮ ਦੇ ਚੇਅਰਮੈਨ ਸੁਰਜੀਤ ਸਿੰਘ ਅਬਲੋਵਾਲ ਨੇ ਠੇਕੇਦਾਰ ਨੂੰ ਮੁਰੰਮਤ ਦਾ ਕੰਮ ਛੇਤੀ ਮੁਕੰਮਲ ਕਰਨ ਦੇ ਹੁਕਮ ਦਿੱਤੇ ਹਨ।



ਪੰਜਾਬ ਸਰਕਾਰ ਨੇ ਸ਼ੀਸ਼ ਮਹਿਲ ਲਈ ਤਕਰੀਬਨ ਢਾਈ ਕਰੋੜ ਰੁਪਏ ਜਾਰੀ ਕੀਤੇ ਸਨ। ਇਸ ਬਾਰੇ ਸਾਈਂ ਕੰਟਰੈਕਟਰ ਪਟਿਆਲਾ ਤੇ ਰਾਜਪੂਤਾਨਾ ਕੰਟਰੈਕਟਰ ਰਾਜਸਥਾਨ ਨੇ ਕੰਮ ਦਾ ਠੇਕਾ ਲਿਆ ਸੀ। ਪਿਛਲੇ ਦਿਨਾਂ ਵਿਚ ਸ਼ੀਸ਼ ਮਹਿਲ ਦੀ ਮੁਰੰਮਤ ਕਰਕੇ ਜਦੋਂ ਮਾਹਿਰਾਂ ਨੂੰ ਕੰਮ ਦਿਖਾਇਆ ਗਿਆ ਤਾਂ ਉਸ ਵਿਚ 37 ਕਿਸਮ ਦੀਆਂ ਕਮੀਆਂ ਪਾਈਆਂ ਗਈਆਂ ਸਨ।

ਇਸ ਵਿਚ ਦੀਵਾਰਾਂ ਦੀ ਲਿਪਾਈ ਵਿਚ ਖੋਖਲਾਪਣ ਤੇ ਛੱਤਾਂ ਦੀ ਮੁਰੰਮਤ ਵਿਚ ਕਮੀਆਂ ਸ਼ਾਮਲ ਹਨ। ਉਂਜ ਪੰਜਾਬ ਸਰਕਾਰ ਦਾ ਦਾਅਵਾ ਸੀ ਕਿ ਆਰਟ ਗੈਲਰੀ ਇਕ ਮਹੀਨੇ ਦੇ ਅੰਦਰ ਹੀ ਲੋਕਾਂ ਦੇ ਹਵਾਲੇ ਕਰ ਦਿੱਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਸ਼ੀਸ਼ ਮਹਿਲ ਮਹਾਰਾਜਾ ਨਰਿੰਦਰ ਸਿੰਘ ਨੇ 1847 ਵਿਚ ਬਣਾਉਣਾ ਸ਼ੁਰੂ ਕੀਤਾ ਸੀ। ਮਹਾਰਾਜਾ ਨਰਿੰਦਰ ਸਿੰਘ ਵੱਲੋਂ ਸ਼ੁਰੂ ਕੀਤੀ ਸ਼ੀਸ਼ ਮਹਿਲ ਦੀ ਉਸਾਰੀ ਦਾ ਕੰਮ ਮਹਾਰਾਜਾ ਭੁਪਿੰਦਰ ਸਿੰਘ ਨੇ ਮੁਕੰਮਲ ਕਰਾਇਆ ਸੀ। ਪਿਛਲੇ ਸਮੇਂ ਤੋਂ ਇਸ ਸ਼ੀਸ਼ ਮਹਿਲ ਦੀ ਰੌਣਕ ਉੱਡੀ ਹੋਈ ਸੀ। ਸੈਲਾਨੀਆਂ ਲਈ ਇਸ ਦੇ ਦਰਵਾਜ਼ੇ 9 ਸਾਲ ਤੋਂ ਬੰਦ ਪਏ ਹਨ। ਹੁਣ ਮੁਰੰਮਤ ਕਰਾ ਕੇ ਇਸ ਨੂੰ ਸੈਲਾਨੀਆਂ ਹਵਾਲੇ ਕੀਤਾ ਜਾਵੇਗਾ। ਸ਼ੀਸ਼ ਮਹਿਲ ਦੇ ਕੰਮ ਦਾ ਜਾਇਜ਼ਾ ਲੈਣ ਗਏ ਸੈਰ ਸਪਾਟਾ ਵਿਕਾਸ ਕਾਰਪੋਰੇਸ਼ਨ ਦੇ ਚੇਅਰਮੈਨ ਸੁਰਜੀਤ ਸਿੰਘ ਅਬਲੋਵਾਲ ਨੇ ਮੁਰੰਮਤ ਵਿਚ ਤੇਜ਼ੀ ਲਿਆਉਣ ਲਈ ਕਿਹਾ ਹੈ।

## ਸੈਲਫੀ ਮਾਮਲੇ ਵਿਚ ਮੋਦੀ ਖਿਲਾਫ ਪਟੀਸ਼ਨ

**ਅਹਿਮਦਾਬਾਦ:** ਗੁਜਰਾਤ ਹਾਈਕੋਰਟ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਲੋਕ ਸਭਾ ਚੋਣਾਂ ਵਾਲੇ ਦਿਨ ਭਾਜਪਾ ਦੇ ਚੋਣ ਨਿਸ਼ਾਨ 'ਕਮਲ' ਨਾਲ ਲਈ ਗਈ ਸੈਲਫ਼ੀ ਖ਼ਿਲਾਫ਼ ਦਾਇਰ ਅਪਰਾਧਕ ਸੋਧ ਪਟੀਸ਼ਨ ਸਵੀਕਾਰ ਕਰ ਲਈ ਹੈ।

ਜ਼ਿਕਰਯੋਗ ਹੈ ਕਿ ਲੋਕ ਸਭਾ ਚੋਣਾਂ ਵਾਲੇ ਦਿਨ ਚੋਣ ਬੂਥ ਦੇ ਬਾਹਰ ਮੋਦੀ ਵੱਲੋਂ ਚੋਣ ਨਿਸ਼ਾਨ 'ਕਮਲ' ਨਾਲ ਲਈ ਗਈ ਸੈਲਫ਼ੀ ਜਿਸ ਨੂੰ ਕਾਫ਼ੀ ਟੀ.ਵੀ. ਚੈਨਲਾਂ ਨੇ ਦਿਖਾਇਆ ਸੀ, ਵਿਰੁੱਧ ਆਮ ਆਦਮੀ ਪਾਰਟੀ ਦੇ ਨਿਸ਼ਾਂਤ ਵਰਮਾ ਨੇ ਰਾਨੀਪ ਪੁਲਿਸ ਸਟੇਸ਼ਨ ਵਿਚ ਮਾਮਲਾ ਦਰਜ ਕਰਵਾਇਆ ਸੀ। ਇਸ ਤੋਂ ਪਹਿਲਾਂ ਮੈਟਰੋਪੋਲੀਟਿਨ ਕੋਰਟ ਨੇ ਕ੍ਰਾਈਮ ਬ੍ਰਾਂਚ ਨੂੰ ਇਸ ਮਾਮਲੇ ਦੀ ਜਾਂਚ ਕਰਨ ਲਈ ਕਿਹਾ ਸੀ ਜਿਸ ਨੇ ਮੋਦੀ ਨੂੰ ਕਲੀਨ ਚਿੱਟ ਦੇ ਦਿੱਤੀ ਸੀ।


Grocery Store With Check Cashing
For Sale or Lease
*Near Downtown, Cleveland, Ohio*
Store Sale: $120,000/month
Check Cashing Net Profit: $4000 to $5000/month
Lottery Commission: $1500/month
ATM Commission: $1500/month
Asking price : $295,000+inventory
Store Timings - 8:00Am to 9:00Pm
Contact: Mohinder
Ph: (216)-280-4201
39-40

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 3 ਅਕਤੂਬਰ 2015*

## ਧਰਮ ਅਤੇ ਸਿਆਸਤ

ਸਿਰਸਾ ਦੇ ਡੇਰਾ ਸੱਚਾ ਸੌਦਾ ਬਾਰੇ ਸਿੰਘ ਸਾਹਿਬਾਨ ਦੇ ਹਾਲ ਹੀ ਦੇ ਫੈਸਲੇ ਨੇ ਇਕ ਵਾਰ ਫਿਰ ਜ਼ਾਹਿਰ ਕਰ ਦਿੱਤਾ ਹੈ ਕਿ ਵੋਟਾਂ ਦੀ ਸਿਆਸਤ ਖਾਤਰ ਕੀ ਕੀ ਕੁਝ ਕੀਤਾ ਜਾ ਸਕਦਾ ਹੈ। ਇਹ ਠੀਕ ਹੈ ਕਿ ਆਖਰਕਾਰ ਹਰ ਮਸਲੇ ਦਾ ਕੋਈ ਨਾ ਕੋਈ ਹੱਲ ਤਾਂ ਨਿਕਲਣਾ ਹੀ ਹੁੰਦਾ ਹੈ, ਪਰ ਜਿਸ ਢੰਗ ਨਾਲ ਇਹ ਮਾਮਲਾ ਨਜਿੱਠਣ ਦੀ ਕੋਸ਼ਿਸ਼ ਕੀਤੀ ਗਈ ਅਤੇ ਇਸੇ ਕੋਸ਼ਿਸ਼ ਵਿਚ ਕਾਹਲੀ ਕੀਤੀ ਗਈ, ਤੇ ਉਪਰੋਂ ਹਰ ਹੀਲਾ ਤੇ ਹਰਬਾ ਵਰਤਿਆ ਗਿਆ, ਉਸ ਨੇ ਪੰਜਾਬ ਦੀਆਂ ਕੁਝ ਧਿਰਾਂ ਬਾਰੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਹੀ ਨਹੀਂ ਕਾਹਲੀ-ਦਰ-ਕਾਹਲੀ ਨੇ ਤਾਂ ਉਨ੍ਹਾਂ ਧਿਰਾਂ ਬਾਰੇ ਵੀ ਸਵਾਲ ਖੜ੍ਹੇ ਕੀਤੇ ਹਨ ਜੋ ਖੁਦ ਸਵਾਲ ਖੜ੍ਹੇ ਕਰ ਰਹੀਆਂ ਹਨ। ਇਸ ਨਾਲ ਧਰਮ ਤੇ ਸਿਆਸਤ, ਧਰਮ ਦੀ ਸਿਆਸਤ, ਵੋਟਾਂ ਦੀ ਸਿਆਸਤ ਬਾਰੇ ਵੀ ਸਵਾਲਾਂ ਦੀ ਪੰਡ ਇਕ ਵਾਰ ਫਿਰ ਖੁੱਲ੍ਹ ਗਈ ਹੈ। ਡੇਰਿਆਂ ਦੀ ਪੁਸ਼ਤਪਨਾਹੀ ਨਾਲ ਸਬੰਧਤ ਜਿਹੜੇ ਸਵਾਲ ਸਾਹਮਣੇ ਆਏ ਹਨ, ਉਹ ਵੱਖਰੇ ਹਨ। ਇਹ ਕੋਈ ਅੱਜ ਦੀ ਗੱਲ ਨਹੀਂ, ਡੇਰਾ ਸਿਰਸਾ ਕਿਸੇ ਨਾ ਕਿਸੇ ਕਾਰਨ ਮੁੱਢ ਤੋਂ ਹੀ ਵਿਵਾਦਾਂ ਵਿਚ ਘਿਰਿਆ ਰਿਹਾ ਹੈ। ਅਦਾਲਤਾਂ ਵਿਚ ਕੇਸ ਵੀ ਚੱਲ ਰਹੇ ਹਨ, ਪਰ ਇਸ ਡੇਰੇ ਨਾਲ ਕਿਉਂਕਿ ਚੰਗੀ-ਚੋਖੀ ਵੋਟ ਜੁੜੀ ਹੋਈ ਹੈ, ਇਸ ਲਈ ਇਨ੍ਹਾਂ ਪੱਕੀਆਂ ਵੋਟਾਂ ਖਾਤਰ ਹਰ ਰੰਗ ਦੀਆਂ ਸਿਆਸੀ ਧਿਰਾਂ ਦੀ ਅੱਖ ਸਦਾ ਡੇਰੇ ਵੱਲ ਲੱਗੀ ਰਹਿੰਦੀ ਹੈ। ਇਹ ਵੋਟ ਹਾਸਲ ਕਰਨ ਲਈ ਇਹ ਸਿਆਸੀ ਧਿਰਾਂ ਕੀ ਕੀ ਪਾਪੜ ਵੇਲਦੀਆਂ ਹਨ, ਚੋਣਾਂ ਦੇ ਦਿਨਾਂ ਦੌਰਾਨ ਤਰਲੋ-ਮੱਛੀ ਹੁੰਦੀਆਂ ਇਨ੍ਹਾਂ ਸਿਆਸੀ ਧਿਰਾਂ ਦੇ ਵਿਹਾਰ ਤੋਂ ਖੂਬ ਦੇਖੀ ਜਾ ਸਕਦੀ ਹੈ। ਆਉਂਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸੂਬੇ ਦੇ ਸਿਆਸੀ ਪਿੜ ਦੀ ਸਫਬੰਦੀ ਨਵੇਂ ਸਿਰਿਉਂ ਹੋਣ ਦੇ ਆਸਾਰ ਵੀ ਲਗਾਤਾਰ ਬਣ-ਵਿਗਸ ਰਹੇ ਹਨ। ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਹਰ ਹੀਲੇ ਇਨ੍ਹਾਂ ਚੋਣਾਂ ਵਿਚ ਆਪਣਾ ਹੱਥ ਉਪਰ ਚਾਹੁੰਦਾ ਹੈ। ਇਸੇ ਕਰ ਕੇ ਚੁੱਪ-ਚੁਪੀਤੇ ਇਹ ਫੈਸਲਾ ਕਰ ਲਿਆ ਗਿਆ ਹੈ। ਉਂਜ, ਇਸ ਸਿਲਸਿਲੇ ਵਿਚ ਜਿਸ ਭੂਮਿਕਾ ਦਾ ਜ਼ਿਕਰ ਅਕਾਲੀ ਦਲ ਦੀ ਸੱਤਾ ਵਿਚ ਭਾਈਵਾਲ ਧਿਰ- ਭਾਰਤੀ ਜਨਤਾ ਪਾਰਟੀ, ਦਾ ਆ ਰਿਹਾ ਹੈ, ਉਹ ਵੀ ਗੌਲਣਯੋਗ ਹੈ। ਹਰਿਆਣਾ ਵਿਧਾਨ ਸਭਾ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਨੇ ਡੇਰੇ ਨਾਲ ਸਿਆਸੀ ਸੌਦਾ ਕਰ ਲਿਆ ਸੀ ਅਤੇ ਇਵਜ਼ ਵਿਚ ਡੇਰੇ ਨੂੰ ਕਈ ਕਿਸਮ ਦੀ ਛੋਟਾਂ ਮਿਲ ਗਈਆਂ ਸਨ। ਦੂਜੇ ਬੰਨੇ, ਪੰਜਾਬ ਵਿਚ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਬੰਧ ਪਿਛਲੇ ਕੁਝ ਸਮੇਂ ਤੋਂ ਸਾਵੇਂ ਨਹੀਂ ਤੁਲ ਰਹੇ। ਭਾਰਤੀ ਜਨਤਾ ਪਾਰਟੀ, ਸ਼੍ਰੋਮਣੀ ਅਕਾਲੀ ਦਲ ਨਾਲੋਂ ਸਿਆਸੀ ਸਾਂਝ ਤੋੜਨ ਬਾਰੇ ਪਰ ਤੋਲ ਰਹੀ ਹੈ ਅਤੇ ਕਿਸੇ ਮੌਕੇ ਦੀ ਤਲਾਸ਼ ਵਿਚ ਹੈ। ਇਹ ਵੀ ਇਕ ਸਿਲਸਿਲਾ ਇਸ ਮਸਲੇ ਨਾਲ ਡੂੰਘਾ ਜੁੜਿਆ ਹੋਇਆ ਹੈ।

ਹੁਣ ਇਹ ਚਰਚਾ ਕਰ ਕੇ ਵਕਤ ਅਤੇ ਊਰਜਾ ਜ਼ਾਇਆ ਕਰਨ ਦੀ ਲੋੜ ਨਹੀਂ ਹੈ ਕਿ ਸਿੰਘ ਸਾਹਿਬਾਨ ਦਾ ਫੈਸਲਾ, ਪੰਜਾਬ ਦੀ ਸੱਤਾ ਉਤੇ ਕਾਬਜ਼ ਧਿਰ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੀ ਮਰਜ਼ੀ ਨਾਲ ਹੋਇਆ ਹੈ। ਇਹ ਧਿਰ ਸਿੱਖਾਂ ਦੀਆਂ ਸਭ ਅਹਿਮ ਸੰਸਥਾਵਾਂ ਉਤੇ ਕਬਜ਼ਾ ਕਰ ਹੀ ਚੁੱਕੀ ਹੈ। ਖੈਰ, ਇਹ ਵੀ ਕੋਈ ਵੱਡੀ ਗੱਲ ਨਹੀਂ ਗਿਣੀ ਜਾਵੇਗੀ, ਵੱਡੀ ਗੱਲ ਤਾਂ ਇਹ ਹੈ ਕਿ ਇਹ ਸੰਸਥਾਵਾਂ ਲਗਾਤਾਰ ਨਿਘਾਰ ਵੱਲ ਸਰਕ ਰਹੀਆਂ ਹਨ। ਸਬੰਧਤ ਧਿਰ ਆਪਣੀ ਸਿਆਸਤ ਚਲਾਉਣ ਲਈ ਇਨ੍ਹਾਂ ਸੰਸਥਾਵਾਂ ਦੇ ਸਭ ਵਸੀਲੇ ਵੱਡੀ ਪੱਧਰ ਉਤੇ ਵਰਤ ਰਹੀ ਹੈ। ਹੁਣ ਇਸ ਮਸਲੇ ਨਾਲ ਇਸ ਧਿਰ ਦੀ ਵਿਰੋਧੀ ਧਿਰ ਨੂੰ ਆਪਣੀ ਤਾਕਤ ਦਿਖਾਉਣ ਦਾ ਮੌਕਾ ਮਿਲ ਗਿਆ ਹੈ। ਇਹ ਉਹ ਧਿਰ ਹੈ ਜਿਹੜੀ ਪਿਛਲੇ ਕੁਝ ਦਹਾਕਿਆਂ ਤੋਂ ਸੂਬੇ ਵਿਚ ਆਪਣੀ ਸਿਆਸੀ ਪੈਂਠ ਪਾਉਣ ਲਈ ਅਹੁਲ ਰਹੀ ਹੈ, ਪਰ ਅਜੇ ਤੱਕ ਇਸ ਧਿਰ ਦੇ ਸਿਆਸੀ ਪਿੜ ਵਿਚ ਕਿਤੇ ਪੈਰ ਨਹੀਂ ਲੱਗ ਸਕੇ। ਅਸਲ ਵਿਚ ਇਸ ਧਿਰ ਦੀ ਸਰਗਰਮੀ ਮੁੱਖ ਤੌਰ 'ਤੇ ਤਕਰਾਰ ਦੇ ਸਿਰ ਉਤੇ ਹੀ ਬਣਦੀ-ਵਿਗਸਦੀ ਰਹੀ ਹੈ। ਇਸੇ ਕਰ ਕੇ ਵੱਖ ਵੱਖ ਮੌਕਿਆਂ 'ਤੇ ਇਹ ਸਰਗਰਮੀ ਚਰਮ-ਸੀਮਾ ਤੱਕ ਵੀ ਪੁੱਜਦੀ ਰਹੀ, ਪਰ ਜਿੰਨਾ ਚਿਰ ਅਜਿਹੀ ਸਰਗਰਮੀ ਨੂੰ ਸਿਆਸਤ ਦੀ ਗਲੀ ਵਿਚੋਂ ਨਹੀਂ ਲੰਘਾਇਆ ਜਾਂਦਾ, ਉਦੋਂ ਤੱਕ ਪੈਂਠ ਪਾਉਣੀ ਤਾਂ ਬਹੁਤ ਦੂਰ ਦੀ ਗੱਲ ਹੈ, ਨਿਰੰਤਰਤਾ ਵੀ ਨਹੀਂ ਰੱਖੀ ਜਾ ਸਕਦੀ। ਸ਼ਾਇਦ ਇਸੇ ਕਰ ਕੇ ਸੱਤਾਧਾਰੀ ਅਕਾਲੀ ਦਲ ਨੇ ਸਿੱਖ ਸੰਸਥਾਵਾਂ ਦੀ ਸਾਰੀ ਤਾਕਤ ਆਪਣੀ ਜੇਬ ਅੰਦਰ ਪਾ ਲਈ ਹੋਈ ਹੈ।

ਹੁਣ ਮਸਲਾ ਸਿਰਫ ਡੇਰਾ ਮੁਖੀ ਨੂੰ ਮੁਆਫੀ ਦੇਣ ਜਾਂ ਨਾ ਦੇਣ ਦਾ ਨਹੀਂ ਹੈ, ਹੁਣ ਮਸਲਾ ਉਸ ਸਿਆਸਤ ਉਤੇ ਪਹਿਰਾ ਦੇਣ ਦਾ ਹੈ ਜਿਹੜੀ ਅੰਤਾਂ ਦੇ ਨਿੱਘਰ ਚੁੱਕੇ ਸਿਆਸੀ ਨਿਜ਼ਾਮ ਲਈ ਸਵਾਲ ਬਣ ਬਣ ਟੱਕਰੇ। ਜਿੰਨਾ ਚਿਰ ਸਿਆਸਤ ਦੀ ਸਥਾਪਿਤ ਲੀਹ ਨੂੰ ਭੰਨਣ ਲਈ ਕੋਈ ਹੀਲਾ-ਵਸੀਲਾ ਨਹੀਂ ਕੀਤਾ ਜਾਂਦਾ, ਚੱਲ ਰਿਹਾ ਸਿਲਸਿਲਾ ਕੁਝ ਕੁ ਵਾਧੇ-ਘਾਟਿਆਂ ਨਾਲ ਇਸੇ ਤਰ੍ਹਾਂ ਚੱਲਦਾ ਰਹਿਣਾ ਹੈ। ਹੁਣ ਸਿਤਮਜ਼ਰੀਫੀ ਇਹ ਹੈ ਕਿ ਸਥਾਪਿਤ ਲੀਹ ਨੂੰ ਭੰਨਣ ਲਈ ਜਿਸ ਕਿਸਮ ਦੀ ਸਿਆਸਤ ਦਰਕਾਰ ਹੈ, ਉਸ ਪਾਸੇ ਤਾਂ ਇਕ ਵੀ ਪੂਣੀ ਨਹੀਂ ਕੱਤੀ ਜਾ ਰਹੀ। ਜਾਪ ਇਸ ਤਰ੍ਹਾਂ ਰਿਹਾ ਹੈ ਕਿ ਅੱਜ ਹਰ ਧਿਰ ਆਪੋ-ਆਪਣੀ ਹੋਂਦ ਦੀ ਲੜਾਈ ਲੜ ਰਹੀ ਹੈ; ਜਦ ਕਿ ਮਸਲਾ ਹੁਣ ਹੋਂਦ ਬਰਕਰਾਰ ਰੱਖਣ ਦਾ ਨਹੀਂ, ਸਗੋਂ ਇਸ ਪੱਧਰ ਦੀ ਸਿਆਸੀ ਸਰਗਰਮੀ ਦਾ ਹੈ ਜਿਹੜੀ ਚੁਫੇਰੇ ਅਮਰ ਵੇਲ ਵਾਂਗ ਫੈਲ ਚੁੱਕੀ ਵੋਟ-ਸਿਆਸਤ ਨੂੰ ਤਾਰ ਤਾਰ ਕਰ ਦੇਵੇ। ਪਿਛਲੇ ਦਿਨੀਂ ਏਕਾ ਕਰਨ ਵਾਲੀਆਂ ਦੋ ਧਿਰਾਂ- ਦਲ ਖਾਲਸਾ ਤੇ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ), ਨੇ ਇਹ ਐਲਾਨ ਤਾਂ ਨਾਲੋ-ਨਾਲ ਕੀਤਾ ਕਿ ਬਣਨ ਵਾਲੀ ਨਵੀਂ ਜਥੇਬੰਦੀ ਚੋਣਾਂ ਵਿਚ ਹਿੱਸਾ ਨਹੀਂ ਲਵੇਗੀ, ਪਰ ਚੋਣਾਂ ਦਾ ਬਦਲ ਕੀ ਹੋਵੇ, ਇਸ ਬਾਰੇ ਕੁਝ ਵੀ ਸਪਸ਼ਟ ਨਹੀਂ। ਬਹੁਤ ਚੁਸਤੀ ਨਾਲ ਚੱਲ ਰਹੀ ਵੋਟ-ਸਿਆਸਤ ਨੂੰ ਅਜਿਹੀ ਅਸਪਸ਼ਟਤਾ ਬੜੀ ਸੂਤ ਬੈਠਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਹਿਣ ਨੂੰ ਸਰਬ ਉਚ !*

ਸੁਣੀ ਨਹੀਂ ਜਮੀਰ ਕੀ ਬੋਲਦੀ ਏ, ਘਾਣ ਕੌਮੀ ਵਿਚਾਰਾਂ ਦਾ ਕਰਦਿਆਂ ਨੇ।
ਵਿਰਸੇ ਅਤੇ ਰਵਾਇਤਾਂ ਦਾ ਭੋਗ ਪਾ ਕੇ, ਅੱਕ ਚੱਬਿਆ ਮੂਜ਼ੀਆਂ ਮਰਦਿਆਂ ਨੇ।
ਦੁਨੀਆਂ ਜਾਣਦੀ 'ਅੰਦਰਲਾ ਸੱਚ' ਸਾਰਾ, ਕੀ ਉਹ ਢਕਣਾ ਝੂਠੇ ਪਰਦਿਆਂ ਨੇ।
ਸ਼ਸਤਰ ਹੱਥਾਂ 'ਚ ਭਾਵੇਂ ਨੇ ਤਿੰਨ ਫੁਟੇ, ਫਿਰ ਵੀ ਲਈ 'ਸੁਰੱਖਿਆ' ਡਰਦਿਆਂ ਨੇ।
ਵੋਟਾਂ ਲਈ ਨਿਵਾਜਦੇ ਢੌਂਗੀਆਂ ਨੂੰ, ਚੇਤਾ ਭੁੱਲ ਕੇ ਹੋਈਆਂ ਬੇ-ਅਦਬੀਆਂ ਦਾ।
ਝੁਲਦੇ ਹਾਕਮਾਂ ਮੋਹਰੇ ਨਿਸੰਗ ਹੋ ਕੇ, ਹਾਲ ਦੇਖ ਲਉ 'ਸਰਬ ਉਚ' ਪਦਵੀਆਂ ਦਾ!

# ਮੁਆਫੀ ਦੀ ਧਾਰਨਾ ਨਾਲ ਜੁੜਿਆ ਪੰਥਕ ਸੰਕਟ

ਡੇਰਾ ਸੱਚਾ ਸੌਦਾ ਨੂੰ ਮੁਆਫ਼ ਕਰਨ ਦੇ ਪੰਜ ਸਿੰਘ ਸਾਹਿਬਾਨ ਦੇ ਫ਼ੈਸਲੇ ਦਾ ਵਿਵਾਦ ਵਿਚ ਪੈਣਾ ਤਕਰੀਬਨ ਤੈਅ ਜਾਪਦਾ ਸੀ। ਸਿੰਘ ਸਾਹਿਬਾਨ ਅਤੇ ਡੇਰਾ ਸੱਚਾ ਸੌਦਾ ਵਿਚਕਾਰ ਹੋਣ ਵਾਲੀ ਕਿਸੇ ਵੀ ਗੱਲਬਾਤ ਦਾ ਜਿਉਂ ਦਾ ਤਿਉਂ ਪ੍ਰਵਾਨ ਕੀਤੇ ਜਾਣ ਦੀ ਸੰਭਾਵਨਾ ਘੱਟ ਜਾਪਦੀ ਸੀ। ਜਦੋਂ ਡੇਰਾ ਸੱਚਾ ਸੌਦਾ ਦੇ ਅਸਰ ਵਾਲੇ ਇਲਾਕੇ ਵਿਚ ਕਿਸਾਨ ਜਥੇਬੰਦੀਆਂ ਧਰਨਾ ਦੇ ਰਹੀਆਂ ਹਨ ਅਤੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਇੰਸਾਂ ਦੀ ਦੂਜੀ ਫ਼ਿਲਮ 'ਮੈਸੰਜਰ ਆਫ਼ ਗੌਡ-ਦੋ' ਪਰਦਾਪੇਸ਼ ਹੋਈ ਹੈ ਤਾਂ ਪੰਜ ਸਿੰਘ ਸਾਹਿਬਾਨ ਦਾ ਫ਼ੈਸਲਾ ਆਇਆ ਹੈ। ਇੱਕ ਪਾਸੇ ਕਿਸਾਨ ਜਥੇਬੰਦੀਆਂ ਸਿਆਸੀ ਪਾਰਟੀਆਂ ਦੇ 'ਹਮਦਰਦੀ ਜਤਾਉਣ' ਆਏ ਆਗੂਆਂ ਨੂੰ ਦੁਤਕਾਰ ਰਹੀਆਂ ਹਨ, ਦੂਜੇ ਪਾਸੇ 'ਸਿੱਖ ਜਥੇਬੰਦੀਆਂ' ਨੇ ਸਿੰਘ ਸਾਹਿਬਾਨ ਦੇ ਫ਼ੈਸਲੇ ਨੂੰ ਰੱਦ ਕਰ ਦਿੱਤਾ ਹੈ। ਦੋਵਾਂ ਵਿਚ ਇੱਕ ਤੰਦ ਸਾਂਝੀ ਜਾਪਦੀ ਹੈ ਕਿ ਕਿਸਾਨ ਜਥੇਬੰਦੀਆਂ ਨੇ ਸਿਆਸੀ ਆਗੂਆਂ ਦੀ ਹਮਦਰਦੀ



**ਦਲਜੀਤ ਅਮੀ**
**ਫੋਨ: +1(253) 455-8932**

ਨੂੰ ਕਾਰਗੁਜ਼ਾਰੀ ਨਾਲੋਂ ਨਿਖੜੀ 'ਮੂੰਹ ਦਿਖਾਈ' ਅਤੇ 'ਸਿੱਖ ਜਥੇਬੰਦੀਆਂ' ਨੇ ਸਿੰਘ ਸਾਹਿਬਾਨ ਦੇ ਫ਼ੈਸਲੇ ਨੂੰ 'ਪੰਥ ਦੀਆਂ ਭਾਵਨਾਵਾਂ' ਨਾਲ ਖਿਲਵਾੜ ਕਰਾਰ ਦਿੱਤਾ ਹੈ। ਇਹ ਦੋਵੇਂ ਮਸਲੇ ਇੱਕੋ ਵੇਲੇ ਪੇਸ਼ ਹੋਏ ਹਨ ਅਤੇ ਸਮਾਜ ਦੀਆਂ ਗੁੱਝੀਆਂ ਪਰਤਾਂ ਦੀ ਸ਼ਨਾਖ਼ਤ ਕਰਨ ਵਿਚ ਸਹਾਈ ਹੋ ਸਕਦੇ ਹਨ।

ਮੁਆਫ਼ੀ ਦਾ ਸੁਆਲ ਕਈ ਹਵਾਲਿਆਂ ਨਾਲ ਲਗਾਤਾਰ ਕਈ ਸਾਲਾਂ ਤੋਂ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਜੇ ਕੌਮਾਂਤਰੀ ਪੱਧਰ ਉੱਤੇ ਕੈਨੇਡਾ ਅਤੇ ਆਸਟਰੇਲੀਆ ਵਿਚ ਮੂਲਵਾਸੀਆਂ ਦੇ ਇਤਿਹਾਸ ਲਈ ਮੁਆਫ਼ੀ ਮੰਗਣ ਦਾ ਅਮਲ ਸ਼ੁਰੂ ਹੋਇਆ ਹੈ, ਤਾਂ ਜਾਪਾਨ ਉਤੇ ਦੂਜੀ ਆਲਮੀ ਜੰਗ ਦੌਰਾਨ ਕੋਰੀਆ ਅਤੇ ਚੀਨ ਵਿਚ ਔਰਤਾਂ (ਕੰਫਰਟ ਵੂਮੈਨ) ਨਾਲ ਕੀਤੀਆਂ ਵਧੀਕੀਆਂ ਲਗਾਤਾਰ ਸਰਕਾਰੀ ਮੁਆਫ਼ੀ ਦੀ ਮੰਗ ਕਰਦੀਆਂ ਹਨ। ਇਹ ਸੁਆਲ ਦੱਖਣੀ ਏਸ਼ੀਆ ਵਿਚ ਫਿਰਕੂ ਫਸਾਦ ਦੇ ਹਵਾਲੇ ਨਾਲ ਆਉਂਦਾ ਰਹਿੰਦਾ ਹੈ। ਇਨ੍ਹਾਂ ਸੁਆਲਾਂ ਦਾ ਸਮਕਾਲੀ ਸਿਰਾ ਇਤਿਹਾਸ ਵਿਚ ਦਰਜ ਹੋਈਆਂ ਧਿਰਾਂ ਦੀ ਨੁਮਾਇੰਦਗੀ ਨਾਲ ਜੁੜਦਾ ਹੈ। ਆਖ਼ਰ ਕੌਣ ਮੁਆਫ਼ੀ ਮੰਗ ਸਕਦਾ ਹੈ ਅਤੇ ਕਿਸ ਤੋਂ ਮੁਆਫ਼ੀ ਮੰਗੀ ਜਾ ਸਕਦੀ ਹੈ? ਮੁਆਫ਼ੀ ਮੰਗਣ ਅਤੇ ਮੁਆਫ਼ ਕਰਨ ਦੀ ਯੋਗਤਾ ਕੀ ਹੈ? ਮੁਆਫ਼ੀ ਦੋ ਧਿਰਾਂ ਦੇ ਰਿਸ਼ਤਿਆਂ ਵਿਚ ਅਹਿਮ ਕੜੀ ਬਣਦੀ ਹੈ ਜੋ ਭੂਤਕਾਲ ਅਤੇ ਭਵਿੱਖ ਨੂੰ ਮੀਲ ਪੱਥਰ ਵਜੋਂ ਵੰਡਦੀ ਹੈ। ਇਹ ਕਲੇਸ਼ ਨੂੰ ਅੱਗੇ ਨਾ ਤੋਰਨ ਦਾ ਸਮਝੌਤਾ ਹੋ ਸਕਦੀ ਹੈ। ਇਹ ਬਿਹਤਰ ਰਿਸ਼ਤਿਆਂ ਦੀ ਬੁਨਿਆਦ ਹੋ ਸਕਦੀ ਹੈ। ਇਹ ਕਿਸੇ ਮਕਸਦ ਤੱਕ ਪਹੁੰਚਣ ਦੀ ਜੁਗਤ ਹੋ ਸਕਦੀ ਹੈ। ਇਹ ਮਸਲਿਆਂ ਦਾ ਚਿਰਕਾਲੀ ਹੱਲ ਹੋ ਸਕਦੀ ਹੈ, ਪਰ ਫੌਰੀ ਲਾਹੇ ਦਾ ਸਬੱਬ ਵੀ ਹੋ ਸਕਦੀ ਹੈ।

ਪੰਜਾਬ ਦੇ ਮੌਜੂਦਾ ਸੁਆਲ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਮੁਆਫ਼ੀ ਮੰਨਿਆ ਕਿਸ ਨੂੰ ਜਾ ਸਕਦਾ ਹੈ। ਕੀ ਕੋਈ ਮੁਲਾਕਾਤ, ਚਿੱਠੀ ਜਾਂ ਘਟਨਾ ਮੁਆਫ਼ੀ ਹੋ ਸਕਦੀ ਹੈ? ਜੇ ਇਹ ਕਿਸੇ ਪੜਚੋਲ ਦਾ ਨਤੀਜਾ ਹੈ ਤਾਂ ਹੋ ਸਕਦੀ ਹੈ। ਮੁਆਫ਼ੀ ਦਾ ਅਹਿਸਾਸ ਦੋ ਧਿਰਾਂ ਨੂੰ ਅਜਿਹੀ ਸਾਂਝੀ ਸੋਚ ਨਾਲ ਜੋੜਦਾ ਹੈ ਕਿ ਬੀਤੇ ਸਮੇਂ ਦੀ ਹੋਣੀ ਵੱਡੀ ਗ਼ਲਤੀ ਸੀ। ਹਮਲਾਵਰ ਧਿਰ ਇਸ ਸੋਚ ਤੱਕ ਪਹੁੰਚਣ ਲਈ ਆਪਣੀ ਹਉਮੈ ਤੋਂ ਛੁਟਕਾਰਾ ਪਾਉਂਦੀ ਹੈ ਅਤੇ ਆਪਣੀ ਗ਼ਲਤੀ ਨੂੰ ਦਰੁਸਤ ਕਰਨ ਦੀ ਕੀਮਤ ਦੇਣ ਨੂੰ ਤਿਆਰ ਹੁੰਦੀ ਹੋਈ ਗ਼ਲਤੀ ਦੇ ਦੁਹਰਾਅ ਖ਼ਿਲਾਫ਼ ਪੇਸ਼ਬੰਦੀਆਂ ਕਰਦੀ ਹੈ। ਇਸ ਨਾਲ ਪਛਤਾਵੇ, ਮੁਆਵਜ਼ੇ, ਸਜ਼ਾ ਅਤੇ ਪੇਸ਼ਬੰਦੀਆਂ ਦਾ ਰੁਝਾਨ ਲਗਾਤਾਰ ਚੱਲਦਾ ਹੈ। ਮੁਆਫ਼ੀ ਇਸ ਰੁਝਾਨ ਦੇ ਕਿਸੇ ਫ਼ੈਸਲਾਕੁਨ ਪੜਾਅ ਉਤੇ ਸਹਿਜ ਰੂਪ ਵਿਚ ਦਰਜ ਹੁੰਦੀ ਹੈ। ਦੂਜੇ ਸ਼ਬਦਾਂ ਵਿਚ ਮੁਆਫ਼ੀ ਅਮਲ ਦਾ ਰਸਮੀ ਐਲਾਨ ਹੁੰਦੀ ਹੈ। ਇਸ ਅਹਿਸਾਸ ਅਤੇ ਅਮਲ ਤੋਂ ਬਿਨਾਂ ਮੁਆਫ਼ੀ ਸਿਰਫ਼ ਬਚਾਅ ਦਾ ਤਰੀਕਾ ਹੁੰਦੀ ਹੈ ਜਾਂ ਅਧੀਨਗੀ ਪ੍ਰਵਾਨ ਕਰਨ ਦੀ ਰਸਮ ਬਣ ਜਾਂਦੀ ਹੈ। ਇਹ ਵਕਤੀ ਪੈਂਤੜਾ ਵੀ ਹੋ ਸਕਦੀ ਹੈ ਅਤੇ ਬਦਲੇ ਹਾਲਾਤ ਵਿਚ ਖ਼ੁਦਗਰਜ਼ੀ ਦਾ ਨਮੂਨਾ ਵੀ ਹੋ ਸਕਦੀ ਹੈ।

ਮੌਜੂਦਾ ਮਸਲੇ ਉਤੇ ਲਿਖੀਆਂ ਗਈਆਂ ਦੋਵੇਂ ਚਿੱਠੀਆਂ ਵਿਚੋਂ ਕੁਝ ਨੁਕਤੇ ਇਨ੍ਹਾਂ ਪਿਛਲੀ ਭਾਵਨਾ ਨੂੰ ਉਜਾਗਰ ਕਰਦੇ ਹਨ। ਸਾਦਾ ਕਾਗ਼ਜ਼ ਉਤੇ ਲਿਖੀ ਡੇਰਾ ਮੁਖੀ ਦੀ ਚਿੱਠੀ ਦਾ ਵਿਸ਼ਾ 'ਗ਼ਲਤਫਹਿਮੀਆਂ' ਕਾਰਨ ਪੈਦਾ ਹੋਏ ਵਿਵਾਦ ਦਾ 'ਸਪਸ਼ਟੀਕਰਨ' ਹੈ। ਦੂਜੇ ਪਾਸੇ ਸਿੰਘ ਸਾਹਿਬਾਨ ਨੇ ਆਪਣੇ ਗੁਰਮਤੇ ਵਿਚ ਇਸ ਚਿੱਠੀ ਨੂੰ 'ਖਿਮਾਂ ਯਾਚਨਾ ਪੱਤਰ' ਕਰਾਰ ਦਿੱਤਾ ਹੈ। ਡੇਰਾ ਮੁਖੀ ਦੀ ਚਿੱਠੀ ਉਤੇ ਦਸਤਖ਼ਤ ਕਰਨ ਤੋਂ ਪਹਿਲਾਂ 'ਖਿਮਾਂ ਦਾ ਜਾਚਕ' ਲਿਖਿਆ ਹੈ। ਇਨ੍ਹਾਂ ਚਿੱਠੀਆਂ ਤੋਂ ਸਾਫ਼ ਹੈ ਕਿ ਕਿਹੜੀ ਧਿਰ ਕਿਸ ਸ਼ਬਦ ਦੀ ਵਰਤੋਂ ਕਰਨਾ ਚਾਹੁੰਦੀ ਹੈ। ਅਖ਼ਬਾਰਾਂ ਵਿਚ ਖ਼ਬਰਾਂ ਛਪੀਆਂ ਹਨ ਕਿ ਡੇਰਾ ਮੁਖੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਮੁੰਬਈ ਵਿਚ ਹੋਈ ਬੈਠਕ ਨੇ ਇਨ੍ਹਾਂ ਚਿੱਠੀਆਂ ਲਈ ਰਾਹ ਪੱਧਰਾ ਕੀਤਾ। ਮੁੰਬਈ ਵਿਚ ਤਿਆਰ ਹੋ ਕੇ 'ਮੈਸੰਜਰ ਆਫ਼ ਗੌਡ-ਦੋ' ਬਾਕੀ ਮੁਲਕ ਵਾਂਗ ਪੰਜਾਬ ਦੇ ਸਿਨਮਿਆਂ ਵਿਚ ਪਰਦਾਪੇਸ਼ ਹੋਈ ਹੈ। ਇਸ ਫਿਲਮ ਦੀ ਮੌਜੂਦਾ ਕੇਂਦਰ ਸਰਕਾਰ ਨਾਲ ਵਿਚਾਰਧਾਰਕ ਸਾਂਝ ਅਤੇ ਅਧਿਆਤਮਕਤਾ ਰਾਹੀਂ ਲੋਕ ਮਸਲਿਆਂ ਨੂੰ ਰੱਦ ਕਰਨ ਦੀ ਜੁਗਤ ਬਾਰੇ ਵੱਖਰਾ ਲੇਖ ਦਰਕਾਰ ਹੈ।

ਇਸ ਤਰ੍ਹਾਂ ਲਿਖੀਆਂ ਗਈਆਂ ਚਿੱਠੀਆਂ ਪਿਛੇ ਲੰਮਾ ਅਮਲ ਹੈ। ਇਸ ਵਿਵਾਦ ਦੇ ਸ਼ੁਰੂ ਹੋਣ ਤੋਂ ਬਾਅਦ ਡੇਰਾ ਪ੍ਰੇਮੀਆਂ ਉਤੇ ਕਈ ਤਰ੍ਹਾਂ ਦੀ ਪਾਬੰਦੀਆਂ ਲਗਾਈਆਂ ਗਈਆਂ ਸਨ। ਉਸ ਵੇਲੇ ਇੱਕ ਪਾਸੇ ਗੁਰਦੁਆਰਿਆਂ ਵਿਚ ਡੇਰਾ ਪ੍ਰੇਮੀਆਂ ਨੂੰ 'ਮੁੜ ਕੇ ਪੰਥ ਵਿਚ ਸ਼ਾਮਿਲ ਕਰਨ' ਦਾ ਰੁਝਾਨ ਚੱਲਿਆ ਸੀ ਅਤੇ ਦੂਜੇ ਪਾਸੇ ਉਨ੍ਹਾਂ ਦੇ ਮਰਨਿਆਂ-ਪਰਨਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਸ਼ਮੂਲੀਅਤ ਨੂੰ ਜਬਰੀ ਰੋਕਿਆ ਗਿਆ ਸੀ। ਕੁਝ ਸਮੇਂ ਲਈ ਡੇਰੇ ਦੇ ਪੈਰੋਕਾਰਾਂ ਨੂੰ ਮਰਨਿਆਂ-ਪਰਨਿਆਂ ਦੀ ਰਸਮਾਂ ਪੂਰੀਆਂ ਕਰਨ ਲਈ ਸੰਘਰਸ਼ ਕਰਨਾ ਪਿਆ ਸੀ। ਉਸ ਵੇਲੇ ਇਹ ਦਲੀਲ ਦਿੱਤੀ ਜਾਂਦੀ ਸੀ ਕਿ ਹੁਕਮਰਾਨ ਸਿਆਸੀ ਧਿਰ ਡੇਰੇ ਵਾਲਿਆਂ ਨੂੰ ਕਾਂਗਰਸ ਨੂੰ ਵੋਟਾਂ ਪਾਉਣ ਦਾ ਸਬਕ ਸਿਖਾ ਰਹੀ ਹੈ।

ਪਿੰਡਾਂ ਵਿਚ ਲੋਕਾਂ ਨੇ ਹੌਲੀ ਹੌਲੀ ਅਹਿਸਾਸ ਕਰ ਲਿਆ ਹੈ ਕਿ ਡੇਰਾ ਪ੍ਰੇਮੀਆਂ ਅਤੇ ਸਿੱਖ ਪਛਾਣ ਵਿਚ ਜ਼ਿਆਦਾ ਟਕਰਾਅ ਨਹੀਂ ਹੈ। ਜ਼ਿਆਦਾਤਰ ਲੋਕ ਸਹਿਜ ਸੁਭਾਅ ਹੀ ਡੇਰੇ ਉਤੇ ਜਾਂਦੇ ਹਨ ਅਤੇ ਆਥਣ-ਸਵੇਰ ਗੁਰਦੁਆਰੇ ਹਾਜ਼ਰੀ ਭਰਦੇ ਹਨ। ਕੁਝ ਸਮੇਂ ਦੀ ਭੜਕਾਹਟ ਤੋਂ ਬਾਅਦ ਜ਼ਿਆਦਾਤਰ ਇਲਾਕਿਆਂ ਵਿਚ ਸਮਾਜਕ ਪੱਧਰ ਉਤੇ ਇਹ ਮਸਲਾ ਸੁਲਝ ਗਿਆ, ਪਰ ਡੇਰਾ ਪ੍ਰੇਮੀਆਂ ਦੀ ਨਾਮ ਚਰਚਾ ਦੇ ਮਾਮਲੇ ਵਿਚ ਕਾਇਮ ਰਿਹਾ। ਸਿਆਸੀ ਪੱਖੋਂ ਡੇਰੇ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਟਕਰਾਅ ਦਾ ਰਾਹ ਅਖ਼ਤਿਆਰ ਨਹੀਂ ਕੀਤਾ। ਡੇਰੇ ਨੇ ਲੰਘੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਹਮਾਇਤ ਦਾ ਐਲਾਨ ਕੀਤਾ ਅਤੇ ਬਾਅਦ ਵਿਚ ਮੋਦੀ ਸਰਕਾਰ ਦੀਆਂ ਸਫ਼ਾਈ ਯੋਜਨਾਵਾਂ ਦਾ ਅਲੰਬਰਦਾਰ ਵੀ ਬਣਿਆ। ਅਮਲ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਡੇਰਾ ਸੱਚਾ ਸੌਦਾ ਵਿਚ ਹੁਣ ਕੋਈ ਟਕਰਾਅ ਨਹੀਂ ਹੈ। ਡੇਰੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਨੁਮਾਇੰਦੇ ਇਕੱਠੇ ਵਿਚਰਦੇ ਹਨ। ਸ਼੍ਰੋਮਣੀ ਅਕਾਲੀ ਦਲ ਪੱਖੋਂ ਇਹ ਮਸਲਾ ਨਿਬੜ ਚੁੱਕਿਆ ਹੈ ਅਤੇ ਇਨ੍ਹਾਂ ਚਿੱਠੀਆਂ ਰਾਹੀਂ ਇਸ ਰੁਝਾਨ ਦਾ ਰਸਮੀ ਐਲਾਨ ਹੋਇਆ ਹੈ।

ਦਰਅਸਲ ਇਹ ਮਸਲਾ ਇਸ ਤੋਂ ਜ਼ਿਆਦਾ ਪੇਚੀਦਾ ਹੈ। ਸ਼੍ਰੋਮਣੀ ਅਕਾਲੀ ਦਲ ਦਾ ਸਿਆਸੀ ਮਸਲਿਆਂ ਨੂੰ ਧਾਰਮਿਕ ਬਾਣੇ ਵਿਚ ਪਾਉਣ ਦਾ ਪੁਰਾਣਾ ਇਤਿਹਾਸ ਹੈ। ਇਹ ਆਪਣਾ ਸਿਆਸੀ ਲਾਹਾ ਖੱਟਣ ਤੋਂ ਬਾਅਦ ਆਪਣੇ ਰਾਹ ਪੈ ਜਾਂਦਾ ਹੈ, ਪਰ ਇਸ ਦੀਆਂ ਫਾਂਟਾਂ ਮਸਲੇ ਨੂੰ ਨਿਰਾ ਧਾਰਮਿਕ ਬਣਾਈ ਰੱਖਦੀਆਂ ਹਨ। ਸ਼੍ਰੋਮਣੀ ਅਕਾਲੀ ਦਲ ਸਿਆਸੀ ਦਾਅਪੇਚ ਲਈ ਨਵਾਂ ਮਸਲਾ ਚੁੱਕ ਲੈਂਦਾ ਹੈ, ਪਰ ਸਮਾਜ ਵਿਚ ਫਿਰਕੂ ਵੰਡੀ ਦੇ ਬੀਜ ਕੇਰ ਦਿੰਦਾ ਹੈ। ਇਹ ਮਾਮਲਾ ਇਸ ਪੱਖੋਂ ਸ਼੍ਰੋਮਣੀ ਅਕਾਲੀ ਦਲ ਦੇ ਦਾਅਪੇਚ ਦੀ ਨੁਮਾਇੰਦਗੀ ਵਜੋਂ ਵੇਖਿਆ ਜਾ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਤੋਂ ਡੇਰਾ ਸੱਚਾ ਸੌਦਾ ਨੇ ਅਮਲੀ ਰੂਪ ਵਿਚ ਭੁੱਲਾਂ ਬਖ਼ਸ਼ਾ ਲਈਆਂ ਹਨ, ਪਰ ਮੁੱਦਾ ਸੁਲਗਦਾ ਹੈ ਜੋ ਕਦੇ ਵੀ ਭਖ ਸਕਦਾ ਹੈ। ਇਸੇ ਵਿਚੋਂ ਸ਼੍ਰੋਮਣੀ ਅਕਾਲੀ ਦਲ ਦੀ ਸਿਆਸਤ ਦੀ ਮੌਕਾਪ੍ਰਸਤੀ ਪੜ੍ਹੀ ਜਾ ਸਕਦੀ ਹੈ।

ਡੇਰਾ ਪ੍ਰੇਮੀਆਂ ਨਾਲ ਕਲੇਸ਼ ਦੀਆਂ ਸਮਾਜਕ ਅਤੇ ਧਾਰਮਿਕ ਤੰਦਾਂ ਸੁਲਗਦੀਆਂ ਹਨ। ਇਹ ਕਿਸੇ ਵੀ ਘਟਨਾ ਜਾਂ ਬਿਆਨ ਨਾਲ ਭੜਕ ਸਕਦੀਆਂ ਹਨ। ਆਪਣੇ ਆਪ ਨੂੰ ਹੁਕਮਰਾਨ ਧਿਰ ਨਾਲੋਂ ਨਿਖੇੜ ਕੇ, ਪੰਥਕ ਹੋਣ ਦਾ ਦਾਅਵਾ ਕਰਨ ਵਾਲੀਆਂ ਧਿਰਾਂ ਆਪਣੀ ਸਿਆਸਤ ਨੂੰ ਨਿਰੋਲ ਧਾਰਮਿਕ ਚੌਖਟੇ ਵਿਚੋਂ ਵੇਖਦੀਆਂ ਹਨ। ਇਨ੍ਹਾਂ ਧਿਰਾਂ ਲਈ ਸ਼੍ਰੋਮਣੀ ਅਕਾਲੀ ਦਲ ਦੇ ਛੱਡੇ ਹੋਏ 'ਧਾਰਮਿਕ ਮਸਲੇ' ਅਹਿਮ ਹਨ। ਇਨ੍ਹਾਂ ਮਸਲਿਆਂ ਨਾਲ ਭਾਵੇਂ ਸਿਆਸੀ ਪੂੰਜੀ ਇਕੱਠੀ ਕਰਨੀ ਔਖੀ ਹੈ, ਪਰ ਸਰਗਰਮੀ ਕਾਇਮ ਰੱਖੀ ਜਾ ਸਕਦੀ ਹੈ। ਇਸ ਸਰਗਰਮੀ ਦੀ ਸਰਪ੍ਰਸਤੀ ਅਤੇ ਹਮਾਇਤ ਵੱਡੀਆਂ ਸਿਆਸੀ ਪਾਰਟੀਆਂ ਮੌਕੇ ਮੁਤਾਬਕ ਕਰ ਲੈਂਦੀਆਂ ਹਨ। ਉਤਰੀ ਅਮਰੀਕਾ ਅਤੇ ਯੂਰਪੀ ਮੁਲਕਾਂ ਵਿਚੋਂ ਇਸ ਸਰਗਰਮੀ ਨੂੰ ਵਿਦੇਸ਼ੀ ਪੂੰਜੀ ਚੜ੍ਹਦੀ ਹੈ ਅਤੇ ਵਿਦੇਸ਼ੀ ਮੀਡੀਆ ਦਿਲ-ਖੋਲ੍ਹਵੀਂ ਥਾਂ ਮਿਲਦੀ ਹੈ। ਇਹ ਸਮੁੱਚੀ ਧਾਰਾ, ਲੰਘੇ ਸਮੇਂ ਵਿਚ ਦਰਜ ਦੁਖਾਂਤ ਉਤੇ 'ਮੁਆਫ਼ ਨਾ ਕਰਨ' ਦੀ ਸਿਆਸਤ ਕਰਦੀ ਹੈ। ਇਹ ਧਾਰਾ ਸਮਕਾਲੀ ਅਤੇ ਚਿਰਕਾਲੀ ਸੁਆਲਾਂ ਨੂੰ ਮੁਖ਼ਾਤਬ ਹੋਣ ਵਿਚ ਨਾਕਾਮਯਾਬ ਰਹੀ ਹੈ। ਆਉਣ ਵਾਲੇ ਦਿਨਾਂ ਵਿਚ ਇਸ ਧਾਰਾ ਦੀ ਸਰਗਰਮੀ ਨਾਲ ਸਿੰਘ ਸਾਹਿਬਾਨ ਦੀ ਕਾਰਗੁਜ਼ਾਰੀ ਅਤੇ ਧਾਰਮਿਕ ਮਸਲਿਆਂ ਉਤੇ ਸਿਆਸੀ ਗ਼ਲਬੇ ਦੇ ਸੁਆਲ ਸਾਹਮਣੇ ਆਉਣ ਵਾਲੇ ਹਨ। ਇਹ ਸੁਆਲ ਆਪਣੀ ਥਾਂ ਉਤੇ ਜਾਇਜ਼ ਹਨ, ਪਰ 'ਪੰਥਕ ਧਾਰਾ' ਇਨ੍ਹਾਂ ਦਾ ਕੋਈ ਹੱਲ ਪੇਸ਼ ਕਰਨ ਦੀ ਹਾਲਤ ਵਿਚ ਨਹੀਂ ਜਾਪਦੀ।

'ਪੰਥਕ ਧਾਰਾ' ਦਾ ਸਿਆਸੀ-ਅਰਥਚਾਰਾ ਇਸ ਦੀ ਉਲਾਰ ਬਿਆਨੀ ਅਤੇ ਹਮਲਾਵਰ ਰੁਖ਼ ਨਾਲ ਜੁੜਿਆ ਹੋਇਆ ਹੈ। ਇਸ ਨੂੰ ਹਮੇਸ਼ਾ ਦੁਸ਼ਮਣ ਦੀ ਭਾਲ ਰਹਿੰਦੀ ਹੈ ਜੋ ਪਰਾਇਆ ਹੋ ਸਕਦਾ ਹੈ, ਸਰਕਾਰੀ ਦਲਾਲ ਹੋ ਸਕਦਾ ਹੈ ਜਾਂ ਗੱਦਾਰ ਹੋ ਸਕਦਾ ਹੈ ਜਾਂ ਸੋਧਵਾਦ ਦੇ ਰਾਹ ਪਿਆ ਪੁਰਾਣਾ ਸਾਥੀ ਹੋ ਸਕਦਾ ਹੈ। ਇਸ ਧਿਰ ਦੀ ਆਪਣੀ ਵੰਨ-ਸੁਵੰਨਤਾ ਹੈ, ਪਰ ਇਸ ਦੇ ਖ਼ਾਸੇ ਵਿਚ ਮੁਆਫ਼ੀ ਵਰਗੀ ਧਾਰਨਾ ਨਹੀਂ ਹੈ। ਇਹ ਆਪਣੀ ਪੜਚੋਲ ਵਿਚ ਆਪ ਕੀਤੀਆਂ ਗ਼ਲਤੀਆਂ ਨੂੰ ਸੁਧਾਰਨ ਦੀ ਗੱਲ ਕਰਦੀ ਹੈ, ਪਰ ਕਦੇ ਗ਼ਲਤੀਆਂ ਦੀ ਤਫ਼ਸੀਲ ਵਿਚ ਨਹੀਂ ਪੈਂਦੀ। ਜਿਨ੍ਹਾਂ ਨੂੰ ਗ਼ਲਤੀਆਂ ਲਈ ਮੁਆਫ਼ੀ ਮੰਗਣ ਦੀ ਲੋੜ ਨਹੀਂ ਪੈਂਦੀ, ਉਹ ਦੂਜੇ ਦੀਆਂ ਗ਼ਲਤੀਆਂ ਨੂੰ ਮੁਆਫ਼ ਕਰਨ ਦੀ ਕਿਵੇਂ ਸੋਚ ਸਕਦੇ ਹਨ? ਇਹ ਸੁਆਲ ਸਿਰਫ਼ ਡੇਰਾ ਸੱਚਾ ਸੌਦਾ ਤੱਕ ਮਹਿਦੂਦ ਨਹੀਂ ਕੀਤਾ ਜਾ ਸਕਦਾ। ਇਸ ਨੂੰ ਨਾ ਹੀ 'ਪੰਥਕ ਧਾਰਾ' ਤੱਕ ਮਹਿਦੂਦ ਕੀਤਾ ਜਾ ਸਕਦਾ ਹੈ। ਇੱਕ ਪਾਸੇ ਕਿਸਾਨ ਜਥੇਬੰਦੀਆਂ ਨੇ ਲੋਕ ਦੋਖੀ ਸਿਆਸਤ ਦੀ ਸ਼ਨਾਖ਼ਤ ਕਰ ਕੇ ਲੋਕਾਂ ਨੂੰ ਜਾਗਰੂਕ ਕਰਨਾ ਹੈ, ਦੂਜੇ ਪਾਸੇ ਕਿਸੇ ਨਾ ਕਿਸੇ ਹੀਲੇ 'ਪੰਥਕ ਧਾਰਾ' ਨੇ ਆਪਣੀ ਹੋਂਦ ਕਾਇਮ ਰੱਖਣੀ ਹੈ। ਇਸ ਪੂਰੇ ਸਿਆਸੀ ਪਨੇ ਤੋਂ ਮੌਜੂਦਾ ਹੁਕਮਰਾਨ ਅਤੇ ਵਿਰੋਧੀ ਪਾਰਟੀਆਂ ਕੰਨੀ ਖਿਸਕਾ ਗਈਆਂ ਹਨ, ਪਰ ਵੋਟਾਂ ਮੌਕੇ ਗੁਣਾ ਉਨ੍ਹਾਂ ਵਿਚੋਂ ਹੀ ਪੈਣਾ ਹੈ। ਕੀ ਇਹ ਵੋਟ ਸਿਆਸਤ, 'ਪੰਥਕ ਧਾਰਾ' ਅਤੇ ਸੰਘਰਸ਼ ਦੇ ਪਿੜ ਮੱਲੀ ਬੈਠੀਆਂ ਧਿਰਾਂ ਦੀ ਸਿਆਸਤ ਦੀ ਪੜਚੋਲ ਕਰਨ ਦਾ ਮੌਕਾ ਨਹੀਂ ਹੈ?

# ਜਬਰ ਅਤੇ ਬਦਲੇ ਦਾ ਜ਼ਮਾਨਾ

2002 ਦੇ ਗੁਜਰਾਤ ਕਤਲੇਆਮ ਨੂੰ ਸਹੀ ਠਹਿਰਾਉਣ ਲਈ ਸੂਬੇ ਦੇ ਤੱਤਕਾਲੀ ਮੁੱਖ ਮੰਤਰੀ ਨਰੇਂਦਰ ਮੋਦੀ ਨੇ ਭੌਤਿਕ ਵਿਗਿਆਨ ਦੇ ਗਤੀ ਸਬੰਧੀ ਗੁਰ ਦਾ ਇਸਤੇਮਾਲ ਕਰਦਿਆਂ ਕਿਹਾ ਸੀ ਕਿ ਹਰ 'ਕਿਰਿਆ ਦੀ ਪ੍ਰਤੀਕਿਰਿਆ' ਹੁੰਦੀ ਹੈ। ਉਦੋਂ ਸ਼ਾਇਦ ਉਸ ਨੂੰ ਪਤਾ ਨਹੀਂ ਸੀ ਕਿ ਪ੍ਰਤੀਕਿਰਿਆ ਦੀ ਵੀ ਪ੍ਰਤੀਕਿਰਿਆ ਹੋ ਸਕਦੀ ਹੈ ਅਤੇ ਇਸ ਨੂੰ ਸਮਝਣ ਲਈ ਕਿਸੇ ਵਿਗਿਆਨ ਦੀ ਜ਼ਰੂਰਤ ਨਹੀਂ ਪੈਂਦੀ। ਸ਼ਾਇਦ ਇਹ ਉਸ ਨੂੰ ਅਗਸਤ ਦੇ ਆਖ਼ਰੀ ਹਫ਼ਤੇ ਹੋਈ ਗੁਜਰਾਤ ਹਿੰਸਾ ਤੋਂ ਸਪਸ਼ਟ ਹੋ ਗਿਆ ਹੋਵੇਗਾ। ਦਰਅਸਲ 2002 ਦੀਆਂ ਘਟਨਾਵਾਂ ਨੇ ਉਥੋਂ ਦੀ ਬਹੁ-ਗਿਣਤੀ ਨੂੰ ਇਹ ਗੱਲ ਸਮਝਾ ਦਿੱਤੀ ਸੀ ਕਿ ਹਿੰਸਾ ਲੋਕਤੰਤਰ

**ਪੇਸ਼ਕਸ਼: ਬੂਟਾ ਸਿੰਘ**
ਫੋਨ: +91-94634-74342

ਵਿਚ ਸੱਤਾ ਹਥਿਆਉਣ ਦਾ ਕਾਰਗਰ ਹਥਿਆਰ ਹੈ। ਦੂਜੇ ਪਾਸੇ, ਸੱਤਾਧਾਰੀਆਂ ਨੂੰ ਵੀ ਇਹ ਯਕੀਨ ਹੋ ਗਿਆ ਕਿ ਜਦੋਂ ਚਾਹੋ, ਹਿੰਸਾ ਨੂੰ ਆਪਣੇ ਹੱਕ ਵਿਚ ਭੁਗਤਾਇਆ ਜਾ ਸਕਦਾ ਹੈ ਅਤੇ ਇੱਛਾ ਅਨੁਸਾਰ ਰੋਕਿਆ ਵੀ ਜਾ ਸਕਦਾ ਹੈ।

ਲਿਹਾਜ਼ਾ ਇਹ ਹੈਰਾਨੀਜਨਕ ਨਹੀਂ ਕਿ ਪਾਟੀਦਾਰਾਂ (ਪਟੇਲਾਂ) ਦੇ ਅੰਦੋਲਨ ਨੂੰ ਰੋਕਣ ਲਈ ਜਿਸ ਕਦਰ ਜਬਰ ਕੀਤਾ ਗਿਆ, ਉਸੇ ਦਾ ਸਿੱਟਾ ਸੀ ਕਿ ਪਾਟੀਦਾਰਾਂ ਨੇ ਵੀ ਉਨੇ ਹੀ ਹਿੰਸਕ ਤਰੀਕੇ ਨਾਲ ਜਵਾਬ ਦਿੱਤਾ; ਤੇ ਉਸੇ ਸੂਬਾ ਸਰਕਾਰ ਜਿਸ ਨੇ 13 ਸਾਲ ਪਹਿਲਾਂ ਤਿੰਨ ਦਿਨ ਤਕ ਹਿੰਸਾ ਹੋਣ ਦਿੱਤੀ ਸੀ, ਨੇ ਅੱਠ ਘੰਟੇ ਦੇ ਅੰਦਰ ਹੀ ਫ਼ੌਜ ਸੱਦ ਕੇ ਔਖੇ ਸੂਬੇ ਨੂੰ ਉਸ ਦੇ ਹਵਾਲੇ ਕਰ ਦਿੱਤਾ। ਵਿਡੰਬਨਾ ਇਹ ਹੈ ਕਿ ਪਟੇਲ ਬਰਾਦਰੀ ਜੋ ਕੁਲ ਆਬਾਦੀ ਦਾ 12% ਹੈ, ਸੂਬੇ ਦੀਆਂ ਵੱਡੀਆਂ ਬਰਾਦਰੀਆਂ ਵਿਚੋਂ ਹੈ ਅਤੇ ਭਾਜਪਾ ਦੀ ਸਭ ਤੋਂ ਵੱਡੀ ਰਵਾਇਤੀ ਹਮਾਇਤੀ ਹੈ। 2002 ਦੀ ਹਿੰਸਾ ਦੀ ਅਗਵਾਈ ਇਸੇ ਬਰਾਦਰੀ ਦੇ ਹੱਥਾਂ ਵਿਚ ਸੀ।

ਸੱਤਾ ਦਾ ਭਾਵੇਂ ਇਹ ਖ਼ਾਸਾ ਹੈ ਕਿ ਇਹ ਇਕ ਹੱਦ ਤੋਂ ਅੱਗੇ ਵਿਰੋਧ ਨੂੰ ਬਰਦਾਸ਼ਤ ਨਹੀਂ ਕਰਦੀ ਅਤੇ ਮੌਕਾ ਮਿਲਦੇ ਸਾਰ ਵਿਰੋਧੀਆਂ ਨੂੰ ਦਬਾਉਣ ਤੋਂ ਬਾਜ਼ ਨਹੀਂ ਆਉਂਦੀ, ਪਰ ਹਿੰਦੁਸਤਾਨ ਵਰਗੇ ਮੁਲਕ ਵਿਚ ਜਿਥੇ ਸੱਤਾ ਦੀਆਂ ਜੜ੍ਹਾਂ ਅੱਜ ਵੀ ਜਗੀਰੂ ਮੁੱਲਾਂ ਅਤੇ ਜ਼ਿਹਨੀਅਤ ਵਿਚ ਡੂੰਘੀਆਂ ਲੱਗੀਆਂ ਹੋਈਆਂ ਹਨ, ਵਿਰੋਧ ਲੋਕਤੰਤਰ ਦਾ ਹਿੱਸਾ ਨਹੀਂ, ਸਗੋਂ ਇਸ ਨੂੰ ਦੁਸ਼ਮਣੀ ਦੇ ਬਰਾਬਰ ਮੰਨਿਆ ਜਾਂਦਾ ਹੈ। ਭਾਜਪਾ ਦੀ ਅਗਵਾਈ ਵਾਲੇ ਬੀਤੇ ਸਵਾ ਸਾਲ ਦੇ ਰਾਜ ਦੇ ਸੁਭਾਅ ਨੂੰ ਬਦਲਾਖੋਰੀ ਅਤੇ ਜਬਰ ਵਰਗੇ ਗ਼ੈਰ-ਜਮਹੂਰੀ ਲਫ਼ਜ਼ਾਂ ਦੀ ਸੀਮਾ ਵਿਚ ਹੀ ਪ੍ਰਿਭਾਸ਼ਤ ਕੀਤਾ ਜਾ ਸਕਦਾ ਹੈ। ਲਗਦਾ ਹੈ ਕਿ ਜਮਹੂਰੀ ਤਰੀਕੇ ਨਾਲ ਜਿੱਤੀ ਹਕੂਮਤ ਭੁੱਲ ਹੀ ਗਈ ਹੈ ਕਿ ਉਸ ਦੇ ਜੀਵਨ-ਕਾਲ ਦਾ ਫ਼ੈਸਲਾ ਦੁਬਾਰਾ ਚਾਰ ਸਾਲ ਬਾਅਦ ਹੋਣ ਵਾਲਾ ਹੈ, ਪਰ ਜੋ ਹੁਣ ਹੋ ਰਿਹਾ ਹੈ, ਉਹ ਵੀ ਚੰਗਾ ਸੰਕੇਤ ਨਹੀਂ ਹੈ।

ਯਾਕੂਬ ਮੈਮਨ ਨੂੰ ਫਾਂਸੀ ਦੇਣ ਦੇ ਮਾਮਲੇ ਵਿਚ ਸਰਕਾਰ ਨੇ ਅਗਸਤ ਵਿਚ ਹੀ ਤਿੰਨ ਨਿਊਜ਼ ਚੈਨਲਾਂ ਨੂੰ ਇਹ ਕਹਿੰਦੇ ਹੋਏ ਨੋਟਿਸ ਜਾਰੀ ਕੀਤੇ ਕਿ ਇਨ੍ਹਾਂ ਦੇ ਪ੍ਰਸਾਰਨਾਂ ਨਾਲ ਹਿੰਸਾ ਅਤੇ ਰਾਸ਼ਟਰ ਵਿਰੋਧੀ ਭਾਵਨਾਵਾਂ ਭੜਕਣ ਦਾ ਖ਼ਤਰਾ ਹੈ। ਯਾਕੂਬ ਨੂੰ ਸਜ਼ਾ-ਏ-ਮੌਤ ਦੇ ਮਾਮਲੇ ਵਿਚ ਇਨ੍ਹਾਂ ਚੈਨਲਾਂ ਦੀਆਂ ਬਹਿਸਾਂ ਵਿਚ ਰਾਸ਼ਟਰਪਤੀ ਅਤੇ ਸਰਕਾਰ ਦੇ ਫ਼ੈਸਲਿਆਂ ਉਪਰ ਕੁਝ ਸਵਾਲ ਉਠਾਏ ਗਏ ਸਨ। ਇਹ ਪਹਿਲੀ ਵਾਰ ਨਹੀਂ ਹੋਇਆ ਸੀ ਅਤੇ ਨਾ ਹੀ ਇਉਂ ਸੀ ਕਿ ਇਸ ਤੋਂ ਪਹਿਲਾਂ ਅਦਾਲਤਾਂ ਵਲੋਂ ਸਜ਼ਾ-ਏ-ਮੌਤ ਦੇਣ ਅਤੇ ਰਾਸ਼ਟਰਪਤੀ ਵਲੋਂ ਸਜ਼ਾ-ਏ-ਮੌਤ ਵਾਲਿਆਂ ਦੀਆਂ ਅਰਜ਼ੀਆਂ ਖ਼ਾਰਜ ਕਰਨ ਦੇ ਮਾਮਲਿਆਂ ਦੀ ਨੁਕਤਾਚੀਨੀ ਨਾ ਹੋਈ ਹੋਵੇ; ਪਰ ਹੁਣ ਸਰਕਾਰੀ ਰੁਖ਼ ਦਾ ਇਸ਼ਾਰਾ ਹੈ ਕਿ ਇਹ ਕੋਈ ਵੀ ਨੁਕਤਾਚੀਨੀ ਸਹਿਣ ਨਹੀਂ ਕਰ ਸਕਦੇ। ਨਿਸ਼ਚੇ ਹੀ ਮੋਦੀ ਹਕੂਮਤ ਬਹੁ-ਗਿਣਤੀ 'ਚ ਹੈ ਪਰ ਇਹ ਰੁਝਾਨ ਕਿਸੇ ਵੀ ਰੂਪ 'ਚ ਉਸ ਦੇ ਵਿਸ਼ਵਾਸ ਦੀ ਬਜਾਏ ਉਸ ਦੇ ਅਸੁਰੱਖਿਆ ਦੇ ਡਰ ਦਾ ਇਜ਼ਹਾਰ ਹੈ।

ਭਾਜਪਾ ਸ਼ਾਸਤ ਸੂਬਿਆਂ ਦੀ ਇਹ ਨੀਤੀ ਹੀ ਬਣ ਗਈ ਹੈ ਕਿ ਆਜ਼ਾਦ ਸੋਚ ਵਾਲੇ ਕਿਸੇ ਬੰਦੇ ਨੂੰ ਨਾ ਤਾਂ ਬੋਲਣ ਦਿੱਤਾ ਜਾਵੇ ਅਤੇ ਨਾ ਹੀ ਕੰਮ ਕਰਨ ਦਿੱਤਾ ਜਾਵੇ। ਸਰਕਾਰੀ ਮੁਲਾਜ਼ਮਾਂ ਤੋਂ ਸੰਵਿਧਾਨ ਦੀ ਨਹੀਂ, ਸਗੋਂ ਭਾਜਪਾ ਦੀਆਂ ਨੀਤੀਆਂ ਅਤੇ ਇਸ ਦੇ ਆਗੂਆਂ ਪ੍ਰਤੀ ਸਮਰਪਣ ਦੀ ਤਵੱਕੋ ਕੀਤੀ ਜਾਂਦੀ ਹੈ। ਮੋਦੀ ਨਿਜ਼ਾਮ ਦੀ ਵਿਰਾਸਤ ਨੂੰ ਅੱਗੇ ਵਧਾ ਰਹੀ ਗੁਜਰਾਤ ਸਰਕਾਰ ਇਸ ਦੀ ਸਭ ਤੋਂ ਵੱਡੀ ਮਿਸਾਲ ਹੈ।

ਲੰਘੇ ਮਹੀਨੇ ਗੁਜਰਾਤ ਸਰਕਾਰ ਨੇ ਆਈ.ਪੀ.ਐਸ. ਪੁਲਿਸ ਅਫਸਰ ਸੰਜੀਵ ਭੱਟ ਨੂੰ ਨੌਕਰੀ ਤੋਂ ਬਰਖ਼ਾਸਤ ਕਰਵਾ ਦਿੱਤਾ। ਉਸ ਉਪਰ ਲਾਏ ਇਲਜ਼ਾਮਾਂ ਵਿਚ ਨੌਕਰੀ ਤੋਂ ਗ਼ੈਰ-ਹਾਜ਼ਰ ਰਹਿਣ ਤੋਂ ਇਲਾਵਾ ਨਾਜਾਇਜ਼ ਸਬੰਧਾਂ ਦਾ ਮਾਮਲਾ ਵੀ ਹੈ। ਹਾਲ ਹੀ ਵਿਚ ਅਜਿਹੀ ਸੈਕਸ ਸੀ.ਡੀ. ਸਾਹਮਣੇ ਆਈ ਹੈ ਜਿਸ ਵਿਚ ਭੱਟ ਵਰਗੇ ਬੰਦੇ ਨੂੰ ਕਿਸੇ ਔਰਤ ਨਾਲ ਦਿਖਾਇਆ ਗਿਆ ਹੈ। ਭੱਟ ਅਨੁਸਾਰ ਇਹ ਉਹ ਨਹੀਂ, ਸਗੋਂ ਉਸ ਵਰਗੇ ਮਿਲਦੇ-ਜੁਲਦੇ ਚਿਹਰੇ ਵਾਲਾ ਕੋਈ ਹੋਰ ਬੰਦਾ ਹੈ। ਦਰਅਸਲ, ਭੱਟ ਉਪਰ ਲੱਗੇ



ਸਤਹੀ ਇਲਜ਼ਾਮਾਂ ਦੀ 'ਗੰਭੀਰਤਾ' ਨੂੰ ਉਦੋਂ ਤਕ ਨਹੀਂ ਸਮਝਿਆ ਜਾ ਸਕਦਾ, ਜਦੋਂ ਤਕ ਇਹ ਚੇਤੇ ਨਾ ਕਰ ਲਿਆ ਜਾਵੇ ਕਿ ਇਸ ਸੰਕਟ ਪਿਛੇ ਉਸ ਦਾ ਨਰੇਂਦਰ ਮੋਦੀ ਨਾਲ ਟਕਰਾਅ ਕੰਮ ਕਰ ਰਿਹਾ ਹੈ। ਗੁਜਰਾਤ ਵਿਚ ਜਿਸ ਨੇ ਵੀ ਮੋਦੀ ਦਾ ਵਿਰੋਧ ਕੀਤਾ, ਉਨ੍ਹਾਂ ਦੀ ਕੋਈ ਨਾ ਕੋਈ ਸੈਕਸ ਸੀ.ਡੀ. ਪ੍ਰਗਟ ਹੁੰਦੀ ਰਹੀ ਹੈ। 2005 'ਚ ਸੰਜੇ ਭਾਈ ਜੋਸ਼ੀ ਦੀ ਸੀ.ਡੀ. ਸਾਹਮਣੇ ਆਈ ਸੀ। ਜੋਸ਼ੀ ਮੋਦੀ ਦਾ ਵਿਰੋਧੀ ਸੀ ਅਤੇ ਉਸ ਨੂੰ ਆਰ.ਐਸ.ਐਸ. ਵੀ ਹਮਾਇਤ ਹਾਸਲ ਸੀ। ਜੋਸ਼ੀ ਦਾ ਵੀ ਉਸ ਸੀ.ਡੀ. ਬਾਰੇ ਇਹੀ ਕਹਿਣਾ ਸੀ ਕਿ ਸੀ.ਡੀ. ਵਿਚ ਉਸ ਵਰਗਾ ਕੋਈ ਹੋਰ ਬੰਦਾ ਹੈ। ਘੱਟੋ-ਘੱਟ ਜੋਸ਼ੀ ਬਾਰੇ ਤਾਂ ਸਾਬਤ ਹੋ ਹੀ ਚੁੱਕਾ ਹੈ ਕਿ ਸੀ.ਡੀ. ਵਿਚ ਉਹ ਨਹੀਂ ਸੀ। ਇਸੇ ਤਰ੍ਹਾਂ ਦੀ ਇਕ ਹੋਰ ਸੀ.ਡੀ. 2007 ਵਿਚ ਪ੍ਰਗਟ ਹੋਈ। ਉਸ ਵਿਚ ਕਾਂਗਰਸੀ ਆਗੂ ਭਰਤ ਸਿੰਘ ਸੋਲੰਕੀ ਵਰਗਾ ਬੰਦਾ ਦਿਖਾਇਆ ਗਿਆ ਸੀ। ਭਰਤ ਸਿੰਘ ਸੋਲੰਕੀ ਮੋਦੀ ਦਾ ਸਿਆਸੀ ਸ਼ਰੀਕ ਸੀ।

ਸੰਜੀਵ ਭੱਟ ਖ਼ਿਲਾਫ਼ ਇਲਜ਼ਾਮ ਨਿਹਾਇਤ ਪੇਤਲੇ ਹਨ। ਇਥੇ ਤਾਂ ਤੱਥ ਇਹ ਹੈ ਕਿ ਇਸ ਪੱਧਰ ਦੇ ਅਫਸਰ ਨੂੰ ਕੇਂਦਰੀ ਸਰਕਾਰ ਦੀ ਸਹਿਮਤੀ ਤੋਂ ਬਿਨਾਂ ਹਟਾਇਆ ਨਹੀਂ ਜਾ ਸਕਦਾ ਅਤੇ ਕੇਂਦਰੀ ਗ੍ਰਹਿ ਮੰਤਰਾਲੇ ਤੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੀ ਸਹਿਮਤੀ ਜ਼ਰੂਰੀ ਹੁੰਦੀ ਹੈ। ਉਂਜ, ਭੱਟ ਦੀ ਬਰਖ਼ਾਸਤਗੀ ਦੇ ਮਾਮਲੇ 'ਚ ਕੇਂਦਰ ਦੀਆਂ ਸੰਸਥਾਵਾਂ ਦੀ ਭੂਮਿਕਾ ਵੀ ਸ਼ੱਕੀ ਹੈ। ਉਸ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਨਹੀਂ ਦਿੱਤਾ ਗਿਆ। ਇਸੇ ਸਿਲਸਿਲੇ 'ਚ ਦੂਜੀ ਇਸ ਤੋਂ ਵੀ ਵੱਡੀ ਮਿਸਾਲ ਤੀਸਤਾ ਸੀਤਲਵਾੜ ਅਤੇ ਸਬਰੰਗ ਫਾਊਂਡੇਸ਼ਨ ਦੀ ਹੈ। ਇਨ੍ਹਾਂ ਨੇ ਗੁਜਰਾਤ ਕਤਲੇਆਮ ਦੇ ਪੀੜਤਾਂ ਦੀ ਬਾਂਹ ਫੜੀ ਸੀ ਅਤੇ ਇਨ੍ਹਾਂ ਦੀ ਕਾਨੂੰਨੀ ਲੜਾਈ ਦਲੇਰੀ ਨਾਲ ਲੜ ਰਹੀ ਹੈ। ਤੀਸਤਾ ਟੀਮ ਦੀ ਬਦੌਲਤ ਹੀ ਸੂਬੇ ਦੇ ਕਈ ਉੱਚ ਅਫਸਰ ਜੇਲ੍ਹ ਗਏ। ਸੂਬਾ ਸਰਕਾਰ ਸਾਲਾਂ ਤੋਂ ਇਸ ਫਿਰਾਕ 'ਚ ਹੈ ਕਿ ਕਿਸੇ ਤਰ੍ਹਾਂ ਤੀਸਤਾ ਨੂੰ ਦਬੋਚਿਆ ਜਾਵੇ। ਮੋਦੀ ਨੇ ਕੇਂਦਰ ਸਰਕਾਰ ਬਣਾਉਂਦੇ ਸਾਰ ਉਸ ਦੀ ਸੰਸਥਾ ਉਪਰ 11 ਲੱਖ ਡਾਲਰ ਦੇ ਗਬਨ ਦੇ ਇਲਜ਼ਾਮ ਲਾ ਕੇ ਸੁਪਰੀਮ ਕੋਰਟ ਵਿਚ ਚਾਰਜਸ਼ੀਟ ਦਾਇਰ ਕਰ ਦਿੱਤੀ।

ਇਸੇ ਦੌਰਾਨ ਕੇਂਦਰ ਸਰਕਾਰ ਨੇ ਜਿਵੇਂ ਆਜ਼ਾਦਾਨਾ ਤੌਰ 'ਤੇ ਕੰਮ ਕਰਦੀਆਂ ਅਤੇ ਵਿਦੇਸ਼ੀ ਫੰਡ ਲੈਣ ਵਾਲੀਆਂ ਐਨ.ਜੀ.ਓਜ਼ ਨੂੰ ਨਿਸ਼ਾਨਾ ਬਣਾਇਆ, ਉਹ ਵੀ ਘੱਟ ਗੰਭੀਰ ਨਹੀਂ। ਸਰਕਾਰ ਉਨ੍ਹਾਂ ਨੂੰ ਦੇਸ਼-ਧ੍ਰੋਹੀ ਅਤੇ ਲੋਕਾਂ ਖ਼ਿਲਾਫ਼ ਕੰਮ ਕਰਨ ਵਾਲੀਆਂ ਸਾਬਤ ਕਰਨ 'ਤੇ ਤੁਲੀ ਹੋਈ ਹੈ। ਇਸ ਦੀ ਵੱਡੀ ਮਿਸਾਲ ਗ੍ਰੀਨ ਪੀਸ ਦੀ ਹੈ। ਸਰਕਾਰ ਨੇ ਜਿਵੇਂ ਇਸ ਦੀ ਨੁਮਾਇੰਦਾ ਪ੍ਰਿਯਾ ਪਿੱਲੈ ਜੋ ਵੇਦਾਂਤ ਕੰਪਨੀ ਵਲੋਂ ਆਦਿਵਾਸੀਆਂ ਨੂੰ ਉਜਾੜਨ ਦਾ ਮਾਮਲਾ ਬਰਤਾਨੀਆ ਵਿਚ ਪੇਸ਼ ਕਰਨ ਜਾ ਰਹੀ ਸੀ, ਨੂੰ ਹਵਾਈ ਅੱਡੇ 'ਤੇ ਰੋਕਿਆ ਤੇ ਪ੍ਰੇਸ਼ਾਨ ਕੀਤਾ ਗਿਆ, ਉਹ ਬਹੁਤੀ ਪੁਰਾਣੀ ਗੱਲ ਨਹੀਂ। ਯਾਦ ਰਹੇ ਕਿ ਖ਼ੁਦ ਭਾਜਪਾ ਅਤੇ ਆਰ.ਐਸ.ਐਸ. ਦੀਆਂ ਕਈ ਸੰਸਥਾਵਾਂ ਨੂੰ ਵੱਡੀ ਮਾਤਰਾ 'ਚ ਵਿਦੇਸ਼ਾਂ 'ਚੋਂ ਫੰਡ ਆਉਂਦੇ ਹਨ। ਸਰਕਾਰ ਨੇ ਇਹ ਵਸੀਲੇ ਬੰਦ ਕਰਨ ਦਾ ਕਦੇ ਯਤਨ ਨਹੀਂ ਕੀਤਾ।

ਮੱਧ ਪ੍ਰਦੇਸ਼ ਜਿਥੇ ਭਾਜਪਾ ਦੀ ਸੱਤਾ ਹੈ, ਦਾ ਵਿਆਪਮ ਘੁਟਾਲਾ 60 ਬੰਦਿਆਂ ਦੀ ਬਲੀ ਲੈ ਚੁੱਕਾ ਹੈ। ਸੈਂਕੜੇ ਨੌਜਵਾਨ ਜੇਲ੍ਹਾਂ ਵਿਚ ਹਨ ਜਾਂ ਭਗੌੜੇ ਹਨ। ਹਜ਼ਾਰਾਂ ਪ੍ਰਤਿਭਾਵਾਨ ਨੌਜਵਾਨਾਂ ਦਾ ਭਵਿੱਖ ਤਬਾਹ ਹੋ ਚੁੱਕਾ ਹੈ ਪਰ ਸੂਬਾ ਸਰਕਾਰ ਮਾਮਲੇ ਨੂੰ ਦਬਾਉਣ 'ਤੇ ਤੁਲੀ ਹੋਈ ਹੈ।

ਇਸੇ ਪ੍ਰਸੰਗ 'ਚ ਹਾਲੀਆ ਮਿਸਾਲ ਅੰਗਰੇਜ਼ੀ ਰਸਾਲੇ 'ਤਹਿਲਕਾ' ਉਪਰ ਮਹਾਰਾਸ਼ਟਰ ਸਰਕਾਰ ਵਲੋਂ ਮੁਕੱਦਮਾ ਦਾਇਰ ਕਰਨ ਦੀ ਹੈ ਜਿਸ ਨੇ ਵੱਖ ਵੱਖ ਧਾਰਮਿਕ ਦਹਿਸ਼ਤਗਰਦਾਂ ਦੇ ਨਾਲ ਨਾਲ ਬਾਲ ਠਾਕਰੇ ਨੂੰ ਵੀ ਸ਼ਾਮਲ ਕੀਤਾ ਸੀ। ਸਭ ਜਾਣਦੇ ਹਨ ਕਿ ਭਾਜਪਾ ਦੀ ਸਹਿਯੋਗੀ ਸ਼ਿਵ ਸੈਨਾ ਆਪਣੇ ਹਮਲਾਵਰ ਰੁਖ਼ ਅਤੇ ਹਿੰਸਾ ਪੱਖੋਂ ਕਿਸੇ ਹੋਰ ਫਿਰਕੂ ਜਥੇਬੰਦੀ ਤੋਂ ਘੱਟ ਨਹੀਂ। ਇਸ ਦੇ ਅਖ਼ਬਾਰ-ਰਸਾਲੇ ਜਿਵੇਂ ਜ਼ਹਿਰ ਉਗਲਦੇ ਹਨ, ਉਸ ਨੂੰ ਕੋਈ ਵੀ ਜਮਹੂਰੀ ਪ੍ਰਬੰਧ ਬਰਦਾਸ਼ਤ ਨਹੀਂ ਕਰ ਸਕਦਾ। ਜਾਂ ਤਾਂ ਸਰਕਾਰ ਹਰ ਤਰ੍ਹਾਂ ਦੇ ਫਿਰਕੂ ਅਤਿਵਾਦ ਨੂੰ ਰੋਕੇ ਜਾਂ ਫਿਰ ਦੂਜੇ ਪੱਖ ਨੂੰ ਸੁਣ ਦਾ ਜਿਗਰਾ ਦਿਖਾਵੇ।

ਗ਼ੌਰਤਲਬ ਹੈ ਕਿ ਇਹ ਬਦਲਾਖੋਰੀ ਮਹਿਜ਼ ਭਾਜਪਾ ਦੇ ਸਾਕਸ਼ੀ ਮਹਾਰਾਜ, ਅਵੈਦਿਆਨਾਥ ਜਾਂ ਸਾਧਵੀ ਜਯੋਤੀ ਦੀ ਖ਼ਾਸੀਅਤ ਨਹੀਂ ਹੈ ਜੋ ਗੱਲ ਗੱਲ 'ਤੇ ਸਿਰ ਲਾਹ ਦੇਣ ਜਾਂ 'ਖ਼ੂਨ ਦਾ ਬਦਲਾ ਖ਼ੂਨ' ਦੇ ਐਲਾਨ ਕਰਨ ਤੋਂ ਬਾਜ਼ ਨਹੀਂ ਆਉਂਦੇ ਸਗੋਂ ਮੁੱਖਧਾਰਾ ਦੀ ਉਸ ਅਗਵਾਈ ਦੀ ਖ਼ਾਸੀਅਤ ਹੈ ਜਿਸ ਦੀ ਮੁਹਾਰਤ, ਦ੍ਰਿਸ਼ਟੀ ਅਤੇ ਕਾਰਜਸ਼ੈਲੀ ਉਪਰ ਕਾਰਪੋਰੇਟ ਮੀਡੀਆ ਮੰਤਰ-ਮੁਗਧ ਹੈ।

# ਪੰਜਾਬ ਦਾ ਸਿਆਸੀ ਦੰਗਲ

ਪੰਜਾਬ ਦੀ ਅਕਾਲੀ-ਭਾਜਪਾ ਗਠਜੋੜ ਸਰਕਾਰ ਦਾ ਸਮਾਂ ਸਾਲ ਦੇ ਕਰੀਬ ਰਹਿ ਗਿਆ ਹੈ। ਇਸੇ ਲਈ ਸਿਆਸੀ ਧਿਰਾਂ ਦੀਆਂ ਸਰਗਰਮੀਆਂ ਬਹੁਤ ਵਧ ਗਈਆਂ ਹਨ। ਪੰਜਾਬ ਦੇ 1967 ਦੇ ਪੁਨਰਗਠਨ ਤੋਂ ਬਾਅਦ ਲਗਾਤਾਰ ਕਾਂਗਰਸ ਅਤੇ ਅਕਾਲੀ ਵਾਰੋ-ਵਾਰੀ ਇਕੱਲੇ ਇਕੱਲੇ ਜਾਂ ਆਪੋ-ਆਪਣੇ ਗੱਠਜੋੜਾਂ ਨਾਲ ਸੱਤਾ 'ਤੇ ਕਾਬਜ਼ ਰਹੇ ਹਨ। 2012 ਵਿਚ ਅਕਾਲੀ-ਭਾਜਪਾ ਨੇ ਦੋਹਰ ਲਗਾ ਕੇ ਇਤਿਹਾਸ ਸਿਰਜਿਆ। ਇਸ ਕਰ ਕੇ ਹੀ 2017 ਵਿਚ ਕੀ ਹੋਵੇਗਾ; ਬਾਰੇ ਸਭ ਦੀ ਦਿਲਚਸਪੀ ਬਣੀ ਹੋਈ ਹੈ। ਇੱਕ ਪਾਸੇ ਸੁਖਬੀਰ ਸਿੰਘ ਬਾਦਲ 25 ਸਾਲ ਰਾਜ ਕਰਨ ਦੀ ਗੱਲ ਦੁਹਰਾ ਰਿਹਾ ਹੈ; ਦੂਜੇ ਪਾਸੇ ਅਕਾਲੀਆਂ ਨੂੰ ਟੱਕਰ ਦੇਣ ਲਈ ਕਾਂਗਰਸ ਦਾ ਕੈਪਟਨ ਅਮਰਿੰਦਰ ਸਿੰਘ ਧੜਾ ਰੌਅ ਵਿਚ ਦਿਖਾਈ ਦਿੰਦਾ

**ਰਾਜਿੰਦਰ ਪਾਲ ਸਿੰਘ ਬਰਾੜ**
ਫੋਨ: +91-98150-50617

ਹੈ। ਇਨ੍ਹਾਂ ਦੋਵਾਂ ਮੁੱਖ ਪਾਰਟੀਆਂ ਤੋਂ ਇਲਾਵਾ ਤੀਜੀ ਵੱਡੀ ਦਾਅਵੇਦਾਰ ਆਮ ਆਦਮੀ ਪਾਰਟੀ (ਆਪ) ਵੀ ਹੈ ਜੋ ਸਰਕਾਰ ਬਣਾਉਣ ਦੇ ਸੁਫ਼ਨੇ ਲੈ ਰਹੀ ਹੈ।

ਦਿੱਲੀ ਦੀਆਂ ਪਹਿਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅੰਨਾ ਹਜ਼ਾਰੇ ਅੰਦੋਲਨ ਦੀ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਤੋਂ ਪੈਦਾ ਹੋਈ 'ਆਪ' ਨੂੰ ਕੋਈ ਵੀ ਸਿਆਸੀ ਧਿਰ ਗੰਭੀਰਤਾ ਨਾਲ ਨਹੀਂ ਲੈਂਦੀ ਸੀ, ਪਰ ਇਸ ਪਾਰਟੀ ਨੇ ਵੱਡੀ ਗਿਣਤੀ ਵਿਚ ਸੀਟਾਂ ਲੈ ਕੇ ਸਭ ਨੂੰ ਹੈਰਾਨ ਕਰ ਦਿੱਤਾ। ਉਸ ਤੋਂ ਬਾਅਦ ਲੋਕ ਸਭਾ ਦੀਆਂ ਚੋਣਾਂ ਵਿਚ ਪੰਜਾਬ ਨੂੰ ਛੱਡ ਕੇ 'ਆਪ' ਮੁਲਕ ਭਰ ਵਿਚ ਕੋਈ ਕ੍ਰਿਸ਼ਮਾ ਨਹੀਂ ਕਰ ਸਕੀ, ਤਾਂ ਸਭ ਨੇ 'ਆਪ' ਨੂੰ ਵਕਤੀ ਉਬਾਲ ਤੇ ਪਾਣੀ ਦਾ ਬੁਲਬੁਲਾ ਸਮਝਣਾ ਸ਼ੁਰੂ ਕਰ ਦਿੱਤਾ, ਪਰ ਇਸ ਨੇ ਮੁੜ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਹੂੰਝਾ ਫੇਰੂ ਜਿੱਤ ਪ੍ਰਾਪਤ ਕਰ ਕੇ ਕਾਂਗਰਸ ਤੇ ਭਾਜਪਾ ਨੂੰ ਕਾਂਬਾ ਛੇੜ ਦਿੱਤਾ। ਹੁਣ ਉਨ੍ਹਾਂ ਨੇ 'ਆਪ' ਖ਼ਿਲਾਫ਼ ਗੰਭੀਰ ਪੇਸ਼ਬੰਦੀਆਂ ਕਰਨ ਦੀ ਜ਼ਰੂਰਤ ਮਹਿਸੂਸ ਕੀਤੀ ਹੈ।

ਦਿੱਲੀ ਵਿਚ 'ਆਪ' ਦੀ ਸਰਕਾਰ ਉਨੀ ਕਾਮਯਾਬੀ ਨਾਲ ਨਹੀਂ ਚੱਲ ਰਹੀ ਜਿੰਨੀ ਇਸ ਦੇ ਸਮਰਥਕਾਂ ਨੂੰ ਆਸ ਸੀ। ਭਾਜਪਾ ਅਤੇ ਕਾਂਗਰਸ, ਦੋਹਾਂ ਨੇ ਆਪਣੇ ਸਾਂਝੇ ਦੁਸ਼ਮਣ ਖ਼ਿਲਾਫ਼ ਫਰੰਟ ਖੋਲ੍ਹੇ ਹੋਏ ਹਨ ਅਤੇ ਉਹ ਇਸ ਨੂੰ ਫੇਲ੍ਹ ਕਰਨ ਲਈ ਹਰ ਹਰਬਾ ਵਰਤ ਰਹੇ ਹਨ। ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਕੇਜਰੀਵਾਲ ਸਰਕਾਰ ਜੇ ਕੁਝ ਸੱਚਮੁੱਚ ਦਾ ਚੰਗਾ ਜਾਂ ਲੋਕ-ਲੁਭਾਊ ਕਾਰਜ ਕਰਨਾ ਵੀ ਚਾਹੇ, ਤਾਂ ਕਰ ਨਾ ਸਕੇ। 'ਆਪ' ਦੇ ਨੇਤਾ ਵੀ ਖ਼ੁਦ ਹੀ ਪਾਰਟੀ ਦੀਆਂ ਗ਼ਲਤੀਆਂ ਦੱਸ ਰਹੇ ਹਨ। ਪੰਜਾਬ ਵਿਚ 'ਆਪ' ਦੇ ਸਮਰਥਕਾਂ ਵਿਚ ਇੱਕ ਧੜਾ ਉਹ ਸੀ ਜੋ ਸਿੱਖ ਖਾੜਕੂ ਸਨ ਜਾਂ ਜਿਨ੍ਹਾਂ ਦੀ ਹਮਦਰਦੀ ਸਿੱਖ ਖਾੜਕੂਆਂ ਨਾਲ ਸੀ ਅਤੇ ਉਦਾਰਵਾਦੀ ਅਕਾਲੀ ਲੀਡਰਸ਼ਿਪ ਨਾਲ ਉਨ੍ਹਾਂ ਦਾ ਪਿਆਰ ਤੇ ਨਫ਼ਰਤ ਦਾ ਰਿਸ਼ਤਾ ਸੀ। ਦੂਜਾ ਉਹ ਧੜਾ ਸੀ ਜਿਸ ਦੀ ਹਮਦਰਦੀ ਖੱਬੇ ਪੱਖੀਆਂ ਨਾਲ ਸੀ। ਦੂਜੀਆਂ ਸਾਰੀਆਂ ਪਾਰਟੀਆਂ ਨਾਲ ਉਨ੍ਹਾਂ ਦਾ ਰਿਸ਼ਤਾ ਨਫ਼ਰਤ ਦਾ ਸੀ, ਪਰ ਫ਼ਿਰਕਾਪ੍ਰਸਤੀ ਦੇ ਮਾਮਲੇ ਵਿਚ ਕਿਤੇ ਨਾ ਕਿਤੇ ਉਹ ਕਾਂਗਰਸ ਪ੍ਰਤੀ ਨਰਮਗੋਸ਼ਾ ਵੀ ਰੱਖਦੇ ਸਨ। ਵਿਚਾਰਧਾਰਕ ਤੌਰ 'ਤੇ ਲਗਦਾ ਸੀ ਕਿ ਜਦੋਂ ਆਮ ਆਦਮੀ ਪਾਰਟੀ ਵਿਚ ਕਦੇ ਫੁੱਟ ਪਈ ਤਾਂ ਇਸ ਦਾ ਆਧਾਰ ਸਿੱਖ ਮੂਲਵਾਦੀ ਅਤੇ ਮਾਰਕਸਵਾਦੀ ਬਣਨਗੇ, ਪਰ ਤਾਜ਼ਾ ਸਥਿਤੀ ਵਿਚ ਨੀਲਾ ਤਾਰਾ ਸਾਕੇ ਤੋਂ ਬਾਅਦ ਸਫ਼ਾਰਤੀ ਰੁਤਬੇ ਤੋਂ ਅਸਤੀਫ਼ਾ ਦੇਣ ਵਾਲਾ ਹਰਿੰਦਰ ਸਿੰਘ ਖ਼ਾਲਸਾ ਅਤੇ ਐਮਰਜੈਂਸੀ ਖ਼ਿਲਾਫ਼ ਲੜਨ ਵਾਲਾ ਡਾ. ਧਰਮਵੀਰ ਗਾਂਧੀ ਇੱਕ ਪੱਲੜੇ ਵਿਚ ਤੁਲਦੇ ਹਨ ਜਦੋਂਕਿ ਅਕਾਲੀ-ਖਾੜਕੂ ਪਿਛੋਕੜ ਵਾਲਾ ਸੁੱਚਾ ਸਿੰਘ ਛੋਟੇਪੁਰ ਅਤੇ ਮਨੋਰੰਜਨ ਸਨਅਤ ਵਿਚੋਂ ਸਿਆਸਤ ਵਿਚ ਆਇਆ ਭਗਵੰਤ ਮਾਨ ਦੂਜੇ ਪੱਲੜੇ ਤੁਲਦੇ ਹਨ। ਇਸ ਫੁੱਟ ਤੋਂ ਜੇ ਕੋਈ ਸਭ ਤੋਂ ਵੱਧ ਨਿਰਾਸ਼ ਹੈ ਤਾਂ 'ਆਪ' ਦਾ ਆਮ ਵਰਕਰ ਜਾਂ ਸਮਰਥਕ ਹੈ। ਜੋ ਖ਼ੁਸ਼ ਹੈ, ਉਹ ਪੰਜਾਬ ਦੇ ਅਕਾਲੀ ਦਲ ਦੇ ਸੁਪਰੀਮੋ ਪ੍ਰਕਾਸ਼ ਸਿੰਘ ਬਾਦਲ ਹਨ, ਕਿਉਂਕਿ ਉਨ੍ਹਾਂ ਨੂੰ ਆਉਂਦੀਆਂ ਚੋਣਾਂ ਵਿਚ 'ਆਪ' ਉਨ੍ਹਾਂ ਦੇ ਹੀ ਭਤੀਜੇ ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.)ਦਾ ਰੋਲ ਨਿਭਾਉਂਦੀ ਨਜ਼ਰ ਆ ਰਹੀ ਹੈ ਜਿਸ ਕਾਰਨ ਉਹ ਦੂਜੀ ਵਾਰ ਸੱਤਾ ਵਿਚ ਆਏ, ਕਿਉਂਕਿ ਅਕਾਲੀ-ਭਾਜਪਾ ਤੋਂ ਨਾਰਾਜ਼ ਵੋਟਰ ਕਾਂਗਰਸ ਦੀ ਥਾਂ ਪੀ.ਪੀ.ਪੀ. ਨੂੰ ਪੈ ਗਏ ਅਤੇ ਕਾਂਗਰਸ ਹਾਰ ਗਈ। ਅਕਾਲੀ-ਭਾਜਪਾ ਤੋਂ ਨਿਰਾਸ਼ ਵੋਟ ਹੁਣ ਇੱਕ ਵਾਰ ਫਿਰ ਅਕਾਲੀ ਦਲ ਨੂੰ ਜਿਤਾਉਂਦੀ ਜਾਪਦੀ ਹੈ।

ਨਰੇਂਦਰ ਮੋਦੀ ਦੀ ਅਗਵਾਈ ਹੇਠਲਾ ਭਾਜਪਾ ਦਾ ਵਿਜੈ ਰੱਥ ਦਿੱਲੀ ਵਿਧਾਨ ਸਭਾ ਚੋਣਾਂ ਵਿਚ 'ਆਪ' ਨੇ ਰੋਕ ਦਿੱਤਾ ਸੀ, ਪਰ ਜੇ ਇਹ ਬਿਹਾਰ ਚੋਣਾਂ ਜਿੱਤ ਜਾਂਦੀ ਹੈ ਤਾਂ ਪੰਜਾਬ ਦੀ ਭਾਜਪਾ ਨੂੰ ਹੁਲਾਰਾ ਮਿਲਣ ਦੀ ਉਮੀਦ ਹੈ। ਭਾਜਪਾ ਦੀ ਲੋਕ ਸਭਾ ਚੋਣਾਂ ਵਿਚ ਇਤਿਹਾਸਕ ਜਿੱਤ ਤੋਂ ਪਹਿਲਾਂ ਪੰਜਾਬ ਵਿਚ ਅਕਾਲੀ ਦਲ ਹਮੇਸ਼ਾਂ ਹੀ ਵੱਡੇ ਭਰਾ ਦੀ ਭੂਮਿਕਾ ਵਿਚ ਰਿਹਾ ਹੈ। ਉਸ ਨੇ




ਇੱਕ ਪਾਸੇ ਤਾਂ ਪੰਜਾਬ ਵਿਚ ਆਪਣੀ ਮਰਜ਼ੀ ਚਲਾਉਣ ਦੀ ਕੋਸ਼ਿਸ਼ ਕੀਤੀ ਅਤੇ ਦੂਜੇ ਪਾਸੇ ਕੇਂਦਰ ਵਿਚ ਵਾਧੇ-ਘਾਟੇ ਦੀ ਸੌਦੇਬਾਜ਼ੀ ਸੋਚੇ ਬਗ਼ੈਰ ਹਰ ਭਾਜਪਾ ਸਰਕਾਰ ਨੂੰ ਬਿਨਾਂ ਸ਼ਰਤ ਥਾਪੜਾ ਦਿੰਦੀ ਆ ਰਹੀ ਹੈ, ਪਰ ਲੋਕ ਸਭਾ ਚੋਣਾਂ ਦੇ ਨਤੀਜੇ ਤੋਂ ਬਾਅਦ ਕੇਂਦਰ ਦੀ ਮੋਦੀ ਸਰਕਾਰ ਹੀ ਨਹੀਂ, ਸਗੋਂ ਪੰਜਾਬ ਦੀ ਭਾਜਪਾ ਲੀਡਰਸ਼ਿਪ ਵੀ ਵੱਡੇ ਭਰਾ ਦੀ ਭੂਮਿਕਾ ਤਲਾਸ਼ਣ ਲੱਗੀ ਹੈ। ਜੇ ਬਿਹਾਰ ਚੋਣਾਂ ਜਿੱਤ ਗਏ ਅਤੇ ਪੰਜਾਬ ਵਿਚ 'ਆਪ' ਦਾ ਡਰ ਨਾ ਰਿਹਾ, ਤਾਂ ਹੋ ਸਕਦਾ ਹੈ ਕਿ ਪੰਜਾਬ ਵਿਚ ਭਾਜਪਾ ਅਤੇ ਅਕਾਲੀ ਵੱਖੋ-ਵੱਖ ਚੋਣਾਂ ਲੜਨ। ਭਾਜਪਾ ਅਜਿਹਾ ਤਜਰਬਾ ਹਰਿਆਣਾ, ਜੰਮੂ ਕਸ਼ਮੀਰ ਤੇ ਮਹਾਰਾਸ਼ਟਰ ਵਿਚ ਕਰ ਚੁੱਕੀ ਹੈ। ਸੱਤਾ ਵਿਚ ਰਹਿਣ ਕਾਰਨ ਪੈਦਾ ਹੋਇਆ ਸੱਤਾ ਵਿਰੋਧ ਆਪੋ-ਆਪਣਾ, ਪਰ ਚੋਣਾਂ ਬਾਅਦ ਗੱਠਜੋੜ ਕਰ ਕੇ ਸਾਂਝੀ ਸਰਕਾਰ ਬਣਾ ਲਈ ਜਾਵੇਗੀ। ਇੱਕ ਵਾਰ ਤਾਂ ਦੋਵਾਂ ਪਾਰਟੀਆਂ ਦੇ ਦੂਜੀ ਕਤਾਰ ਦੇ ਲੀਡਰਾਂ ਨੇ ਇੱਕ ਦੂਜੇ ਖ਼ਿਲਾਫ਼ ਸ਼ਬਦੀ ਤੋਪਾਂ ਦੇ ਗੋਲੇ ਵੀ ਦਾਗਣੇ ਸ਼ੁਰੂ ਕਰ ਦਿੱਤੇ ਸਨ, ਭਾਵੇਂ ਬਾਦਲ ਪਰਿਵਾਰ ਦੇ ਰਿਸ਼ਤੇਦਾਰ ਮੰਤਰੀ 'ਤੇ ਦੋਸ਼ ਲਗਾਉਣ ਵਾਲੇ ਭਾਜਪਾ ਦੀ ਦੂਜੀ ਕਤਾਰ ਦੇ ਲੀਡਰ ਜਦੋਂ ਖ਼ੁਦ ਸੱਚੇ-ਝੂਠੇ ਕੇਸਾਂ ਵਿਚ ਫਸਣ ਲੱਗੇ ਤਾਂ ਇੱਕ ਵਾਰ ਗੋਲੀਬੰਦੀ ਹੋ ਗਈ ਹੈ। ਪੰਜਾਬ ਵਿਚ ਅਕਾਲੀ-ਭਾਜਪਾ ਗੱਠਜੋੜ ਨੂੰ ਆਪ ਤੋਂ ਇਲਾਵਾ ਜੇ ਕੋਈ ਟੱਕਰ ਦੇ ਸਕਦਾ ਹੈ ਤਾਂ ਉਹ ਕਾਂਗਰਸ ਦੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲਾ ਧੜਾ ਹੈ। ਸਾਕਾ ਨੀਲਾ ਤਾਰਾ ਸਮੇਂ ਕਾਂਗਰਸ ਛੱਡਣ, ਪਾਣੀਆਂ ਦੇ ਮੁੱਦੇ 'ਤੇ ਸਟੈਂਡ ਲੈਣ ਤੇ ਪਟਿਆਲਾ ਰਿਆਸਤ ਵੱਲੋਂ ਹਿੰਦੂ ਭਾਈਚਾਰੇ ਦਾ ਖ਼ਿਆਲ ਰੱਖਣ ਦੇ ਗੌਰਵ, ਅਤੇ ਕਾਂਗਰਸ ਹੀ ਕੇਂਦਰੀ ਲੀਡਰਸ਼ਿਪ ਅੱਗੇ ਰਵਾਇਤੀ ਕਾਂਗਰਸੀ ਕਲਚਰ ਵਾਂਗ ਝੁਕਣ ਵਰਗੇ ਗੁਣ ਦੀ ਥਾਂ ਅੜ ਜਾਣ ਕੈਪਟਨ ਨੂੰ ਪੰਜਾਬ ਦਾ ਕੱਦਾਵਰ ਲੀਡਰ ਬਣਾਉਂਦੇ ਹਨ।

'ਆਪ' ਸਿਆਸਤ ਵਿਚ ਇਸ ਦਾਅਵੇ ਨਾਲ ਆਈ ਸੀ ਕਿ ਉਹ ਰਵਾਇਤੀ ਕਾਂਗਰਸ, ਭਾਜਪਾ, ਅਕਾਲੀ, ਕਮਿਊਨਿਸਟਾਂ ਅਤੇ ਸਮਾਜਵਾਦੀਆਂ ਤੋਂ ਵੱਖਰੇ ਭਾਂਤ ਦੀ ਭ੍ਰਿਸ਼ਟਾਚਾਰ ਅਤੇ ਵੀ.ਆਈ.ਪੀ. ਸਭਿਆਚਾਰ ਮੁਕਤ, ਕਾਨੂੰਨ ਆਧਾਰਿਤ, ਆਮ ਲੋਕਾਂ ਦਾ ਹਿਤੈਸ਼ੀ, ਚੁਸਤ-ਦਰੁਸਤ ਅਤੇ ਬੇਦਾਗ਼ ਸ਼ਾਸਨ ਮੁਹੱਈਆ ਕਰਵਾਏਗੀ ਜਿਸ ਨਾਲ ਸਭ ਨੂੰ ਬਰਾਬਰੀ ਤੇ ਨਿਆਂ ਮਿਲੇਗਾ ਅਤੇ ਸਿੱਟੇ ਵਜੋਂ ਲੋਕਾਂ ਦਾ ਜੀਵਨ ਪੱਧਰ ਉੱਚਾ ਉੱਠੇਗਾ। ਉਸ ਨੇ ਹਾਈਕਮਾਂਡ ਮੁਕਤ ਪਿੰਡ/ਮੁਹੱਲਾ ਪੱਧਰ ਦੀ ਸਾਂਝੇਦਾਰੀ ਵਾਲੀ ਜਮਹੂਰੀਅਤ ਦੀ ਗੱਲ ਕੀਤੀ ਸੀ। 'ਆਪ' ਦੇ ਭਾਰੂ ਧੜੇ ਵੱਲੋਂ ਪ੍ਰਸ਼ਾਂਤ ਭੂਸ਼ਨ, ਸ਼ਸ਼ੀ ਭੂਸ਼ਨ, ਯੋਗਿੰਦਰ ਯਾਦਵ, ਸਾਜ਼ੀਆ ਇਲਮੀ, ਮੇਧਾ ਪਾਟੇਕਰ, ਡਾ. ਧਰਮਵੀਰ ਗਾਂਧੀ ਅਤੇ ਹਰਿੰਦਰ ਸਿੰਘ ਖ਼ਾਲਸਾ ਵਰਗੇ ਨੇਤਾ ਪਾਸੇ ਕਰ ਦਿੱਤੇ ਗਏ ਹਨ। ਡਾ.ਦਲਜੀਤ ਸਿੰਘ, ਭਾਈ ਬਲਦੀਪ ਸਿੰਘ ਅਤੇ ਐਡਵੋਕੇਟ ਐਚ.ਐਸ. ਫੂਲਕਾ ਵਰਗੇ ਸੁਥਰੇ ਆਗੂ ਵੀ ਖੂੰਜੇ ਲਾ ਦਿੱਤੇ ਗਏ। ਇਸ ਦੇ ਉਲਟ ਕਈ ਕਈ ਪਾਰਟੀਆਂ ਬਦਲ ਕੇ ਆਏ, ਜਾਅਲੀ ਡਿਗਰੀ ਹੋਲਡਰਾਂ ਤੋਂ ਲੈ ਕੇ ਘਰੇਲੂ ਕੁੱਟਮਾਰ ਕਰਨ ਵਾਲੇ, ਸ਼ਖ਼ਸੀ ਪੂਜਾ ਕਰਨ ਤੇ ਕਰਾਉਣ ਵਾਲੇ ਲੋਕਾਂ ਦੀ ਖ਼ੁਸ਼ਾਮਦੀ ਭੀੜ ਪਾਰਟੀ 'ਤੇ ਕਾਬਜ਼ ਹੋਈ ਦਿਖਾਈ ਦਿੰਦੀ ਹੈ। ਪੰਜਾਬ ਅੰਦਰ 'ਆਪ' ਲੋਕ ਮੁੱਦਿਆਂ 'ਤੇ ਅੰਦੋਲਨ ਛੇੜਨ ਅਤੇ ਉਸ ਦੀ ਅਗਵਾਈ ਕਰਨ ਦੀ ਥਾਂ ਮਹਿਜ਼ ਬਿਆਨਾਂ ਦੀ ਫੋਕੀ ਹਮਾਇਤ ਦੇਣ ਤਕ ਸੀਮਤ ਹੈ। ਪੰਜਾਬ ਦੇ ਆਮ ਆਦਮੀ ਪਾਰਟੀ ਦੇ ਐਮ.ਪੀ. ਲੋਕ ਮਸਲਿਆਂ 'ਤੇ ਬੋਲਣ ਦੀ ਥਾਂ ਇੱਕ ਦੂਜੇ ਖ਼ਿਲਾਫ਼ ਬੋਲ ਰਹੇ ਹਨ, ਜਾਂ ਫਿਰ 2017 ਵਿਚ ਜਿੱਤ ਦੇ ਦਮਗਜੇ ਮਾਰ ਰਹੇ ਹਨ। ਅਜੇ ਤਕ ਪੰਜਾਬ ਵਿਚ 'ਆਪ' ਕੋਲ ਕੈਪਟਨ ਅਮਰਿੰਦਰ ਸਿੰਘ ਦੀ ਦਬੰਗ ਸ਼ੈਲੀ ਅਤੇ ਪ੍ਰਕਾਸ਼ ਸਿੰਘ ਬਾਦਲ ਦੇ ਦਾਅਪੇਚਾਂ ਦਾ ਕੋਈ ਜਵਾਬ ਨਹੀਂ ਹੈ। ਬਹੁਜਨ ਸਮਾਜ ਪਾਰਟੀ ਅਤੇ ਕਮਿਊਨਿਸਟ ਪਾਰਟੀਆਂ ਪਹਿਲਾਂ ਹੀ ਆਪਣੀ ਸਾਰਥਿਕਤਾ ਗੁਆ ਬੈਠੀਆਂ ਹਨ।

# ਚੌਵੀ ਸਤੰਬਰ, ਸਿਆਸੀ ਅਡੰਬਰ


ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268


ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸਾਥੀ ਸਿੰਘ ਸਾਹਿਬਾਨ ਨੇ ਚੌਵੀ ਸਤੰਬਰ ਨੂੰ 'ਬੁੱਕਲ ਵਿਚ ਗੁੜ ਭੰਨ ਕੇ' ਇਹ ਦਰਸਾ ਦਿੱਤਾ ਕਿ ਉਹ ਵਾਕਿਆ ਹੀ ਸਿਆਸੀ ਸਿੱਖ ਆਗੂਆਂ (ਅਸਲ ਵਿਚ ਇਕ ਟੱਬਰ) ਦੀਆਂ ਕਠਪੁਤਲੀਆਂ ਹਨ। ਇਸ ਨੇ ਮੈਨੂੰ ਉਹ ਪੁਰਾਣਾ ਦ੍ਰਿਸ਼ ਯਾਦ ਕਰਵਾ ਦਿੱਤਾ ਜੋ ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਦਫ਼ਤਰ ਵਿਖੇ ਉਦੋਂ ਦੇਖਿਆ ਸੀ ਜਦੋਂ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਕਾਲ ਤਖ਼ਤ ਦੇ ਜਥੇਦਾਰ ਸਨ।

ਬੰਗਾ-ਗੜ੍ਹਸ਼ੰਕਰ ਰੋਡ ਉਤੇ ਵਾਕਿਆ ਪਿੰਡ ਚੌਹੜਾ ਦੀ ਜ਼ਮੀਨ ਉਤੇ 'ਰੂਹਾਨੀ ਡੇਰਾ' ਬਣਾ ਕੇ ਅੱਯਾਸ਼ੀਆਂ ਕਰ ਰਹੇ ਧਨਵੰਤ ਸਿੰਘ ਵਾਲੇ ਮਸਲੇ ਵਿਚ ਮੈਂ ਅੰਮ੍ਰਿਤਸਰ ਗਿਆ ਹੋਇਆ ਸੀ। ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਿਤ ਮਾਸਿਕ ਰਸਾਲੇ 'ਗੁਰਮਤਿ ਪ੍ਰਕਾਸ਼' ਦੇ ਨਵੇਂ ਮੈਂਬਰ ਬਣਾਉਣ ਲਈ ਚੰਦੇ ਦੇ ਪੈਸੇ ਜਮ੍ਹਾਂ ਕਰਾਉਣ ਵਾਸਤੇ ਦਫ਼ਤਰ ਧਰਮ ਪ੍ਰਚਾਰ ਕਮੇਟੀ ਚਲਾ ਗਿਆ। ਉਥੇ ਸਕੱਤਰ ਪੱਧਰ ਦਾ ਇਕ ਅਧਿਕਾਰੀ ਕਲਰਕ ਨੂੰ ਕੋਲ ਬਿਠਾ ਕੇ ਟਾਈਪ ਕਰਵਾ ਰਿਹਾ ਸੀ। ਸਕੱਤਰ ਹੌਲੀ ਹੌਲੀ ਬੋਲ ਰਿਹਾ ਸੀ ਤੇ ਕਲਰਕ ਟਾਈਪਰਾਈਟਰ 'ਤੇ ਟਿਕ-ਟਿਕ-ਟਿਕ ਉਂਗਲਾਂ ਮਾਰ ਰਿਹਾ ਸੀ। ਸਕੱਤਰ ਨੇ ਇਕ ਕੰਨ ਨਾਲ ਲੈਂਡਲਾਈਨ ਫੋਨ ਲਾਇਆ ਹੋਇਆ ਸੀ।

ਸਕੱਤਰ ਕਦੇ ਕਦੇ ਫੋਨ ਉਤੇ 'ਹੈਂ ਜੀ?...ਅੱਛਾ ਜੀ...ਹਾਂ ਜੀ!...ਠੀਕ ਐ ਜੀ!' ਕਰੀ ਜਾਂਦਾ ਤੇ ਵਿਚ ਵਿਚ ਕਲਰਕ ਨੂੰ ਲਿਖਾਈ ਜਾਂਦਾ। ਉਸ ਨੂੰ ਰੁੱਝਿਆਂ ਦੇਖ ਮੈਂ ਹਾਲ ਮੇਜ਼ ਤੋਂ ਮੈਗਜ਼ੀਨ ਪੜ੍ਹਨ ਲਈ ਚੁੱਕਿਆ ਹੀ ਸੀ ਕਿ ਕਮਰੇ ਵਿਚ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਆ ਗਏ। ਸਤਿਕਾਰ ਵਜੋਂ ਮੈਂ ਉਨ੍ਹਾਂ ਨੂੰ ਫ਼ਤਿਹ ਬੁਲਾਈ। ਮੇਰੀ ਫ਼ਤਿਹ ਦਾ ਜਵਾਬ ਕਾਹਲੀ ਕਾਹਲੀ ਦੇ ਕੇ ਉਨ੍ਹਾਂ ਆਪਣੀ ਜੇਬ ਨਾਲੋਂ ਪੈਨ ਲਾਹਿਆ ਤੇ ਸਕੱਤਰ ਨੂੰ ਕਹਿੰਦੇ,

"ਓ ਲਿਆ ਭਾਈ ਫਟਾ ਫਟ ਸਾਈਨ ਕਰਾ...ਮੇਰਾ ਟਾਈਮ ਵੀ ਹੋ ਚੱਲਿਐ।"

ਗਿਆਨੀ ਵੇਦਾਂਤੀ ਨੂੰ ਡਿਊਟੀ 'ਤੇ ਜਾਣ ਲਈ ਕਾਹਲੇ ਦੇਖ ਕੇ ਸਕੱਤਰ ਨੇ ਟਾਈਪਰਾਈਟਰ ਉਤੇ ਚੜ੍ਹੇ ਹੋਏ ਕਾਗ਼ਜ਼ ਉਤਰਵਾਏ ਤੇ ਸਿੱਧੇ ਕਰ ਕੇ ਮੇਜ਼ 'ਤੇ ਰੱਖ ਦਿੱਤੇ। ਅੱਧੇ ਕੁ ਟਾਈਪ ਕੀਤੇ ਕਾਗ਼ਜ਼ ਵੱਲ ਦੋ ਕੁ ਪਲ ਦੇਖਦਿਆਂ ਅੰਦਾਜ਼ਾ ਜਿਹਾ ਲਾ ਕੇ ਉਸ ਨੇ ਇਕ ਖੂੰਜੇ 'ਤੇ ਗਿਆਨੀ ਜੀ ਦੇ ਦਸਤਖ਼ਤ ਕਰਵਾ ਲਏ। ਮੁੜ ਕੇ ਪੈਨ ਜੇਬ ਨੂੰ ਲਾਉਂਦਿਆਂ ਗਿਆਨੀ ਜੀ ਨੇ ਮੇਰੀ ਰਾਜ਼ੀ-ਖੁਸ਼ੀ ਪੁੱਛੀ ਤੇ ਹੱਥ ਮਿਲਾ ਕੇ ਦਫ਼ਤਰੋਂ ਚਲੇ ਗਏ।

ਕੱਢਣਾ-ਪਾਉਣਾ ਤਾਂ ਮੈਂ ਇਹਦੇ ਵਿਚੋਂ ਕੁਝ ਵੀ ਨਹੀਂ ਸੀ, ਪਰ ਆਦਤਨ ਮੈਂ ਸਕੱਤਰ ਨੂੰ ਪੁੱਛਿਆ ਕਿ ਇਹ ਕਿਹੋ ਜਿਹੀ ਮਿਸਲ ਤਿਆਰ ਹੋ ਰਹੀ ਹੈ?

"ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ 'ਆਦੇਸ਼' ਤਿਆਰ ਹੋ ਰਿਹੈ ਮੈਂਬਰ ਸਾਹਿਬ।" ਮਿੰਨ੍ਹਾ ਮਿੰਨ੍ਹਾ ਮੁਸਕਰਾਉਂਦਿਆਂ ਸਕੱਤਰ ਨੇ ਜਵਾਬ ਦਿੱਤਾ।

ਵੈਸੇ ਤਾਂ ਹੁਣ ਇਹ ਚਿੱਟੇ ਦਿਨ ਵਾਂਗ ਸਭ ਨੂੰ ਗਿਆਤ ਹੋ ਚੁੱਕਾ ਹੈ ਕਿ ਸ੍ਰੀ ਅਕਾਲ ਤਖ਼ਤ ਤੋਂ ਧੜਾ-ਧੜ ਹੁਕਮਨਾਮੇ ਕੌਣ ਤੇ ਕਿਉਂ ਜਾਰੀ ਕਰਵਾ ਰਿਹਾ ਹੈ, ਪਰ ਜੇ ਉਦੋਂ ਮੇਰੇ ਕੋਲ ਅੱਜ ਵਰਗਾ ਸੈਲ ਫੋਨ ਹੁੰਦਾ ਤੇ ਮੈਂ ਟਾਈਪ ਕੀਤੇ ਜਾ ਰਹੇ ਅਕਾਲ ਤਖ਼ਤ ਦੇ ਲੈਟਰ ਪੈਡ ਦੀ ਵੀਡੀਓ ਕਲਿਪ ਬਣਾਈ ਹੁੰਦੀ, ਤਾਂ ਉਹ ਇਸ ਗੱਲ ਦਾ ਅਕੱਟ ਸਬੂਤ ਬਣ ਜਾਂਦੀ ਕਿ ਸ੍ਰੀ ਅਕਾਲ ਤਖ਼ਤ ਦੀ ਅਸਲ ਜਥੇਦਾਰੀ ਕੋਈ ਹੋਰ ਕਰ ਰਿਹਾ ਹੈ।

ਚੌਵੀ ਸਤੰਬਰ ਨੂੰ ਸ੍ਰੀ ਅਕਾਲ ਤਖ਼ਤ ਉਤੇ ਹੋਈ ਜਥੇਦਾਰਾਂ ਦੀ 'ਚੁੱਪ-ਗੜੁੱਪ' ਮੀਟਿੰਗ ਨੇ ਸਿਰਸੇ ਵਾਲੇ ਸਾਧ ਰਾਮ ਰਹੀਮ ਸਿੰਘ ਨੂੰ ਜੋ ਮੁਆਫ਼ ਕੀਤਾ ਹੈ, ਉਸ ਦੀ ਚਰਚਾ ਕਰਨ ਤੋਂ ਪਹਿਲਾਂ ਇਕ-ਦੋ ਇਤਿਹਾਸਕ ਨੁਕਤੇ ਵਿਚਾਰ ਲਈਏ। ਕੁਝ ਖੋਜੀ ਵਿਦਵਾਨਾਂ ਦੀਆਂ ਲਿਖਤਾਂ ਮੁਤਾਬਕ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ, ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਕੁਝ ਇਸ ਤਰ੍ਹਾਂ ਬਣਵਾਈ ਕਿ ਤਖਤ ਦੇ ਮੁੱਖ ਆਸਣ 'ਤੇ ਬਹਿਣ ਵਾਲੇ ਸੇਵਾਦਾਰ ਨੂੰ ਧਾਰਮਿਕ ਰਹਿਬਰੀ ਦਾ ਪ੍ਰਤੀਕ ਸ੍ਰੀ ਦਰਬਾਰ ਸਾਹਿਬ ਦਿਸਦਾ ਰਹੇ, ਪਰ ਸ੍ਰੀ ਦਰਬਾਰ ਸਾਹਿਬ ਵਿਖੇ ਮੁੱਖ ਅਸਥਾਨ 'ਤੇ ਬਿਰਾਜਣ ਵਾਲੇ ਸਿੰਘ ਨੂੰ ਮੀਰੀ ਦਾ ਕੇਂਦਰ ਅਕਾਲ ਤਖਤ ਨਾ ਦਿਸੇ।

ਮੀਰੀ ਨੂੰ ਪੀਰੀ ਦਾ ਭੈਅ-ਅਦਬ ਸਵੀਕਾਰਨ ਅਤੇ ਉਸ ਦੇ ਅਧੀਨ ਰਹਿਣ ਵਾਲੀ ਗੁਰੂ ਹਰਿਗੋਬਿੰਦ ਸਾਹਿਬ ਦੀ ਇਹ ਅੰਤਰੀਵੀ ਰਮਜ਼, ਸਿਰਫ਼ ਇਤਿਹਾਸ ਦੀਆਂ ਪੋਥੀਆਂ ਵਿਚ ਹੀ ਰਹਿ ਗਈ ਹੈ, ਜਾਂ ਇਹ ਫਲਸਫਾ ਸਟੇਜਾਂ 'ਤੇ ਗਾਉਣ-ਵਿਚਾਰਨ ਜੋਗਾ ਰਹਿ ਗਿਆ, ਤੇ ਜਾਂ ਫਿਰ ਸਾਧਾਰਨ ਸਿੱਖਾਂ ਨੂੰ ਇਸ ਦਾ ਡਰਾਵਾ ਦਿੰਦਿਆਂ ਹੁਕਮਨਾਮਿਆਂ ਨੂੰ 'ਇਲਾਹੀ' ਕਹਿ ਕਹਿ ਮਨਵਾਉਣ ਜੋਗਾ!

1925 ਦਾ ਗੁਰਦੁਆਰਾ ਐਕਟ ਬਣਨ ਉਪਰੰਤ ਬੇਸ਼ੱਕ ਕੁਝ ਵਰ੍ਹੇ ਇਸ ਸਿਧਾਂਤਕ ਰਵਾਇਤ ਦੀ ਪਾਲਣਾ ਹੁੰਦੀ ਰਹੀ, ਪਰ ਵਰਤਮਾਨ ਸਮੇਂ ਸ੍ਰੀ ਅਕਾਲ ਤਖਤ ਦੇ ਜਥੇਦਾਰਾਂ ਨੂੰ ਸ੍ਰੀ ਦਰਬਾਰ ਸਾਹਿਬ ਦੀ ਬਜਾਏ 'ਸਿਆਸੀ ਕੁਰਸੀ' ਹੀ ਦਿਖਾਈ ਦਿੰਦੀ ਹੈ। ਉਹ ਕੁਰਸੀ ਇਸ ਕਦਰ ਤਾਕਤਵਰ ਤੇ ਸਰਵੇ-ਸਰਵਾ ਹੋ ਚੁੱਕੀ ਹੈ ਕਿ ਸ੍ਰੀ ਅਕਾਲ ਤਖ਼ਤ ਤੇ ਸ੍ਰੀ ਦਰਬਾਰ ਸਾਹਿਬ, ਦੋਹਾਂ ਦੇ ਮੁੱਖ ਅਸਥਾਨਾਂ 'ਤੇ ਕੌਣ ਬੈਠੇ? ਇਸ ਦਾ ਫੈਸਲਾ ਵੀ ਉਹੀ ਕਰਦੀ ਹੈ। ਇਸ ਵਰਤਾਰੇ ਦੀ ਬਦੌਲਤ, ਕਿਆ ਮੀਰੀ ਕਿਆ ਪੀਰੀ, ਸਿਆਸੀ ਚੌਧਰ ਦੀ ਗ੍ਰਿਫਤ 'ਚ ਆ ਚੁੱਕੀਆਂ ਹੋਈਆਂ ਨੇ।

ਧਾਰਮਿਕ, ਇਤਿਹਾਸਕ ਤੇ ਸਿਧਾਂਤਕ ਪੱਖਾਂ ਨੂੰ ਮਲੀਆਮੇਟ ਕਰ ਰਹੇ ਇਸ ਵਰਤਾਰੇ ਦੇ ਚੱਲਦਿਆਂ ਦਿਖਾਵੇ ਵਾਸਤੇ ਪੰਜ ਪਿਆਰਿਆਂ ਦੇ ਸੰਕਲਪ ਦਾ 'ਭੇਖ ਧਾਰ ਕੇ' ਮੀਟਿੰਗਾਂ ਕਰਦੇ ਅਜੋਕੇ ਪੰਜ ਸਿੰਘ ਸਾਹਿਬਾਨ ਕਿੰਨੇ ਕੁ ਇਤਿਹਾਸ ਮੁਖੀ, ਆਜ਼ਾਦਾਨਾ, ਨਿਰਪੱਖ ਅਤੇ ਨਿਆਂ-ਸੰਗਤ ਫੈਸਲੇ ਲੈਣ ਦੇ ਸਮਰੱਥ ਹੁੰਦੇ ਹੋਣਗੇ, ਇਸ ਦਾ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ। ਇਸੇ ਕਰ ਕੇ ਚੌਵੀ ਸਤੰਬਰ ਵਾਲੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਚਨਚੇਤੀ, ਤੱਤ-ਭੜੱਤੇ ਵਿਚ ਗੁਰਮੀਤ ਰਾਮ ਰਹੀਮ ਸਿੰਘ ਨੂੰ ਮੁਆਫ਼ ਕਰਨ ਵਾਲਾ ਜੋ ਘਟਨਾਕ੍ਰਮ ਵਾਪਰਿਆ, ਉਸ ਨੂੰ ਦੇਖ ਕੇ ਗੈਰ-ਸਿੱਖਾਂ ਨੇ ਵੀ ਮੂੰਹ ਵਿਚ ਉਂਗਲਾਂ ਪਾ ਲਈਆਂ।

ਦੇਖਣ-ਸੁਣਨ ਵਾਲਿਆਂ ਨੂੰ ਯਾਦ ਆਈ ਉਹ ਘੜੀ ਜਦ ਸੌੜੀ ਸਿਆਸਤ ਦਾ ਸ਼ਿਕਾਰ ਹੋਇਆ, ਸ੍ਰੀ ਅਕਾਲ ਤਖ਼ਤ ਦਾ ਹੀ ਇਕ ਸਾਬਕਾ ਜਥੇਦਾਰ ਤਖ਼ਤ ਸਾਹਿਬ ਸਾਹਮਣੇ ਖੁਦ ਹਾਜ਼ਰ ਹੋ ਕੇ, ਆਪਣੇ ਸਪਸ਼ਟੀਕਰਨ ਦਾ ਲਿਖਤੀ ਪੁਲੰਦਾ ਲੈ ਕੇ ਸਾਰਾ ਦਿਨ ਬੈਠਾ ਰਿਹਾ। ਉਸ ਨੂੰ ਸੁਣਨ ਜਾਂ ਉਸ ਦਾ ਲਿਖਤੀ ਪੱਤਰ ਪੜ੍ਹਨ ਦੀ ਥਾਂ ਉਪਰੋਂ ਆਏ ਹੁਕਮਾਂ ਨੂੰ ਸਤਿ ਕਰ ਕੇ ਮੰਨਦਿਆਂ ਉਸ ਨੂੰ ਛੇਕ ਦੇਣ ਦਾ ਹੁਕਮ ਸੁਣਾ ਦਿੱਤਾ ਗਿਆ।

ਅਕਾਲ ਤਖਤ 'ਤੇ 'ਤਲਬ' ਕੀਤੇ ਗਏ ਕੁਝ ਹੋਰ ਸਿੱਖਾਂ ਦੀ ਨਿੱਜੀ ਤੌਰ 'ਤੇ ਹਾਜ਼ਰ ਨਾ ਹੋ ਸਕਣ ਦੀ ਬੇਨਤੀ ਮੁੱਢੋਂ-ਸੁਢੋਂ ਰੱਦ ਕਰ ਕੇ ਹਰ ਹਾਲਤ ਖੁਦ ਹਜ਼ਾਰ ਹੋਣ ਦੇ ਹੁਕਮ ਸਾਦਰ ਹੁੰਦੇ ਰਹੇ। ਹਾਜ਼ਰੀ ਨਾ ਭਰ ਸਕਣ ਵਾਲੇ ਸਿੱਖਾਂ ਉਤੇ ਫੌਰਨ ਛੇਕਣ ਦਾ ਕੁਹਾੜਾ ਚੱਲਦਾ ਰਿਹਾ ਹੈ, ਪਰ ਚੌਵੀ ਸਤੰਬਰ ਨੂੰ 'ਮੋਹ ਭਰੀ ਮੁਆਫ਼ੀ' ਦਾ ਹੱਕਦਾਰ ਬਣਨ ਵਾਲੇ ਸਿਰਸੇ ਦੇ ਰਾਮ ਰਹੀਮ ਸਿੰਘ ਉਤੇ ਸਿੰਘ ਸਾਹਿਬਾਨ ਐਸੇ ਮਿਹਰਬਾਨ ਹੋ ਗਏ ਕਿ ਕਿਸੇ ਦੇ ਹੱਥ ਭੇਜੀ ਉਸ ਦੀ (ਦੱਸੀ ਜਾਂਦੀ) ਚਿੱਠੀ ਨੂੰ ਪ੍ਰੇਮ ਪੱਤਰ ਵਾਂਗ ਪਿਆਰਦਿਆਂ, ਸਿਰ ਮੱਥੇ ਕਬੂਲ ਕਰ ਲਿਆ। ਉਸੇ ਵੇਲੇ 'ਫੁੱਲ ਬਟਾ ਫੁੱਲ' ਮੁਆਫ਼ੀ!




ਦਸਵੇਂ ਗੁਰੂ ਨੇ ਖਾਲਸਾ ਪੰਥ ਦੀ ਰਹਿਨੁਮਾਈ ਲਈ ਕਿਸੇ ਇਕ ਬੰਦੇ ਦੀ ਥਾਂ ਪੰਜ ਪਿਆਰਿਆਂ ਦਾ ਜੋ ਵਿਧੀ ਵਿਧਾਨ ਬਣਾਇਆ, ਉਸ ਦੇ ਹੋਰ ਪੱਖਾਂ ਬਾਰੇ ਤਾਂ ਗੁਰੂ ਦੀਆਂ ਗੁਰੂ ਜਾਣੇ, ਪਰ ਇਸ ਸੰਕਲਪ ਪਿੱਛੇ ਇਕ ਭਾਵਨਾ ਇਹ ਹੋ ਸਕਦੀ ਹੈ ਕਿ ਜੇ ਖੁਦਾ ਨਾ ਖਾਸਤਾ, ਕਿਸੇ ਮਸਲੇ ਨੂੰ ਹੱਲ ਕਰਦਿਆਂ ਪੰਜਾਂ ਵਿਚੋਂ ਇਕ ਜਾਂ ਦੋ ਦੀ ਆਤਮਾ ਕਮਜ਼ੋਰ ਪੈ ਜਾਏ ਤਾਂ ਬਾਕੀ ਦੇ ਤਿੰਨ ਜਣਿਆਂ ਦੀ ਜ਼ਮੀਰ ਤਾਂ ਜਾਗ ਪਵੇਗੀ, ਪਰ ਸਿੱਖ ਪੰਥ ਦੇ ਕੇਂਦਰ ਨੂੰ ਸਿਆਸਤ ਦਾ ਐਸਾ ਕੁਲਹਿਣਾ ਗ੍ਰਹਿਣ ਲੱਗ ਚੁੱਕਾ ਹੈ ਕਿ ਚੌਵੀ ਸਤੰਬਰ ਨੂੰ ਸਰਾਸਰ ਰਿਆਇਤ ਭਰਿਆ ਫੈਸਲਾ ਕਰਨ ਵੇਲੇ, ਕਿਸੇ ਇਕ 'ਸਿੰਘ ਸਾਹਿਬ' ਦੀ ਜ਼ਮੀਰ ਨੇ ਵੀ ਹਲੂਣਾ ਨਹੀਂ ਖਾਧਾ ਕਿ ਇਹ ਮਾਮਲਾ ਪੂਰੇ ਸਿੱਖ ਜਗਤ ਨਾਲ ਸਬੰਧਤ ਹੈ। ਪਹਿਲਾਂ ਇਸ ਬਾਰੇ ਰਾਇਸ਼ੁਮਾਰੀ ਰਾਹੀਂ ਕਨਸੋਅ ਲੈ ਲਈਏ ਕਿ ਆਮ ਸਿੱਖ ਇਸ ਬਾਬਤ ਕਿਹੋ ਜਿਹੇ ਵਿਚਾਰ ਰੱਖਦਾ ਹੈ। ਇਹ ਪੰਥਕ ਪਰੰਪਰਾ ਅਪਨਾਉਣ ਦੀ ਬਜਾਏ ਕਿਸੇ ਦੇ ਟਾਈਪਰਾਈਟਰ ਤੋਂ ਟਾਈਪ ਹੋ ਕੇ ਆਏ 'ਆਦੇਸ਼' ਉਪਰ ਦਸਤਖਤ ਕਰਨ ਲਈ ਸਿੰਘ ਸਾਹਿਬਾਨ, ਗਿਆਨੀ ਵੇਦਾਂਤੀ ਵਾਂਗ ਕਾਹਲੇ ਪੈ ਗਏ, ਪਰ ਆਦੇਸ਼ਨਾਮੇ ਵਿਚ ਲਿਖ ਦਿੱਤਾ ਗਿਆ ਕਿ 'ਦੀਰਘ' ਵਿਚਾਰ-ਵਟਾਂਦਰਾ ਕਰ ਕੇ ਫੈਸਲਾ ਕੀਤਾ ਗਿਆ!...ਵਾਹ!!

ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ॥

ਸਿੰਘ ਸਾਹਿਬਾਨ ਵੱਲੋਂ 'ਗੁਰਮਤਾ' ਕਹੇ ਗਏ ਇਸ ਫੈਸਲੇ ਨਾਲ ਦੇਸ਼-ਵਿਦੇਸ਼ ਦੇ ਸਿੱਖਾਂ ਵਿਚ ਰੋਹ ਭੜਕ ਪਿਆ। ਸੋਸ਼ਲ ਸਾਈਟਾਂ 'ਤੇ ਜਥੇਦਾਰ ਲਈ ਉਹ ਸ਼ਬਦ ਵਰਤੇ ਗਏ ਜੋ ਅੱਜ ਤੱਕ ਸਿੱਖਾਂ ਨੇ ਮੀਰ ਮੰਨੂ ਜਾਂ ਜ਼ਕਰੀਆ ਖਾਨ ਲਈ ਵੀ ਨਹੀਂ ਵਰਤੇ ਹੋਣੇ। ਉਨ੍ਹਾਂ ਦੇ ਭੱਦੇ ਤੇ ਹਾਸੋ-ਹੀਣੇ ਕਾਰਟੂਨਾਂ ਦਾ ਹੜ੍ਹ ਆ ਗਿਆ। ਹੋਰ ਤਾਂ ਹੋਰ ਮੂਲ ਨਾਨਕਸ਼ਾਹੀ ਕੈਲੰਡਰ ਦਾ ਭੋਗ ਪਾਉਣ ਉਪਰੰਤ ਜਥੇਦਾਰ ਨਾਲ ਘਿਓ-ਖਿਚੜੀ ਰਹਿਣ ਵਾਲਾ ਸੰਤ ਸਮਾਜ ਵੀ ਇਸ ਫੈਸਲੇ ਦੇ ਵਿਰੋਧ ਵਿਚ ਆ ਨਿੱਤਰਿਆ। ਵਿਰੋਧ ਕਰਨ ਵਾਲਿਆਂ ਦਾ ਤਰਕ ਇਹ ਹੈ ਕਿ ਰਾਮ ਰਹੀਮ ਦੇ ਜਿਸ ਪੱਤਰ ਨੂੰ 'ਮੁਆਫੀਨਾਮਾ' ਕਿਹਾ ਜਾ ਰਿਹਾ ਹੈ, ਉਸ ਵਿਚ ਨਾ ਤਾਂ 'ਮੁਆਫ਼ੀ' ਦਾ ਕੋਈ ਸ਼ਬਦ ਹੈ, ਨਾ ਹੀ ਉਹ ਖਾਲਸਾ ਪੰਥ ਨੂੰ ਸੰਬੋਧਿਤ ਹੈ। ਇਥੋਂ ਤੱਕ ਕਿ ਉਸ ਵਿਚ ਅਕਾਲ ਤਖ਼ਤ ਦਾ ਨਾਂ ਤੱਕ ਵੀ ਨਹੀਂ। ਉਸ ਪੱਤਰ ਦਾ ਮੂਲ ਪਾਠ ਪੜ੍ਹਦਿਆਂ ਇਉਂ ਪ੍ਰਤੀਤ ਹੁੰਦਾ ਹੈ ਕਿ ਕੁਝ ਗੋਲ-ਮੋਲ ਸਤਰਾਂ ਕਿਸੇ ਗੁਰਬਚਨ ਸਿੰਘ ਨਾਂ ਦੇ ਬੰਦੇ ਵੱਲੋਂ ਲਿਖੀਆਂ ਗਈਆਂ ਹਨ, ਉਸ ਦੇ ਅਹੁਦੇ ਜਾਂ ਥਹੁ ਟਿਕਾਣੇ ਬਾਰੇ ਕੋਈ ਜ਼ਿਕਰ ਨਹੀਂ ਇਸ ਪੱਤਰ ਵਿਚ। ਇਸੇ ਪੱਤਰ ਦੀਆਂ ਚੰਦ ਕੁ ਸਤਰਾਂ ਨੂੰ ਸ੍ਰੀ ਅਕਾਲ ਤਖ਼ਤ ਦੇ ਲੈਟਰ ਪੈਡ 'ਤੇ ਉਤਾਰ ਕੇ ਥੱਲੇ ਸਿੰਘ ਸਾਹਿਬਾਨ ਦੀਆਂ 'ਘੁੱਗੀਆਂ ਮਰਵਾ' ਲਈਆਂ ਗਈਆਂ।

ਕੁੱਲ ਮਿਲਾ ਕੇ ਤਖ਼ਤ ਸਾਹਿਬ ਉਤੇ ਚੌਵੀ ਸਤੰਬਰ 2015 ਨੂੰ ਹੋਏ ਸਿਆਸੀ ਅੰਡਬਰ ਕਾਰਨ ਜਥੇਦਾਰ ਅਕਾਲ ਤਖ਼ਤ ਕਸੂਤੇ ਫਸ ਗਏ ਹਨ। ਪਤਾ ਨਹੀਂ ਹੁਣ ਉਹ ਕਿਸ ਮੂੰਹ ਨਾਲ ਸੰਗਤ ਵਿਚ ਜਾਣਗੇ। ਗੁਰੂ ਹਰਿਗੋਬਿੰਦ ਸਾਹਿਬ ਦੇ ਵਰੋਸਾਏ ਅਸਥਾਨ 'ਤੇ ਬਹਿ ਕੇ, ਉਨ੍ਹਾਂ ਨੂੰ ਵੋਟਾਂ ਦੀ ਭੁੱਖੀ ਹਾਕਮਾਂ ਦੀ ਕੁਰਸੀ ਅੱਗੇ ਨਿਵਣ ਦੀ ਥਾਂ ਸਿੱਖ ਸਿਧਾਂਤ ਅਤੇ ਰਵਾਇਤਾਂ ਦੀ ਪਾਲਣਾ ਕਰਨ ਲਈ ਸ੍ਰੀ ਦਰਬਾਰ ਸਾਹਿਬ ਵੱਲ ਨਿਗ੍ਹਾ ਰੱਖਣੀ ਚਾਹੀਦੀ ਸੀ।

# ਅੱਜ ਤੇ ਹੁਣ


ਚਿੱਤ ਚੇਤਾ



ਕਾਨਾ ਸਿੰਘ

ਫੋਨ:+91-95019-44944


***'ਅੱਜ ਤੇ ਹੁਣ' ਨਾਂ ਦੇ ਇਸ ਲੇਖ ਵਿਚ ਕਾਨਾ ਸਿੰਘ ਨੇ ਪੀੜ੍ਹੀ-ਪਾੜੇ ਦੀ ਗੱਲ ਤਾਂ ਛੋਹੀ ਹੀ ਹੈ, ਨਾਲ ਹੀ ਇਹ ਵੀ ਚਿਤਾਰਿਆ ਹੈ ਕਿ ਜ਼ਰੂਰੀ ਨਹੀਂ, ਕੋਈ ਜਣਾ ਹਰ ਕੰਮ ਤੇ ਕਸਬ ਵਿਚ ਮਾਹਿਰ ਹੋਵੇ। ਉਹ ਬੜੇ ਸਹਿਜ ਨਾਲ ਗੱਲਾਂ-ਬਾਤਾਂ ਕਰਦੀ ਸ਼ਬਦਾਂ ਦਾ ਤਾਣਾ ਬੁਣਦੀ ਚਲੀ ਜਾਂਦੀ ਹੈ। ਉਹ ਆਪਣੀ ਹਰ ਰਚਨਾ ਵਿਚ ਇਸੇ ਸੁਹਜ ਤੇ ਸਹਿਜ ਦੇ ਗੂੜ੍ਹੇ ਰੰਗ ਭਰਦੀ ਹੈ ਅਤੇ ਆਪਣੇ ਪਾਤਰਾਂ ਤੇ ਘਟਨਾਵਾਂ ਨੂੰ ਲਗਾਤਾਰ ਤਰਤੀਬ ਦੇਈ ਜਾਂਦੀ ਹੈ। ਇਸ ਵਿਚੋਂ ਮੌਲਦੀ-ਧੜਕਦੀ ਜ਼ਿੰਦਗੀ ਦੇ ਦਰਸ਼ਨ ਹੁੰਦੇ ਹਨ। ਇਹੀ ਉਸ ਦੀਆਂ ਰਚਨਾਵਾਂ ਦੀ ਖੂਬਸੂਰਤੀ ਹੈ। -ਸੰਪਾਦਕ***

ਵੀਹਵੀਂ ਸਦੀ ਦੇ ਨੌਂਵੇਂ ਦਹਾਕੇ ਦੀ ਗੱਲ ਹੈ। ਨੋਇਡਾ ਦੀ ਮਕਾਨ ਉਸਾਰੀ ਤੋਂ ਵਿਹਲੀ ਹੋ ਕੇ ਮੈਂ ਦਿੱਲੀ ਵਿਚ ਹੋ ਰਹੀ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਸ਼ਾਮਲ ਹੋਈ। ਲੰਮੇ ਅੰਡਾਕਾਰ ਮੇਜ਼ ਦੇ ਘੇਰੇ ਦੀ ਮੂਹਰਲੀ ਕਤਾਰ ਵਿਚ ਬੈਠੀ ਹੋਈ ਸਾਂ ਮੈਂ, ਅਤੇ ਪ੍ਰੋ. ਪ੍ਰੀਤਮ ਸਿੰਘ ਕੁੰਜੀਵਤ ਭਾਸ਼ਣ ਦੇ ਰਹੇ ਸਨ। ਚੁਫੇਰੇ ਸੂਈ ਦੀ ਖਨਕ ਤੋਂ ਵੀ ਤ੍ਰਹਿਕਦੀ ਖਾਮੋਸ਼ੀ ਸੀ।

'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ, ਮਰਹੂਮ ਹਰਭਜਨ ਹਲਵਾਰਵੀ ਨੇ ਖੂਬਸੂਰਤ ਪਾਕਿਸਤਾਨੀ ਲੇਖਕਾ ਨਾਲ ਹਾਲ ਵਿਚ ਪ੍ਰਵੇਸ਼ ਕੀਤਾ। ਦੋਹਾਂ ਦੇ ਹੱਥਾਂ ਵਿਚ ਬੰਡਲ ਸਨ, ਪੈਕਟਾਂ ਦੇ ਪੈਕੇਟ। ਉਹ ਪਿਛਲੀ ਕਤਾਰ ਵਿਚ ਠੀਕ ਮੇਰੇ ਪਿੱਛੇ ਆਣ ਬੈਠੇ। ਬਿੰਦ ਕੁ ਮਗਰੋਂ ਹਲਵਾਰਵੀ ਨੇ ਪਿਛੋਂ ਮੇਰਾ ਮੋਢਾ ਠਕੋਰਿਆ। ਮੈਂ ਪਰਤ ਕੇ ਵੇਖਿਆ। ਉਸ ਨੇ ਮੇਰੇ ਵੱਲ ਕੈਮਰਾ ਸਰਕਾਉਂਦਿਆਂ ਮੈਨੂੰ ਇਸ਼ਾਰੇ ਨਾਲ ਸਮਝਾਇਆ ਕਿ ਮੈਂ ਉਨ੍ਹਾਂ ਦੋਹਾਂ ਦੀ ਤਸਵੀਰ ਖਿੱਚ ਦਿਆਂ। ਮੈਂ ਵੀ ਅੱਗਿਉਂ ਇਸ਼ਾਰੇ ਨਾਲ ਹੀ ਜੁਆਬ ਦਿੱਤਾ ਕਿ ਮੈਨੂੰ ਕੈਮਰਾ ਚਲਾਉਣਾ ਨਹੀਂ ਆਉਂਦਾ। ਹਲਵਾਰਵੀ ਵਾਰ ਵਾਰ ਹੱਥ ਦੇ ਇਸ਼ਾਰੇ ਨਾਲ ਸਮਝਾਉਣ ਦੀ ਕੋਸ਼ਿਸ਼ ਕਰੇ ਕਿ ਬੱਸ ਮੈਂ ਬਟਨ ਹੀ ਤਾਂ ਦਬਾਉਣਾ ਹੈ ਤੇ ਮੈਂ ਮੁੜ ਮੁੜ ਜਵਾਬੀ ਇਸ਼ਾਰਾ ਕਰਾਂ ਕਿ ਮੈਨੂੰ ਇਸ ਦਾ ਵੱਲ ਨਹੀਂ ਆਉਂਦਾ। ਆਖ਼ਰ ਉਸ ਨੇ ਕੈਮਰਾ ਮੇਰੇ ਹੱਥ ਵਿਚ ਥਮਾ ਹੀ ਦਿੱਤਾ ਤੇ ਮੈਂ ਉਸ ਦੇ ਇਸ਼ਾਰੇ ਮੁਤਾਬਕ ਬਟਨ ਦਬਾ ਦਿੱਤਾ।

ਹਲਵਾਰਵੀ ਨੇ ਆਪਣਾ ਸਿਰ ਫੜ ਲਿਆ।

ਕੈਮਰੇ ਦੇ ਲੈਂਸ ਅੱਗੇ ਮੇਰਾ ਅੰਗੂਠਾ ਆ ਗਿਆ ਸੀ, ਸਭ ਬੇਕਾਰ। ਚਲੋ ਮੈਂ ਤਾਂ ਗੱਲ ਆਈ ਗਈ ਸਮਝੀ, ਪਰ ਬਾਅਦ ਵਿਚ ਪਤਾ ਲੱਗਾ ਕਿ ਸਾਹਿਤਕ ਪਿੜ ਵਿਚ ਗਰਮਾ-ਗਰਮ ਚਰਚਾ ਦਾ ਵਿਸ਼ਾ ਸੀ ਕਿ ਮਹਾਂਨਗਰੈਣ ਕਾਨਾ ਸਿੰਘ ਨੂੰ ਕੈਮਰੇ ਦਾ ਇਸਤੇਮਾਲ ਵੀ ਨਹੀਂ ਆਉਂਦਾ।

ਹੁਣ ਮੈਂ ਕੀ ਦੱਸਾਂ ਕਿ ਕੈਮਰਾ ਤਾਂ ਪਿੱਛੇ ਰਿਹਾ, ਮੈਨੂੰ ਤਾਂ ਰਸੋਈ ਗੈਸ ਮੁੱਕ ਜਾਣ 'ਤੇ ਨਵਾਂ ਸਿਲੰਡਰ ਲਗਾਉਣ ਲਈ ਵੀ ਕਿਸੇ ਨਾ ਕਿਸੇ ਦੀ ਮਦਦ ਲੈਣੀ ਪੈਂਦੀ ਹੈ। ਵੀਡੀਓ ਸੀ.ਡੀ. ਵੀ ਨਹੀਂ ਚਲਾ ਸਕਦੀ। ਗੱਡੀ ਚਲਾਉਣੀ ਤਾਂ ਦੂਰ, ਮੈਂ ਤਾਂ ਸਾਈਕਲ ਵੀ ਨਾ ਸਿੱਖ ਸਕੀ। ਚੜ੍ਹਨਾ ਸਿੱਖੀ ਤਾਂ ਲਹਿਣਾ ਨਾ ਆਇਆ। ਜਦੋਂ ਵੀ ਕੋਸ਼ਿਸ਼ ਕੀਤੀ, ਹੱਡ ਭੰਨਾ ਕੇ ਕੰਨਾਂ ਨੂੰ ਹੱਥ ਲਾਏ। ਸਾਲਾਂ ਤੋਂ ਮੋਬਾਇਲ ਫੋਨ ਵਰਤ ਰਹੀ ਹਾਂ। ਮੈਸੇਜ ਪੜ੍ਹ ਤਾਂ ਲੈਂਦੀ ਹਾਂ, ਫਾਰਵਰਡ ਕਰਨ ਦਾ ਵੱਲ ਨਹੀਂ ਆਇਆ। ਮਾਈਕਰੋਵੇਵ ਚਲਾਉਣਾ ਵੀ ਮੈਨੂੰ ਘਰੋਗੀ ਕੰਮਾਂ ਦੀ ਮਦਦਗਾਰ, ਕਲਾਵਤੀ ਨੇ ਹੀ ਸਿੱਖਾਇਆ। ਮੇਰੇ ਟੇਪਰਿਕਾਰਡਰ ਦੀਆਂ ਉਲਝੀਆਂ ਟੇਪਾਂ ਉਹੀ ਉਧੇੜਦੀ ਤੇ ਸੁਲਝਾਉਂਦੀ ਹੈ। ਉਹ ਮਸ਼ੀਨੀ ਕੰਮਾਂ ਵਿਚ ਹੁਸ਼ਿਆਰ ਹੈ, ਪਰ ਹਿਸਾਬ ਦਸਾਂ ਉਂਗਲਾਂ ਦੀ ਗਿਣਤੀ ਨਾਲ ਹੀ ਕਰ ਸਕਦੀ ਹੈ। ਜੇ ਹੋਰ ਪਿੱਛੇ ਜਾਵਾਂ ਤਾਂ ਮੁੰਬਈਆ ਜੀਵਨ ਦੌਰਾਨ ਰੋਟੀ-ਟੁਕ ਕਰਨਾ ਮੈਨੂੰ ਪਰਮਾਨੰਦ ਰਸੋਈਏ ਨੇ ਸਿੱਖਾਇਆ ਤੇ ਸਟੋਵ ਬਾਲਣਾ ਮੇਰੇ ਪਤੀ ਨੇ। ਇਸ ਦੇ ਉਲਟ, ਘਰ ਦੀ ਸਾਫ਼ ਸਫ਼ਾਈ ਤੇ ਸਜਾਵਟ ਸਣੇ ਬਰੀਕ ਕਢਾਈਆਂ ਵੀ ਮੈਂ ਵਾਹ ਵਾਹ ਕਰ ਲੈਂਦੀ। ਗੱਲ ਪੇਂਡੂ ਜਾਂ ਸ਼ਹਿਰੀ ਹੋਣ ਦੀ ਨਹੀਂ। ਕੋਈ ਕਿਸੇ ਕੰਮ ਵਿਚ ਨਿਪੁੰਨ ਹੈ ਤੇ ਕੋਈ ਕਿਸੇ ਵਿਚ। ਕੋਈ ਪਿੰਡ ਵਿਚ ਵਸਦਿਆਂ ਵੀ ਸ਼ਹਿਰੀ ਹੈ ਤੇ ਕੋਈ ਮੇਰੇ ਵਰਗਾ ਮਹਾਂਨਗਰ-ਈਆ ਹੋ ਕੇ ਵੀ ਕਿਸੇ ਪਾਸਿਓਂ ਨਿਰਾ ਪੇਂਡੂ।

ਸਾਡੀ ਪੀੜ੍ਹੀ ਦੀ ਔਰਤ ਸਿਊਣ-ਪਰੋਣ, ਕਢਾਈ-ਬੁਣਾਈ ਤੋਂ ਇਲਾਵਾ ਬਰੀਕ ਤੋਂ ਬਰੀਕ ਰਫ਼ੂ ਕਰਨਾ ਤੇ ਟਾਕੀਆਂ ਲਾਣੀਆਂ ਅਰ ਕਾਜ ਬਟਣ ਵੀ ਕੱਢਣੇ-ਬੁਣਨੇ ਜਾਣਦੀ ਸੀ। ਇਹ ਉਸ ਦੀ ਮੁਢਲੀ ਸਿੱਖਿਆ ਦਾ ਅੰਗ ਸੀ।

ਉਦੋਂ ਟੁੱਟਿਆ ਜੋੜਨ ਅਤੇ ਫਟਿਆ ਗੰਢਣ ਦਾ ਜ਼ਮਾਨਾ ਸੀ ਜਿਸ ਨੂੰ ਅੱਜ ਦੀ ਪੀੜ੍ਹੀ ਮੂਤ ਵਿਚੋਂ ਮੱਛੀਆਂ ਪਕੜਨਾ ਸਮਝਦੀ ਹੈ।

ਇਸ ਪੀੜ੍ਹੀ ਦੇ ਹੱਥ ਵਿਚ ਮੋਬਾਇਲ ਕੈਮਰੇ 'ਤੇ ਇੰਟਰਨੈਟ ਹੈ, ਅਰ ਅੱਖਾਂ ਟੀ.ਵੀ. ਕੰਪਿਊਟਰ ਉਪਰ ਗੱਡੀਆਂ ਹੋਈਆਂ। ਖਪਤਵਾਦ ਦਾ ਬੋਲਬਾਲਾ ਹੈ। ਅੱਜ ਸੈਰ-ਸਪਾਟਿਆਂ 'ਤੇ ਗਏ ਗੱਡੀਆਂ ਭਜਾਉਂਦੇ ਮਾਪੇ ਬੱਚਿਆਂ ਦੇ ਮੈਲੇ ਹੋਏ ਕੱਪੜੇ ਲਾਹੁੰਦੇ-ਬਦਲਦੇ ਗੱਡੀਓਂ ਬਾਹਰ ਸੁੱਟ ਦਿੰਦੇ ਹਨ ਤੇ ਬਜ਼ਾਰੋ-ਬਜ਼ਾਰ ਲੰਘਦੇ, ਰੇਡੀਮੇਡ ਪੁਸ਼ਾਕਾਂ ਖਰੀਦਦੇ, ਪਾਉਂਦੇ-ਪੁਆਉਂਦੇ, ਲਾਹੁੰਦੇ-ਸੁੱਟਦੇ ਤੇ ਭੱਜਦੇ ਅੱਗੇ ਕੂਚ ਕਰ ਜਾਂਦੇ ਹਨ। ਕੌਣ ਧੋਣ ਤੇ ਪ੍ਰੈਸ ਕਰਨ ਦੇ ਝੰਜਟਾਂ ਵਿਚ ਪਵੇ!

ਦਿਨ ਗਿਣਵੇਂ ਤੇ ਰੁਝੇਵੇਂ ਬਾਹਲੇ। ਆਪਣੀ ਥਾਂ ਨਵੀਂ ਪੀੜ੍ਹੀ ਠੀਕ ਹੀ ਹੈ। ਪ੍ਰੈਕਟੀਕਲ। ਇਹ ਬਾਹਰਲੀ ਫੂੰ-ਫਾਂ ਅਤੇ ਕੱਪੜਿਆਂ-ਗਹਿਣਿਆਂ ਦੇ ਢੁੱਕ-ਢੁਕਾਅ ਦੇ ਖਲਜਗਣ ਵਿਚ ਨਹੀਂ ਪੈਂਦੀ। ਇਹ ਇਕ-ਲਿੰਗੀ ਪਰਵਿਰਤੀ ਦੀ ਹੈ, ਯੂਨੀਸੈਕਸ ਦੀ ਹਾਮੀ। ਟੁੱਟਿਆ ਗੰਢਣਾ ਤਾਂ ਛੋੜੋ, ਇਸ ਨੂੰ ਸੂਈ ਵਿਚ ਧਾਗਾ ਪਾਉਣ ਵਿਚ ਵੀ ਅਲਕਤ ਆਉਂਦੀ ਹੈ।

ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਅੱਜ ਦੀ ਪੀੜ੍ਹੀ ਦੀ ਸਮਰੱਥਾ ਸਾਨੂੰ ਹੈਰਾਨ ਕਰ ਦਿੰਦੀ ਹੈ। ਇਹ ਪੀੜ੍ਹੀ ਸਾਡਾ ਹੱਥ ਫੜ ਕੇ ਆਪਣੇ ਨਾਲ ਤੋਰਨ ਦਾ ਜਤਨ ਕਰ ਰਹੀ ਹੈ। ਪੋਤਾ ਦਾਦੇ ਨੂੰ ਕੰਪਿਊਟਰ ਸਿੱਖਾ ਰਿਹਾ ਹੈ ਤੇ ਪੋਤੀ ਦਾਦੀ ਨੂੰ ਕੈਮਰਾ ਕਲਿੱਕ ਕਰਨਾ। ਇਨ੍ਹਾਂ ਬੱਚਿਆਂ ਨੂੰ ਰੱਖ-ਰਖ਼ਾਅ ਅਤੇ ਵਲ-ਫਰੇਬ ਨਹੀਂ ਆਉਂਦੇ। ਇਹ ਸਿੱਧੀ ਤੇ ਸਪਸ਼ਟ ਗੱਲ ਕਰਦੇ ਹਨ। ਇਹ ਜਿਉਂਦੇ ਹਨ ਅੱਜ ਤੇ ਹੁਣ ਵਿਚ। ਇਹ ਸਿੱਖਦੇ ਵੀ ਨੇ ਤੇ ਸਿਖਾਉਂਦੇ ਵੀ। ਸਾਨੂੰ ਇਨ੍ਹਾਂ ਦੀ ਉਂਗਲ ਫੜ ਕੇ ਮੁਸ ਮੁਸ ਕਰਦੇ ਅੱਗੇ ਪਲੰਘਣਾ ਚਾਹੀਦਾ ਹੈ।

# ਡੇਰਾ ਸਿਰਸਾ ਬਾਰੇ ਫੈਸਲਾ ਸਿਆਸਤ ਤੋਂ ਪ੍ਰੇਰਿਤ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪਿਛਲੇ ਦਿਨਾਂ ਵਿਚ ਕਿਉਂਕਿ ਦੋ ਪਾਰਟੀਆਂ: ਕਾਂਗਰਸ ਅਤੇ ਆਮ ਆਦਮੀ ਪਾਰਟੀ ਦੀਆਂ ਰੈਲੀਆਂ ਭਾਰੀਆਂ ਹੋਣ ਲੱਗ ਪਈਆਂ ਹਨ ਤੇ ਅਕਾਲੀਆਂ ਦਾ ਪਿੰਡਾਂ ਵਿਚ ਵੜਨਾ ਔਖਾ ਹੋਈ ਜਾ ਰਿਹਾ ਸੀ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਬੋਲੀ ਵੀ ਬਦਲਣ ਲੱਗ ਪਈ ਹੈ। ਇਹ ਛੋਟੀ ਗੱਲ ਨਹੀਂ ਕਿ ਜਿਸ ਬਠਿੰਡੇ ਵਿਚ ਸਾਰਾ ਬਾਦਲ ਪਰਿਵਾਰ ਹਰ ਹਫਤੇ ਫਲ੍ਹੇ ਵਾਹੁਣ ਵਾਂਗ ਗੇੜੇ ਦਿੰਦਾ ਹੁੰਦਾ ਸੀ, ਉਥੇ ਹੁਣ ਉਹ ਆਪ ਵੀ ਜਾਣ ਤੋਂ ਪਾਸਾ ਵੱਟ ਰਹੇ ਹਨ ਤੇ ਉਨ੍ਹਾਂ ਆਪਣੇ ਵਜ਼ੀਰਾਂ ਨੂੰ ਵੀ ਥੋੜ੍ਹਾ ਪਾਸੇ ਰਹਿਣ ਨੂੰ ਕਹਿ ਦਿੱਤਾ ਹੈ। ਅਕਾਲੀ ਦਲ ਨਾਲ ਤੀਹ ਸਾਲ ਤੋਂ ਪੱਕੀ ਨੇੜਤਾ ਵਾਲੇ ਇਕ ਪੰਜਾਬੀ ਅਖਬਾਰ ਨੇ ਵੀ ਇਹ ਦਰਜ ਕੀਤਾ ਹੈ ਕਿ 'ਬਠਿੰਡੇ ਦੇ ਡਰੇ ਮੰਤਰੀਆਂ ਨੇ ਲੁਧਿਆਣੇ ਦੇ ਕਿਸਾਨ ਮੇਲੇ ਤੋਂ ਵੀ ਪਾਸਾ ਵੱਟਿਆ' ਹੈ। ਇਨ੍ਹਾਂ ਹਾਲਤਾਂ ਵਿਚ ਹੁਣ ਬਾਦਲ ਸਾਹਿਬ ਨੇ ਬਦਲੀ ਹੋਈ ਬੋਲੀ ਵਿਚ ਲੋਕਾਂ ਨੂੰ ਸਮਝਾਊ ਢੰਗ ਸ਼ਾਮਲ ਕਰ ਲਿਆ ਹੈ ਕਿ ਸਾਨੂੰ ਪੰਜਾਬ ਦੀ ਤਰੱਕੀ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਜਿਹੜੇ ਬਾਦਲ ਦੇ ਹਰ ਭਾਸ਼ਣ ਦਾ ਅੱਧਾ ਹਿੱਸਾ ਚੁਟਕਲਿਆਂ ਨਾਲ ਭਰਪੂਰ ਹੁੰਦਾ ਸੀ, ਉਹ ਹੁਣ ਇਹ ਕਹਿ ਰਿਹਾ ਹੈ ਕਿ ਚੁਟਕੁਲੇ ਸੁਣਾਉਣ ਵਾਲੇ ਆਮ ਲੋਕਾਂ ਲਈ ਮਨੋਰੰਜਨ ਦਾ ਮੌਕਾ ਤਾਂ ਪੇਸ਼ ਕਰ ਸਕਦੇ ਹਨ, ਪੰਜਾਬ ਦੀਆਂ ਸਮੱਸਿਆਵਾਂ ਲਈ ਕੁਝ ਨਹੀਂ ਕਰ ਸਕਦੇ। ਆਪ ਉਹ ਅਜੇ ਤੱਕ ਵਿਧਾਨ ਸਭਾ ਵਿਚ ਟੋਟਕੇ ਸੁਣਾ ਕੇ ਸਮਾਂ ਲੰਘਾ ਦੇਂਦੇ ਹਨ। ਵਿਧਾਨ ਸਭਾ ਵਿਚ ਇੰਜ ਕਰਨਾ ਸ਼ਾਇਦ ਇਸ ਲਈ ਵੀ ਜ਼ਰੂਰੀ ਹੋਵੇਗਾ ਕਿ ਕੋਈ ਗੰਭੀਰ ਬਹਿਸ ਨਾ ਚੱਲ ਪਵੇ।

ਗੰਭੀਰ ਮੁੱਦੇ ਬਾਦਲ ਸਾਹਿਬ ਪਰਦੇ ਪਿੱਛੇ ਨਿਪਟਾਉਣ ਦੇ ਆਦੀ ਹਨ। ਅੱਠ ਸਾਲ ਪਹਿਲਾਂ ਸਭ ਤੋਂ ਓਹਲਾ ਰੱਖਦਿਆਂ ਦੋਵੇਂ ਬਾਪ-ਬੇਟਾ ਇੱਕ ਦਿਨ ਸਿਰਸੇ ਵਾਲੇ ਡੇਰਾ ਸੱਚਾ ਸੌਦਾ ਵਿਚ ਅਰਜ਼ ਕਰਨ ਗਏ ਸਨ ਤੇ ਡੇਰੇ ਦਾ ਮੁਖੀ ਉਚੇ ਤਖਤ ਉਤੇ ਬੈਠਾ ਮੁਸਕਰਾਉਂਦਾ ਰਿਹਾ ਸੀ। ਵੋਟਾਂ ਉਸ ਨੇ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਅੱਖ ਮਿਲਣ ਪਿੱਛੋਂ ਕਾਂਗਰਸ ਨੂੰ ਪਵਾ ਦਿੱਤੀਆਂ ਸਨ। ਇਸ ਤੋਂ ਬਾਦਲ ਬਾਪ-ਬੇਟਾ ਆਪਣੇ ਮਨ ਵਿਚ ਕੌੜ ਪਾਲ ਬੈਠੇ। ਜਦੋਂ ਉਸ ਨੇ ਜਾਮ-ਇ-ਇਨਸਾਂ ਦੀ ਨਵੀਂ ਰੀਤ ਸ਼ੁਰੂ ਕੀਤੀ, ਇਨ੍ਹਾਂ ਨੂੰ ਮੌਕਾ ਮਿਲ ਗਿਆ ਅਤੇ ਬਾਦਲ ਅਕਾਲੀ ਦਲ ਦੇ ਆਗੂਆਂ ਨੇ ਆਪ ਭੀੜਾਂ ਦੀ ਅਗਵਾਈ ਕਰਕੇ ਸਾਰੇ ਪੰਜਾਬ ਦਾ ਮਾਹੌਲ ਓਦਾਂ ਦਾ ਤਣਾਅ ਭਰਪੂਰ ਬਣਾ ਛੱਡਿਆ, ਜਿੱਦਾਂ ਉਸ ਤੋਂ ਤੀਹ ਸਾਲ ਪਹਿਲਾਂ ਨਿਰੰਕਾਰੀਆਂ ਵਿਰੁੱਧ ਹੱਲਾਸ਼ੇਰੀ ਦੇ ਕੇ ਕਰਵਾਇਆ ਸੀ। ਨਿਰੰਕਾਰੀ ਸੰਪਰਦਾ ਦੇ ਉਸ ਵਕਤ ਦੇ ਮੁਖੀ ਗੁਰਬਚਨ ਸਿੰਘ ਨੂੰ ਅਕਾਲੀ ਲੀਡਰਾਂ ਵੱਲੋਂ 'ਸ੍ਰੀ ਸਤਿਗੁਰੂ ਜੀ' ਕਹਿ ਕੇ ਲਿਖੀਆਂ ਚਿੱਠੀਆਂ ਦਾ ਰਿਕਾਰਡ ਅੱਜ ਵੀ ਮੌਜੂਦ ਹੈ, ਪਰ ਜਦੋਂ ਨਿਰੰਕਾਰੀਆਂ ਨਾਲ ਨਾਰਾਜ਼ ਹੋ ਗਏ ਤਾਂ ਸ੍ਰੀ ਅਕਾਲ ਤਖਤ ਤੋਂ ਉਸ ਸਮੁੱਚੀ ਸੰਪਰਦਾ ਬਾਰੇ 'ਰੋਟੀ-ਬੇਟੀ' ਤੱਕ ਦੀ ਸਾਂਝ ਤੋੜਨ ਦਾ ਹੁਕਮਨਾਮਾ ਜਾਰੀ ਕਰਵਾ ਦਿੱਤਾ। ਸਮਾਂ ਪਾ ਕੇ ਉਨ੍ਹਾਂ ਹੀ ਨਿਰੰਕਾਰੀਆਂ ਨਾਲ ਅਕਾਲੀ ਆਗੂ ਵੋਟਾਂ ਖਾਤਰ ਮਿਲਣ ਤੇ ਸਾਰੀਆਂ ਸਾਂਝਾਂ ਪਾਲਣ ਲੱਗ ਪਏ, ਪਰ ਸਾਂਝਾਂ ਹੁੰਦੇ ਹੋਏ ਵੀ ਉਸ ਬਾਬੇ ਦੇ ਕਤਲ ਦੇ ਦੋਸ਼ ਵਿਚ ਸਜ਼ਾਯਾਫਤਾ ਰਣਜੀਤ ਸਿੰਘ ਨੂੰ ਉਦੋਂ ਸ੍ਰੀ ਅਕਾਲ ਤਖਤ ਦਾ ਜਥੇਦਾਰ ਬਣਾ ਦਿੱਤਾ ਸੀ, ਜਦੋਂ ਸਜ਼ਾ ਹਾਲੇ ਪੂਰੀ ਵੀ ਨਹੀਂ ਸੀ ਹੋਈ। ਪਿਛਲੇ ਬਾਰਾਂ ਸਾਲਾਂ ਵਿਚ ਪਈ ਮਾਰ ਕਾਰਨ ਨਿਰੰਕਾਰੀ ਇਨੇ ਤ੍ਰਹਿਕੇ ਹੋਏ ਸਨ ਕਿ ਉਹ ਵਿਰੋਧ ਦਾ ਬਿਆਨ ਵੀ ਜਾਰੀ ਨਹੀਂ ਸਨ ਕਰ ਸਕੇ।



*ਗੁਰਮੀਤ ਰਾਮ ਰਹੀਮ ਸਿੰਘ*

ਜਦੋਂ 2007 ਵਿਚ ਪ੍ਰਕਾਸ਼ ਸਿੰਘ ਬਾਦਲ ਨੇ ਚੌਥੀ ਵਾਰ ਪੰਜਾਬ ਦਾ ਮੁੱਖ ਮੰਤਰੀ ਬਣਨਾ ਸੀ ਅਤੇ ਸੱਚੇ ਸੌਦੇ ਡੇਰੇ ਵਿਚ ਆਪ ਹਾਜ਼ਰੀ ਭਰਨ ਦੇ ਬਾਵਜੂਦ ਡੇਰਾ ਦੂਸਰੇ ਪਾਸੇ ਭੁਗਤ ਗਿਆ ਸੀ, ਇਸ ਦੀ ਖਹੁਰ ਕੱਢਣ ਲਈ ਡੇਰੇ ਵਿਰੁੱਧ ਹਾਲਾਤ ਭੜਕਾਉਣ ਵਾਸਤੇ ਆਪਣੀ ਯੂਥ ਬ੍ਰਿਗੇਡ ਸੜਕਾਂ ਉਤੇ ਕ੍ਰਿਪਾਨਾਂ ਲਿਸ਼ਕਾਉਣ ਤੋਰ ਦਿੱਤੀ। ਥੋੜ੍ਹੀ ਜਿਹੀ ਗੱਲ ਆਪ ਛੇੜ ਕੇ ਬਾਦਲ ਅਕਾਲੀ ਦਲ ਵਾਲੇ ਪਿੱਛੇ ਹਟ ਗਏ ਤੇ ਇਸ ਦੇ ਬਾਅਦ ਗਰਮ ਧਿਰਾਂ ਨੂੰ ਕਦੇ ਥੋੜ੍ਹੀ ਖੁੱਲ੍ਹ ਅਤੇ ਕਦੀ ਲਗਾਮ ਖਿੱਚਣ ਦੀ ਖੇਡ ਓਨਾ ਚਿਰ ਹੁੰਦੀ ਰਹੀ, ਜਿੰਨਾ ਚਿਰ ਪੰਜ ਸਾਲ ਬਾਅਦ ਵਿਧਾਨ ਸਭਾ ਚੋਣਾਂ ਦੋਬਾਰਾ ਨਾ ਆ ਗਈਆਂ ਅਤੇ ਸੱਚੇ ਸੌਦੇ ਵਾਲਾ ਬਾਬਾ ਸੱਚਮੁੱਚ ਦੀ ਗੁਪਤ ਸੌਦੇਬਾਜ਼ੀ ਨਾਲ ਵੋਟਾਂ ਪਾਉਣਾ ਨਾ ਮੰਨ ਗਿਆ। ਡੇਰੇ ਵਿਚੋਂ ਐਲਾਨ ਇਹ ਕੀਤਾ ਗਿਆ ਕਿ ਵੋਟਾਂ ਕਾਂਗਰਸ ਨੂੰ ਦੇਵਾਂਗੇ, ਪਰ ਚੁੱਪ-ਚੁਪੀਤੇ ਸਾਰੀ ਵੋਟ ਅਕਾਲੀਆਂ ਨੂੰ ਇਸ ਲਈ ਭੁਗਤਾ ਦਿੱਤੀ ਕਿ ਵੋਟਾਂ ਤੋਂ ਦੋ ਦਿਨ ਪਹਿਲਾਂ ਅਕਾਲੀ ਮੁੱਖ ਮੰਤਰੀ ਨੇ ਇੱਕ ਥਾਣੇਦਾਰ ਤੋਂ ਕੇਸ ਵਾਪਸ ਲੈਣ ਦਾ ਹਲਫੀਆ ਬਿਆਨ ਅਦਾਲਤ ਨੂੰ ਭਿਜਵਾ ਦਿੱਤਾ ਸੀ। ਰੌਲਾ ਪਿਆ ਤਾਂ ਕੇਸ ਦਾ ਮੁਦੱਈ ਅੜ ਗਿਆ ਕਿ ਉਹ ਕੇਸ ਵਾਪਸ ਨਹੀਂ ਲਵੇਗਾ। ਮੁਦੱਈ ਦੇ ਅੜ ਜਾਣ ਤੋਂ ਡੇਰਾ ਫੇਰ ਨਾਰਾਜ਼ ਹੋ ਗਿਆ। ਪਾਰਲੀਮੈਂਟ ਚੋਣ ਆਈ ਤਾਂ ਡੇਰੇ ਨੂੰ ਮੌਕਾ ਨਸੀਬ ਹੋ ਗਿਆ।

ਸੱਚੇ ਸੌਦੇ ਨਾਲ ਸੌਦਾ ਵੱਜੇ ਬਿਨਾਂ ਬੀਬੀ ਹਰਸਿਮਰਤ ਕੌਰ ਨਹੀਂ ਸੀ ਜਿੱਤ ਸਕਦੀ ਅਤੇ ਡੇਰੇ ਵਾਲਿਆਂ ਨੂੰ ਵਿਧਾਨ ਸਭਾ ਚੋਣਾਂ ਵੇਲੇ ਹੋਈ ਚਲਾਕੀ ਦਾ ਪਤਾ ਸੀ, ਇਸ ਲਈ ਉਨ੍ਹਾਂ ਇਹ ਸ਼ਰਤ ਰੱਖੀ ਕਿ ਕੇਸ ਮੁਕਾਉਗੇ ਤਾਂ ਵੋਟਾਂ ਮਿਲਣਗੀਆਂ। ਪੰਜਾਬ ਸਰਕਾਰ ਨੇ ਏਦਾਂ ਦੇ ਹਾਲਾਤ ਪੈਦਾ ਕੀਤੇ ਕਿ ਕੇਸ ਰੱਦ ਹੋ ਗਿਆ ਤੇ ਵੋਟਾਂ ਮਿਲ ਗਈਆਂ, ਪਰ ਆਪਣੇ ਬੰਦਿਆਂ ਨੂੰ ਧੂਣੀ ਧੁਖਦੀ ਰੱਖਣ ਨੂੰ ਫਿਰ ਕਹਿ ਦਿੱਤਾ ਗਿਆ, ਤਾਂ ਕਿ ਬਾਬਾ ਕੁਝ ਦਾਬੇ ਹੇਠ ਰਹੇ ਤੇ ਅਗਲੀ ਚੋਣ ਵਿਚ ਫਿਰ ਲਾਹਾ ਲਿਆ ਜਾ ਸਕੇ। ਉਹ ਨੌਬਤ ਇਸ ਕਰ ਕੇ ਨਹੀਂ ਆਈ ਕਿ ਹੁਣ ਬਾਬੇ ਦੀ ਹਰਿਆਣੇ ਵਿਚ ਰਾਜਸੀ ਪੱਖ ਤੋਂ ਬੰਪਰ ਪ੍ਰਾਈਜ਼ ਵਰਗੀ ਰਾਜਸੀ ਲਾਟਰੀ ਨਿਕਲ ਆਈ ਹੈ।

2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਜਿਹੜਾ ਦਾਅ ਖੇਡ ਕੇ ਤੀਸਰੀ ਵਾਰੀ ਚੰਡੀਗੜ੍ਹ ਦਾ ਰੂਟ ਪਰਮਿਟ ਲੈਣਾ ਸੀ, ਅਕਾਲੀ ਦਲ ਨੇ ਉਹ ਦਾਅ ਹਰਿਆਣੇ ਵਿਚ ਭਾਜਪਾ ਵਿਰੁੱਧ ਆਪਣੇ ਮਿੱਤਰ ਚੌਟਾਲੇ ਲਈ ਖੇਡ ਕੇ ਖਰਾਬ ਕਰ ਲਿਆ। ਏਥੇ ਆ ਕੇ ਉਨ੍ਹਾਂ ਦਾ ਪਾਸਵਰਡ ਗਲਤ ਹੋ ਗਿਆ। ਡੇਰਾ ਭਾਜਪਾ ਨਾਲ ਖੜਾ ਸੀ ਤੇ ਚੌਟਾਲਾ ਹਾਰਨ ਦੇ ਨਾਲ ਭਾਜਪਾ ਦੀ ਸਰਕਾਰ ਵੀ ਬਣ ਗਈ, ਜਿਹੜੀ ਸੱਚੇ ਸੌਦੇ ਵਾਲਿਆਂ ਦੇ ਕਸ਼ਟ ਕੱਟਣ ਵਾਲੀ ਸਾਬਤ ਹੋਈ ਹੈ।

ਪਿਛਲਾ ਹਫਤਾ ਚੰਡੀਗੜ੍ਹ ਵਿਚ ਦੋ ਰਾਜਾਂ ਦੇ ਮੁੱਖ ਮੰਤਰੀਆਂ ਵਿਚਾਲੇ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਵੱਲੋਂ ਭੇਜੇ ਗਏ ਕੁਝ ਦੂਤ ਰਾਤ-ਦਿਨ ਘੁੰਮਦੇ ਰਹੇ ਤੇ ਉਨ੍ਹਾਂ ਨੇ ਇੱਕ ਦਿਨ ਬਰੇਕ-ਫਾਸਟ ਮੌਕੇ ਦੋ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਮਨੋਹਰ ਲਾਲ ਖੱਟਰ ਇਕੱਠੇ ਬਿਠਾ ਦਿੱਤੇ। ਲੋਕ ਇਹ ਸਮਝਦੇ ਸਨ ਕਿ ਦੋਵਾਂ ਰਾਜਾਂ ਦੇ ਲਟਕ ਰਹੇ ਮੁੱਦਿਆਂ ਦੀ ਗੱਲ ਹੋਣੀ ਹੈ, ਪਰ ਗੱਲਬਾਤ ਦੀ ਗੱਡੀ ਸਿਰਸੇ ਦੀ ਸੜਕ ਉਤੇ ਘੁੰਮਦੀ ਰਹੀ ਤੇ ਫਿਰ ਇੱਕ ਦਿਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਹਰਿਆਣੇ ਦੇ ਮੁੱਖ ਮੰਤਰੀ ਨੂੰ ਉਚੇਚਾ ਮਿਲਣ ਚਲਾ ਗਿਆ। ਇਹ ਉਹੋ ਦਿਹਾੜਾ ਸੀ, ਜਦੋਂ ਸ੍ਰੀ ਅਕਾਲ ਤਖਤ ਦਾ ਜਥੇਦਾਰ ਦੂਸਰੇ ਸਿੰਘ ਸਾਹਿਬਾਨ ਨੂੰ ਨਾਲ ਲੈ ਕੇ ਆਪਣੇ ਦਫਤਰ ਅਤੇ ਘਰ ਦੀ ਥਾਂ ਹੋਰ ਕਿਤੇ ਬੈਠਾ ਰਿਹਾ ਤੇ ਛੇ ਘੰਟੇ ਚੱਲਦੀ ਰਹੀ ਇਸ ਮੀਟਿੰਗ ਦੇ ਏਜੰਡੇ ਦਾ ਕਿਸੇ ਨੂੰ ਪਤਾ ਨਹੀਂ ਸੀ। ਬੇ-ਕਾਇਦਾ ਕੀਤੀ ਗਈ ਇਸ ਮੀਟਿੰਗ ਤੋਂ ਅਗਲੇ ਦਿਨ ਸ੍ਰੀ ਅਕਾਲ ਤਖਤ ਵਿਖੇ ਬਾ-ਕਾਇਦਾ ਮੀਟਿੰਗ ਹੋਈ, ਜਿਸ ਵਿਚ ਡੇਰਾ ਸੱਚਾ ਸੌਦਾ ਵਿਰੁੱਧ ਸਾਰੇ ਗਿਲੇ-ਸ਼ਿਕਵੇ ਦੂਰ ਕਰਨ ਦਾ ਫੈਸਲਾ ਇੱਕ ਕੋਰੇ ਕਾਗਜ਼ ਉਤੇ ਆਏ ਸਪੱਸ਼ਟੀਕਰਨ ਦੇ ਨਾਲ ਨਿਪਟਾ ਦਿੱਤਾ ਗਿਆ। ਫੈਸਲਾ ਸਿੰਘ ਸਾਹਿਬਾਨ ਨੇ ਕੀਤਾ, ਪਰ ਫੈਸਲਾ ਉਨ੍ਹਾਂ ਦਾ ਨਹੀਂ ਸੀ। ਇਹ ਸਿਆਸੀ ਲੋੜਾਂ ਵਿਚੋਂ ਨਿਕਲਿਆ ਰੇੜਕਾ ਸੀ ਤੇ ਇਸ ਦਾ ਹੱਲ ਵੀ ਸਿਆਸੀ ਲੋੜਾਂ ਦੀ ਘੁੰਮਣਘੇਰੀ ਵਿਚ ਫਸੇ ਹੋਏ ਇੱਕ ਰਾਜਸੀ ਪਰਿਵਾਰ ਦੀਆਂ ਭਵਿੱਖ ਦੀਆਂ ਲੋੜਾਂ ਨੇ ਕਰਵਾਇਆ ਮੰਨਿਆ ਗਿਆ ਹੈ।

ਅਸੀਂ ਇਸ ਫੈਸਲੇ ਨੂੰ ਠੀਕ ਜਾਂ ਗਲਤ ਆਖਣ ਦੇ ਚੱਕਰ ਵਿਚ ਨਹੀਂ ਪੈ ਰਹੇ, ਸਗੋਂ ਇਹ ਗੱਲ ਯਾਦ ਕਰਵਾ ਰਹੇ ਹਾਂ ਕਿ ਅਕਾਲ ਤਖਤ ਦੇ ਜਥੇਦਾਰ ਅਸਲੋਂ ਨਿਤਾਣੇ ਬਣਾ ਦਿੱਤੇ ਗਏ ਹਨ। ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਕਹਿੰਦਾ ਹੈ ਕਿ ਅਕਾਲ ਤਖਤ ਦੇ ਜਥੇਦਾਰ ਦਾ ਹੁਕਮ ਸਿਰ-ਮੱਥੇ ਹੈ ਅਤੇ ਇਸ ਨੂੰ ਮੰਨਣਾ ਹਰ ਸਿੱਖ ਦਾ ਫਰਜ਼ ਹੈ, ਪਰ ਪਿਛਲੇ ਮਹੀਨੇ ਅਕਾਲ ਤਖਤ ਦੇ ਜਥੇਦਾਰ ਨੇ ਬਾਬਾ ਵਡਭਾਗ ਸਿੰਘ ਬਾਰੇ ਜਦੋਂ ਕੁਝ ਕਿਹਾ ਸੀ ਤਾਂ ਸ਼੍ਰੋਮਣੀ ਕਮੇਟੀ ਦੇ ਆਗੂ ਉਸ ਦੇ ਖਿਲਾਫ ਬਿਆਨ ਦੇਣ ਤੁਰ ਪਏ ਸਨ। ਅਕਾਲ ਤਖਤ ਦੇ ਇੱਕ ਜਥੇਦਾਰ ਨੇ ਇੱਕ ਵਾਰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਸਿੱਖੀ ਤੋਂ ਖਾਰਜ ਕਰ ਦਿੱਤਾ ਸੀ ਤਾਂ ਬੀਬੀ ਨੇ ਅਕਾਲ ਤਖਤ ਵਿਖੇ ਮੀਟਿੰਗ ਕਰ ਰਹੇ ਪੰਜ ਸਿੰਘ ਸਾਹਿਬਾਨ ਦੇ ਕੋਲ ਦੀ ਲੰਘ ਕੇ ਮੱਥਾ ਟੇਕਣ ਪਿੱਛੋਂ ਇੱਕ ਮੀਟਿੰਗ ਲਾ ਕੇ ਅਕਾਲ ਤਖਤ ਦੇ ਜਥੇਦਾਰ ਨੂੰ ਖੜੇ ਪੈਰ ਬਰਖਾਸਤ ਕਰ ਦਿੱਤਾ ਸੀ। ਜਿਹੜਾ ਜਥੇਦਾਰ ਹਾਂ ਵਿਚ ਹਾਂ ਮਿਲਾਉਣ ਤੋਂ ਜ਼ਰਾ ਵੀ ਝਿਜਕ ਵਿਖਾਉਂਦਾ ਹੈ, ਉਸ ਨੂੰ ਬੇਆਬਰੂ ਕਰ ਕੇ ਘਰ ਭੇਜ ਦਿੱਤਾ ਜਾਂਦਾ ਹੈ ਤੇ ਜਿਹੜਾ ਜਥੇਦਾਰ ਕਮੇਟੀ ਦੇ ਪ੍ਰਧਾਨ ਤੇ ਅਕਾਲੀ ਦਲ ਦੇ ਪ੍ਰਧਾਨ ਨੂੰ ਪ੍ਰਵਾਨ ਹੋਵੇ, ਉਹ ਛੱਤੀ ਦੋਸ਼ ਲੱਗੇ ਹੋਣ ਦੇ ਬਾਵਜੂਦ ਸਿੰਘ ਸਾਹਿਬ ਵਾਲਾ ਸਤਿਕਾਰ ਮਾਣਦਾ ਰਹਿੰਦਾ ਹੈ। ਇੱਕ ਇਹੋ ਜਿਹੇ ਬੰਦੇ ਨੂੰ ਵੀ ਇੱਕ ਵਾਰ ਸ੍ਰੀ ਅਕਾਲ ਤਖਤ ਦਾ ਜਥੇਦਾਰ ਬਣਾ ਦਿੱਤਾ ਗਿਆ ਸੀ, ਜਿਸ ਨੇ ਗੁਰੂ-ਘਰ ਦੀ ਜ਼ਮੀਨ ਉਤੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਸੀ ਤੇ ਅਦਾਲਤ ਤੋਂ ਸਟੇਅ ਲੈਣ ਪਿੱਛੋਂ ਸ਼੍ਰੋਮਣੀ ਕਮੇਟੀ ਵਿਰੁੱਧ ਮੁਕੱਦਮਾ ਲੜ ਰਿਹਾ ਸੀ। ਜਦੋਂ ਨਿਭਾਅ ਨਾ ਹੋਇਆ ਤਾਂ ਉਸ ਨੂੰ ਵੀ ਬਰਖਾਸਤ ਕਰ ਦਿੱਤਾ, ਪਰ ਇੱਕ ਸਾਲ ਪਿੱਛੋਂ ਉਸੇ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਹੈਡ ਗ੍ਰੰਥੀ ਬਣਾ ਦਿੱਤਾ, ਜਿਸ ਨਾਲ ਉਹ ਫਿਰ ਪੰਜ ਸਿੰਘ ਸਾਹਿਬਾਨ ਦੀਆਂ ਮੀਟਿੰਗਾਂ ਵਿਚ ਬਹਿਣ ਦਾ ਹੱਕਦਾਰ ਹੋ ਗਿਆ ਸੀ।

ਲੋਕਾਂ ਵਿਚ ਪੰਜਾਬੀ ਦਾ ਇੱਕ ਮੁਹਾਵਰਾ 'ਜਿਉਂ ਪੈ ਚਿੜੀਏ, ਮਰ ਜਾਹ ਚਿੜੀਏ' ਪ੍ਰਚਲਿਤ ਹੈ। ਰਾਜਸੀ ਲੋੜਾਂ ਲਈ ਸਿੱਖਾਂ ਨਾਲ ਵੀ ਇਹੋ ਵਿਹਾਰ ਕੀਤਾ ਜਾ ਰਿਹਾ ਹੈ। ਇੱਕ ਦਿਨ 'ਫਲਾਣੇ ਦੇ ਗਲ਼ ਪੈ ਜਾਓ ਸਿੱਖੋ' ਤੇ ਦੂਸਰੇ ਦਿਨ ਉਸ ਨੂੰ ਮਾਫ ਕਰ ਕੇ 'ਹੁਣ ਤੁਸੀਂ ਆਰਾਮ ਨਾਲ ਬਹਿ ਜਾਓ ਸਿੱਖੋ' ਦਾ ਫਾਰਮੂਲਾ ਵਰਤਣ ਦੀ ਖੇਡ ਖੇਡੀ ਜਾਣ ਲੱਗ ਪਈ ਹੈ। ਅਕਾਲ ਤਖਤ ਦੇ ਜਥੇਦਾਰ ਵੀ ਤਮ੍ਹਾ ਤੋਂ ਉਪਰ ਉਠਣ ਵਾਲੇ ਨਹੀਂ। ਕਹਿਣ ਨੂੰ ਤਾਂ ਇਹ ਕਹਿੰਦੇ ਹਨ ਕਿ ਅਕਾਲ ਤਖਤ ਦਾ ਜਥੇਦਾਰ ਅਕਾਲ ਪੁਰਖ ਦੀ ਅਦਾਲਤ ਦਾ ਜੱਜ ਹੁੰਦਾ ਹੈ। ਅਕਾਲ ਪੁਰਖ ਦੀ ਅਦਾਲਤ ਦਾ ਜੱਜ ਹੋਣ ਦਾ ਮਾਣ ਜਿਸ ਨੂੰ ਇੱਕ ਵਾਰ ਮਿਲ ਜਾਵੇ, ਫਿਰ ਉਸ ਦੇ ਮਨ ਵਿਚ ਹੋਰ ਕਿਸੇ ਅਹੁਦੇ ਦਾ ਖਿਆਲ ਨਹੀਂ ਹੋਣਾ ਚਾਹੀਦਾ। ਇਥੇ ਪੰਜਾਬ ਵਿਚ ਅਕਾਲ ਤਖਤ ਦੇ ਜਥੇਦਾਰਾਂ ਨੇ ਸੇਵਾ-ਮੁਕਤੀ ਮਗਰੋਂ ਪਾਰਲੀਮੈਂਟ ਤੇ ਅਸੈਂਬਲੀ ਦੀਆਂ ਚੋਣਾਂ ਵੀ ਲੜੀਆਂ ਅਤੇ ਹਾਰ ਕੇ ਬੇਇੱਜ਼ਤੀ ਕਰਵਾਈ ਹੋਈ ਹੈ।

ਇਸ ਗੱਲ ਨਾਲ ਸਾਫ ਹੋ ਜਾਂਦਾ ਹੈ ਕਿ ਇਥੇ ਆਉਣ ਵਾਲੇ ਬੰਦੇ ਨਿਰੋਲ ਧਾਰਮਿਕ ਅਤੇ ਅਕਾਲ ਪੁਰਖ ਨੂੰ ਸਮਰਪਿਤ ਨਹੀਂ ਹੁੰਦੇ, ਇਹ ਇੱਕ ਜਾਂ ਦੂਸਰੇ ਸਿਆਸੀ ਧੜੇ ਦੇ ਪ੍ਰਤੀਨਿਧ ਵਜੋਂ ਆਉਂਦੇ ਅਤੇ ਕੰਮ ਕਰਦੇ ਹਨ। ਜਿਹੜਾ ਫੈਸਲਾ ਹੁਣ ਹੋਇਆ ਹੈ, ਅਸੀਂ ਇਸ ਦੇ ਨਾਲ ਪੰਜਾਬ ਵਿਚ ਪੁਰ-ਅਮਨ ਭਵਿੱਖ ਦੀ ਆਸ ਕਰਨ ਤੋਂ ਨਹੀਂ ਖੁੰਝਾਂਗੇ, ਪਰ ਇਹ ਕਹਿਣ ਵਿਚ ਸਾਨੂੰ ਝਿਜਕ ਨਹੀਂ ਕਿ ਫੈਸਲਾ ਇਹ ਨਿਰੋਲ ਰਾਜਨੀਤਕ ਹੈ। ਜਿੰਨਾ ਚਿਰ ਧਰਮ ਅਤੇ ਰਾਜਨੀਤੀ ਨੂੰ ਵੱਖੋ-ਵੱਖ ਕਰਨ ਲਈ ਸਿੱਖ ਭਾਈਚਾਰਾ ਇੱਕ ਹੋਰ ਗੁਰਦੁਆਰਾ ਸੁਧਾਰ ਲਹਿਰ ਨਹੀਂ ਚਲਾਉਂਦਾ, ਧਰਮ ਨੂੰ ਆਪਣੇ ਹਿੱਤਾਂ ਦੇ ਮੁਤਾਬਕ ਫੈਸਲੇ ਲੈਣ ਲਈ ਰਾਜਸੀ ਆਗੂ ਏਸੇ ਤਰ੍ਹਾਂ ਵਰਤਦੇ ਰਹਿਣਗੇ, ਜਿਵੇਂ ਇਸ ਵਾਰੀ ਉਨ੍ਹਾਂ ਨੇ ਵਰਤ ਲਿਆ ਹੈ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

Flat Rate Funding Group
Are you tired of waiting to get paid on your outstanding freight invoices?
Get your $$$ now!
At Flat Rate Funding Group, we offer the lowest fixed factoring rate in the transportation industry-
***1.5%!***
Call Goldy Dhillon 734-444-9625
sales@flatratefunding.com
ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?
ਅੱਜ ਹੀ ਲੋੜੀਂਦਾ ਪੈਸਾ ਲਓ

ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ
ਅੱਜ ਹੀ ਸੰਪਰਕ ਕਰੋ
ਗੋਲਡੀ ਢਿੱਲੋਂ, ਫੋਨ: 734-444-9625

# ‘ਸ਼ਬਦਾਂ ਦਾ ਜਾਦੂਗਰ-ਐਸ ਅਸ਼ੋਕ ਭੌਰਾ’ ਪੁਸਤਕ ਰਿਲੀਜ਼

**ਟੋਰਾਂਟੋ (ਬਿਊਰੋ):** “ਪਿਛਲੇ ਢਾਈ ਦਹਾਕਿਆਂ ਵਿਚ ਜਿਸ ਤਰ੍ਹਾਂ ਦੀ ਸਾਹਿਤਕ ਸ਼ੈਲੀ ਨਾਲ ਐਸ ਅਸ਼ੋਕ ਭੌਰਾ ਨੇ ਪੰਜਾਬੀ ਸਾਹਿਤ ਨੂੰ ਨਵੀਆਂ ਪੈੜ੍ਹਾਂ ‘ਤੇ ਲੀਹਾਂ ਦਿੱਤੀਆਂ ਹਨ ਉਸ ਨਾਲ ਨਾ ਸਿਰਫ ਪੰਜਾਬੀ ਜ਼ੁਬਾਨ ਨੂੰ ਮਾਣ ਮਿਲਿਆ ਹੈ ਸਗੋਂ ਪੰਜਾਬ ਦਾ ਸਮੁੱਚਾ ਸਾਹਿਤਕ ਜਗਤ ਇਸ ਗੱਲ ‘ਤੇ ਵੀ ਫਖਰ ਮਹਿਸੂਸ ਕਰਦਾ ਰਹੇਗਾ ਕਿ ਜਿਸ ਤਰ੍ਹਾਂ ਆਮ ਬੋਲਚਾਲ ਦੀ ਭਾਸ਼ਾ ਵਿਚ ਹਰ ਸਥਿਤੀ ਨੂੰ ਬੰਨ੍ਹਿਆਂ ਹੈ, ਉਸ ਤਰ੍ਹਾਂ ਨਜ਼ਰ ਕੀਲਣ ਵਾਂਗ ਕੋਈ ਜਾਦੂਗਰ ਹੀ ਬੰਨ੍ਹ ਸਕਦਾ ਹੈ। ਇਸ ਲਈ ਅਸ਼ੋਕ ਭੌਰੇ ਬਾਰੇ ਪੁਸਤਕ ਦਾ ਸੰਪਾਦਨ ਕਰਦਿਆਂ ਮੈਨੂੰ ਵੀ ਲੱਗਾ ਹੈ ਕਿ ਮੈਂ ਉਸ ਨੂੰ ਸ਼ਬਦਾਂ ਦਾ ਜਾਦੂਗਰ ਕਹਿ ਕੇ ਉਸ ‘ਤੇ ਕੋਈ ਅਹਿਸਾਨ ਨਹੀਂ ਕੀਤਾ, ਸਗੋਂ ਫਰਜ਼ ਹੀ ਨਿਭਾਇਆ ਹੈ। ਆਸ ਵੀ ਕਰਾਂਗੇ ਕਿ ਉਹ ਪੰਜਾਬੀ ਨੂੰ ਅਮੀਰ ਬਣਾਉਣ ਵਿਚ ਆਪਣਾ ਯੋਗਦਾਨ ਲਗਾਤਾਰ ਪਾਉਂਦਾ ਰਹੇਗਾ।”

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਖੇਡ ਲੇਖਕ ਪ੍ਰਿੰ. ਸਰਵਣ ਸਿੰਘ ਨੇ ਪੁਸਤਕ ‘ਸ਼ਬਦਾਂ ਦਾ ਜਾਦੂਗਰ ਐਸ ਅਸ਼ੋਕ ਭੌਰਾ’ ਦੇ ਰਿਲੀਜ਼ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ। ਪੁਸਤਕ ਰਿਲੀਜ਼ ਸਮਾਗਮ ਇਥੇ ਚਾਂਦਨੀ ਗੇਟਵੇਅ ਕਨਵੈਨਸ਼ਨ ਸੈਂਟਰ ਵਿਖੇ ‘ਸੈਂਚੁਰੀ 21 ਪ੍ਰੈਜ਼ੀਡੈਂਟ ਰਿਐਲਿਟੀ’ ਦੇ ਗੁਰਚਰਨ ਭੌਰਾ, ਸੁਖਵਿੰਦਰ ਭੌਰਾ ਅਤੇ ਯੂਨਾਈਟਿਡ ਪੰਜਾਬੀ ਹੈਰੀਟੇਜ ਆਰਗੇਨਾਈਜ਼ੇਸ਼ਨ ਕੈਨੇਡਾ ਵਲੋਂ ਜਸਪਾਲ ਗਹੂੰਣੀਆਂ ਦੀ ਅਗਵਾਈ ਵਿਚ ਕਰਵਾਇਆ ਗਿਆ ਸੀ। ਅਸ਼ੋਕ ਭੌਰੇ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਪੈਂਦੇ ਜੱਦੀ ਪਿੰਡ ‘ਭੌਰਾ’ ਦੇ ਅਨੇਕਾਂ ਪਰਿਵਾਰ ਜਿੱਥੇ ਇਸ ਸਮਾਗਮ ਵਿਚ ਸ਼ਾਮਿਲ ਹੋਏ ਉਥੇ ਕਰੀਬ 200 ਨਾਮੀ ਸਾਹਿਤਕ, ਸਮਾਜਿਕ ਅਤੇ ਟੋਰਾਂਟੋ ਦੀਆਂ ਸਿਆਸੀ ਹਸਤੀਆਂ ਸ਼ਾਮਲ ਹੋਈਆਂ।

ਮੰਚ ਸੰਚਾਲਨ ਕਰਦਿਆਂ ਸਾਹਿਤ ‘ਤੇ ਸੰਗੀਤ ਨੂੰ ਉਤਸ਼ਾਹਿਤ ਕਰਨ ਵਾਲੀ ਨਾਮੀ ਹਸਤੀ ਇਕਬਾਲ ਮਾਹਲ ਨੇ ਕਿਹਾ ਕਿ ਅਸ਼ੋਕ ਭੌਰਾ, ਜਿਥੇ ਵੀ ਪੰਜਾਬੀ ਸਾਹਿਤ ਪ੍ਰੇਮੀ ਵਸਦੇ ਹਨ ਉਨ੍ਹਾਂ ਦੇ ਦਿਲਾਂ ਵਿਚ ਆਪਣੀ ਵੱਖਰੀ ਥਾਂ ਬਣਾ ਚੁੱਕਾ ਹੈ। ਉਸ ਦੀ ਮਿਹਨਤ ਲਗਨ ਅਤੇ ਸਿਰੜ ਦਾ ਹੀ ਸਿੱਟਾ ਹੈ ਕਿ ਉਹ ਜੰਮਿਆ ਪੰਜਾਬ ‘ਚ ਹੈ, ਰਹਿੰਦਾ ਅਮਰੀਕਾ ‘ਚ ਹੈ ਅਤੇ ਉਸ ਦੀਆਂ ਪੁਸਤਕਾਂ ਦੀ ਗੱਲ ਟੋਰਾਂਟੋ ‘ਚ ਚੱਲ ਰਹੀ ਹੈ। ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਪੁਸਤਕ ਬਾਰੇ ਗੱਲ ਕਰਦਿਆਂ ਕਿਹਾ ਕਿ ਅਸ਼ੋਕ ਭੌਰੇ ਨੇ ਵਾਰਤਕ ਨੂੰ ਨਵੀਂ ਰੂਹ ਹੀ ਨਹੀਂ ਦਿੱਤੀ ਸਗੋਂ ਨਵੇਂ ਅਲੰਕਾਰ ‘ਤੇ ਮੁਹਾਵਰਿਆਂ ਵਰਗੇ ਵਾਕ ਵੀ ਦਿੱਤੇ ਹਨ। ਉਸ ਦੀ ਸ਼ੈਲੀ ਬੇਹੱਦ ਸੁਆਦਲੀ ਹੈ। ਪਾਠਕ ਨੂੰ ਉਂਗਲ ਫੜ ਕੇ ਨਾਲ ਨਾਲ ਤੋਰੀ ਰੱਖਦੀ ਹੈ। ਜਿਵੇਂ ਉਹ ਲਿਖਦਾ ਹੈ ਕਿ ‘ਮਨੁੱਖ ਨੂੰ ਕਿਸੇ ਵਰਗਾ ਨਹੀਂ ਸਗੋਂ ਆਪਣੇ ਹੀ ਵਰਗਾ ਹੀ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ’, ਮੈਂ ਕਹਿ ਸਕਦਾ ਹਾਂ ਕਿ ਪੰਜਾਬੀ ਸਾਹਿਤ ਵਿਚ ਅਸ਼ੋਕ ਸੱਚੀਂ ਮੁੱਚੀਂ ਹੀ ਆਪਣੇ ਵਰਗਾ ਹੀ ਹੈ।

ਰੇਡੀਓ ‘ਪੰਜਾਬੀ ਲਹਿਰਾਂ’ ਦੇ ਸੰਚਾਲਕ ਸਤਿੰਦਰਪਾਲ ਸਿੰਘ ਸਿੱਧਵਾਂ ਨੇ ਅਸ਼ੋਕ ਭੌਰੇ ਦੀ ਗੱਲ ਕਰਦਿਆਂ ਕਿਹਾ ਕਿ ਉਸ ਨੇ ਨਾ ਸਿਰਫ ਗਾਇਕਾਂ ਤੇ ਗੀਤਕਾਰਾਂ ਬਾਰੇ ਲਿਖਿਆ ਹੈ, ਸਗੋਂ ਢਾਡੀਆਂ ਤੇ ਕਵੀਸ਼ਰਾਂ ਬਾਰੇ ਸਿੱਖ ਇਤਿਹਾਸ ਵਿਚ ਗੱਲ ਕਰਨ ਵਾਲਾ ਇਕੋ ਨਾ ਸਿਰਫ ਅਸ਼ੋਕ ਹੀ ਹੈ। ਮੇਰੇ ਪਿਤਾ ਰਣਜੀਤ ਸਿੰਘ ਸਿੱਧਵਾਂ ਅਤੇ ਬਾਪੂ ਕਰਨੈਲ ਸਿੰਘ ਪਾਰਸ ਤੋਂ ਉਸ ਦੇ ਸਾਡੇ ਨਾਲ ਪਰਿਵਾਰਕ ਸਬੰਧ ਰਹੇ ਹਨ। ਨਾਵਲਕਾਰ ਇਕਬਾਲ ਸਿੰਘ ਰਾਮੂੰਵਾਲੀਆ ਨੇ ਕਿਹਾ ਕਿ ਅਸ਼ੋਕ ਨੇ ਸਾਹਿਤ ‘ਤੇ ਪੰਜਾਬੀ ਸੱਭਿਆਚਾਰ ਦੇ ਪਿੜ ਅੰਦਰ ਕੰਮ ਹੀ ਇਨਾ ਕੀਤਾ ਹੈ ਕਿ ਉਸ ਦੀ ਗੱਲ ਤੁਰਦੀ ਹੀ ਰਹੇਗੀ। ਉਹ ਆਪਣੀ ਉਮਰ ਨਾਲੋਂ ਸਾਹਿਤ ਦੇ ਖੇਤਰ ਵਿਚ ਕਾਫੀ ਅੱਗੇ ਹੈ। ਨਵਾਂ ਸ਼ਹਿਰ ਤੋਂ ਮੌਜੂਦਾ ਵਿਧਾਇਕ ਗੁਰਇਕਬਾਲ ਕੌਰ ਬਬਲੀ ਵੀ ਇਸ ਸਮਾਗਮ ਵਿਚ ਉਚੇਚੇ ਤੌਰ ‘ਤੇ ਸ਼ਾਮਿਲ ਹੋਏ ਅਤੇ ਉਨ੍ਹਾਂ ਕਿਹਾ ਕਿ ਸ. ਦਿਲਬਾਗ ਸਿੰਘ ਨਵਾਂ ਸ਼ਹਿਰ ਤੋਂ ਲੈ ਕੇ ਸਾਹਿਤ ਤੇ ਮੇਲਿਆਂ ਦੇ ਖੇਤਰ ਵਿਚ ਅਸ਼ੋਕ ਦੀ ਗੱਲ ਸਾਡਾ ਸਾਰਾ ਰਾਜਨੀਤਕ ਪਰਿਵਾਰ ਕਰਦਾ ਰਿਹਾ ਹੈ ਅਤੇ ਮੈਂ ਮਾਣ ਨਾਲ ਕਹਾਂਗੀ ਕਿ ਜਿਸ ਪਿੰਡ ‘ਚ ਅਸ਼ੋਕ ਜੰਮਿਆਂ ਹੈ ਮੈਂ ਉਸ ਪਿੰਡ ਦੀ ਨੂੰਹ ਹਾਂ ਅਤੇ ਅਸੀਂ ਹਮੇਸ਼ਾ ਉਸ ਦੇ ਨਾਲ ਖੜੇ ਰਹਾਂਗੇ।



ਪ੍ਰਿੰ. ਸਰਵਣ ਸਿੰਘ, ਇਕਬਾਲ ਮਾਹਲ ਤੇ ਗੁਰਚਰਨ ਭੌਰਾ, ਇਕਬਾਲ ਰਾਮੂਵਾਲੀਆ, ਅਸ਼ੋਕ ਭੌਰਾ, ਗੁਰਇਕਬਾਲ ਕੌਰ ਬਬਲੀ



ਅਸ਼ੋਕ ਭੌਰਾ ਦੀ ਪੁਸਤਕ ਰਿਲੀਜ਼ ਕਰਦੇ ਹੋਏ ਪਤਵੰਤੇ



ਬਰੈਂਪਟਨ ਕੌਂਸਲ ਵਲੋਂ ਅਸ਼ੋਕ ਭੌਰਾ ਦਾ ਸਨਮਾਨ

ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਇਕਬਾਲ ਮਾਹਲ, ਪ੍ਰਿੰ. ਸਰਵਣ ਸਿੰਘ, ਅਸ਼ੋਕ ਭੌਰਾ, ਗੁਰਚਰਨ ਭੌਰਾ, ਜਗੀਰ ਸਿੰਘ ਕਾਹਲੋਂ ਅਤੇ ਬਜ਼ੁਰਗ ਪੱਤਰਕਾਰ ਸੁਰਜਣ ਸਿੰਘ ਜੀਰਵੀ ਹਾਜ਼ਰ ਸਨ।

ਟੋਰਾਂਟੋ ਦੀਆਂ ਜਿਨ੍ਹਾਂ ਰਾਜਨੀਤਕ ਹਸਤੀਆਂ ਨੇ ਇਸ ਸਮਾਗਮ ਵਿਚ ਅਸ਼ੋਕ ਭੌਰਾ ਦੀ ਪੁਸਤਕ ‘ਸ਼ਬਦਾਂ ਦਾ ਜਾਦੂਗਰ’ ਦੇ ਜਾਰੀ ਹੋਣ ‘ਤੇ ਵਧਾਈ ਦਿਤੀ, ਉਨ੍ਹਾਂ ਵਿਚ ਹੋਰਨਾਂ ਤੋਂ ਇਲਾਵਾ ਮੈਂਬਰ ਪਾਰਲੀਮੈਂਟ ਪਰਮ ਗਿੱਲ, ਸਾਬਕਾ ਮੈਂਬਰ ਪਾਰਲੀਮੈਂਟ ਗੁਰਬਖਸ਼ ਸਿੰਘ ਮੱਲ੍ਹੀ, ਐਮ ਐਲ ਏ ਹਰਿੰਦਰ ਮੱਲ੍ਹੀ, ਵਿਕ ਢਿੱਲੋਂ ਅਤੇ ਕੌਂਸਲ ਗੁਰਪ੍ਰੀਤ ਢਿੱਲੋਂ ਸ਼ਾਮਲ ਸਨ।

‘ਸੈਂਚੁਰੀ 21 ਰਿਐਲਿਟੀ’ ਦੇ ਗੁਰਚਰਨ ਸਿੰਘ ਭੌਰਾ ਨੇ ਆਪਣੇ ਧੰਨਵਾਦੀ ਭਾਸ਼ਣ ਵਿਚ ਕਿਹਾ ਕਿ ਸਾਡਾ ਪਿੰਡ ਭੌਰਾ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਧੂ ਸਿੰਘ ਭੌਰਾ, ਸ੍ਰ. ਦਿਲਬਾਗ ਸਿੰਘ ਨਵਾਂ ਸ਼ਹਿਰ, ਪ੍ਰਕਾਸ਼ ਸਿੰਘ, ਚਰਨਜੀਤ ਚੰਨੀ, ਇੰਗਲੈਂਡ ਦੀ ਉਲੰਪਿਕ ਹਾਕੀ ਟੀਮ ਦੇ ਖਿਡਾਰੀ ਰਹੇ ਕੁਲਵੀਰ ਸਿੰਘ ਭੌਰਾ ਤੇ ਜਿਥੇ ਮਾਣ ਕਰਦਾ ਰਿਹਾ ਹੈ, ਉਥੇ ਸਾਨੂੰ ਇਹ ਵੀ ਫਖਰ ਹੈ ਕਿ ਇਸ ਪਿੰਡ ਨੇ ਅਸ਼ੋਕ ਭੌਰੇ ਵਰਗਾ ਸ਼ਬਦਾਂ ਦਾ ਜਾਦੂਗਰ ਸਾਹਿਤਕਾਰ ਦਿੱਤਾ ਹੈ।

ਇਸ ਮੌਕੇ ਸਾਹਿਤਕ ਹਸਤੀਆਂ ਵਿਚ ‘ਪੰਜਾਬੀ ਕਲਮਾਂ ਦਾ ਕਾਫਲਾ’ ਤੋਂ ਕੁਲਵਿੰਦਰ ਖਹਿਰਾ, ਕੁਲਜੀਤ ਮਾਨ, ਪਿਆਰਾ ਸਿੰਘ ਕੁੱਦੋਵਾਲ ‘ਤੇ ਸ੍ਰੀਮਤੀ ਕੁੱਦੋਵਾਲ, ਪੂਰਨ ਸਿੰਘ ਪਾਂਧੀ, ਗੁਰਦਿਆਲ ਬੱਲ ਅਤੇ ਪ੍ਰੋ. ਅਜੀਤ ਹਿਰਖੀ ਹਾਜ਼ਰ ਸਨ। ਕਈ ਗੁਰੂਘਰਾਂ ਦੇ ਮੁੱਖ ਸੇਵਾਦਾਰ, ਰਾਗੀ, ਭਾਈ ਅਤੇ ਸਾਹਿਤ ਪ੍ਰੇਮੀ ਵੀ ਹਾਜਰ ਸਨ।

ਟੋਰਾਂਟੋ ਦੇ ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ ਦੇ ਨੁਮਾਇੰਦੇ ਹਾਜਰ ਸਨ ਜਿਨ੍ਹਾਂ ਵਿਚ ਏ ਟੀ ਐਨ, ਗਲੋਬਲ ਪੰਜਾਬ ਟੀ ਵੀ, ਰੇਡੀਓ ਸਰਗਮ ਤੋਂ ਪ੍ਰੋ. ਬਲਵਿੰਦਰ ਸਿੰਘ ਧਾਲੀਵਾਲ, ਰਜਿੰਦਰ ਸੈਣੀ, ਬਲਜਿੰਦਰ ਤੰਬੜ, ਜੋਤੀ ਸ਼ਰਮਾ, ਮਿਸਟਰ ਲਾਲੀ ਅਤੇ ਰੋਜ਼ਾਨਾ ਅਜੀਤ ਤੋਂ ਹਰਜੀਤ ਸਿੰਘ ਬਾਜਵਾ ਸ਼ਾਮਲ ਸਨ।

ਸਮਾਗਮ ਨੂੰ ਸੰਬੋਧਨ ਕਰਦਿਆਂ ਐਸ ਅਸ਼ੋਕ ਭੌਰਾ ਨੇ ਕਿਹਾ ਕਿ ਇਨਾ ਪਿਆਰ ਸਾਹਿਤ ਦੇ ਖੇਤਰ ਵਿਚ ਏਨੀ ਉਮਰ ਵਿਚ ਮਿਲਣਾ ਹੀ ਉਸ ਦੀ ਪ੍ਰਾਪਤੀ ਹੈ। ਪ੍ਰਿੰ. ਸਰਵਣ ਸਿੰਘ ਦੇ ਕਹਿਣ ਵਾਂਗ ਕਿ ਮਨੁੱਖ ਦੇ ਮੂੰਹ ਵਿਚ ਦੰਦ ਤਾਂ 32 ਹੁੰਦੇ ਹਨ ਪਰ ਮੈਂ 33 ਦੇਸ਼ਾਂ ਵਿਚ ਹੁਣ ਤੱਕ ਸਰਗਰਮ ਵਿਚਰਨ ਦਾ ਮਾਣ ਹਾਸਲ ਕਰ ਸਕਿਆ ਹਾਂ ਜੋ ਸਿਰਫ ਮੇਰੀਆਂ ਸਾਹਿਤਕ ਪ੍ਰਾਪਤੀਆਂ ਦਾ ਹੀ ਸਿੱਟਾ ਹੈ। ਉਨ੍ਹਾਂ ਕਿਹਾ ਕਿ ਮੇਰਾ ਸਾਹਿਤਕ ਸਫਰ ਲੜੀਵਾਰ ਕਾਲਮਾਂ ਦੇ ਰੂਪ ਵਿਚ ਰੋਜ਼ਾਨਾ ‘ਅਜੀਤ’ ਜਲੰਧਰ ਨਾਲ ਢਾਈ ਦਹਾਕੇ ਜੁੜਿਆ ਰਿਹਾ ਹੈ ਅਤੇ ਮੈਂ ਡਾ. ਬਰਜਿੰਦਰ ਸਿੰਘ ਹਮਦਰਦ ਨੂੰ ਆਪਣੇ ਪਿਤਾ ਸਮਾਨ ਹੀ ਮੰਨਦਾ ਹਾਂ। ਜਗ ਬਾਣੀ, ਪੰਜਾਬੀ ਟ੍ਰਿਬਿਊਨ ਅਤੇ ਪੰਜਾਬੀ ਦੇ ਸਾਹਿਤਕ ਮਾਸਿਕ ਪਰਚਿਆਂ ਤੋਂ ਬਾਅਦ ਅਮਰੀਕਾ ਵਿਚ ‘ਪੰਜਾਬ ਟਾਈਮਜ਼’ ਅਤੇ ਕੈਨੇਡਾ ‘ਇੰਡੋ ਕਨੇਡੀਅਨ ਟਾਈਮਜ਼’ ਵਿਚ ਪਿਛਲੇ ਅੱਠ ਸਾਲਾਂ ਤੋਂ ਸਥਾਈ ਕਾਲਮ ਲਿਖਣਾ ਵੀ ਮੇਰਾ ਮਾਣ ਹੈ। ਜੇ ਮੈਨੂੰ ‘ਸ਼ਬਦਾਂ ਦਾ ਜਾਦੂਗਰ’ ਕਿਹਾ ਜਾਂਦਾ ਹੈ ਜਾਂ ਨੌਜਵਾਨ ਵਰਗ ਤੋਂ ਲੈ ਕੇ ਬਜ਼ੁਰਗਾਂ ਤੱਕ ਵਲੋਂ ਮੇਰੀਆਂ ਲਿਖਤਾਂ ਨੂੰ ਹੱਥੀਂ ਛਾਵਾਂ ਕੀਤੀਆਂ ਜਾਂਦੀਆਂ ਹਨ ਤਾਂ ਮੈਂ ਸਮਝਦਾ ਹਾਂ ਕਿ ਮੇਰੀ ਜ਼ਿੰਦਗੀ ਦਾ ਮਿਸ਼ਨ ਸਫਲ ਹੈ।

ਆਪਣੀ ਗੱਲ ਜਾਰੀ ਰਖਦਿਆਂ ਸ੍ਰੀ ਭੌਰਾ ਨੇ ਕਿਹਾ ਕਿ ਮੇਰੇ ਪਿੰਡ ਵਾਲਿਆਂ ਤੋਂ ਜਿਹੜਾ ਮਾਣ ਮੈਨੂੰ ਮਿਲਿਆ ਹ, ਉਸ ਨੂੰ ਮੈਂ ਸਭ ਤੋਂ ਵੱਡਾ ਮਹਿਸੂਸ ਕਰਦਾ ਹਾਂ। ਇਸ ਮੌਕੇ ਆਪਣੀਆਂ ਲਿਖਤਾਂ ਵਿਚੋਂ ਕੁਝ ਚੋਣਵੇਂ ਮੁਹਾਵਰਿਆਂ ਵਰਗੇ ਵਾਰਤਕ ਵਾਕ ਵੀ ਉਨ੍ਹਾਂ ਸੁਣਾਏ ਅਤੇ ਰਾਜਨੀਤਕ ਸਥਿਤੀ ‘ਤੇ ਕਟਾਖਸ਼ ਕਰਦੇ ਕਾਵਿ ਵਿਅੰਗ ਵੀ ਸੁਣਾ ਕੇ ਮਾਹੌਲ ਨੂੰ ਇਕ ਤਰ੍ਹਾਂ ਨਾਲ ਤਾੜੀਆਂ ਵਿਚ ਵੀ ਬਦਲਿਆ।

ਗੁਰਮਿੰਦਰ ਬੱਲ, ਕਮਲ ਸੰਧੂ, ਦਲਵੀਰ ਥਾਂਦੀ, ਗੁਰਦੀਪ ਸਿੰਘ ਚੇੜਾ, ਹਰਵਿੰਦਰ ਡੁਲਕੂ, ਰਕੇਸ਼ ਜੋਸ਼ੀ, ਹਰਜਿੰਦਰ ਚੇੜਾ, ਗੁਰਦੀਪ ਸਿੰਘ ਨੌਰਾ ਅਤੇ ਪਿੰਡ ਭੌਰਾ ਦੇ ਅਨੇਕਾਂ ਪਰਿਵਾਰ ਇਸ ਸਮਾਗਮ ਦੀ ਸ਼ੋਭਾ ਬਣੇ।






ਸ਼ੋਅ ਪ੍ਰੋਮੋਟਰ ਅਮਨ ਮਧਾਰ ਵਲੋਂ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ ਵਿਚ ਲੰਘੀ 26 ਸਤੰਬਰ ਨੂੰ ਕਰਵਾਏ ਗਏ ਹਰਭਜਨ ਮਾਨ ਅਤੇ ਗੁਰਸੇਵਕ ਮਾਨ ਦੇ ਸ਼ੋਅ ‘ਸਤਰੰਗੀ ਪੀਂਘ’ ਨੂੰ ਉਨ੍ਹਾਂ ਦੇ ਪ੍ਰਸ਼ੰਸਕਾਂ ਵਲੋਂ ਭਰਵਾਂ ਹੁੰਗਾਰਾ ਮਿਲਿਆ। (ਉਪਰ) ਗੀਤ ਪੇਸ਼ ਕਰਦੇ ਹੋਏ ਹਰਭਜਨ ਮਾਨ ਤੇ ਗੁਰਸੇਵਕ ਮਾਨ ਅਤੇ (ਹੇਠਾਂ) ਮਾਨ ਭਰਾਵਾਂ ਦੇ ਕੁਝ ਪ੍ਰਸ਼ੰਸਕ। (ਤਸਵੀਰਾਂ: ਗੁਰਿੰਦਰ ਪੁਰੇਵਾਲ)



ਪੰਜਾਬੀ ਰੇਡੀਓ ਯੂ.ਐਸ.ਏ.
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

# ਇਕ ਸ਼ਾਮ ਸੁਰਜੀਤ ਪਾਤਰ ਦੇ ਨਾਮ: ਸ਼ਬਦ ਅਤੇ ਸੁਰ ਦੀ ਜੁਗਲਬੰਦੀ

**ਨਿਊ ਆਰਕ, ਕੈਲੀਫੋਰਨੀਆ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕਾਡਮੀ (ਵਿਪਸਾਅ) ਕੈਲੀਫੋਰਨੀਆ ਦੀ ਲੰਘੀ 25 ਸਤੰਬਰ ਦੀ ਸ਼ਾਮ ਨਾਮੀ ਪੰਜਾਬੀ ਸ਼ਾਇਰ ਸੁਰਜੀਤ ਪਾਤਰ ਦੇ ਨਾਮ ਰਹੀ ਜਿਸ ਵਿਚ ਸ਼ਬਦ ਅਤੇ ਸੁਰ ਦਾ ਖੂਬਸੂਰਤ ਸੁਰਮੇਲ ਦਾ ਅਨੰਦ ਸਰੋਤਿਆਂ/ਦਰਸ਼ਕਾਂ ਨੇ ਮਾਣਿਆ।



*ਸੁਖਦੇਵ ਸਾਹਿਲ ਸੁਰਜੀਤ ਪਾਤਰ ਦੀਆਂ ਨਜ਼ਮਾਂ ਰਾਗਾਂ ਦੀ ਜੁਗਲਬੰਦੀ ਵਿਚ ਪੇਸ਼ ਕਰਦੇ ਹੋਏ। ਪਿਛੇ ਸ੍ਰੀ ਪਾਤਰ ਨਜ਼ਰ ਆ ਰਹੇ ਹਨ।*

ਸਥਾਨਕ ਮਹਿਰਾਨ ਰੈਸਟੋਰੈਂਟ ਵਿਚ ਸਜੀ ਇਸ ਮਹਿਫਿਲ ਵਿਚ ਸੁਰਜੀਤ ਪਾਤਰ ਨੇ ਆਪਣੀਆਂ ਨਵੀਆਂ-ਪੁਰਾਣੀਆਂ ਕਵਿਤਾਵਾਂ ਪੜ੍ਹੀਆਂ ਤੇ ਤਰੰਨਮ ਵਿਚ ਪੇਸ਼ ਕੀਤੀਆਂ। ਕੈਲੀਫੋਰਨੀਆ ਦੇ ਉਘੇ ਗਾਇਕ ਸੁਖਦੇਵ ਸਾਹਿਲ ਨੇ ਕਲਾਸੀਕਲ ਰਾਗਾਂ ਵਿਚ ਬੰਨ੍ਹ ਕੇ ਉਨ੍ਹਾਂ ਦੀਆਂ ਨਜ਼ਮਾਂ ਪੇਸ਼ ਕੀਤੀਆਂ। ਸ਼ੁਰੂ ਵਿਚ ਪਾਤਰ ਦੀ ਨਵੀਂ ਬਿਰਤਾਂਤਕ ਕਵਿਤਾ "ਰੱਬ" ਦੀ ਰੂਹਾਨੀਅਤ ਨੂੰ ਸੁਖਦੇਵ ਸਾਹਿਲ ਨੇ ਰਾਗ ਦਰਬਾਰੀ-ਜੌਨਪੁਰੀ ਦੀਆਂ ਸੁਰਾਂ ਵਿਚ ਗੁੰਨ੍ਹ ਕੇ ਪੇਸ਼ ਕੀਤਾ। ਇਸ ਤੋਂ ਬਾਅਦ ਪਾਤਰ ਦੀਆਂ ਮਸ਼ਹੂਰ ਨਜ਼ਮਾਂ "ਇਕ ਲਰਜ਼ਦਾ ਨੀਰ ਸੀ, ਉਹ ਮਰ ਕੇ ਪੱਥਰ ਹੋ ਗਿਆ" ਰਾਗ ਸ਼ਿਵਰੰਜਨੀ ਵਿਚ; "ਜਿਹੜਾ ਸਨਮੁੱਖ ਹੋਵੇ ਓਸੇ ਦਾ ਦਮ ਭਰਦੇ ਸ਼ੀਸ਼ੇ" ਨੂੰ ਰਾਗ ਚਾਰੂ ਕੇਸ਼ੀ ਵਿਚ; "ਬਲਦਾ ਬਿਰਖ ਹਾਂ ਬੱਸ ਸ਼ਾਮ ਤੀਕ ਹਾਂ, ਫਿਰ ਵੀ ਕਿਸੇ ਬਹਾਰ ਦੀ ਕਰਦਾਂ ਉਡੀਕ ਹਾਂ" ਮਾਰਵਾ+ਬਹਾਰ ਰਾਗਾਂ ਵਿਚ ਅਤੇ "ਉਠ ਜਗਾ ਦੇ ਮੋਮਬੱਤੀਆਂ" ਨੂੰ ਰਾਗ ਭੈਰਵੀ ਦੀਆਂ ਮਧੁਰ ਸੁਰਾਂ ਨਾਲ ਸ਼ਿੰਗਾਰ ਕੇ ਪੇਸ਼ ਕੀਤੀਆਂ। ਖਾਸ ਗੱਲ ਇਹ ਸੀ ਕਿ ਪਾਤਰ ਦੀ ਹਰੇਕ ਕਵਿਤਾ ਦੇ ਮੂਡ ਅਨੁਸਾਰ ਰਾਗ ਦੀ ਚੋਣ ਕੀਤੀ ਗਈ। ਇਸ ਢੁਕਵੀਂ ਜੁਗਲਬੰਦੀ ਨੇ ਸਰੋਤਿਆਂ ਅਤੇ ਸਾਹਿਤਕਾਰਾਂ ਦਾ ਮਹਿਜ ਮਨੋਰੰਜਨ ਹੀ ਨਹੀਂ ਕੀਤਾ, ਉਨ੍ਹਾਂ ਦੀਆਂ ਦਿਲ ਦੀਆਂ ਤਰਬਾਂ ਵਿਚ ਵੀ ਝਰਨਾਹਟ ਛੇੜੀ। ਇਸ ਤੱਥ ਦੀ ਤਸਦੀਕ 150 ਤੋਂ ਵੱਧ ਸਰੋਤਿਆਂ ਦੀ ਹਾਜ਼ਰੀ ਤੋਂ ਹੋਈ ਜੋ ਤਿੰਨ ਘੰਟੇ ਦੀ ਮਹਿਫਿਲ ਨੂੰ ਇਕ ਮਨ ਇਕ ਚਿੱਤ ਹੋ ਕੇ ਸੁਣਦੇ ਰਹੇ। ਉਤਰੀ ਅਮਰੀਕਾ ਵਿਚ ਇਹ ਨਵਾਂ ਤਜਰਬਾ ਸੀ ਜਿਸ ਦੀ ਸਰੋਤਿਆਂ ਨੇ ਭਰਪੂਰ ਸ਼ਲਾਘਾ ਕੀਤੀ ਅਤੇ ਭਵਿੱਖ ਵਿਚ ਵੀ ਅਜਿਹੀਆਂ ਮਹਿਫਿਲਾਂ ਦਾ ਪ੍ਰਬੰਧ ਕਰਨ ਲਈ ਅਕਾਡਮੀ ਨੂੰ ਉਤਸ਼ਾਹਿਤ ਕੀਤਾ। ਸਟੇਜ ਦੀ ਕਾਰਗੁਜ਼ਾਰੀ ਸੁਖਵਿੰਦਰ ਕੰਬੋਜ਼ ਨੇ ਸਫਲਤਾ ਸਹਿਤ ਨਿਭਾਈ।

ਕੁਝ ਉਨ੍ਹਾਂ ਸਰੋਤਿਆਂ ਦਾ ਜ਼ਿਕਰ ਕਰਨਾ ਬਣਦਾ ਹੈ ਜਿਨ੍ਹਾਂ ਦੇ ਸਹਿਯੋਗ ਸਦਕਾ ਇਹ ਪ੍ਰੋਗਰਾਮ ਸਫਲਤਾ ਸਹਿਤ ਨੇਪਰੇ ਚੜ੍ਹਿਆ। ਇਨ੍ਹਾਂ ਵਿਚ ਡਾ. ਗੁਰਪ੍ਰੀਤ ਸਿੰਘ ਧੁੱਗਾ (ਪੰਜਾਬ ਅਮੈਰੀਕਨ ਕਲਚਰਲ ਅਸੋਸੀਏਸ਼ਨ), ਡਾ. ਸਰਬਜੀਤ ਸਿੰਘ ਹੁੰਦਲ, ਡਾ. ਅਜੀਤਪਾਲ ਸਿੰਘ ਸੰਧੂ, ਜਸਬੀਰ ਗਿੱਲ (ਸਟਾਰਟ ਅਪ ਫਾਰਮਜ਼ ਇੰਟਰਨੈਸ਼ਨਲ), ਸੁਰਿੰਦਰ ਧਨੋਆ (ਪੰਜਾਬ ਲੋਕ ਰੰਗ), ਅਸ਼ੋਕ ਟਾਂਗਰੀ (ਨਾਟਕ ਨਿਰਦੇਸ਼ਕ), ਆਸ਼ਾ ਸ਼ਰਮਾ (ਮੰਚ ਸੰਚਾਲਕਾ), ਜਸਪਾਲ ਸਿੰਘ (ਰੇਡਿਓ ਹੋਸਟ), ਅੰਮ੍ਰਿਤਪਾਲ ਸਰਾਂ, ਜਸਵੰਤ ਸਿੰਘ ਘਰਿੰਡਾ, ਸੁਖਵਿੰਦਰ ਸਾਹਿਲ, ਮਨਜੀਤ ਪਲਾਹੀ, ਰਾਬਿੰਦਰ ਵਿਰਦੀ, ਹਰਮਿੰਦਰ ਕੌਰ ਸੀਰਤ, ਕਸ਼ਮੀਰ ਕੌਰ ਧਨੋਆ, ਗੁਰਦੀਪ ਸਿੰਘ, ਪ੍ਰਿੰ. ਵੀਰ ਸਿੰਘ ਰੰਧਾਵਾ ਆਦਿ ਸ਼ਾਮਿਲ ਸਨ।

ਇਹ ਮਹਿਫਿਲ ਅਕਾਡਮੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਦੇ ਉਦਮ ਨਾਲ ਸਫਲ ਹੋਈ ਜਿਨ੍ਹਾਂ ਵਿਚ ਡਾ. ਗੁਰੂਮੇਲ ਸਿੱਧੂ (ਪ੍ਰਧਾਨ), ਕੁਲਵਿੰਦਰ (ਮੀਤ ਪ੍ਰਧਾਨ), ਜਗਜੀਤ ਨੌਸ਼ਹਿਰਵੀ (ਮੀਤ ਸਕੱਤਰ) ਅਤੇ ਅਗਜ਼ੈਕਟਿਵ ਮੈਂਬਰਾਂ ਸੁਰਿੰਦਰ ਸੀਰਤ, ਸੁਖਵਿੰਦਰ ਕੰਬੋਜ਼, ਰੇਸ਼ਮ, ਗੁਲਸ਼ਨ ਦਿਆਲ ਅਤੇ ਸੁਖਦੇਵ ਸਾਹਿਲ ਸ਼ਾਮਿਲ ਸਨ। ਅਕਾਡਮੀ ਦੇ ਮੈਂਬਰਾਂ ਆਜ਼ਾਦ ਜਲੰਧਰੀ, ਈਸ਼ਰ ਸਿੰਘ ਮੋਮਨ, ਨੀਲਮ ਸੈਣੀ, ਤਾਰਾ ਸਾਗਰ, ਨੰਨੂ ਨੂਰ, ਗੁਰਮੀਤ ਸਿੰਘ ਬਰਸਾਲ, ਡਾ. ਖਵਾਜਾ ਅਸ਼ਰਫ਼, ਇਜਾਜ਼ ਸੱਯਦ, ਜਸਪਾਲ ਸੂਸ, ਇਕਵਿੰਦਰ ਡੱਟ ਆਦਿ ਨੇ ਵੀ ਹਾਜ਼ਰੀ ਲੁਆਈ।

ਅਖੀਰ ਵਿਚ ਮਾਸਟਰ ਦੀਪਕ ਅਤੇ ਉਨ੍ਹਾਂ ਦੀ ਪਤਨੀ ਨੇ, ਸੁਰਜੀਤ ਪਾਤਰ ਨੂੰ ਸੋਨੇ ਦੇ ਤਗਮੇ ਨਾਲ ਨਿਵਾਜਿਆ ਅਤੇ ਮਨਜੀਤ ਪਲਾਹੀ ਨੇ ਫੁਲਾਂ ਦਾ ਗੁਲਦਸਤਾ ਭੇਂਟ ਕੀਤਾ।



# ਪੰਜਾਬ ਵਿਚ ਰੇਤ ਮਾਫੀਆ ਦੇ ਹੱਥ ਕਾਨੂੰਨ ਤੋਂ ਵੀ ਜ਼ਿਆਦਾ ਲੰਬੇ

**ਫਿਰੋਜ਼ਪੁਰ:** ਪੰਜਾਬ ਵਿਚ ਰੇਤ ਮਾਫੀਆ ਦਾ ਹੱਥ ਕਾਫੀ ਮਜ਼ਬੂਤ ਹੁੰਦਾ ਜਾ ਰਿਹਾ ਹੈ। ਹਾਈਕੋਰਟ ਦੇ ਹੁਕਮਾਂ ਨੂੰ ਟਿੱਚ ਜਾਣਦਿਆਂ ਰੇਤ ਦੀ ਗੈਰ ਕਾਨੂੰਨੀ ਪੁਟਾਈ ਜਾਰੀ ਹੈ ਅਤੇ ਵਿਭਾਗ ਨੇ ਅੱਖਾਂ ਮੀਚੀਆਂ ਹਨ। ਜ਼ੀਰਾ ਨੇੜਲੇ ਪਿੰਡਾਂ ਵਿਚ ਰੇਤ ਦੀ ਲੁੱਟ ਜਾਰੀ ਹੈ।

ਪਿੰਡ ਬੂਲੇ, ਮੱਲੂ ਬਾਂਡੀਆ, ਸ਼ੇਰਪੁਰ ਤੇ ਝੰਡਾ ਬੱਗਾ ਪੁਰਾਣਾ ਵਿਚ ਕਿਸਾਨਾਂ ਨੂੰ ਲਾਲਚ ਦੇ ਕੇ ਉਪਜਾਊ ਜ਼ਮੀਨਾਂ ਵਿਚੋਂ ਰੇਤ ਚੁੱਕ ਕੇ ਜ਼ਮੀਨ ਨੂੰ ਬੰਜਰ ਬਣਾਇਆ ਜਾ ਰਿਹਾ ਹੈ। ਲਾਲਚ ਵਿਚ ਕਿਸਾਨ ਵੀ ਪੁਟਾਈ ਕਰਵਾ ਰਹੇ ਹਨ। ਰੇਤ ਮਾਫੀਆ ਗਰੋਹ ਵੱਲੋਂ ਉਕਤ ਸਿਰਫ਼ ਚਾਰ ਪਿੰਡਾਂ ਵਿਚੋਂ ਹੀ ਹਰ ਰੋਜ਼ 30 ਤੋਂ 40 ਲੱਖ ਦੀ ਕਮਾਈ ਕੀਤੀ ਜਾ ਰਹੀ ਹੈ ਤੇ ਸਰਕਾਰੀ ਖਜਾਨੇ ਨੂੰ ਕਰੋੜਾਂ ਰੁਪਏ ਦਾ ਚੂਨਾ ਲਗਾਇਆ ਜਾ ਰਿਹਾ ਹੈ।

ਰੇਤ ਤਸਕਰਾਂ ਵੱਲੋਂ ਆਪਣੀ ਮਰਜ਼ੀ ਨਾਲ ਹੀ ਮਾਪਦੰਡ ਤੈਅ ਕੀਤੇ ਹਨ ਤੇ ਟਰੈਕਟਰ ਟਰਾਲੇ ਵਾਲਿਆਂ ਤੋਂ 3500 ਤੋਂ ਲੈ ਕੇ 4000 ਰੁਪਏ ਤੇ ਟਿੱਪਰਾਂ ਤੇ ਟਰੱਕਾਂ ਤੋਂ 6000 ਤੋਂ ਲੈ ਕੇ 8000 ਹਜ਼ਾਰ ਰੁਪਏ ਤੱਕ ਵਸੂਲੇ ਜਾ ਰਹੇ ਹਨ। ਕਿਸਾਨਾਂ ਨੂੰ ਪ੍ਰਤੀ ਟਰਾਲਾ ਮਹਿਜ਼ 700 ਰੁਪਏ ਤੇ ਮਜ਼ਦੂਰਾਂ ਨੂੰ ਵੀ ਪ੍ਰਤੀ ਟਰਾਲਾ 700 ਰੁਪਏ ਦਿੱਤੇ ਜਾਂਦੇ ਹਨ ਤੇ ਬਾਕੀ ਪੈਸਾ ਆਪ ਹੜੱਪ ਕੀਤਾ ਜਾ ਰਿਹਾ ਹੈ। ਸਰਕਾਰ ਵੱਲੋਂ ਜੇ.ਸੀ.ਬੀ. ਮਸ਼ੀਨਾਂ ਦੀ ਵੀ ਮਨਾਹੀ ਹੈ, ਪਰ ਇਨ੍ਹਾਂ ਦੀ ਵਰਤੋ ਕੀਤੀ ਜਾ ਰਹੀ ਹੈ। ਜ਼ੀਰਾ ਤਹਿਸੀਲ ਦੇ ਪਿੰਡ ਬੂਲੇ, ਸ਼ੇਰਪੁਰ, ਮੱਲੂਬਾਂਡੀਆ, ਝੰਡਾ ਬੱਗਾ ਪੁਰਾਣਾ, ਕੋਹਾਲਾ, ਪੀਰ ਮਹੁੰਮਦ ਤੇ ਗੁਰਦਿੱਤੀ ਵਾਲਾ ਵਿਚ 50 ਦੇ ਕਰੀਬ ਜੇ.ਸੀ.ਬੀ. ਤੇ ਪੋਪਲਾਈਨਾਂ ਤੇ ਟਿੰਡਾਂ ਵਾਲੀਆਂ ਮਸ਼ੀਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ।







# ਬੇਅ ਏਰੀਏ ਵਿਚ ਮੋਦੀ ਦੀਆਂ ਨਸਲਘਾਤੀ ਨੀਤੀਆਂ ਵਿਰੁਧ ਮੁਜ਼ਾਹਰੇ

**ਸੈਨ ਫਰਾਂਸਿਸਕੋ (ਬਿਊਰੋ):** ਅਮਰੀਕਾ ਦੇ ਦੌਰੇ 'ਤੇ ਆਏ ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਕੈਲੀਫੋਰਨੀਆ ਪਹੁੰਚਣ 'ਤੇ ਸੈਨ ਫਰਾਂਸਿਸਕੋ ਬੇਅ ਏਰੀਆ ਵਿਚ ਤਿੰਨ ਥਾਂਈਂ ਸਿੱਖ, ਨਾਲ ਪਹੁੰਚੇ।

ਮੁਜ਼ਾਹਰਾਕਾਰੀਆਂ ਕਰਕੇ ਮੋਦੀ ਦਾ ਰਸਤਾ ਤਬਦੀਲ ਕਰਨਾ ਪਿਆ। ਇਸ ਮੁਜ਼ਾਹਰੇ ਵਿਚ ਗੋਰੇ ਅਮਰੀਕੀ ਲੋਕਾਂ ਨੇ ਵੀ ਹਿੱਸਾ ਲਿਆ। ਇਸ ਜ਼ੋਰ ਲੱਗਾ ਰਿਹਾ।

ਤੀਜਾ ਮੁਜ਼ਾਹਰਾ ਸਿੱਖਾਂ ਸਮੇਤ ਮੁਸਲਮਾਨਾਂ, ਇਸਾਈਆਂ, ਪੱਟੀਦਰਜ ਲੋਕਾਂ ਤੇ ਪਟੇਲ ਭਾਈਚਾਰੇ ਦੇ ਆਪਸੀ ਸਹਿਯੋਗ ਨਾਲ ਸੈਨ ਹੋਜ਼ੇ ਪਾਰਟੀ ਅਤੇ ਆਰ ਐਸ ਐਸ ਵਲੋਂ ਮੁਸਲਮਾਨਾਂ ਤੇ ਇਸਾਈਆਂ ਦੇ ਜਬਰੀ ਧਰਮ ਪਰਿਵਰਤਨ, ਗੁਜਰਾਤ ਵਿਚ ਮੋਦੀ ਸਰਕਾਰ ਵੇਲੇ ਮੁਸਲਮਾਨਾਂ ਦੇ ਕਤਲੇਆਮ ਵਿਰੁਧ ਬੈਨਰਾਂ ਅਤੇ ਪੈਂਫਲਿਟਾਂ ਲਹੂ ਨਾਲ ਰੰਗੇ ਹੋਏ ਹਨ।'

ਮੁਜ਼ਾਹਰੇ ਵਿਚ ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਤੋਂ ਸਿੱਖ ਗੁਰਦੁਆਰਾ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਦੀ ਅਗਵਾਈ ਹੇਠ ਪਹੁੰਚੇ।









ਇਸਾਈ, ਮੁਸਲਿਮ ਅਤੇ ਪਟੇਲ ਭਾਈਚਾਰਿਆਂ ਵਲੋਂ ਜ਼ੋਰਦਾਰ ਰੋਸ ਮੁਜ਼ਾਹਰੇ ਕੀਤੇ ਗਏ। ਮੁਜ਼ਾਹਰਿਆਂ ਦਾ ਮਕਸਦ ਮੋਦੀ ਸਰਕਾਰ ਬਣਨ ਪਿਛੋਂ ਘੱਟ ਗਿਣਤੀਆਂ ਉਤੇ ਵਧੇ ਹਮਲਿਆਂ ਅਤੇ ਉਨ੍ਹਾਂ ਦੇ ਜਬਰੀ ਧਰਮ ਪਰਿਵਰਤਨ ਦੀਆਂ ਕੋਸ਼ਿਸ਼ਾਂ ਵਿਰੁਧ ਰੋਸ ਪ੍ਰਗਟਾਉਣਾ ਸੀ।

ਪਹਿਲੇ ਦੋ ਮੁਜ਼ਾਹਰਿਆਂ ਦੀ ਸ਼ੁਰੂਆਤ ਸਿੱਖਾਂ ਵੱਲੋਂ ਹੋਈ। ਪਹਿਲਾ ਮੁਜ਼ਾਹਰਾ ਮੈਨਲੋ ਪਾਰਕ, ਫੇਸਬੁੱਕ ਹੈਡ ਕੁਆਰਟਰ ਸਾਹਮਣੇ ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਦੀ ਅਗਵਾਈ ਹੇਠ ਹੋਇਆ ਜਿਸ ਵਿਚ ਕੈਲੀਫੋਰਨੀਆ ਗਤਕਾ ਦਲ ਦੇ ਯੋਧੇ ਉਤਸ਼ਾਹ ਦੀ ਅਮਰੀਕੀ ਮੀਡੀਏ ਨੇ ਚੰਗੀ ਕਵਰੇਜ ਕੀਤੀ।

ਫੇਸਬੁੱਕ ਹੈਡ ਕੁਆਰਟਰ ਤੋਂ ਪੁਲਿਸ ਨੇ ਸ੍ਰੀ ਮੋਦੀ ਨੂੰ ਗੂਗਲ ਦੇ ਹੈਡਕੁਆਟਰ ਪਹੁੰਚਾਇਆ। ਉਨ੍ਹਾਂ ਦਾ ਪਿੱਛਾ ਕਰਦਿਆਂ ਸਿੱਖ ਮੁਜ਼ਾਹਰਾਕਾਰੀ ਉਥੇ ਵੀ ਪਹੁੰਚ ਗਏ। ਉਥੇ ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਲੋਕਾਂ ਨਾਲ ਮਿਲਣੀ ਲਈ ਬਾਹਰ ਆਉਣਾ ਸੀ, ਪਰ ਸਿੱਖਾਂ ਦੇ ਜੋਸ਼ੀਲੇ ਮੁਜ਼ਾਹਰੇ ਅਤੇ ਖਾਲਿਸਤਾਨ-ਜ਼ਿੰਦਾਬਾਦ ਦੇ ਨਾਹਰਿਆਂ ਤੇ ਜੈਕਾਰਿਆਂ ਕਾਰਨ ਮੋਦੀ ਦੀ ਲੋਕ ਮਿਲਣੀ ਰੱਦ ਕਰਨੀ ਪਈ ਤੇ ਪੁਲਿਸ ਦਾ ਮੁਜ਼ਾਹਰਾਕਾਰੀਆਂ ਅਤੇ ਮੋਦੀ ਸਮਰਥਕਾਂ ਵਿਚਾਲੇ ਦੂਰੀ ਬਣਾਈ ਰੱਖਣ 'ਤੇ ਹੀ ਡਾਊਨ ਟਾਊਨ ਦੇ ਸੈਪ ਸੈਂਟਰ ਸਾਹਮਣੇ ਹੋਇਆ, ਜਿਸ ਵਿਚ ਤਿੰਨ ਹਜ਼ਾਰ ਤੋਂ ਵੱਧ ਲੋਕਾਂ ਨੇ ਹਿੱਸਾ ਲਿਆ। ਇਸ ਮੁਜ਼ਾਹਰੇ ਵਿਚ ਬੱਚੇ, ਬਜ਼ੁਰਗ ਅਤੇ ਔਰਤਾਂ ਵੀ ਚੋਖੀ ਗਿਣਤੀ ਵਿਚ ਸ਼ਾਮਲ ਸਨ। ਮੋਦੀ ਦੇ ਸਮਰਥਕਾਂ ਦੀ ਮੋਦੀ ਦੇ ਗੁਣ ਗਾਉਣ ਦੀ ਰੀਝ ਵਿਚ ਭਾਰੀ ਵਿਘਨ ਪਿਆ। ਕਈ ਘੰਟੇ ਜਵਾਬ ਦਰ ਜਵਾਬ ਨਾਹਰੇਬਾਜ਼ੀ ਹੁੰਦੀ ਰਹੀ। ਵੱਡੇ ਟੀ.ਵੀ. ਦੁਆਲੇ ਜੁੜੇ ਮੋਦੀ ਸਮਰਥਕਾਂ ਨੂੰ ਮੋਦੀ ਦੇ ਭਾਸ਼ਣ ਸੁਣਨ ਤੋਂ ਰੋਕਣ ਦੀ ਭਰਵੀਂ ਕੋਸ਼ਿਸ਼ ਕੀਤੀ ਗਈ।

ਸਭ ਘੱਟਗਿਣਤੀ ਭਾਈਚਾਰਿਆਂ ਨੇ ਮਿਲ ਕੇ ਮੋਦੀ ਦੀ ਹਕੂਮਤ ਸਮੇਂ ਭਾਰਤੀ ਜਨਤਾ ਰਾਹੀਂ ਰੋਹ ਭਰਿਆ ਮੁਜ਼ਾਹਰਾ ਕੀਤਾ। ਇਸਾਈ ਭਾਈਚਾਰੇ ਨੇ ਵਿਸ਼ੇਸ਼ ਕਰਕੇ ਮੋਦੀ ਸਰਕਾਰ ਦੌਰਾਨ ਭਾਰਤ ਵਿਚ ਜਬਰੀ ਧਰਮ ਬਦਲੀ ਦੇ ਮੁੱਦੇ ਨੂੰ ਉਭਾਰਿਆ।

ਸ੍ਰੀ ਮੋਦੀ ਦੇ ਭਾਸ਼ਣ ਉਪਰੰਤ ਰਾਤ ਅੱਠ ਵਜੇ ਤੋਂ ਬਾਅਦ ਜਦੋਂ ਉਸ ਦੇ ਸਮਰਥਕ ਬਾਹਰ ਆਏ ਤਾਂ ਖਾਲਿਸਤਾਨੀ ਨਾਹਰਿਆਂ ਨੇ ਉਨ੍ਹਾਂ ਦਾ ਸੁਆਗਤ ਕੀਤਾ। ਵੱਡੇ ਸਪੀਕਰਾਂ ਰਾਹੀਂ ਇਹ ਕਿਹਾ ਜਾ ਰਿਹਾ ਸੀ, 'ਤੁਹਾਨੂੰ ਮੋਦੀ ਵਰਗੇ ਨਸਲਘਾਤੀ ਤੇ ਕਥਿਤ ਕਾਤਲ ਦਾ ਸਾਥ ਨਹੀਂ ਦੇਣਾ ਚਾਹੀਦਾ। ਇਹ ਮਨੁੱਖੀ ਅਧਿਕਾਰਾਂ ਨੂੰ ਦਰੜਨ ਵਾਲਾ ਹੈ ਤੇ ਇਸ ਦੇ ਹੱਥ ਮਾਸੂਮਾਂ ਦੇ ਕਈ ਸ਼ਹਿਰਾਂ ਤੋਂ ਬੱਸਾਂ ਭਰ ਕੇ ਲੋਕ ਪਹੁੰਚੇ।

ਚਾਹ ਤੇ ਲੰਗਰ ਦੀ ਸੇਵਾ ਗੁਰਦੁਆਰਾ ਫਰੀਮਾਂਟ ਵੱਲੋਂ ਹੋਈ ਪਰ ਜੋਸ਼ੀਲੇ ਨਾਹਰਿਆਂ ਦੌਰਾਨ ਭਾਰੀ ਸਰਗਰਮੀ ਕਰਕੇ ਪਾਣੀ ਦੀ ਵਡੀ ਘਾਟ ਰੜਕਦੀ ਰਹੀ, ਸੁੱਕੇ ਗਲਿਆਂ ਕਰਕੇ ਸਾਰੇ ਪਾਣੀ ਪਾਣੀ ਕੂਕਦੇ ਰਹੇ। ਮੁਜ਼ਾਹਰਾਕਾਰੀਆਂ ਦੇ ਕੁਝ ਆਗੂਆਂ ਦਾ ਕਹਿਣਾ ਸੀ ਕਿ ਜਿਸ ਕਤਲੇਆਮ ਕਰਕੇ ਮੋਦੀ ਨੂੰ ਕਈ ਸਾਲ ਅਮਰੀਕਾ ਦਾ ਵੀਜ਼ਾ ਨਹੀਂ ਸੀ ਮਿਲਿਆ, ਉਹ ਕਾਰਨ ਹਾਲੇ ਵੀ ਜਿਉਂਦੇ ਜਾਗਦੇ ਹਨ ਤੇ ਸਦਾ ਮੋਦੀ ਦਾ ਪਿੱਛਾ ਕਰਦੇ ਰਹਿਣਗੇ ਅਤੇ ਉਸ ਵਿਰੁਧ ਮੁਜ਼ਾਹਰੇ ਇਸੇ ਤਰ੍ਹਾਂ ਹੁੰਦੇ ਰਹਿਣਗੇ।

## ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿਖੇ ਨਗਰ ਕੀਰਤਨ 25 ਨੂੰ

**ਫਰਿਜ਼ਨੋ (ਬਿਊਰੋ):** ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਦੀ ਸਮੂਹ ਸੰਗਤ ਵੱਲੋਂ ਗੁਰੂ ਨਾਨਕ ਪਾਤਸ਼ਾਹ ਦੇ ਆਗਮਨ ਪੁਰਬ ਨੂੰ ਸਮਰਪਿਤ ਛੇਵਾਂ ਮਹਾਨ ਨਗਰ ਕੀਰਤਨ 25 ਅਕਤੂਬਰ, ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਨਗਰ ਕੀਰਤਨ ਵਿਚ ਸ਼ਾਮਲ ਹੋਣ ਲਈ ਪੰਥ ਦੇ ਮਹਾਨ ਵਿਦਵਾਨ, ਕੀਰਤਨੀਏ ਅਤੇ ਢਾਡੀ ਜਥੇ ਪਹੁੰਚ ਰਹੇ ਹਨ।

ਪ੍ਰਬੰਧਕਾਂ ਵਲੋਂ ਜਾਰੀ ਬਿਆਨ ਅਨੁਸਾਰ ਨਗਰ ਕੀਰਤਨ ਤੋਂ ਇੱਕ ਦਿਨ ਪਹਿਲਾਂ 24 ਅਕਤੂਬਰ ਨੂੰ ਅੰਮ੍ਰਿਤ ਸੰਚਾਰ ਹੋਵੇਗਾ। ਅੰਮ੍ਰਿਤ ਛਕਣ ਦੇ ਚਾਹਵਾਨ ਸੱਜਣ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ।

## ਗੁਰੂ ਰਵਿਦਾਸ ਟੈਂਪਲ, ਰਿਓ ਲਿੰਡਾ ਦੇ 23ਵੇਂ ਸਥਾਪਨਾ ਦਿਵਸ ਮੌਕੇ ਸਮਾਗਮ

**ਸੈਕਰਾਮੈਂਟੋ (ਬਿਊਰੋ):** ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓ ਲਿੰਡਾ ਦਾ 23ਵਾਂ ਸਥਾਪਨਾ ਦਿਵਸ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਲੰਘੇ ਐਤਵਾਰ, 27 ਸਤੰਬਰ ਨੂੰ ਮਨਾਇਆ ਗਿਆ। ਅਖੰਡ ਪਾਠ ਦੇ ਭੋਗ ਉਪਰੰਤ ਭਾਈ ਜਸਪਾਲ ਸਿੰਘ, ਭਾਈ ਨਿਰਮਲ ਸਿੰਘ ਅਤੇ ਭਾਈ ਮਨਪ੍ਰੀਤ ਸਿੰਘ, ਭਾਈ ਗੁਰਪ੍ਰੀਤ ਸਿੰਘ ਤੇ ਭਾਈ ਅੰਮ੍ਰਿਤਪਾਲ ਸਿੰਘ ਦੇ ਜਥਿਆਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸੇਵਕ ਰਾਮ ਰੱਲੂ



ਦਿਖਾਇ ਜੀ' ਅਤੇ ਬਾਬੂ ਜੀਤ ਰਾਮ ਦੀ ਇਕ ਧਾਰਮਿਕ ਪੁਸਤਕ ਰਿਲੀਜ਼ ਕੀਤੀ ਗਈ।

ਅਖੰਡ ਪਾਠ ਦੀ ਸੇਵਾ ਬੰਗਾ ਪਰਿਵਾਰ ਅਤੇ ਅਵਤਾਰ ਸਿੰਘ ਜੱਸਲ ਪਰਿਵਾਰ ਵਲੋਂ ਕੀਤੀ ਗਈ। ਪ੍ਰਬੰਧਕ ਕਮੇਟੀ ਨੇ ਜੱਸੀ ਬੰਗਾ, ਸੁਭਾਸ਼ ਬੰਗਾ ਅਤੇ ਅਵਤਾਰ ਸਿੰਘ ਜੱਸਲ ਦਾ ਸਿਰੋਪਾਓ ਨਾਲ ਸਨਮਾਨ ਕੀਤਾ। ਸਟੇਜ ਸੇਵਾ ਰਾਜ ਸੂਦ ਨੇ ਨਿਭਾਈ।

ਇਸ ਤੋਂ ਪਹਿਲਾਂ ਸਨਿਚਰਵਾਰ ਨੂੰ ਗੁਰੂ ਘਰ ਵਿਚ





ਨੇ ਵੀ ਇਕ ਸ਼ਬਦ ਰਾਹੀਂ ਹਾਜ਼ਰੀ ਲੁਆਈ। ਗੁਰੂ ਘਰ ਦੇ ਸਕੱਤਰ ਜੀਵਨ ਰੱਤੂ ਅਤੇ ਪੀ ਆਰ ਓ ਜਸਵੰਤ ਜੱਸੀ ਸ਼ੀਮਾਰ ਨੇ ਸੰਗਤ ਨੂੰ ਸੰਬੋਧਨ ਕੀਤਾ। ਇਸ ਮੌਕੇ ਭਾਈ ਜਸਪਾਲ ਸਿੰਘ ਵਲੋਂ ਗਾਏ ਸ਼ਬਦਾਂ ਦੀ ਇਕ ਸੀ ਡੀ 'ਇਕੁ ਛਿਨੁ ਦਰਸੁ ਸ਼ਾਮ ਨੂੰ ਵਿਸ਼ੇਸ਼ ਦੀਵਾਨ ਸਜੇ। ਰਾਗੀ ਜਥਿਆਂ ਨੇ ਸ਼ਬਦ ਕੀਰਤਨ ਕੀਤਾ। ਖਾਸ ਤੌਰ 'ਤੇ ਅਮਰੀਕਾ ਦੌਰੇ 'ਤੇ ਆਈਆਂ ਨੂਰਾਂ ਭੈਣਾਂ ਨੇ ਗੁਰੂ ਘਰ ਪਹੁੰਚ ਕੇ ਗੁਰੂ ਮਹਾਰਾਜ ਦਾ ਗਾਇਨ ਕਰਦਿਆਂ ਸ਼ਬਦਾਂ ਨਾਲ ਸਾਂਝ ਪਾਈ।

## ਫਰਿਜ਼ਨੋ 'ਚ ਹੋਇਆ ਬੈਸਟ ਅਮੈਰਿਕਾ ਟਰੱਕ ਸ਼ੋਅ

ਫਰਿਜ਼ਨੋ (ਬਿਊਰੋ): ਦੇਸੀ ਟਰੱਕਿੰਗ ਮੈਗਜ਼ੀਨ ਅਤੇ ਦੇਸੀ ਮੈਕਸ ਮੀਡੀਆ ਵੱਲੋਂ ਆਪਣਾ ਦੋ ਰੋਜ਼ਾ ਦੂਜਾ ਬੈਸਟ ਅਮੈਰਿਕਾ ਟਰੱਕ ਸ਼ੋਅ ਇਥੇ ਕਨਵੈਂਸ਼ਨ ਸੈਂਟਰ ਵਿਚ ਕਰਵਾਇਆ ਗਿਆ। ਸ਼ੋਅ ਵਿਚ ਜਿੱਥੇ ਪੰਜਾਬੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਉਥੇ ਹੋਰਨਾਂ ਭਾਈਚਾਰਿਆਂ ਸਮੇਤ ਸਥਾਨਕ ਮੂਲ ਦੇ ਲੋਕ ਵੀ ਹਿੱਸਾ ਲਿਆ। ਇਸ ਵਾਰ ਦੇ ਸ਼ੋਅ ਦੀ ਵਿਸ਼ੇਸ਼ ਗੱਲ ਇਹ ਸੀ ਕਿ ਇਸ ਵਿਚ ਔਰਤਾਂ ਨੇ ਵੀ ਵੱਧ ਚੜ੍ਹ ਕੇ ਹਿੱਸਾ ਲਿਆ।

ਇਸ ਸ਼ੋਅ ਦੌਰਾਨ ਟਰੱਕਿੰਗ ਕੰਪਨੀਆਂ, ਇੰਸ਼ੋਰੈਂਸ ਕੰਪਨੀਆਂ ਅਤੇ ਟਰੱਕ ਡੀਲਰ, ਟਰੇਲਰ ਸੇਲਜ਼ ਕੰਪਨੀਆਂ, ਬਿਲਿੰਗ ਕੰਪਨੀਆਂ, ਦੇਸੀ ਟਰੱਕਿੰਗ ਮੈਗਜ਼ੀਨ ਆਦਿਕ ਦੇ ਬਹੁਤ ਸਾਰੇ ਬੂਥ ਅਤੇ ਸ਼ਿੰਗਾਰੇ ਹੋਏ ਟਰੱਕ, ਗੱਡੀਆਂ ਤੇ ਟਰੱਕਿੰਗ ਖੇਤਰ ਸਬੰਧੀ ਜਾਣਕਾਰੀ ਦੇਣ ਵਾਲੇ ਬੂਥ ਖਿੱਚ ਦਾ ਕੇਂਦਰ ਸਨ। ਟਰੱਕਿੰਗ ਵਪਾਰ ਵਿਚ ਫਰਿਜ਼ਨੋ ਸੈਂਟਰਲ ਵੈਲੀ ਨੂੰ ਹੱਬ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਇੱਥੇ ਵਸਦੇ ਜ਼ਿਆਦਾ




ਸੱਜਣ ਖੇਤੀਬਾੜੀ ਤੋਂ ਇਲਾਵਾ ਟਰੱਕ ਇੰਡਸਟਰੀ ਨਾਲ ਜੁੜੇ ਹੋਏ ਹਨ। ਇਹ ਸ਼ੋਅ ਲੋਕਾਂ ਨੂੰ ਟਰੱਕਿੰਗ ਪ੍ਰਤੀ ਹੋਰ ਵਧੇਰੇ ਜਾਣਕਾਰੀ ਦੇਣ; ਬਿਜ਼ਨੈਸ ਨੂੰ ਕਿਵੇਂ ਪ੍ਰਫੁਲਿਤ ਕਰਨਾ ਅਤੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਲਈ ਸੀ।

ਇਸ ਮੌਕੇ ਲੋਕਾਂ ਦੇ ਮਨੋਰੰਜਨ ਲਈ ਮੈਕਸੀਕਨ ਸੰਗੀਤਕ ਬੈਂਡ ਅਤੇ ਪੰਜਾਬੀ ਗਾਇਕ ਸੁਰਿੰਦਰ ਸ਼ਿੰਦਾ ਤੇ ਸਤਵਿੰਦਰ ਬਿੱਟੀ ਨੇ ਖੁੱਲ੍ਹਾ ਅਖਾੜਾ ਲਾਇਆ। ਇਸ ਸਮੇਂ ਡਰਾਅ ਵੀ ਕੱਢੇ ਗਏ। ਕੈਮ-ਵੇ ਲਾਜਿਸਟਕ ਕੰਪਨੀ ਨੂੰ ਇਨਾਮ ਵਜੋਂ ਗਰੇਟ ਡੇਨ ਦਾ ਟਰੇਲਰ ਨਿਕਲਿਆ। ਉਨ੍ਹਾਂ ਦਸ ਹਜ਼ਾਰ ਡਾਲਰ ਫਰੀ ਵ੍ਹੀਲ, ਜੈਕਾਰਾ ਮੂਵਮੈਂਟ ਅਤੇ ਕਮਿਊਨਿਟੀ ਫੂਡ ਬੈਂਕ ਨੂੰ ਦਾਨ ਦਿੱਤਾ। ਇਸ ਮੌਕੇ ਟਰੱਕਾਂ ਨੂੰ ਵਧੀਆ ਸ਼ਿੰਗਾਰੇ ਗਏ ਟਰੱਕ ਲਈ ਟਰਾਫੀਆਂ ਅਤੇ ਨਕਦ ਇਨਾਮ ਵੀ ਦਿੱਤੇ ਗਏ।

## ਸੁਖਦੇਵ ਸਾਹਿਲ ਨੇ ਸਜਾਈ ਗੀਤਾਂ ਦੀ ਮਹਿਫਿਲ

**ਟਰੇਸੀ, ਕੈਲੀਫੋਰਨੀਆ (ਬਿਊਰੋ):** ਗਾਇਕ ਸੁਖਦੇਵ ਸਾਹਿਲ ਦੀ ਇਕ ਮਹਿਫਿਲ ਇਥੇ 'ਸ਼ਾਮ ਸੁਰੀਲੀ' ਦੇ ਨਾਂ ਹੇਠ ਸੰਸਾਰ ਰੈਸਟੋਰੈਂਟ ਵਿਚ ਗੀਤ-ਸੰਗੀਤ ਐਂਟਰਟੇਨਮੈਂਟ ਵਲੋਂ ਕਰਵਾਈ ਗਈ।



ਪ੍ਰੋਗਰਾਮ ਦਾ ਆਗਾਜ਼ ਮੰਚ ਸੰਚਾਲਕਾ ਆਸ਼ਾ ਸ਼ਰਮਾ ਨੇ ਸਭਨਾਂ ਨੂੰ ਜੀ ਆਇਆਂ ਆਖਦਿਆਂ ਸ਼ਾਇਰਾਨਾ ਅੰਦਾਜ਼ ਵਿਚ ਕੀਤਾ। ਉਪਰੰਤ ਮਧੁਰ ਆਵਾਜ਼ ਦੇ ਮਾਲਕ ਗਾਇਕ ਸੁਖਦੇਵ ਸਾਹਿਲ ਨੇ ਪਰਮਾਤਮਾ ਨੂੰ ਯਾਦ ਕਰਦਿਆਂ ਹਰਜਿੰਦਰ ਕੰਗ ਦਾ ਗੀਤ 'ਤੇਰੇ ਰੰਗਾਂ ਵਿਚ ਰੰਗ ਜਾਵਾਂ ਮੇਰੇ ਮਾਲਕਾ' ਪੇਸ਼ ਕੀਤਾ। ਇਸ ਪਿਛੋਂ ਸਾਹਿਲ ਨੇ ਤੱਕਲੇ ਦੇ ਵਲ੍ਹ ਕੱਢਲਾਂ, ਇਕ ਤੂੰ ਹੋਵੇਂ ਇਕ ਮੈਂ ਹੋਵਾਂ, ਮੁੰਡਾ ਤੇਰੇ ਫਿਕਰਾਂ ਦਾ ਮਾਰਿਆ, ਲੋਕ ਗਾਥਾ ਜੱਗਾ ਆਦਿ ਗਾ ਕੇ ਆਪਣੇ ਦਰਜਨਾਂ ਨਵੇਂ ਪੁਰਾਣੇ ਗੀਤਾਂ ਦੀ ਛਹਿਬਰ ਲਾਈ ਰੱਖੀ। ਜਦੋਂ ਸਾਹਿਲ ਨੇ ਅਮਰਦੀਪ ਗਿੱਲ ਦੀ ਰਚਨਾ 'ਦੂਰ ਜਾ ਕੇ ਕਿਧਰੇ ਵਰ੍ਹ ਵੇ ਬੱਦਲਾ' ਗਾਈ ਤਾਂ ਹਰ ਕੋਈ ਸੁਣਨ ਵਾਲਾ ਗੰਭੀਰ ਸੋਚ ਵਿਚ ਡੁਬਿਆ ਮਹਿਸੂਸ ਹੋ ਰਿਹਾ ਸੀ। ਇਸ ਮਹਿਫਿਲ ਵਿਚ ਪੰਜਾਬੀ ਸਾਹਿਤ ਦਾ ਹਰ ਰੰਗ ਵੇਖਣ ਨੂੰ ਮਿਲਿਆ। ਹੀਰ ਵਾਰਸ ਸ਼ਾਹ ਗਾ ਕੇ ਸਾਹਿਲ ਨੇ ਦਰਸ਼ਕਾਂ ਨੂੰ ਝੂਮਣ ਲਾ ਦਿੱਤਾ। ਇਸ ਮੌਕੇ ਸ਼ਾਇਰ ਅਜ਼ਾਦ ਜਲੰਧਰੀ, ਅਮਰਦੀਪ ਗਿੱਲ, ਜਸ ਔਲਖ, ਵਿੱਕੀ ਪਨੈਚ, ਧਨੀਰਾਮ ਚਾਤ੍ਰਿਕ, ਸ਼ਿਵ ਕੁਮਾਰ ਬਟਾਲਵੀ, ਹਰਜਿੰਦਰ ਕੰਗ ਆਦਿ ਦੇ ਕਲਾਮ ਪੇਸ਼ ਕੀਤੇ ਗਏ। ਤਬਲੇ ਵਾਦਕ ਮਲਕੀਤ ਸੰਧੂ, ਕੀ ਬੋਰਡ ਪਲੇਅਰ ਜੌਹਨ ਰੌਬਨ, ਸੰਨੀ ਅਤੇ ਵਿਜੇ ਦੀ ਸੰਗੀਤਕ ਜੁਗਲਬੰਦੀ ਨੇ ਐਸਾ ਨਜ਼ਾਰਾ ਬੰਨਿਆ ਕਿ ਹਰਕੋਈ ਅਸ਼-ਅਸ਼ ਕਰ ਉਠਿਆ।


ਆਸ਼ਾ ਸ਼ਰਮਾ ਨੇ ਸ਼ਾਇਰ ਹਰਜਿੰਦਰ ਕੰਗ, ਕੁਲਵਿੰਦਰ ਚਾਂਦ, ਸੁਖੀ ਧਾਲੀਵਾਲ, ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ, ਅਜ਼ੀਮ ਸ਼ੇਖਰ, ਕ੍ਰਿਸ਼ਨ ਭਨੋਟ ਆਦਿ ਦੇ ਸ਼ੇਅਰ ਸੁਣਾਏ। ਮਹਿਫਿਲ ਨੂੰ ਕਾਮਯਾਬ ਬਣਾਉਣ ਲਈ ਸੰਤੋਖ ਸਿੰਘ ਜੱਜ, ਕਾਲਾ ਟਰੇਸੀ, ਪਾਲੀ ਧਨੌਲਾ, ਹਰਬਖ਼ਸ਼ ਰੰਧਾਵਾ ਅਤੇ ਮਨਦੀਪ ਥਿਆੜਾ ਦਾ ਭਰਵਾਂ ਸਹਿਯੋਗ ਰਿਹਾ।

# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ

*ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ ਤੋਂ ਨਾ ਭੁਲਾ ਜਾਣਾ।*
*ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ, ਸਾਨੂੰ ਵੇਖ ਕੇ ਨਾ ਘਬਰਾ ਜਾਣਾ।*

**ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਸੱਤ ਮਹਾਨ ਸੂਰਵੀਰ ਸ਼ਹੀਦਾਂ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ**

# ਮੇਲਾ ਗਦਰੀ ਬਾਬਿਆਂ ਦਾ


ਕਰਤਾਰ ਸਿੰਘ ਸਰਾਭਾ


ਵਿਸ਼ਨੂੰ ਗਣੇਸ਼ ਪਿੰਗਲੇ


ਬਖਸ਼ੀਸ਼ ਸਿੰਘ ਗਿੱਲਵਾਲੀ


ਸੁਰੈਣ ਸਿੰਘ ਵੱਡਾ ਗਿੱਲਵਾਲੀ


ਸੁਰੈਣ ਸਿੰਘ ਛੋਟਾ ਗਿੱਲਵਾਲੀ


ਹਰਨਾਮ ਸਿੰਘ ਸਿਆਲ ਕੋਟੀ


ਜਗਤ ਸਿੰਘ ਸੁਰਸਿੰਘ

## ਐਤਵਾਰ, 11 ਅਕਤੂਬਰ 2015
*(ਦੁਪਹਿਰ 12 ਤੋਂ ਰਾਤ 8 ਵਜੇ ਤੱਕ)*

**ਸਥਾਨ: ਐਸ.ਈ.ਐਸ. ਹਾਲ**
10428 ਈਸਟ ਸਟਾਕਟਨ ਬੁਲੇਵਾਰਡ
ਐਲਕ ਗਰੋਵ, ਸੈਕਰਾਮੈਂਟੋ, ਕੈਲੀਫੋਰਨੀਆ - 95624

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰ ਧਰ ਤਲੀ ਗਲੀ ਮੇਰੀ ਆਉ॥

**ਸਤਿਕਾਰਯੋਗ ਭੈਣੋ ਤੇ ਭਰਾਓ,**

2015 ਦਾ ਵਰ੍ਹਾ ਗਦਰ ਪਾਰਟੀ ਦੇ ਉਨ੍ਹਾਂ ਸੂਰਮਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦਾ ਸ਼ਤਾਬਦੀ ਵਰ੍ਹਾ ਹੈ, ਜਿਨ੍ਹਾਂ ਨੇ ਦੇਸ਼ ਦੀ ਆਜਾਦੀ ਖਾਤਰ ਹਸ ਹਸ ਫਾਂਸੀ ਦੇ ਰੱਸੇ ਚੁੰਮੇ, ਤਸ਼ੱਦਦ ਸਹੇ, ਕੈਦਾਂ ਕੱਟੀਆਂ ਅਤੇ ਕਾਲੇ ਪਾਣੀ ਦੇ ਦੁਖ ਭੋਗੇ। ਇਨ੍ਹਾਂ ਵਿਚੋਂ ਕਰਤਾਰ ਸਿੰਘ ਸਰਾਭਾ ਤਾਂ ਹਾਲੇ 20 ਵਰ੍ਹੇ ਦਾ ਵੀ ਨਹੀਂ ਸੀ ਹੋਇਆ। ਇਸ ਘਟਨਾ ਨੇ ਭਾਰਤੀ ਉਪ ਮਹਾਦੀਪ ਦੇ ਲੋਕਾਂ ਦੇ ਦਿਲਾਂ ਵਿਚ ਅੰਗਰੇਜ਼ ਸਮਰਾਜ ਵਿਰੁਧ ਰੋਹ ਅਤੇ ਆਜ਼ਾਦੀ ਖਾਤਰ ਕੁਰਬਾਨ ਹੋਣ ਦੀ ਜਵਾਲਾ ਹੋਰ ਭੜਕਾ ਦਿੱਤੀ। ਇਸ ਨੇ ਕੌਮੀ ਘੋਲ ਦੀਆਂ ਹੋਰ ਲਹਿਰਾਂ ਨੂੰ ਜਨਮ ਦਿੱਤਾ। ਸਾਰੀਆਂ ਭਰਾਤਰੀ ਤੇ ਸਮਾਜਕ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਆਓ, ਸਾਰੇ ਰਲ ਕੇ ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਸੱਤ ਮਹਾਨ ਸੂਰਵੀਰ ਸ਼ਹੀਦਾਂ ਨੂੰ ਸਜਦਾ ਕਰੀਏ।


*ਗਾਇਕਾ ਸਤਵਿੰਦਰ ਬਿੱਟੀ*

**ਪਹੁੰਚ ਰਹੇ ਕਲਾਕਾਰ**
ਪੰਮੀ ਮਾਨ, ਸੰਨੀ ਬੱਬਰ, ਪੂਨਮ ਮਲਹੋਤਰਾ, ਜੀਵਨ ਰੱਤੀ
ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜਥਾ ਵੀਰ ਰਸੀ ਵਾਰਾਂ ਪੇਸ਼ ਕਰੇਗਾ।

**ਪੁੱਜ ਰਹੀਆਂ ਸ਼ਖਸੀਅਤਾਂ**
ਕਿਰਪਾਲ ਸਿੰਘ ਸੰਧੂ, ਜਗਦੀਸ਼ ਸਿੰਘ ਖੰਗੂੜਾ,
ਦਲਵਿੰਦਰ ਸਿੰਘ ਦੂਤ, ਬੀਬੀ ਕਰਨੈਲ ਕੌਰ ਈਸੜੂ

**ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਅਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ**
**ਖਾਣਾ, ਪਾਰਕਿੰਗ ਤੇ ਦਾਖਲਾ ਮੁਫ਼ਤ**

**ਪ੍ਰਧਾਨ: ਸੁਰਿੰਦਰ ਸਿੰਘ ਬਿੰਦਰਾ** 916-420-2390
**ਸਕੱਤਰ: ਐਸ ਐਸ ਸਿੱਧੂ** 661-302-5611
**ਖਜ਼ਾਨਚੀ: ਕਰਮਜੀਤ ਸਿੰਘ ਕੰਗ** 661-205-5214
**ਸਮਿਤਰ ਸਿੰਘ ਉਪਲ** 530-695-1716
**ਬਲਜਿੰਦਰ ਸਿੰਘ ਭੱਟੀ** 209-480-2275
**ਬਲਵੰਤ ਬਾਂਕਾ** 916-271-4216
**ਪਰਮਜੀਤ ਸਿੰਘ ਸੰਧੂ** 510-674-5857

**ਪ੍ਰਬੰਧਕ:** ਜਰਨੈਲ ਸਿੰਘ ਸਰਪੰਚ, ਗਿਆਨ ਸਿੰਘ ਬਿਲਗਾ, ਕਸ਼ਮੀਰ ਸਿੰਘ ਕਾਂਗਣਾ, ਜਗਜੀਤ ਸਿੰਘ ਗਿੱਲ, ਹਰਪਾਲ ਸਿੰਘ ਸੰਘਾ, ਮਲਕੀਅਤ ਸਿੰਘ ਬੈਂਸ, ਸੁਰਿੰਦਰ ਸਿੰਘ ਗਿੱਲ, ਅਮਰਜੀਤ ਸਿੰਘ ਰਾਏ, ਪ੍ਰਿਤਪਾਲ ਸਿੰਘ ਭੋਗਲ, ਪਰਮਜੀਤ ਸਿੰਘ ਸੰਧੂ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਜੁਝਾਰ ਗਿੱਲ, ਗੁਰਦਿਆਲ ਚੰਦ, ਜਸਮੇਲ ਸਿੰਘ ਚਿੱਟੀ, ਅਵਤਾਰ ਸਿੰਘ ਡੋਡ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਸੁਰਿੰਦਰ ਸਿੰਘ, ਰਾਕੇਸ਼ ਬੈਂਸ, ਸਵਿੰਦਰ ਸਿੰਘ ਭਾਰਟਾ, ਫਰੈਂਕ ਜੌਹਨਸਨ, ਜਸਵਿੰਦਰ ਸੰਧੂ, ਪਰਮਪ੍ਰੀਤ ਬਿੰਦਰਾ, ਹਰਪ੍ਰੀਤ ਗਿੱਲ।

*ਡਾ. ਯਾਦਵਿੰਦਰ ਸਿੰਘ ਕੰਗ ਦੀ ਟੀਮ ਮੁਫਤ ਮੈਡੀਕਲ ਕੈਂਪ ਲਾਵੇਗੀ*

**ਸਪਾਂਸਰ:** ਗੁਰਚਰਨ ਸਿੰਘ ਰੱਕੜ, ਜਗਦੀਸ਼ ਖੰਗੂੜਾ, ਦਲਵਿੰਦਰ ਸਿੰਘ ਧੂਤ, ਮਲਕੀਅਤ ਬੋਪਾਰਾਏ, ਸਿਕੰਦਰ ਸਿੰਘ ਜੱਸੜ, ਗੁਰਚਰਨ ਸਿੰਘ ਬੈਂਸ, ਇੰਡਸ ਵੈਲੀ ਚੈਂਬਰ ਆਫ਼ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ-ਚੇਅਰਮੈਨ, ਬਲਵੀਰ ਸਿੰਘ ਭਾਟੀਆ-ਪ੍ਰਧਾਨ), ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਜਸਪ੍ਰੀਤ ਸਿੰਘ ਐਡਵੋਕੇਟ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਹਰਿਆਣਾ ਅਮੈਰਿਕਨ ਐਸੋਸੀਏਸ਼ਨ-ਕੈਲੀਫੋਰਨੀਆ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਅਮਰੀਕ ਸਿੰਘ ਕਾਲਕਟ, ਗੁਰਮੁਖ ਸਿੰਘ ਸੰਧੂ, ਰਛਪਾਲ ਸਿੰਘ ਫਰਵਾਲਾ, ਜੋਗਾ ਸਿੰਘ ਔਜਲਾ, ਸਵਰਨ ਸਿੰਘ ਔਜਲਾ, ਵਿਨੋਦ ਕੰਬੋਜ, ਬੰਤ ਕੰਦੋਲਾ, ਸੁਖਦੇਵ ਲੰਬੜ, ਸੋਨੀ ਸਿੰਘ, ਐਸ.ਪੀ. ਸਿੰਘ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਨੋਰਕਾਲ ਸਕਿਉਰਿਟੀ-ਨਰਿੰਦਰਪਾਲ ਸਿੰਘ ਹੁੰਦਲ, ਅਮਰਜੀਤ ਭੁੱਲਰ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਰਾਜੂ ਭਗਵੰਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਸਿੰਘ ਕੰਗ, ਡਾ. ਸੁਖਦੀਪ ਸਿੰਘ ਸੰਧੂ ਅਤੇ ਪਰਿਵਾਰ, ਛਿੰਦਾ ਉਪਲ, ਕਮਲ ਗਿੱਲ (ਪੈਨਮਾ ਫਾਰਮੇਸੀ, ਗਿੱਲ ਫਾਰਮੇਸੀ), ਸ਼ਿੰਗਾਰਾ ਰਾਮ, ਸੰਨੀ, ਕੇਹਰ ਸਿੰਘ ਸੰਧੂ, ਪਰਗਨ ਸਿੰਘ ਬੈਂਸ, ਅਸ਼ੋਕ ਰਾਏ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਚਾਹਲ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਜਸਚਰਨ ਸਿੰਘ ਗਿੱਲ, ਡਾ. ਗੁਰਦਿਆਲ ਸਿੰਘ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਪਰਮਜੀਤ ਸਿੰਘ ਭੁੱਟਾ, ਸਤਵੀਰ ਸਿੰਘ ਖਪਰਾ, ਪਲਵਿੰਦਰ ਸਿੰਘ ਭੱਟੀ, ਜੱਸੀ ਸਿੰਘ ਸੰਘਾ, ਧੀਰਾ ਨਿੱਜਰ, ਗੁਲਿੰਦਰ ਗਿੱਲ (ਡੈਨੀ'ਜ਼ ਰੈਸਟੋਰੈਂਟ), ਗੁਰਦੀਪ ਗਿੱਲ, ਜਨਕ ਰਾਜ ਸਿਧਰਾ, ਬਲਵਿੰਦਰ ਡੁਲਕੂ, ਗੋਲਡਨ ਸਟੇਟ ਇੰਕ, ਪਾਲ ਲਿੱਕਰਜ਼, ਇੰਡੀਆ ਗਾਰਡਨ, ਰਾਜ ਭਨੋਟ, ਸੰਤੋਖ ਸਿੰਘ ਜੱਜ, ਪਰਮਜੀਤ ਸਿੰਘ ਬਿੰਦ, ਭਾਖੜੀ ਲਾਅ ਫਰਮ ਤੇ ਸਾਬੀ ਸਿੰਘ ਟਰੱਕਿੰਗ, ਸੋਢੀ ਸਜਾਵਨਪੁਰ, ਵਨ ਸਟਾਪ ਆਟੋ ਰਿਪੇਅਰ, ਜਸਵੀਰ ਸਿੰਘ ਕੁਲਾਰ, ਲੀਜੈਂਟ ਟਰਾਂਸਪੋਰਟ, ਬਲਬੀਰ ਸਿੰਘ ਸੰਧੂ, ਜੇ ਜੇ ਜੀ ਐਸ ਫੂਡ ਸਰਵਿਸ ਇੰਕ, ਰਾਜ ਬਰਾੜ, ਪਰਮਜੀਤ ਸਿੰਘ ਦੁਸਾਂਝ, ਸਤਵੀਰ ਬੈਂਸ (ਰਾਇਲ ਟਰੱਕਿੰਗ), ਵੈਨਕੋ ਟਰੱਕ ਸਟਾਪ, ਸਿਟੀ ਮਾਰਕਿਟ ਬਲੈਰੋ ਸਟੇਸ਼ਨ, ਦਲਬੀਰ ਗਿੱਲ, ਗੋਲਡਨ ਪੈਸੇਫਿਕ ਟਰੱਕਿੰਗ, ਗੁਰਦਿਆਲ ਸਿੰਘ ਧਾਮੀ, ਔਜਲਾ ਟਰੱਕਿੰਗ, ਜਗਜੀਤ ਸਿੰਘ ਰੱਕੜ ਲੈਥਰੋਪ, ਸੁਰਜੀਤ ਢਿੱਲੋਂ, ਮਲ੍ਹਾਗਰ ਸਿੰਘ ਖਹਿਰਾ, ਸੈਕਰਾਮੈਂਟੋ ਵੈਲੀ ਟਰੱਕ ਸਟਾਪ, ਇੰਦਰਜੀਤ ਸਿੰਘ ਥਾਂਦੀ।

**ਫੋਟੋਗ੍ਰਾਫੀ ਅਤੇ ਵੀਡੀਓ: ਓਮਨੀ ਵੀਡੀਓ**

# ਵੇ ਮੈਂ ਤੇਰੇ ਲੜ ਲੱਗੀ ਆਂ... ਵਾਲੀ ਫਰੀਹਾ ਪਰਵੇਜ਼



ਕਲਾ ਪਰਿਕਰਮਾ

*ਅਕਸਰ ਚਰਚਾ ਹੁੰਦੀ ਹੈ ਕਿ ਪੰਜਾਬੀ ਸਾਹਿਤ ਦੇ ਮਾਮਲੇ ਵਿਚ ਲਹਿੰਦਾ ਪੰਜਾਬ ਅਜੇ ਚੜ੍ਹਦੇ ਪੰਜਾਬ ਤੋਂ ਕਿਤੇ ਪਿਛਾਂਹ ਹੈ। ਇਸ ਦੇ ਕਈ ਸਿਆਸੀ ਅਤੇ ਹੋਰ ਕਾਰਨ ਹੋ ਸਕਦੇ ਹਨ, ਪਰ ਲਹਿੰਦੇ ਪੰਜਾਬ ਵਿਚ ਸੁਰਾਂ ਦਾ ਜਿਹੜਾ ਦਰਿਆ ਲਗਾਤਾਰ ਵਗ ਰਿਹਾ ਹੈ, ਉਸ ਦਾ ਜਵਾਬ ਕੋਈ ਨਹੀਂ ਹੈ। ਹੁਣ ਨਵੇਂ ਉਠੇ ਗਾਇਕਾਂ ਨੇ ਵੀ ਸੁਰਾਂ ਦੀ ਇਸ ਤਾਲ ਨੂੰ ਬਾਕਾਇਦਾ ਬਰਕਰਾਰ ਰੱਖਿਆ ਹੈ। ਇਨ੍ਹਾਂ ਨਵੀਆਂ ਸੁਰਾਂ ਨਾਲ ਅਸੀਂ ਆਪਣੇ ਪਾਠਕਾਂ ਨਾਲ ਗਾਹੇ-ਬਗਾਹੇ ਸਾਂਝ ਪੁਆਉਂਦੇ ਰਹਾਂਗੇ। ਇਸ ਵਾਰ ਫਰੀਹਾ ਪਰਵੇਜ਼ ਨਾਲ ਸਾਂਝ ਪੁਆ ਰਹੇ ਹਾਂ। -ਸੰਪਾਦਕ*

ਪਾਕਿਤਸਾਨ ਦੀ ਉਮਦਾ ਗਾਇਕਾ ਫਰੀਹਾ ਪਰਵੇਜ਼ ਅੱਜ ਕੱਲ੍ਹ ਬਾਬਾ ਬੁੱਲ੍ਹੇ ਸ਼ਾਹ ਦੀ ਰਚਨਾ 'ਮੱਕੇ ਗਿਆਂ' ਨਾਲ ਖੂਬ ਚਰਚਾ ਵਿਚ ਹੈ। ਇਸ ਰਚਨਾ ਨੂੰ ਉਸ ਨੇ ਪਹਿਲਾਂ ਵਾਂਗ ਹੀ ਪੂਰੀ ਰੂਹ ਨਾਲ ਗਾਇਆ ਹੈ ਅਤੇ ਮੇਲਾ ਹੀ ਲੁੱਟ ਲਿਆ ਹੈ। ਫਰੀਹਾ ਪਰਵੇਜ਼ ਦੀਆਂ ਹੁਣ ਤੱਕ ਸੱਤ ਐਲਬਮਾਂ ਰਿਲੀਜ਼ ਚੁੱਕੀਆਂ ਹਨ। ਉਸ ਦੀ ਮਗਰਲੀ ਐਲਬਮ 'ਅਭੀ ਅਭੀ' ਪੰਜ ਸਾਲ ਪਹਿਲਾਂ 2010 ਵਿਚ ਰਿਲੀਜ਼ ਹੋਈ ਸੀ। ਉਸ

**ਆਮਨਾ ਅਮੀਨ, ਲਾਹੌਰ**

ਦੀ ਪਹਿਲੀ ਐਲਬਮ 'ਨਾਈਸ ਐਂਡ ਨੌਟੀ' 1996 ਵਿਚ ਆਈ ਸੀ। ਉਸ ਦੀਆਂ ਹੋਰ ਐਲਬਮਾਂ ਵਿਚ 'ਪੈਸ਼ਨ', 'ਪੀਆ', 'ਝੁਮਕਾ' ਆਦਿ ਸ਼ਾਮਲ ਹਨ।

2 ਫ਼ਰਵਰੀ 1970 ਨੂੰ ਲਹਿੰਦੇ ਪੰਜਾਬ ਦੇ ਸ਼ਹਿਰ ਲਾਹੌਰ ਵਿਚ ਜੰਮੀ ਫਰੀਹਾ ਪਰਵੇਜ਼ ਨੂੰ ਗਾਇਨ ਵਿਰਾਸਤ ਵਿਚ ਮਿਲਿਆ। 1995 ਵਿਚ ਉਸ ਨੇ ਕਲਾਸੀਕਲ ਸੰਗੀਤ ਦੀ ਸਿਖਲਾਈ ਲਈ। ਹੁਣ ਤੱਕ ਉਸ ਨੇ ਆਪਣੇ ਕਜ਼ਨ ਅਰਿਫਾ ਸਿੱਦੀਕ, ਇਰਮ ਹਸਨ, ਸਿਮੀ ਜ਼ੈਦੀ, ਸ਼ਬਨਮ ਮਜੀਦ ਅਤੇ ਸਾਇਰਾ ਨਸੀਮ ਨਾਲ ਰਲ ਕੇ ਗਾਇਆ ਹੈ। ਯਾਦ ਰਹੇ ਕਿ 2013 ਵਿਚ ਚੜ੍ਹਦੇ ਪੰਜਾਬ ਵਿਚ ਹੋਏ ਵਿਸ਼ਵ ਕਬੱਡੀ ਕੱਪ ਦੇ ਸਮਾਪਤੀ ਸਮਾਰੋਹ ਮੌਕੇ ਵੀ ਉਸ ਨੇ ਆਪਣੇ ਫਨ ਦਾ ਜਲਵਾ ਦਿਖਾਇਆ ਸੀ। ਉਸ ਵੇਲੇ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ਼ ਵੀ ਪੁੱਜੇ ਹੋਏ ਸਨ।

ਫਰੀਹਾ ਪਰਵੇਜ਼ ਨੇ ਪਹਿਲਾਂ ਪਹਿਲ ਅਦਾਕਾਰੀ ਦੇ ਖੇਤਰ ਵਿਚ ਪੈਰ ਪਾਇਆ ਸੀ। ਇਹ 1990ਵਿਆਂ ਦੀ ਸ਼ੁਰੂਆਤ ਦੀਆਂ ਗੱਲਾਂ ਹਨ। ਉਦੋਂ ਉਸ ਨੇ ਬੱਚਿਆਂ ਲਈ ਨਾਟਕ 'ਐਨਕ ਵਾਲਾ ਜਿੰਨ' ਸਮੇਤ ਕਈ ਹੋਰ ਡਰਾਮਿਆਂ ਵਿਚ ਵੀ ਕੰਮ ਕੀਤਾ। 'ਐਨਕ ਵਾਲਾ ਜਿੰਨ' ਤਾਂ ਖੂਬ



ਮਕਬੂਲ ਹੋਇਆ ਸੀ। ਇਸ ਤੋਂ ਕੁਝ ਸਾਲਾਂ ਬਾਅਦ ਉਸ ਨੇ ਸੰਗੀਤ ਦੇ ਖੇਤਰ ਵਿਚ ਜਾਣ ਦਾ ਫੈਸਲਾ ਕੀਤਾ। ਇਸ ਬਾਬਤ ਉਸ ਨੇ ਕਲਾਸੀਕਲ ਸੰਗੀਤ ਦੀ ਬਕਾਇਦਾ ਸਿੱਖਿਆ ਹਾਸਲ ਕੀਤੀ। ਉਹਦੀ ਪਹਿਲੀ ਹੀ ਐਲਬਮ 'ਨਾਈਸ ਐਂਡ ਨੌਟੀ' ਨੂੰ ਲੋਕਾਂ ਨੇ ਖੂਬ ਹੁੰਗਾਰਾ ਭਰਿਆ। ਉਸ ਨੇ ਕੁਝ ਮਸ਼ਹੂਰ ਗਾਇਕਾਵਾਂ ਵੱਲੋਂ ਗਾਏ ਗੀਤ ਵੀ ਗਾਏ। ਇਸ ਤੋਂ ਬਾਅਦ ਤਾਂ ਉਸ ਲਈ ਰਾਹ-ਦਰ-ਰਾਹ ਬਣਦੇ ਗਏ। ਉਸ ਨੇ ਪਾਕਿਸਤਾਨ ਦੀਆਂ ਕਈ ਫਿਲਮਾਂ ਜਿਵੇਂ ਚੀਫ਼ ਸਾਹਿਬ, ਸਲਾਇਬ, ਘੂੰਗਟ, ਸੰਗਮ, ਇੰਤਹਾ ਅਤੇ ਮੂਸਾ ਖ਼ਾਨ ਲਈ ਗੀਤ ਗਾਏ। ਫਰੀਹਾ ਪਰਵੇਜ਼ ਨੇ ਟੀ.ਵੀ. ਪ੍ਰੋਗਰਾਮ ਵੀ ਕੀਤੇ ਜਿਸ ਵਿਚ ਅਮੀਰ ਖੁਸਰੋ ਦੇ ਗੀਤਾਂ ਵਾਲਾ ਪ੍ਰੋਗਰਾਮ ਵੀ ਸ਼ਾਮਲ ਹੈ। ਇਨ੍ਹਾਂ ਪ੍ਰੋਗਰਾਮਾਂ ਦਾ ਨਾਂ 'ਵਹੁ ਬਹਾਰ ਆਈ' ਅਤੇ 'ਚਿਲਮਨ' ਰੱਖੇ ਗਏ ਸਨ। ਇਸ ਤੋਂ ਇਲਾਵਾ ਉਸ ਨੇ ਪੀ.ਟੀ.ਵੀ. ਲਈ ਵਿਰਸਾ ਸੀਰੀਜ਼ ਤਹਿਤ ਕਈ ਗੀਤ ਗਾਏ। ਇਹ ਪ੍ਰੋਗਰਾਮ ਮੀਆਂ ਯੂਸਫ਼ ਸਲਾਹੂਦੀਨ ਵੱਲੋਂ ਤਿਆਰ ਕੀਤਾ ਗਿਆ ਸੀ। ਉਸ ਨੇ ਉਸਤਾਦ ਬੜੇ ਗੁਲਾਮ ਅਲੀ ਖ਼ਾਨ ਨੂੰ ਸਮਰਪਿਤ ਵੀਡੀਓ 'ਯਾਦ ਪੀਆ ਕੀ' ਰਿਲੀਜ਼ ਕੀਤੀ ਜਿਸ ਦੀ ਖੂਬ ਤਾਰੀਫ ਹੋਈ। ਇਹ ਗੀਤ ਉਸ ਦੀ ਛੇਵੀਂ ਐਲਬਮ 'ਪੈਸ਼ਨ' ਵਿਚ ਸ਼ਾਮਲ ਹੈ। ਉਸ ਦਾ ਆਖਣਾ ਹੈ ਕਿ ਸੁਰ ਤੇ ਤਾਲ ਉਸ ਦੀ ਰਗ ਰਗ ਵਿਚ ਵਹਿ ਰਹੇ ਹਨ।

## ਸਟੇਜ ਤੋਂ ਸੁਰਾਂ ਤੱਕ

*ਫਰੀਹ ਪਰਵੇਜ਼ ਨੇ ਆਪਣੇ ਕਰੀਅਰ ਦੀ ਸ਼ੁਰੂਆਤ 1990ਵਿਆਂ ਦੇ ਆਰੰਭ ਵਿਚ ਵੱਖ ਵੱਖ ਪ੍ਰੋਗਰਾਮਾਂ ਦੀ ਐਂਕਰਿੰਗ ਅਤੇ ਨਾਟਕਾਂ ਵਿਚ ਅਦਾਕਾਰੀ ਨਾਲ ਕੀਤੀ ਸੀ। ਉਹਨੇ 'ਐਨਕ ਵਾਲਾ ਜਿੰਨ' ਸਮੇਤ ਕਈ ਲੜੀਵਾਰਾਂ ਵਿਚ ਅਦਾਕਾਰੀ ਨਾਲ ਧਿਆਨ ਖਿੱਚਿਆ, ਪਰ ਛੇਤੀ ਹੀ ਉਹ ਸੁਰ-ਤਾਲ ਨੂੰ ਸਮਰਪਿਤ ਹੋ ਗਈ। ਉਹਦੀ ਪਹਿਲੀ ਐਲਬਮ 1996 ਵਿਚ ਆਈ ਸੀ ਅਤੇ ਹੁਣ ਤੱਕ ਸੱਤ ਐਲਬਮਾਂ ਮਾਰਕੀਟ ਵਿਚ ਆ ਚੁੱਕੀਆਂ ਹਨ। ਉਹਦੀ ਹਰ ਐਲਬਮ ਹਿੱਟ ਗੀਤਾਂ ਨਾਲ ਸ਼ਿੰਗਾਰੀ ਹੋਈ ਹੈ।*




# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 10 ਅਕਤੂਬਰ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-189



*ਟੁੱਟੀਆਂ ਮੰਜੀਆਂ ਉਤੇ ਕੱਟ ਲਈ ਏਦਾਂ ਆਪਾਂ ਸਾਰੀ।*
*ਪਰ ਨਾ ਸੁੱਖ ਦੀ ਚੰਦਰੀ ਕਦੇ ਵੀ ਘੜੀ ਸੀ ਇਕ ਗੁਜ਼ਾਰੀ।*
*ਗੋਹੇ-ਕੂੜੇ ਵਿਚ ਹੀ ਲੰਘ ਗਿਆ ਜੋਰ ਜਵਾਨੀ ਵਾਲਾ।*
*ਭਜਨ ਕੌਰ ਨੂੰ ਛੱਡ ਕੇ 'ਕੱਲੀ ਤੁਰ ਗਿਆ ਸਾਈਂ ਜਵਾਲਾ।*

## ਕੈਪਸ਼ਨ ਮੁਕਾਬਲਾ-187



ਮੁੰਡਾ ਕੋਈ ਨਾ ਦੁੱਖ ਵੰਡਾਉਂਦਾ
ਹਰ ਕੋਈ ਆਪਣੀ ਹਿੰਡ ਪੁਗਾਉਂਦਾ।
ਧੀਆਂ ਹੁੰਦੀਆਂ ਦੁੱਖ ਵੰਡਾਉਂਦੀਆਂ
ਲੋਕੋ ਪੁੱਤ ਵੰਡਾਉਣ ਜ਼ਮੀਨਾਂ।
ਕੀਤੀ ਮਿਹਨਤ ਭਗਵਾਨ ਕੁਰੇ
ਕੀਤਾ ਇਕ ਸੀ ਖੂਨ ਪਸੀਨਾ।
ਦਵਾਈ ਤੇਰੀ ਲਈ ਪੈਸੇ ਹੈ ਨਹੀਂ
ਹੋ ਗਿਆ ਪੂਰਾ ਇਕ ਮਹੀਨਾ।
ਬਦਲਿਆ ਜ਼ਮਾਨਾ, ਬਦਲੇ ਲੋਕ
ਨੂੰਹਾਂ ਪਾਉਣ ਲੱਗ ਪਈਆਂ ਜੀਨਾਂ।
ਹੱਥ ਫੜ੍ਹ ਲੈ ਮੇਰਾ ਘੁੱਟ ਕੇ
ਇਹ ਜ਼ਮਾਨਾ ਬੜਾ ਕਮੀਨਾ।
ਜੀਵਨ ਬੀਤਾਇਆ ਇਕੱਠਿਆਂ
ਇਕੱਠਿਆਂ ਮਰੀਏ, ਰੱਖੀ ਆਸ।
ਧੁਰ ਦਰਗਾਹ ਇਕੱਠੇ ਜਾਈਏ
ਰੱਬਾ ਇਹੋ ਸਾਡੀ ਅਰਦਾਸ।
*-ਗੋਰਾ ਪ੍ਰਜਾਪਤ, ਨਿਊ ਯਾਰਕ*

---

ਪੁੱਤ ਤਾਂ ਹੁਣ ਪਰਦੇਸੀ ਹੋ ਗਏ
ਆਪੋ ਵਿਚੀ ਸਾਥ ਨਿਭਾਈਏ।
ਬਹੁਤੀ ਲੰਘੀ ਥੋੜ੍ਹੀ ਰਹਿ ਗੀ
ਇਹ ਵੀ ਲੱਜ਼ਤ ਨਾਲ ਲੰਘਾਈਏ।
ਘਰ ਜਦ ਖਾਣ ਨੂੰ ਆਵੇ ਸਾਨੂੰ
ਚੁੱਕ ਲਾਠੀਆਂ ਸ਼ਹਿਰ ਹੋ ਆਈਏ।
ਬੋਝ ਤਾਂ ਭਾਵੇਂ ਬਹੁਤਾ ਹੈ ਨੀ
ਇਸੇ ਬਹਾਨੇ ਕਰਿੰਗੜੀ ਪਾਈਏ।
*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਜਵਾਨੀ ਦੇ ਦਿਨ ਚਾਰ ਨੇ ਕਹਿੰਦੇ
ਜਦੋਂ ਲਈਆਂ ਸਨ ਲਾਵਾਂ।
ਉਮਰਾਂ ਲੰਘੀਆਂ ਪੱਬਾਂ ਭਾਰ
ਹੁਣ ਬੁਢਾਪੇ 'ਚ ਕਿਧਰ ਨੂੰ ਜਾਵਾਂ।
ਧੀਆਂ-ਪੁੱਤ 'ਆਪਣਿਆਂ' ਦੇ ਹੋਏ
ਅਸੀਂ ਕਿਉਂ ਵਿਚਾਰੇ ਕਹਾਈਏ।
ਆਖਰੀ ਸਾਹਾਂ ਤੱਕ ਨਿਭ ਜਾਵੇ
ਇਹ ਰੱਬ ਤੋਂ ਸਦਾ ਹੀ ਚਾਹੀਏ।
*-ਸੇਵਾ ਸਿੰਘ ਨੂਰਪੁਰੀ*

---

ਹੁੰਦੀ ਉਮਰਾਂ ਦੀ ਸਾਂਝ ਸੀ
ਪੁਰਾਣੇ ਵੇਲਿਆ ਦੇ ਪਿਆਰ ਦੀ।
ਫੜਦੇ ਸੀ ਪੱਲਾ ਜਿਹੜਾ
ਲਾਜ਼ ਰੱਖਦੇ ਸੀ ਉਸ ਕਾਜ ਦੀ।
ਦੁਨੀਆਂ ਲਈ ਬਣ ਜਾਂਦੀ ਮਿਸਾਲ
ਬੁਢਾਪੇ ਵਿਚ ਨਿਭਾਏ ਸਾਥ ਦੀ।
ਅੱਜ ਕਲ ਤਾਂ ਟੁੱਟ ਜਾਂਦੇ ਰਿਸ਼ਤੇ
ਹਾਉਮੈ ਤੇ ਪੈਸੇ ਦੀ ਗੱਲਬਾਤ 'ਤੇ।
*-ਸਤਵਿੰਦਰ ਥਾਂਦੀ ਦੌਲਤਪੁਰੀ*

## ਕੈਪਸ਼ਨ ਮੁਕਾਬਲਾ-185

ਇਕ ਦਬਾਵੇ, ਦੂਜਾ ਖਿੱਚੇ
ਜਿੰਦਾ ਪਾਵੇ ਡੌਲਾਂ।
ਦੋ ਡੌਲਾਂ ਨੂੰ ਨੇੜੇ ਕਰਕੇ
ਇਹੀ ਬਣਾਵੇ ਔਲਾਂ।
ਸਿੰਜਣ ਵੇਲੇ ਹੋਣ ਸਹਾਈ
ਖੇਤ 'ਚ ਵੱਟਾਂ ਪਾਈਆਂ।
ਬੀਜਣ ਮਗਰੋਂ ਡੌਲ ਲਈ
ਤਾਈਓਂ ਕਰੇ ਕੋਈ ਨਾ ਘੌਲਾਂ।
*-ਨਿੰਮਾ ਡੱਲੇਵਾਲਾ*

# ਨਵਤੇਜ ਸਰਨਾ ਹੋਣਗੇ ਇੰਗਲੈਂਡ 'ਚ ਭਾਰਤ ਦੇ ਨਵੇਂ ਹਾਈ ਕਮਿਸ਼ਨਰ

**ਲੰਡਨ:** ਭਾਰਤੀ ਵਿਦੇਸ਼ ਮੰਤਰਾਲੇ ਦੇ ਸੀਨੀਅਰ ਅਧਿਕਾਰੀ ਨਵਤੇਜ ਸਰਨਾ ਭਾਰਤ ਦੇ ਇੰਗਲੈਂਡ ਵਿਚ ਨਵੇਂ ਰਾਜਦੂਤ ਹੋਣਗੇ। ਉਹ ਰੰਜਨ



ਮਥਾਈ ਦੀ ਥਾਂ ਲੈਣਗੇ। ਨਵਤੇਜ ਸਰਨਾ ਦੀ ਇੰਗਲੈਂਡ ਵਿਚ ਨਿਯੁਕਤੀ ਹੋਣ ਨਾਲ ਬਰਤਾਨੀਆ ਵਿਚ ਰਹਿਣ ਵਾਲਾ ਸਿੱਖ ਭਾਈਚਾਰਾ ਕਾਫ਼ੀ ਖ਼ੁਸ਼ ਹੈ। ਨਵਤੇਜ ਸਿੰਘ ਸਰਨਾ ਦਾ ਸਬੰਧ ਪੰਜਾਬ ਦੇ ਜ਼ਿਲ੍ਹਾ ਜਲੰਧਰ ਨਾਲ ਹੈ। ਉਨ੍ਹਾਂ ਨੇ ਦਿੱਲੀ ਯੂਨੀਵਰਸਿਟੀ ਤੋਂ ਲਾਅ ਦੀ ਡਿਗਰੀ ਹਾਸਲ ਕੀਤੀ ਤੇ 1980 ਵਿਚ ਉਹ ਭਾਰਤੀ ਵਿਦੇਸ਼ ਸੇਵਾ ਵਿਚ ਸ਼ਾਮਲ ਹੋ ਗਏ। ਨਵਤੇਜ ਸਰਨਾ ਇਸ ਤੋਂ ਪਹਿਲਾਂ ਵੀ ਕਈ ਵੱਡੇ ਅਹੁਦਿਆਂ ਉਤੇ ਸੇਵਾ ਨਿਭਾਅ ਚੁੱਕੇ ਹਨ।

ਉਨ੍ਹਾਂ ਵੱਲੋਂ ਕਈ ਕਿਤਾਬਾਂ ਵੀ ਲਿਖੀਆਂ ਹਨ। ਭਾਰਤੀ ਵਿਦੇਸ਼ ਮੰਤਰਾਲੇ ਨੇ ਸੰਯੁਕਤ ਰਾਸ਼ਟਰ ਸੰਘ, ਇੰਗਲੈਂਡ, ਪਾਕਿਸਤਾਨ, ਚੀਨ ਅਤੇ ਜਾਪਾਨ ਵਿਚ ਨਵੇਂ ਹਾਈ ਕਮਿਸ਼ਨ ਦੀ ਨਿਯੁਕਤੀ ਕੀਤੀ ਹੈ। ਪਾਕਿਸਤਾਨ ਵਿਚ ਭਾਰਤ ਦੇ ਨਵੇਂ ਰਾਜਦੂਤ ਗੌਤਮ ਬੰਬੇ ਵਾਲੇ ਨੂੰ ਨਿਯੁਕਤ ਕੀਤਾ ਗਿਆ ਹੈ। ਬੰਬੇ ਵਾਲੇ ਮੌਜੂਦਾ ਰਾਜਦੂਤ ਟੀ.ਸੀ.ਏ. ਰਾਘਵਨ ਦੀ ਥਾਂ ਲੈਣਗੇ ਜੋ ਕਿ 31 ਦਸੰਬਰ ਨੂੰ ਸੇਵਾ ਮੁਕਤ ਹੋ ਰਹੇ ਹਨ।

ਵਿਦੇਸ਼ ਮੰਤਰਾਲੇ ਦੇ ਸਾਬਕਾ ਬੁਲਾਰੇ ਸਈਅਦ ਅਕਬਰੂਦੀਨ ਨੂੰ ਅਸ਼ੋਕ ਮੁਖਰਜੀ ਦੀ ਥਾਂ ਉਤੇ ਨਿਊਯਾਰਕ ਵਿਖੇ ਸੰਯੁਕਤ ਰਾਸ਼ਟਰ ਵਿਚ ਭਾਰਤ ਦਾ ਪੱਕਾ ਡਿਪਲੋਮੈਟ ਨਿਯੁਕਤ ਕੀਤਾ ਗਿਆ ਹੈ। ਜਰਮਨੀ ਵਿਚ ਭਾਰਤ ਦੇ ਮੌਜੂਦਾ ਰਾਜਦੂਤ ਵਿਜੇ ਗੋਖਲੇ ਚੀਨ ਵਿਚ ਨਵੇਂ ਭਾਰਤੀ ਰਾਜਦੂਤ ਹੋਣਗੇ, ਜੋ ਕਿ ਅਸ਼ੋਕ ਕਾਂਤਾ ਦੀ ਥਾਂ ਲੈਣਗੇ।

## ਜਹਾਦੀਆਂ 'ਚ 30 ਹਜ਼ਾਰ ਵਿਦੇਸ਼ੀ

**ਨਿਊ ਯਾਰਕ:** ਅਮਰੀਕੀ ਮੀਡੀਆ ਮੁਤਾਬਕ ਸਾਲ 2011 ਤੋਂ ਤਕਰੀਬਨ 30 ਹਜ਼ਾਰ ਵਿਦੇਸ਼ੀ ਅਤਿਵਾਦ ਜਥੇਬੰਦੀ ਇਸਲਾਮਿਕ ਸਟੇਟ ਵਿਚ ਭਰਤੀ ਹੋਣ ਲਈ ਸੀਰੀਆ ਤੇ ਇਰਾਕ ਗਏ ਹਨ। ਇਨ੍ਹਾਂ ਵਿਚ 250 ਅਮਰੀਕੀ ਹਨ। ਰਿਪੋਰਟ ਮੁਤਾਬਕ ਇਹ ਵਿਦੇਸ਼ੀ 100 ਤੋਂ ਵੱਧ ਮੁਲਕਾਂ ਨਾਲ ਸਬੰਧਤ ਹਨ।

## ਮੰਗਲ ਉਤੇ ਮਿਲੇ ਪਾਣੀ ਦੇ ਸਬੂਤ

**ਵਾਸ਼ਿੰਗਟਨ:** ਅਮਰੀਕੀ ਏਜੰਸੀ ਨਾਸਾ ਨੇ ਦਾਅਵਾ ਕੀਤਾ ਹੈ ਕਿ ਮੰਗਲ ਗ੍ਰਹਿ 'ਤੇ ਵਹਿੰਦੇ ਪਾਣੀ ਦੇ ਸਬੂਤ ਮਿਲੇ ਹਨ। ਨਾਸਾ ਦੇ ਡਾਇਰੈਕਟਰ ਜਿਮ ਗਰੀਨ ਨੇ ਦੱਸਿਆ ਕਿ ਪਹਿਲਾਂ ਸਾਡੀ ਸੋਚ ਮੁਤਾਬਕ ਮੰਗਲ ਸੁੱਕਿਆ ਤੇ ਬੰਜਰ ਗ੍ਰਹਿ ਨਹੀਂ ਸੀ ਪਰ ਕੁਝ ਹਾਲਾਤ ਤਹਿਤ ਹੁਣ ਮੰਗਲ 'ਤੇ ਪਾਣੀ ਪਾਇਆ ਗਿਆ ਹੈ।

ਵਿਗਿਆਨੀ ਪਹਿਲਾਂ ਸੋਚਦੇ ਸਨ ਕਿ ਇਸ ਗ੍ਰਹਿ 'ਤੇ ਪਾਣੀ ਦੇ ਇਕ ਵਾਰ ਪ੍ਰਵਾਹ ਕਾਰਨ ਹੀ ਇਸ ਉਤੇ ਵਾਦੀਆਂ ਬਣੀਆਂ ਹਨ। ਗ੍ਰਹਿ ਦਾ 30 ਕਰੋੜ ਸਾਲ ਪਹਿਲਾਂ ਦਾ ਵਾਤਾਵਰਣ ਹੁਣ ਬਿਲਕੁੱਲ ਤਬਦੀਲ ਹੋ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਵਿਗਿਆਨਕਾਂ ਵੱਲੋਂ 4 ਸਾਲ ਪਹਿਲਾਂ ਮੰਗਲ 'ਤੇ ਪਾਈਆਂ ਗਈਆਂ ਕਾਲੀਆਂ ਧਾਰੀਆਂ ਬਾਰੇ ਡੂੰਘੀ ਖੋਜ ਕੀਤੀ ਗਈ ਤੇ ਉਹ ਇਨ੍ਹਾਂ ਕਾਲੀਆਂ ਧਾਰੀਆਂ ਨੂੰ ਪਾਣੀ ਕਹਿਣ ਲਈ ਤਿਆਰ ਹਨ।

Northwest Truck Driving School
3241 Industrial Drive, Yuba City, CA 95993

ਨਾਰਥਵੈਸਟ ਟਰੱਕਿੰਗ ਕੰਪਨੀ ਨੇ ਯੂਬਾ ਸਿਟੀ ਵਿਚ ਆਪਣਾ ਟਰੱਕ ਡਰਾਈਵਿੰਗ ਸਕੂਲ ਖੋਲ੍ਹ ਦਿੱਤਾ ਹੈ

- ਇਥੇ $1200 ਵਿਚ Commercial A Class License ਲੈਣ ਲਈ 10 ਸਪੀਡ ਦੇ ਟਰੱਕ ਸਿਖਾਉਂਦੇ ਹਾਂ
- ਲਾਇਸੈਂਸ ਮਿਲਣ 'ਤੇ ਜੌਬ ਦੀ ਗਾਰੰਟੀ

Northwest Freightway ਨੂੰ ਡਰਾਈਵਰਾਂ ਦੀ ਲੋੜ ਹੈ
40 ਸੈਂਟ ਪ੍ਰਤੀ ਮੀਲ



ਹੋਰ ਜਾਣਕਾਰੀ ਲਈ ਸੰਪਰਕ ਕਰੋ
ਗੁਰਪ੍ਰੀਤ ਸੰਘਾ, ਫੋਨ: 530-777-6737

*To Advertise with Punjab Times Call: 847-359-0746*

Need Water? Tired of waiting in Line?
Call: 844-486-9355
We have Multiple Drilling Rigs
and We Convert Pumps to Solar too
Run Your Well Without Bill



Kamaljit Dhillon



Simran Deol



Deep Grewal

Hydro Tech Solutions
One Stop Shop





# ਸੈਰ ਸਪਾਟਾ ਖੇਤਰ ਵਿਚ ਹੁਣ ਪੰਜਾਬ ਦੇ ਦਿਨ ਫਿਰਨ ਲੱਗੇ

**ਸ੍ਰੀ ਆਨੰਦਪੁਰ ਸਾਹਿਬ:** ਸੈਰ ਸਪਾਟਾ ਖੇਤਰ ਵਿਚ ਪੰਜਾਬ ਦੇ ਦਿਨ ਫਿਰਨ ਲੱਗੇ ਹਨ। ਸੂਬੇ ਵਿਚ ਦੇਸ ਵਿਦੇਸ ਤੋਂ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਵਿਚ ਜ਼ਿਕਰਯੋਗ ਵਾਧਾ ਹੋਇਆ ਹੈ। ਖ਼ਾਸਕਰ ਪੁਆਧ ਖ਼ਿੱਤੇ ਨੇ ਇਸ ਪਾਸੇ ਵਿਸ਼ੇਸ਼ ਮੱਲਾਂ ਮਾਰੀਆਂ ਹਨ। ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਵੱਸਿਆ ਪੁਆਧ ਦਾ ਉਹ ਖਿੱਤਾ ਜਿਸ ਵਿਚ ਖਾਲਸਾ ਪੰਥ ਦਾ ਜਨਮ ਅਸਥਾਨ ਸ੍ਰੀ ਆਨੰਦਪੁਰ ਸਾਹਿਬ, ਨੰਗਲ ਡੈਮ, ਭਾਖੜਾ ਡੈਮ ਦਾ ਵਿਸ਼ੇਸ਼ ਜ਼ਿਕਰ ਆਉਂਦਾ ਹੈ, ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣ ਰਿਹਾ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਵਿਰਾਸਤ-ਏ-ਖਾਲਸਾ ਦੇ ਦਰਸ਼ਨਾਂ ਤੋਂ ਬਿਨਾਂ ਸੈਲਾਨੀ ਆਪਣੀ ਯਾਤਰਾ ਅਧੂਰੀ ਸਮਝਦੇ ਹਨ।

ਸਾਲ 2011 ਵਿਚ ਸਮੁੱਚੀ ਲੋਕਾਈ ਨੂੰ ਸਮਰਪਤ ਕੀਤਾ ਗਿਆ ਇਹ ਪ੍ਰੋਜੈਕਟ ਦੁਨੀਆਂ ਭਰ ਵਿਚ ਸਭ ਤੋਂ ਵੱਧ ਪਸੰਦ ਕੀਤੇ ਜਾਣ ਵਾਲੇ ਅਜਾਇਬ ਘਰਾਂ ਵਿਚ ਸ਼ੁਮਾਰ ਹੋ ਚੁੱਕਿਆ ਹੈ। ਇਹੀ ਕਾਰਨ ਹੈ ਕਿ ਮਹਿਜ਼ 45 ਮਹੀਨਿਆਂ ਵਿਚ ਇਸ ਅਜਾਇਬ ਘਰ ਨੂੰ 61 ਲੱਖ ਤੋਂ ਵੱਧ ਸੈਲਾਨੀ ਵੇਖ ਚੁੱਕੇ ਹਨ। ਜੋ ਆਪਣੇ ਆਪ ਵਿਚ ਇਕ ਰਿਕਾਰਡ ਹੈ। ਦੇਸ਼ ਤੇ ਦੁਨੀਆਂ ਦੇ ਸੈਲਾਨੀ ਪੰਜਾਬ ਵਿਚ ਕਿਸੇ ਹੋਰ ਥਾਂ ਜਾਣ ਨਾਲੋਂ ਇਥੇ ਆਉਣਾ ਵੱਧ ਪਸੰਦ ਕਰਦੇ ਹਨ। ਇਸੇ ਤਰ੍ਹਾਂ ਨੰਗਲ ਜਾਂ ਭਾਖੜਾ ਡੈਮ 'ਤੇ ਵੀ ਸੈਲਾਨੀਆਂ ਦੀ ਗਿਣਤੀ ਵਿਚ ਭਾਰੀ ਵਾਧਾ ਹੋ ਰਿਹਾ ਹੈ। ਮੌਜੂਦਾ ਅੰਕੜਿਆਂ ਅਨੁਸਾਰ ਹਰ ਮਹੀਨੇ 35 ਤੋਂ 40 ਹਜ਼ਾਰ ਸੈਲਾਨੀ ਭਾਖੜਾ ਡੈਮ ਦੇਖਣ ਜਾਂਦੇ ਹਨ। ਹਾਲਾਂਕਿ ਭਾਖੜਾ ਡੈਮ 'ਤੇ ਸੁਰੱਖਿਆ ਕਾਰਨਾਂ ਕਰਕੇ ਆਮ ਸੈਲਾਨੀਆਂ ਨੂੰ ਦਿੱਕਤਾਂ ਦਾ ਵੀ ਜ਼ਰੂਰ ਸਾਹਮਣਾ ਕਰਨਾ ਪੈਂਦਾ ਹੈ ਪਰ ਜੇ ਇਥੇ ਸੈਲਾਨੀਆਂ ਨੂੰ ਖੁੱਲ੍ਹ ਮਿਲ ਜਾਵੇ ਤਾਂ ਇਥੇ ਗਿਣਤੀ ਲੱਖਾਂ ਵਿਚ ਹੋ ਸਕਦੀ ਹੈ।

ਸ਼੍ਰੋਮਣੀ ਕਮੇਟੀ ਅਧੀਨ ਆਉਂਦੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਇਲਾਵਾ ਨੰਗਲ ਵਿਖੇ ਸਥਿਤ ਗੁਰਦੁਆਰਾ ਭੋਰਾ ਸਾਹਿਬ ਵਿਖੇ ਵੀ ਸੈਲਾਨੀਆਂ ਦੀ ਆਮਦ ਵਿਚ ਪਿਛਲੇ ਸਾਲਾਂ ਦੀ ਤੁਲਨਾ ਵਿਚ ਕਾਫੀ ਵਾਧਾ ਹੋਇਆ ਹੈ। ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਦਾ ਕਹਿਣਾ ਹੈ ਕਿ ਹਰ ਸਾਲ ਇਥੇ ਲੱਖਾਂ ਸ਼ਰਧਾਲੂ ਮੱਥਾ ਟੇਕਣ ਆਉਂਦੇ ਹਨ। ਸ਼ਰਧਾਲੂਆਂ ਦੀ ਗਿਣਤੀ ਵਿਚ ਵਾਧਾ ਹੋਣ ਕਾਰਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਕੀਰਤਪੁਰ ਸਾਹਿਬ ਦੇ ਬਾਬਾ ਗੁਰਦਿੱਤਾ ਵਿਖੇ ਤੇ ਨੇੜ ਭਵਿੱਖ ਵਿਚ ਨੰਗਲ ਦੇ ਗੁਰਦੁਆਰਾ ਬਿਭੌਰ ਸਾਹਿਬ ਵਿਖੇ ਵੀ ਸਰਾਵਾਂ ਦੀ ਉਸਾਰੀਆਂ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਤਖ਼ਤ ਸਾਹਿਬ ਵਿਖੇ ਇਕ ਹਜ਼ਾਰ ਕਮਰਿਆਂ ਦੀ ਉਸਾਰੀ ਕਰਵਾਈ ਜਾ ਰਹੀ ਹੈ।

### ਸੈਲਾਨੀਆਂ ਦੀ ਗਿਣਤੀ ਵਿਚ ਜ਼ਿਕਰਯੋਗ ਵਾਧਾ



### ਵਿਰਾਸਤ-ਏ-ਖਾਲਸਾ ਸੈਲਾਨੀਆਂ ਦੀ ਪਹਿਲੀ ਪਸੰਦ

**ਸ੍ਰੀ ਆਨੰਦਪੁਰ ਸਾਹਿਬ:** ਵਿਰਾਸਤ-ਏ-ਖਾਲਸਾ ਦਾ ਨਿਰਮਾਣ ਇਲਾਕੇ ਦੇ ਲੋਕਾਂ ਵਿਚ ਆਰਥਿਕ ਖੁਸ਼ਹਾਲੀ ਲੈ ਕੇ ਆਇਆ ਹੈ। ਇਥੇ ਸੈਲਾਨੀਆਂ ਦੀ ਆਮਦ ਵਿਚ ਭਾਰੀ ਵਾਧਾ ਹੋਇਆ ਹੈ। ਇਸ ਅਜਾਇਬਘਰ ਦੇ ਨਿਰਮਾਣ ਤੋਂ ਬਾਅਦ ਸ੍ਰੀ ਆਨੰਦਪੁਰ ਸਾਹਿਬ ਦੇ ਆਸ-ਪਾਸ ਦੇ 40 ਕਿਲੋਮੀਟਰ ਦੇ ਘੇਰੇ ਵਿਚ ਵਪਾਰ ਸਿੱਧੇ ਜਾਂ ਅਸਿੱਧੇ ਤੌਰ 'ਤੇ ਉਤਸ਼ਾਹਿਤ ਹੋਇਆ ਹੈ। ਇਸ ਦੀ ਪੁਸ਼ਟੀ ਵਿਸ਼ਵ ਬੈਂਕ ਵੱਲੋਂ ਕਰਵਾਏ ਗਏ ਸਰਵੇਖਣ ਦੀ ਇਕ ਰਿਪੋਰਟ ਵਿਚ ਸਾਹਮਣੇ ਆਏ ਹਨ। ਇਸ ਖਿੱਤੇ ਵਿਚ ਸੈਰ ਸਪਾਟਾ ਉਦਯੋਗ ਦੇ ਪ੍ਰਫੁੱਲਿਤ ਹੋਣ ਦੀਆਂ ਬਹੁਤ ਸੰਭਾਵਨਾਵਾਂ ਹਨ ਤੇ ਆਉਣ ਵਾਲੇ ਸਮੇਂ ਵਿਚ ਪੰਜਾਬ ਵਿਚ ਇਹ ਖਿੱਤਾ ਸੈਲਾਨੀਆਂ ਦੀ ਪਹਿਲੀ ਪਸੰਦ ਬਣ ਜਾਵੇਗਾ।

## ਫੋਰਟਿਸ ਦੇ ਡਿਪਟੀ ਚੇਅਰਮੈਨ ਤੁਰੇ ਅਧਿਆਤਮਵਾਦ ਦੇ ਰਾਹ



**ਨਵੀਂ ਦਿੱਲੀ:** ਫੋਰਟਿਸ ਹੈਲਥਕੇਅਰ ਦੇ ਕਾਰਜਕਾਰੀ ਚੇਅਰਮੈਨ ਸ਼ਿਵਿੰਦਰ ਮੋਹਨ ਸਿੰਘ ਆਪਣਾ ਅਹੁਦਾ ਤਿਆਗ ਅਧਿਆਤਮਵਾਦ ਦੇ ਰਾਹ ਪੈ ਗਏ ਹਨ। ਉਹ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਲੜ ਲੱਗ ਰਹੇ ਹਨ।

ਕੰਪਨੀ ਦੇ ਬੁਲਾਰੇ ਮੁਤਾਬਕ ਕੰਪਨੀ ਦੇ ਸਹਿ ਸੰਸਥਾਪਕ ਸ਼ਿਵਿੰਦਰ ਮੋਹਨ ਸਿੰਘ ਇਕ ਜਨਵਰੀ 2016 ਤੋਂ ਕੰਪਨੀ ਦੇ ਅਹੁਦੇਦਾਰ ਨਹੀਂ ਰਹਿਣਗੇ। ਸ਼ਿਵਿੰਦਰ ਸਿੰਘ ਦਾ ਕਹਿਣਾ ਹੈ ਕਿ ਫੋਰਟਿਸ ਦੀ ਸਥਾਪਨਾ ਤੇ ਉਸ ਦਾ ਸੰਚਾਲਨ ਕਰਨ ਵਿਚ ਤਕਰੀਬਨ ਦੋ ਦਹਾਕੇ ਬਿਤਾਉਣ ਤੋਂ ਬਾਅਦ ਲੋਕਾਂ ਦੀ ਜ਼ਿੰਦਗੀ ਬਚਾਉਣ ਤੇ ਉਨ੍ਹਾਂ ਨੂੰ ਸੰਪਨ ਬਣਾਉਣ ਦਾ ਮਿਸ਼ਨ ਉਨ੍ਹਾਂ ਦੀ ਜ਼ਿੰਦਗੀ ਦਾ ਅਟੁੱਟ ਅੰਗ ਬਣ ਗਿਆ ਹੈ।

ਉਨ੍ਹਾਂ ਨੇ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਹੈੱਡਕੁਆਰਟਰ ਵਿਚ ਸੇਵਾ ਕਰਨ ਦੀ ਬੇਨਤੀ ਕੀਤੀ ਸੀ।

## ਹਰਿਮੰਦਰ ਸਾਹਿਬ ਵਿਖੇ ਰੌਸ਼ਨੀ ਪ੍ਰਾਜੈਕਟ ਨੂੰ ਹਰੀ ਝੰਡੀ

**ਜਲੰਧਰ:** ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਤੇ ਪਰਿਕਰਮਾ ਵਿਚ ਅੱਖਾਂ ਚੁੰਧਿਆਉਣ ਤੇ ਅਸਮਾਨ ਤੱਕ ਨੂੰ ਰੁਸ਼ਨਾਉਣ ਵਾਲੀਆਂ ਰੌਸ਼ਨੀਆਂ ਦੇ ਬਹੁ-ਕਰੋੜੀ ਪ੍ਰੋਜੈਕਟ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ ਤੇ ਇਸ ਮਹਿੰਗੇ ਤੇ ਵੱਡੇ ਪ੍ਰੋਜੈਕਟ ਦਾ ਕੰਮ ਦੁਬਈ ਦੀ ਇਕ ਨਾਮੀ ਕੰਪਨੀ ਨੂੰ ਸੌਂਪਿਆ ਜਾ ਰਿਹਾ ਹੈ। ਇਸ ਬਾਰੇ ਫੈਸਲਾ ਅਕਾਲੀ ਦਲ ਦੇ ਪ੍ਰਧਾਨ ਤੇ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਸ਼੍ਰੋਮਣੀ ਕਮੇਟੀ ਦੇ ਨਵ ਨਿਯੁਕਤ ਮੁੱਖ ਸਕੱਤਰ ਹਰਚਰਨ ਸਿੰਘ, ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਦੀ ਚੰਡੀਗੜ੍ਹ ਵਿਖੇ ਹੋਈ ਇਕ ਮੀਟਿੰਗ ਵਿਚ ਲਿਆ ਗਿਆ।

ਦੱਸਿਆ ਜਾਂਦਾ ਹੈ ਕਿ ਇਸ ਪ੍ਰੋਜੈਕਟ ਵਿਚ ਉਪ-ਮੁੱਖ ਮੰਤਰੀ ਵਿਸ਼ੇਸ਼ ਰੁਚੀ ਲੈ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਕਿਹਾ ਕਿ ਦਰਬਾਰ ਸਾਹਿਬ ਕੰਪਲੈਕਸ ਨੂੰ ਸੋਹਣਾ ਬਣਾਉਣ ਲਈ ਉਹ ਰੌਸ਼ਨੀਆਂ ਦਾ ਪ੍ਰੋਜੈਕਟ ਲਗਾ ਰਹੇ ਹਨ। ਤਕਰੀਬਨ ਤਿੰਨ ਸਾਲ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਸੀ.ਏ. ਐਸ.ਐਸ. ਕੋਹਲੀ ਇਹ ਪ੍ਰੋਜੈਕਟ ਲੈ ਕੇ ਆਏ ਸਨ। ਪਹਿਲਾਂ-ਪਹਿਲ ਤਾਂ ਇਹ ਪ੍ਰੋਜੈਕਟ 8 ਤੋਂ 10 ਕਰੋੜ ਦਾ ਹੀ ਦੱਸਿਆ ਜਾਂਦਾ ਸੀ, ਪਰ ਜਿਉਂ-ਜਿਉਂ ਇਸ ਦਾ ਆਕਾਰ ਵਧਦਾ ਗਿਆ ਤਾਂ ਇਹ ਪ੍ਰੋਜੈਕਟ 40 ਕਰੋੜ ਰੁਪਏ ਤੱਕ ਜਾ ਪੁੱਜਾ।

ਹੁਣ ਇਸ ਪ੍ਰੋਜੈਕਟ ਦਾ ਟੈਂਡਰ ਤਾਂ ਭਾਵੇਂ ਕੱਢਿਆ ਜਾਣਾ ਹੈ, ਪਰ ਪ੍ਰੋਜੈਕਟ ਮੁਕੰਮਲ ਕਰਨ ਵਾਲੀ ਕੰਪਨੀ ਅੰਦਰਖਾਤੇ ਪਹਿਲਾਂ ਹੀ ਤੈਅ ਹੋ ਚੁੱਕੀ ਹੈ। ਦੂਜੇ ਪਾਸੇ ਰੌਸ਼ਨੀਆਂ ਦੇ ਇਸ ਪ੍ਰੋਜੈਕਟ ਨਾਲ ਸਿੱਖ ਬੁੱਧੀਜੀਵੀਆਂ ਨੂੰ ਖਦਸ਼ਾ ਹੈ ਕਿ ਇਸ ਦੀ ਰੂਹਾਨੀ ਤੇ ਵਿਰਾਸਤੀ ਅਹਿਮੀਅਤ ਨੂੰ ਵੱਡਾ ਖ਼ਤਰਾ ਖੜ੍ਹਾ ਹੋ ਸਕਦਾ ਹੈ। ਅਜਿਹੇ ਲੋਕਾਂ ਦਾ ਕਹਿਣਾ ਹੈ ਕਿ ਚਕਾਚੌਂਧ ਰੌਸ਼ਨੀਆਂ ਕਰਕੇ ਸ੍ਰੀ ਹਰਿਮੰਦਰ ਸਾਹਿਬ ਨੂੰ ਰੂਹਾਨੀ ਦੀ ਥਾਂ ਸੈਲਾਨੀ ਕੇਂਦਰ ਨਹੀਂ ਬਣਾਇਆ ਜਾਣਾ ਚਾਹੀਦਾ। ਉਨ੍ਹਾਂ ਦਾ ਕਹਿਣਾ ਹੈ ਕਿ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਕਰਨ ਦਾ ਆਪਣਾ ਹੀ ਧਾਰਮਿਕ ਤੇ ਰੂਹਾਨੀ ਮਹੱਤਵ ਹੈ। ਇਸ ਜਗ੍ਹਾ ਨੂੰ ਰੌਸ਼ਨੀਆਂ ਦੀ ਜਗਮਗਾਹਟ ਵਿਚ ਗੁਆਉਣ ਦਾ ਮਤਲਬ ਇਸ ਦੀ ਰੂਹਾਨੀਅਤ ਨੂੰ ਦਾਅ ਲਾਉਣ ਬਰਾਬਰ ਹੈ।



## ਕੈਨੇਡੀਅਨ ਸਿੱਖ ਵਿਦਿਆਰਥੀ ਨੇ ਭਾਈਚਾਰੇ ਦਾ ਮਾਣ ਵਧਾਇਆ

**ਟੋਰਾਂਟੋ:** ਬਰੈਂਪਟਨ ਦੇ ਸਿੱਖ ਨੌਜਵਾਨ ਨੇ ਫੋਨ ਐਪ ਦਾ ਸੰਕਲਪ ਤਿਆਰ ਕਰਕੇ ਪੰਜਾਬੀ ਭਾਈਚਾਰੇ ਦਾ ਮਾਣ ਨਾਲ ਸਿਰ ਉੱਚਾ ਕੀਤਾ ਹੈ।

17 ਸਾਲਾ ਗੁਰਜੋਤ ਸਿੰਘ ਨੇ ਮਈ ਮਹੀਨੇ ਵਿਚ ਜਰਮਨੀ ਵਿਚ ਹੋਈ 'ਜੀ-7' ਸਿਖ਼ਰ ਸੰਮੇਲਨ ਵਿਚ ਐਸੇ 'ਫੋਨ ਐਪ' ਦਾ ਪ੍ਰਦਰਸ਼ਨ ਕੀਤਾ ਜਿਸ ਤੋਂ ਆਮ ਗਰੀਬ ਲੋਕ ਬੈਂਕਿੰਗ ਸੇਵਾਵਾਂ ਦੇ ਲਾਭ ਲੈ ਸਕਣਗੇ। ਉਹ ਇਥੋਂ ਨੌਰਥ ਪਾਰਕ ਸੈਕੰਡਰੀ ਸਕੂਲ ਦਾ ਵਿਦਿਆਰਥੀ ਹੈ ਤੇ ਉਹ ਬਰੈਂਪਟਨ ਦੀਆਂ ਪੰਜ ਹੋਰ ਵਿਦਿਆਰਥਣਾਂ ਦੀ ਟੀਮ ਨਾਲ ਜਰਮਨੀ ਵਿਚ ਕੌਮਾਂਤਰੀ ਨੌਜਵਾਨ ਸੰਮੇਲਨ ਵਿਚ ਕੈਨੇਡਾ ਦੀ ਟੀਮ ਵਜੋਂ ਸ਼ਾਮਲ ਹੋਇਆ ਸੀ। ਉਹ ਆਪਣੇ ਇਸ ਫੁਰਨੇ ਨੂੰ ਦੁਨੀਆਂ ਪੱਧਰ ਉੱਤੇ ਲੈਜਾਣਾ ਚਾਹੁੰਦਾ ਹੈ। ਉਹ ਕਹਿੰਦਾ ਹੈ ਕਿ ਜੋ ਸਰੋਤ ਤੇ ਸਹੂਲਤਾਂ ਵਿਕਸਤ ਮੁਲਕਾਂ ਦੇ ਲੋਕਾਂ ਕੋਲ ਹਨ, ਉਹ ਪ੍ਰਗਤੀਸ਼ੀਲ ਮੁਲਕਾਂ ਦੇ ਲੋਕਾਂ ਲਈ ਉਪਲਬਧ ਨਹੀਂ ਹਨ।

ਇਸੇ ਲਈ ਉਹ ਚਾਹੁੰਦਾ ਹੈ ਕਿ ਅਜਿਹਾ ਐਪ ਤਿਆਰ ਕੀਤਾ ਜਾਵੇ ਤਾਂ ਜੋ ਉਹ ਲੋਕ ਵੀ ਇਹ ਲਾਭ ਲੈ ਸਕਣ। ਉਹ ਆਪਣੇ ਅਗਲੇ ਕਈ ਸਾਲ ਇਸੇ ਐਪ ਨੂੰ ਵਿਕਸਤ ਕਰਨ ਉੱਤੇ ਲਾਵੇਗਾ। ਗੁਰਜੋਤ ਆਪਣੇ ਇਕਨਾਮਿਕਸ ਦੇ ਸਬਜੈਕਟ ਨਾਲ ਹੀ ਜੁੜਿਆ ਰਹੇਗਾ ਤੇ ਬਾਅਦ ਵਿਚ ਕਾਨੂੰਨ ਦੀ ਪੜ੍ਹਾਈ ਦਾ ਇੱਛੁਕ ਹੈ।

## ਭਾਗਵਤ ਤੇ ਓਵਾਇਸੀ ਦੀ ਇਕੱਠੀ ਤਸਵੀਰ ਉਤੇ ਭਖਿਆ ਵਿਵਾਦ

**ਨਵੀਂ ਦਿੱਲੀ:** ਕਾਂਗਰਸ ਦੇ ਸੀਨੀਅਰ ਨੇਤਾ ਦਿਗਵਿਜੇ ਸਿੰਘ ਵੱਲੋਂ ਟਵਿੱਟਰ ਉਤੇ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਤੇ ਆਲ ਇੰਡੀਆ ਮਜਲਿਸ ਏ-ਇਤਿਹਾਦ ਉਲ ਮੁਸਲਮੀਨ (ਏ.ਆਈ. ਐਮ.ਆਈ. ਐਮ.) ਦੇ ਮੁਖੀ ਅਸਦੂਦੀਨ ਓਵਾਇਸੀ ਦੀ ਇਕੱਠੀ ਤਸਵੀਰ ਪੋਸਟ ਕਰਨ 'ਤੇ ਵਿਵਾਦ ਖੜ੍ਹਾ ਹੋ ਗਿਆ ਹੈ।

ਤਸਵੀਰ ਵਿਚ ਅੱਧਾ ਚਿਹਰਾ ਭਾਗਵਤ ਦਾ ਤੇ ਅੱਧਾ ਚਿਹਰਾ ਓਵਾਇਸੀ ਦਾ ਵਿਖਾਇਆ ਗਿਆ ਹੈ। ਕਾਂਗਰਸ ਨੇਤਾ ਨੇ ਤਸਵੀਰ ਦੇ ਨਾਲ ਸੰਦੇਸ਼ ਵਿਚ ਲਿਖਿਆ ਹੈ, 'ਧਾਰਮਿਕ ਜੋਸ਼ ਦੇ ਦੋ ਚਿਹਰੇ, ਜੋ ਇਸ ਦੇਸ਼ ਦੇ ਸਮਾਜਿਕ ਤਾਣੇ-ਬਾਣੇ ਨੂੰ ਤਬਾਹ ਕਰਨ ਵਿਚ ਲੱਗੇ ਹੋਏ ਹਨ।' ਦਿਗਵਿਜੇ ਸਿੰਘ ਨੇ ਇਹ ਤਸਵੀਰ ਇਕ ਦੋਸਤ ਵੱਲੋਂ ਭੇਜਣ ਦਾ ਦਾਅਵਾ ਕੀਤਾ ਹੈ। ਮੁਸਲਿਮ ਪੱਖੀ ਗਰਮਖਿਆਲਾਂ ਲਈ ਜਾਣੇ ਜਾਂਦੇ ਓਵਾਇਸੀ ਨੇ ਇਸ ਤਸਵੀਰ ਨੂੰ ਮੁਸਲਿਮ ਧਰਮ ਦੇ ਸਾਰੇ ਲੋਕਾਂ ਦਾ ਅਪਮਾਨ ਕਰਾਰ ਦਿੱਤਾ।

## ਗਾਂਧੀ ਤੇ ਖਾਲਸਾ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਬਾਰੇ ਨੋਟਿਸ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੀ ਅਨੁਸ਼ਾਸਨੀ ਕਮੇਟੀ ਨੇ ਪਟਿਆਲਾ ਤੋਂ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਤੇ ਫਤਿਹਗੜ੍ਹ ਸਾਹਿਬ ਤੋਂ ਹਰਿੰਦਰ ਸਿੰਘ ਖਾਲਸਾ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਹੇਠ ਰਸਮੀ ਨੋਟਿਸ ਭੇਜ ਦਿੱਤਾ ਹੈ। ਦੋਵਾਂ ਆਗੂਆਂ ਨੇ ਪੰਕਜ ਗੁਪਤਾ ਵੱਲੋਂ ਈਮੇਲ ਰਾਹੀਂ ਆਏ ਇਸ ਨੋਟਿਸ ਦੀ ਪੁਸ਼ਟੀ ਕੀਤੀ ਹੈ। ਬਾਬਾ ਬਕਾਲਾ ਵਿਖੇ ਰੱਖੜ ਪੁੰਨਿਆ ਦੇ ਮੇਲੇ ਉੱਤੇ ਪਾਰਟੀ ਦੀ ਅਧਿਕਾਰਤ ਕਾਨਫਰੰਸ ਦੇ ਮੁਕਾਬਲੇ ਕੀਤੀ ਗਈ ਦੂਸਰੀ ਕਾਨਫਰੰਸ ਵਿਚ ਸ਼ਾਮਲ ਹੋਣ ਕਾਰਨ ਦੋਵਾਂ ਨੂੰ ਉਸੇ ਦਿਨ ਪਾਰਟੀ ਵਿਚੋਂ ਮੁਅੱਤਲ ਕਰ ਦਿੱਤਾ ਸੀ। ਦੋਵਾਂ ਨੇ ਬਾ-ਦਲੀਲ ਜਵਾਬ ਦੇਣ ਦਾ ਫੈਸਲਾ ਕੀਤਾ ਹੈ ਤੇ ਅੱਗੋਂ ਪਾਰਟੀ ਨੇ ਵੀ ਇਨ੍ਹਾਂ ਨੂੰ ਬਾਹਰ ਦਾ ਰਾਹ ਦਿਖਾਉਣ ਦਾ ਫੈਸਲਾ ਕਰ ਲਿਆ ਲੱਗਦਾ ਹੈ।

ਨੋਟਿਸ ਰਾਹੀਂ ਤਿੰਨ ਸਵਾਲਾਂ ਦਾ ਜਵਾਬ ਮੰਗਿਆ ਗਿਆ ਹੈ। ਡਾ. ਗਾਂਧੀ ਨੇ ਕਿਹਾ ਕਿ ਉਹ ਪਹਿਲਾਂ ਹੀ ਅਨੁਸ਼ਾਸਨੀ ਕਮੇਟੀ ਵਿਚ ਪੱਖਪਾਤੀ ਆਗੂ ਬਿਠਾਉਣ ਦਾ ਵਿਰੋਧ ਕਰ ਚੁੱਕੇ ਹਨ। ਪਾਰਟੀ ਨੂੰ ਆਪਣੇ ਮੂਲ ਸਿਧਾਂਤ ਤੋਂ ਭਟਕਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਹਮੇਸ਼ਾ ਹੀ ਪਾਰਟੀ ਦੇ ਬੁਨਿਆਦੀ ਸਿਧਾਂਤਾਂ ਨੂੰ ਕਾਇਮ ਰੱਖਿਆ ਹੈ। ਪਾਰਟੀ ਦੇ ਨੋਟਿਸ ਦਾ ਉਹ ਬਾ-ਦਲੀਲ ਜਵਾਬ ਦੇਣਗੇ ਤੇ ਕੇਂਦਰੀ ਲੀਡਰਸ਼ਿਪ ਤੋਂ ਜਵਾਬ ਵੀ ਮੰਗਣਗੇ।

ਨੋਟਿਸ ਬਾਰੇ ਹਰਿੰਦਰ ਸਿੰਘ ਖਾਲਸਾ ਨੇ ਕਿਹਾ ਕਿ 'ਆਪ' ਸਿਰਫ ਸ੍ਰੀ ਕੇਜਰੀਵਾਲ ਤੇ ਉਸ ਦੀ ਜੁੰਡਲੀ ਦੀ ਨਹੀਂ ਹੈ। ਬਾਬਾ ਬਕਾਲਾ ਦੀ ਕਾਨਫਰੰਸ ਬੁਲਾਉਣ ਦਾ ਦੋਸ਼ ਕੋਰਾ ਝੂਠ ਹੈ। ਉਨ੍ਹਾਂ ਕਿਹਾ ਕਿ ਰਿਪੋਰਟ ਕਾਰਡ ਸਾਡੇ ਵੱਲੋਂ ਉਠਾਏ ਜਾਣ ਵਾਲੇ ਬੁਨਿਆਦੀ ਮੁੱਦਿਆਂ ਤੋਂ ਬਾਅਦ ਸਾਡੀ ਆਵਾਜ਼ ਬੰਦ ਕਰਨ ਲਈ ਮੰਗਿਆ ਗਿਆ ਸੀ। ਇਸ ਪਿੱਛੇ ਭਾਵਨਾ ਠੀਕ ਨਾ ਹੋਣ ਕਰਕੇ ਜਵਾਬ ਦੇਣਾ ਜ਼ਰੂਰੀ ਨਹੀਂ ਸਮਝਿਆ ਗਿਆ। ਸਾਡੇ ਉੱਤੇ ਪ੍ਰੈਸ ਵਿਚ ਬੋਲਣ ਦਾ ਇਲਜ਼ਾਮ ਲਾਉਣ ਵਾਲਿਆਂ ਨੂੰ ਸੁੱਚਾ ਸਿੰਘ ਛੋਟੇਪੁਰ ਤੇ ਹਿੰਮਤ ਸਿੰਘ ਸ਼ੇਰਗਿੱਲ ਵੱਲੋਂ ਕੀਤੀ ਬਿਆਨਬਾਜ਼ੀ ਅਨੁਸ਼ਾਸਨ ਦੀ ਉਲੰਘਣ ਨਜ਼ਰ ਨਹੀਂ ਆਉਂਦੀ।





### ਨੋਟਿਸ ਵਿਚ ਤਿੰਨ ਸਵਾਲ

**ਪਹਿਲਾ:** ਰੱਖੜ ਪੁੰਨਿਆ ਮੇਲੇ ਉੱਤੇ ਬਾਗੀ 'ਆਪ' ਵਲੰਟੀਅਰਾਂ ਦੀ ਰੈਲੀ ਵਿਚ ਸ਼ਾਮਲ ਹੋ ਕੇ ਬੈਨਰਾਂ ਉੱਤੇ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਫੋਟੋ ਤੇ ਪਾਰਟੀ ਦੇ ਚੋਣ ਨਿਸ਼ਾਨ ਝਾੜੂ ਦੀ ਵਰਤੋਂ ਕਿਉਂ ਕੀਤੀ?

**ਦੂਸਰਾ:** ਲੋਕ ਸਭਾ ਅੰਦਰ ਕਾਰਗੁਜ਼ਾਰੀ ਦਾ ਰਿਪੋਰਟ ਕਾਰਡ ਪਾਰਟੀ ਨੂੰ ਕਿਉਂ ਨਹੀਂ ਸੌਂਪਿਆ?

**ਤੀਸਰਾ:** ਵੱਖ ਵੱਖ ਮੌਕਿਆਂ ਉੱਤੇ ਪਾਰਟੀ ਖ਼ਿਲਾਫ਼ ਪ੍ਰੈਸ ਵਿਚ ਵਿਚਾਰ ਪ੍ਰਗਟ ਕਰਕੇ ਅਨੁਸ਼ਾਸਨ ਕਿਉਂ ਭੰਗ ਕੀਤਾ?

## ਮਾਓਵਾਦੀ ਆਗੂ ਹਰਭਿੰਦਰ ਜਲਾਲ ਨੂੰ 3 ਸਾਲ ਦੀ ਕੈਦ

**ਮੁਹਾਲੀ:** ਅਦਾਲਤ ਨੇ ਪੰਜਾਬ ਵਿਚ ਮਾਓਵਾਦੀ ਲਹਿਰ ਨੂੰ ਸੁਰਜੀਤ ਕਰਨ ਦੇ ਮਾਮਲੇ ਦਾ ਨਿਬੇੜਾ ਕਰਦਿਆਂ ਸੀ.ਪੀ.ਆਈ. (ਮਾਓਵਾਦੀ) ਪੰਜਾਬ ਦੇ ਆਗੂ ਹਰਭਿੰਦਰ ਸਿੰਘ ਉਰਫ਼ ਜਲਾਲ ਨੂੰ ਅਸਲਾ ਐਕਟ ਦੀ ਧਾਰਾ ਅਧੀਨ 3 ਸਾਲ ਕੈਦ ਤੇ 10 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਉਸ ਨੂੰ ਮਾਓਵਾਦੀ ਗਤੀਵਿਧੀਆਂ ਨੂੰ ਅੰਜਾਮ ਦੇਣ ਦੇ ਦੋਸ਼ਾਂ ਵਿਚੋਂ ਮੁਕਤ ਕੀਤਾ ਗਿਆ ਹੈ। ਸੀ.ਆਈ.ਏ. ਸਟਾਫ ਮੁਹਾਲੀ ਵੱਲੋਂ ਮਈ 2011 ਵਿਚ ਹਰਭਿੰਦਰ ਸਿੰਘ ਉਰਫ਼ ਜਲਾਲ ਉਰਫ਼ ਕੁਲਬੀਰ ਉਰਫ਼ ਪਰਮਜੀਤ ਨੂੰ ਪਿੰਡ ਘੜੂੰਆਂ ਨੇੜਿਓਂ ਪੰਜਾਬ ਰੋਡਵੇਜ਼ ਦੀ ਬੱਸ ਵਿਚੋਂ ਅਸਲਾ ਤੇ ਭੜਕਾਊ ਸਮੱਗਰੀ ਸਮੇਤ ਕਾਬੂ ਕੀਤਾ ਸੀ। ਉਸ 'ਤੇ ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨਾਂ ਨੂੰ ਮਾਓਵਾਦੀ ਲਹਿਰ ਦਾ ਪਾਠ ਪੜ੍ਹਾ ਕੇ ਸੂਬੇ ਵਿਚ ਮਾਓਵਾਦੀ ਅਤਿਵਾਦ ਲਹਿਰ ਨੂੰ ਸੁਰਜੀਤ ਕਰਨ ਦੀ ਯੋਜਨਾ ਬਣਾਉਣ ਦਾ ਦੋਸ਼ ਲੱਗਿਆ ਸੀ। ਜ਼ਿਲ੍ਹਾ ਪੁਲਿਸ ਮੁਲਜ਼ਮ ਵਿਰੁੱਧ ਮਾਓਵਾਦੀ ਦੇ ਦੋਸ਼ਾਂ ਨੂੰ ਸਾਬਤ ਕਰਨ ਵਿਚ ਨਾਕਾਮ ਰਹੀ ਹੈ।

# ਕੁਦਰਤ ਤੇ ਸਰਕਾਰ ਦੇ ਕਹਿਰ ਦਾ ਸ਼ਿਕਾਰ ਹੋਏ ਪੰਜਾਬ ਦੇ ਕਿਸਾਨ

**ਚੰਡੀਗੜ੍ਹ:** ਪੰਜਾਬ ਦੇ ਕਿਸਾਨ ਇਸ ਮੌਕੇ ਕੁਦਰਤੀ ਤੇ ਮਨੁੱਖੀ ਦੋਵੇਂ ਤਰ੍ਹਾਂ ਦੇ ਕਹਿਰ ਦਾ ਸ਼ਿਕਾਰ ਹੋ ਰਹੇ ਹਨ। ਬੇਮੌਸਮੀ ਬਰਸਾਤ ਕਾਰਨ ਹਾੜੀ ਦੀ ਫਸਲ ਦੇ ਨੁਕਸਾਨ ਨੇ ਕਿਸਾਨਾਂ ਦਾ ਲੱਕ ਤੋੜ ਦਿੱਤਾ ਸੀ। ਗੰਨੇ ਦੀ ਪਿਛਲੇ ਸਾਲ ਵੇਚੀ ਫ਼ਸਲ ਦੀ ਅਦਾਇਗੀ ਹਾਲੇ ਤੱਕ ਨਹੀਂ ਹੋਈ। ਆਲੂ ਉਤਪਾਦਨ ਲਾਗਤ ਤੋਂ ਵੀ ਘੱਟ ਕੀਮਤ 'ਤੇ ਵਿਕ ਰਿਹਾ ਹੈ। ਆਰਥਿਕ ਤੰਗੀ ਦੇ ਝੰਬੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਨਰਮੇ ਦੀ ਫ਼ਸਲ ਉੱਤੇ ਚਿੱਟੇ ਮੱਛਰ ਦੇ ਹਮਲੇ ਤੇ ਬਾਸਮਤੀ 1509 ਦਾ ਭਾਅ ਸਾਧਾਰਨ ਝੋਨੇ ਤੋਂ ਵੀ ਹੇਠਾਂ ਆ ਜਾਣ ਦੇ ਦਰਦ ਨਾਲ ਕਰਾਹ ਰਹੇ ਕਿਸਾਨਾਂ ਉੱਤੇ ਹੁਣ ਮੀਂਹ ਹੋਰ ਵੀ ਆਫ਼ਤ ਬਣ ਕੇ ਡਿੱਗਿਆ ਹੈ। ਚਿੱਟੇ ਮੱਛਰ ਕਾਰਨ ਕਿਸਾਨਾਂ ਨੂੰ ਹਜ਼ਾਰਾਂ ਏਕੜ ਨਰਮਾ ਵਾਹੁਣਾ ਪਿਆ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਭਾਵੇਂ ਨਰਮੇ 'ਤੇ ਚਿੱਟੀ ਮੱਖੀ ਦੇ ਮਾਮਲੇ ਵਿਚ ਖੇਤੀਬਾੜੀ ਵਿਭਾਗ ਤੇ ਸਬੰਧਤ ਅਧਿਕਾਰੀਆਂ ਨੂੰ ਕਲੀਨ ਚਿੱਟ ਦੇ ਦਿੱਤੀ ਹੈ ਪਰ ਚਿੱਟੇ ਮੱਛਰ ਦੇ ਹਮਲੇ ਤੋਂ ਬਾਅਦ ਸਾਹਮਣੇ ਆਏ ਤੱਥ ਇਸ ਗੱਲ ਦਾ ਸਬੂਤ ਹਨ ਕਿ ਦਰਜਨਾਂ ਅਜਿਹੀਆਂ ਕੰਪਨੀਆਂ ਕਿਸਾਨਾਂ ਨੂੰ ਕੀਟਨਾਸ਼ਕ ਵੇਚਦੀਆਂ ਰਹੀਆਂ ਹਨ ਜਿਨ੍ਹਾਂ ਦਾ ਕਿਸੇ ਕਾਗਜ਼ ਪੱਤਰ ਵਿਚ ਨਾਮ ਤੱਕ ਦਰਜ ਨਹੀਂ ਹੈ। ਸਵਾਲ ਇਹ ਕੀਤਾ ਜਾਣ ਲੱਗਾ ਹੈ ਕੀ ਖੇਤੀ ਅਧਿਕਾਰੀਆਂ ਦੀ ਮਿਲੀਭੁਗਤ ਤੋਂ ਬਿਨਾਂ ਅਜਿਹਾ ਸੰਭਵ ਹੈ? ਬੀਜ ਤੇ ਕੀਟਨਾਸ਼ਕ ਦਵਾਈਆਂ ਵੇਚਣ ਦੇ ਲਾਈਸੈਂਸ ਦੇਣ ਤੋਂ ਲੈ ਕੇ ਇਨ੍ਹਾਂ ਦੀ ਦੇਖ-ਰੇਖ ਦੀ ਜ਼ਿੰਮੇਵਾਰੀ ਖੇਤੀ ਵਿਭਾਗ ਦੀ ਹੈ।

ਨਰਮੇ ਦਾ ਬੀਜ ਵੇਚਣ ਸਮੇਂ ਹੀ ਗੜਬੜ ਸ਼ੁਰੂ ਹੋ ਗਈ ਸੀ ਤੇ ਮੋਗਾ ਦੇ ਨਜ਼ਦੀਕ ਇਕ ਕੰਪਨੀ ਦੇ ਮੁਲਾਜ਼ਮਾਂ ਤੋਂ 50 ਲੱਖ ਰੁਪਏ ਦੀ ਅਜਿਹੀ ਰਾਸ਼ੀ ਬਰਾਮਦ ਕੀਤੀ ਗਈ ਸੀ, ਜੋ ਇਕ ਵਿਅਕਤੀ ਵਿਸ਼ੇਸ਼ ਕੋਲ ਪਹੁੰਚਾਈ ਜਾਣੀ ਸੀ।

ਵਿਭਾਗ ਵੱਲੋਂ ਚਿੱਟਾ ਮੱਛਰ ਮਾਰਨ ਲਈ ਜਿਹੜੀ ਕੀਟਨਾਸ਼ਕ 3556 ਰੁਪਏ ਪ੍ਰਤੀ ਲੀਟਰ ਖਰੀਦੀ ਗਈ ਉਸ ਦੀ ਬਾਜ਼ਾਰ ਵਿਚ ਕੀਮਤ 3150 ਰੁਪਏ ਪ੍ਰਤੀ ਲੀਟਰ ਸੀ। ਇਸੇ ਤਰ੍ਹਾਂ ਜਿਹੜੀ ਦਵਾਈ 1150 ਰੁਪਏ ਪ੍ਰਤੀ ਲੀਟਰ ਖਰੀਦੀ ਉਹ 600 ਰੁਪਏ ਪ੍ਰਤੀ ਲੀਟਰ ਵਿਕ ਰਹੀ ਸੀ। ਬਾਜ਼ਾਰ ਨਾਲੋਂ ਮਹਿੰਗੇ ਭਾਅ 'ਤੇ ਦਵਾਈਆਂ ਖ਼ਰੀਦਣ ਤੋਂ ਸਪੱਸ਼ਟ ਹੈ ਕਿ ਕਿਸਾਨਾਂ ਨਾਲ ਵੱਡਾ ਧੋਖਾ ਹੋਇਆ। ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਦਾ ਦੋਸ਼ ਹੈ ਕਿ ਪੀ.ਏ.ਯੂ. ਦੇ ਉਪ ਕੁਲਪਤੀ ਡਾ. ਬਲਦੇਵ ਸਿੰਘ ਢਿੱਲੋਂ ਕਿਸਾਨਾਂ ਨੂੰ ਨਸੀਹਤਾਂ ਤਾਂ ਦੇ ਰਹੇ ਹਨ ਪਰ ਅੱਜ ਤੱਕ ਕਿਹੜੀ ਖੋਜ ਕੀਤੀ ਇਸ ਦਾ ਜੁਆਬ ਦੇਣ। ਨਰਮੇ 'ਤੇ ਚਿੱਟੇ ਮੱਛਰ ਦਾ ਹਮਲਾ ਕੁਦਰਤੀ ਆਫ਼ਤ ਨਹੀਂ ਬਲਕਿ ਖੇਤੀਬਾੜੀ ਵਿਭਾਗ ਵੱਲੋਂ ਪੈਦਾ ਕੀਤਾ ਗਿਆ ਖੇਤੀ ਸੰਕਟ ਹੈ।

ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ 37.50 ਕਰੋੜ ਰੁਪਏ ਨਰਮੇ ਦੀਆਂ ਫਸਲਾਂ ਲਈ ਦਿੱਤੇ ਪਰ ਵਿਭਾਗ ਨੇ ਇਸ ਵਿਚ ਘਪਲਾ ਕੀਤਾ ਹੈ। ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਖੇਤੀਬਾੜੀ ਵਿਭਾਗ ਹੀ ਨਹੀਂ ਸਰਕਾਰ ਵਿਰੁੱਧ ਕੇਸ ਚਲਾਉਣ ਦੀ ਮੰਗ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਬਾਸਮਤੀ ਉਤਪਾਦਕਾਂ ਦੇ ਸੁਪਨੇ ਰੁਲ ਗਏ ਤੇ ਬਾਸਮਤੀ 1100 ਤੋਂ 1350 ਰੁਪਏ ਪ੍ਰਤੀ ਕੁਇੰਟਲ ਵਿਕ ਰਹੀ ਹੈ ਜਦੋਂ ਕਿ ਕੁਝ ਸਾਲ ਪਹਿਲਾਂ 3800 ਰੁਪਏ ਪ੍ਰਤੀ ਕੁਇੰਟਲ ਤੱਕ ਦਾ ਭਾਅ ਰਿਹਾ ਹੈ।



### ਸ਼ਾਹੂਕਾਰਾਂ ਵੱਲੋਂ ਕਿਸਾਨਾਂ ਲਈ ਦਰਵਾਜ਼ੇ ਬੰਦ

**ਬਠਿੰਡਾ:** ਕਪਾਹ ਪੱਟੀ ਦੇ ਕਿਸਾਨਾਂ ਲਈ ਸ਼ਾਹੂਕਾਰਾਂ ਨੇ ਦਰਵਾਜ਼ੇ ਬੰਦ ਕਰ ਲਏ ਹਨ। ਫ਼ਸਲਾਂ ਖ਼ਰਾਬ ਹੋਣ ਕਾਰਨ ਹੁਣ ਕਿਧਰੋਂ ਵੀ ਕਿਸਾਨਾਂ ਨੂੰ ਕੋਈ ਪੈਸਾ ਨਹੀਂ ਮਿਲ ਰਿਹਾ ਹੈ। ਪ੍ਰਾਈਵੇਟ ਬੈਂਕਾਂ ਤੋਂ ਕਿਸਾਨ ਨਵੀਆਂ ਖੇਤੀ ਲਿਮਟਾਂ ਬਣਾਉਣ ਲੱਗੇ ਹਨ। ਇਥੋਂ ਤੱਕ ਕਿ ਕਈ ਕਿਸਾਨਾਂ ਨੂੰ ਵਿਆਹ ਸਾਹੇ ਵੀ ਮੁਲਤਵੀ ਕਰਨੇ ਪੈ ਰਹੇ ਹਨ। ਮੁੜ ਕਪਾਹ ਪੱਟੀ ਵਿਚ ਤਕਰੀਬਨ ਡੇਢ ਦਹਾਕਾ ਪੁਰਾਣੇ ਦਿਨ ਪਰਤੇ ਹਨ। ਦੱਸਣਯੋਗ ਹੈ ਕਿ ਐਤਕੀਂ 4.40 ਲੱਖ ਹੈਕਟੇਅਰ ਰਕਬੇ ਵਿਚ ਨਰਮੇ-ਕਪਾਹ ਦੀ ਬਿਜਾਈ ਹੋਈ ਸੀ, ਜਿਸ ਵਿਚੋਂ ਡੇਢ ਲੱਖ ਹੈਕਟੇਅਰ ਰਕਬਾ ਚਿੱਟੇ ਮੱਛਰ ਕਾਰਨ ਤਬਾਹ ਹੋ ਗਿਆ ਹੈ। ਸਰਕਾਰੀ ਖ਼ਜ਼ਾਨੇ ਨੂੰ ਵੀ ਜਿਣਸਾਂ ਤੋਂ ਹੋਣ ਵਾਲੀ ਆਮਦਨ ਨੂੰ ਸੱਟ ਵੱਜਣੀ ਹੈ। ਕਪਾਹ ਪੱਟੀ ਦੇ ਤਕਰੀਬਨ 23 ਹਜ਼ਾਰ ਕਿਸਾਨ ਤਾਂ ਖੇਤੀ ਵਿਕਾਸ ਬੈਂਕਾਂ ਦੇ ਡਿਫਾਲਟਰ ਹਨ, ਜਿਨ੍ਹਾਂ ਸਿਰ ਪਹਿਲਾਂ ਹੀ ਤਕਰੀਬਨ 180 ਕਰੋੜ ਰੁਪਏ ਦਾ ਕਰਜ਼ਾ ਖੜ੍ਹਾ ਹੈ।

### ਖੇਤੀਬਾੜੀ ਮਹਿਕਮੇ ਨੂੰ ਕਲੀਨ ਚਿੱਟ ਤੋਂ ਘਿਰੇ ਬਾਦਲ

**ਚੰਡੀਗੜ੍ਹ:** ਨਰਮੇ ਦੀ ਫ਼ਸਲ ਉਤੇ ਚਿੱਟੇ ਮੱਛਰ ਦੇ ਹਮਲੇ ਨੂੰ ਕੁਦਰਤੀ ਆਫ਼ਤ ਕਰਾਰ ਦੇਣ ਤੇ ਖੇਤੀਬਾੜੀ ਮਹਿਕਮੇ ਨੂੰ ਕਲੀਨ ਚਿੱਟ ਦਿੱਤੇ ਜਾਣ ਦੇ ਮਾਮਲੇ ਉਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬੁਰੀ ਤਰ੍ਹਾਂ ਘਿਰ ਗਏ ਹਨ। ਵਿਰੋਧੀ ਧਿਰ ਨੇ ਵਿਧਾਨ ਸਭਾ ਵਿਚ ਇਸ ਮੁੱਦੇ 'ਤੇ ਸੂਬਾ ਸਰਕਾਰ ਨੂੰ ਲਾਜਵਾਬ ਕਰ ਦਿੱਤਾ। ਵਿਰੋਧੀ ਧਿਰ ਦੇ ਲੀਡਰ ਸੁਨੀਲ ਜਾਖੜ ਨੇ ਕਿਸਾਨੀ ਮੁੱਦੇ ਉਤੇ ਮੁੱਖ ਮੰਤਰੀ ਦੇ ਅਸਤੀਫ਼ੇ ਦੀ ਮੰਗ ਕੀਤੀ। ਸ੍ਰੀ ਜਾਖੜ ਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਮੁੱਖ ਮੰਤਰੀ ਨੇ ਨਰਮੇ ਦੀ ਫਸਲ ਦੀ ਤਬਾਹੀ ਨੂੰ ਕੁਦਰਤੀ ਆਫ਼ਤ ਦੱਸ ਕੇ ਖੇਤੀਬਾੜੀ ਮੰਤਰੀ ਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਬਚਾਉਣ ਦਾ ਯਤਨ ਕੀਤਾ ਹੈ।

### ਕਿਸਾਨ ਮੇਲਿਆਂ 'ਚ ਜਾਣ ਤੋਂ ਤ੍ਰਹਿਣ ਲੱਗੇ ਸਿਆਸੀ ਆਗੂ

**ਮਾਨਸਾ:** ਮਾਨਸਾ ਵਿਚ ਕੇਂਦਰੀ ਖੇਤੀਬਾੜੀ ਟੀਮ ਤੇ ਬਠਿੰਡਾ ਵਿਚ ਸਾਬਕਾ ਖੇਤੀ ਮੰਤਰੀ ਬਲਵਿੰਦਰ ਸਿੰਘ ਭੂੰਦੜ ਦੇ ਘਿਰਾਓ ਦੀਆਂ ਘਟਨਾਵਾਂ ਤੋਂ ਬਾਅਦ ਹੁਣ ਸਿਆਸੀ ਆਗੂ ਕਿਸਾਨ ਮੇਲਿਆਂ ਤੋਂ ਕਿਨਾਰਾ ਹੀ ਕਰ ਰਹੇ ਹਨ। ਸੂਬੇ ਦੇ ਖੇਤੀਬਾੜੀ ਵਿਭਾਗ ਨੇ ਜ਼ਿਲ੍ਹਾ ਪੱਧਰ ਦੇ ਕਿਸਾਨ ਮੇਲੇ ਕਿਸਾਨਾਂ ਦਾ ਗੁੱਸਾ ਠੰਢਾ ਹੋਣ ਪਿੱਛੋਂ ਲਾਉਣ ਦਾ ਫ਼ੈਸਲਾ ਕੀਤਾ ਹੈ। ਵਿਭਾਗ ਵੱਲੋਂ ਖੇਤੀਬਾੜੀ ਮੰਤਰੀ ਤੋਤਾ ਸਿੰਘ ਸਮੇਤ ਸੱਤਾਧਾਰੀ ਧਿਰ ਦੇ ਸਿਆਸੀ ਨੇਤਾਵਾਂ ਨੂੰ ਫਿਲਹਾਲ ਕਿਸਾਨ ਮੇਲਿਆਂ ਤੋਂ ਦੂਰ ਰੱਖਣ ਦਾ ਅੰਦਰਖਾਤੇ ਫ਼ੈਸਲਾ ਕੀਤਾ ਗਿਆ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਲੁਧਿਆਣੇ ਵਿਚ ਲਾਏ ਤਿੰਨ ਦਿਨਾਂ ਕਿਸਾਨ ਮੇਲੇ ਦਾ ਉਦਘਾਟਨ ਪੰਜਾਬ ਦੇ ਰਾਜਪਾਲ ਕਪਤਾਨ ਸਿੰਘ ਸੋਲੰਕੀ ਨੇ ਕਰਨਾ ਸੀ। ਸਮਾਗਮ ਦੀ ਪ੍ਰਧਾਨਗੀ ਖੇਤੀਬਾੜੀ ਮੰਤਰੀ ਜਥੇਦਾਰ ਤੋਤਾ ਸਿੰਘ ਤੇ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਤੇ ਸੁਰੇਸ਼ ਕੁਮਾਰ ਵਧੀਕ ਮੁੱਖ ਸਕੱਤਰ (ਵਿਕਾਸ) ਨੇ ਮੇਲੇ ਵਿਚ ਵਿਸ਼ੇਸ਼ ਮਹਿਮਾਨ ਦੇ ਤੌਰ ਉਤੇ ਪਹੁੰਚਣਾ ਸੀ ਪਰ ਇਨ੍ਹਾਂ ਵਿਚੋਂ ਕੋਈ ਵੀ ਮੇਲੇ ਵਿਚ ਨਹੀਂ ਪਹੁੰਚਿਆ।

## ਕੇਜਰੀਵਾਲ ਸਰਕਾਰ ਵੱਲੋਂ ਰਿਸ਼ਵਤਖੋਰੀ ਖਿਲਾਫ ਮੁਹਿੰਮ


**ਨਵੀਂ ਦਿੱਲੀ:** ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਆਪਣੇ ਦਫ਼ਤਰਾਂ ਅੰਦਰ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦੀ ਯੋਜਨਾ ਉਲੀਕੀ ਗਈ ਹੈ। ਆਮ ਆਦਮੀ ਪਾਰਟੀ ਨੇ ਲੰਘੀਆਂ ਵਿਧਾਨ ਸਭਾ ਚੋਣਾਂ ਦੌਰਾਨ ਦਿੱਲੀ ਅੰਦਰ ਭ੍ਰਿਸ਼ਟਾਚਾਰ ਦੇ ਮੁੱਦੇ ਨੂੰ ਲੈ ਕੇ ਚੋਣਾਂ ਲੜੀਆਂ ਸਨ ਤੇ ਵੱਡੀ ਜਿੱਤ ਹੋਈ ਸੀ।

ਸੂਤਰਾਂ ਮੁਤਾਬਕ ਦਿੱਲੀ ਸਰਕਾਰ ਕੋਲ ਸ਼ਿਕਾਇਤਾਂ ਪੁੱਜ ਰਹੀਆਂ ਹਨ ਕਿ ਦਿੱਲੀ ਦੇ ਟਰਾਂਸਪੋਰਟ ਵਿਭਾਗ ਤੇ ਬਿਲਡਿੰਗ ਉਸਾਰੀ ਵਿਭਾਗ ਅੰਦਰ ਰਿਸ਼ਵਤਖੋਰੀ ਹੋ ਰਹੀ ਹੈ। ਇਸ ਲਈ ਇਨ੍ਹਾਂ ਵਿਭਾਗਾਂ ਨੂੰ ਕਿਹਾ ਗਿਆ ਹੈ ਕਿ ਉਹ ਆਪਣਾ ਆਮ ਲੋਕਾਂ ਨਾਲ ਜੁੜਿਆ ਕੰਮ ਆਨਲਾਈਨ ਸ਼ੁਰੂ ਕਰਨ। ਦਿੱਲੀ ਦੇ ਚੀਫ਼ ਸਕੱਤਰ ਕੇ.ਕੇ. ਸ਼ਰਮਾ ਦੀ ਅਗਵਾਈ ਹੇਠ ਹੋਈ ਬੈਠਕ ਦੌਰਾਨ ਇਹ ਫ਼ੈਸਲਾ ਲਿਆ ਗਿਆ।

ਦਿੱਲੀ ਦੀਆਂ ਭਾਜਪਾ ਦੀ ਅਗਵਾਈ ਵਾਲੀਆਂ ਤਿੰਨਾਂ ਨਗਰ ਨਿਗਮਾਂ ਦੇ ਅਧਿਕਾਰੀਆਂ ਨੂੰ ਵੀ ਕਿਹਾ ਗਿਆ ਕਿ ਉਹ ਵੀ ਆਪਣੇ ਦਫ਼ਤਰਾਂ ਅੰਦਰ ਰਿਸ਼ਵਤਖੋਰੀ ਨੂੰ ਰੋਕਣ ਲਈ ਕਦਮ ਪੁੱਟਣ ਤੇ ਆਨਲਾਈਨ ਸੇਵਾਵਾਂ ਸ਼ੁਰੂ ਕਰਨ। ਸੀ.ਸੀ.ਟੀ.ਵੀ. ਕੈਮਰੇ ਲਾਉਣ ਪਿੱਛੇ ਵੀ ਭ੍ਰਿਸ਼ਟਾਚਾਰ ਨੂੰ ਦਫ਼ਤਰਾਂ ਅੰਦਰ ਠੱਲ੍ਹ ਪਾਉਣ ਦੀ ਯੋਜਨਾ ਦਾ ਹਿੱਸਾ ਦੱਸਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਸਰਕਾਰ ਵੱਲੋਂ ਹੋਰ ਯੋਜਨਾਵਾਂ ਸਿਰੇ ਚਾੜ੍ਹਨ ਲਈ ਵੀ ਤਰੱਦਦ ਕੀਤਾ ਜਾ ਰਿਹਾ ਹੈ।

### ਨਜੀਬ ਜੰਗ ਭਲਾ ਇਨਸਾਨ: ਕੇਜਰੀਵਾਲ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਉਪ ਰਾਜਪਾਲ ਨਜੀਬ ਜੰਗ ਨੂੰ ਚੰਗਾ ਇਨਸਾਨ ਕਰਾਰ ਦਿੰਦੇ ਹੋਏ ਅਸਿੱਧੇ ਤਰੀਕੇ ਨਾਲ ਮੋਦੀ ਸਰਕਾਰ 'ਤੇ ਹਮਲਾ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਪ ਰਾਜਪਾਲ ਤਾਂ ਉਹੀ ਕਰ ਰਹੇ ਹਨ ਜੋ ਉਨ੍ਹਾਂ ਨੂੰ ਪੀ.ਐਮ.ਓ. ਵੱਲੋਂ ਕਰਨ ਲਈ ਆਖਿਆ ਜਾਂਦਾ ਹੈ। ਕੇਜਰੀਵਾਲ ਤੇ ਉਪ ਰਾਜਪਾਲ ਦਾ ਟਕਰਾਅ ਕਿਸੇ ਤੋਂ ਲੁਕਿਆ ਨਹੀਂ ਹੈ, ਦਿੱਲੀ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਦੇ ਬਾਅਦ ਤੋਂ ਹੀ ਕਈ ਮੁੱਦਿਆਂ ਨੂੰ ਲੈ ਕੇ ਦੋਹਾਂ ਵਿਚਕਾਰ ਟਕਰਾਅ ਵੇਖਣ ਨੂੰ ਮਿਲ ਚੁੱਕਾ ਹੈ ਪਰ ਕੇਜਰੀਵਾਲ ਨੇ ਉਪ ਰਾਜਪਾਲ ਨੂੰ ਚੰਗਾ ਇਨਸਾਨ ਦੱਸਦਿਆਂ ਦਾਅਵਾ ਕੀਤਾ ਕਿ ਉਹ ਆਪਣੇ ਬੁਰੇ ਆਕਾਵਾਂ ਨਾਲ ਘਿਰੇ ਹੋਏ ਹਨ।



## ਪਾਕਿਸਤਾਨੀ ਹਿੰਦੂ ਪਰਿਵਾਰਾਂ ਨੂੰ ਨਹੀਂ ਮਿਲ ਰਹੀ ਨਾਗਰਿਕਤਾ

**ਅੰਮ੍ਰਿਤਸਰ:** ਪਾਕਿਸਤਾਨ ਤੋਂ ਆਏ ਹਿੰਦੂ ਪਰਿਵਾਰਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਾਲਾਂ ਤੋਂ ਸੂਬੇ ਵਿਚ ਰਹਿ ਰਹੇ ਅਜਿਹੇ ਪਰਿਵਾਰਾਂ ਨੂੰ ਨਾਗਰਿਕਤਾ ਦੇਣ ਬਾਰੇ ਨੋਟੀਫਿਕੇਸ਼ਨ ਜਾਰੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਕਿਹਾ ਗਿਆ ਸੀ ਕਿ ਪਹਿਲੀ ਦਸੰਬਰ 2014 ਤੋਂ ਪਹਿਲੋਂ ਪਾਕਿਸਤਾਨੋਂ ਉੱਜੜ ਕੇ ਆਏ ਪਰਿਵਾਰਾਂ ਨੂੰ ਨਾਗਰਿਕਤਾ ਲੈਣ ਲਈ ਦਸਤਾਵੇਜ਼ਾਂ ਦੀ ਲੋੜ ਨਹੀਂ ਹੈ। ਹਿੰਦੂ ਪਰਿਵਾਰਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਪਾਕਿਸਤਾਨ ਤੋਂ ਆਇਆਂ ਨੂੰ 25 ਸਾਲਾਂ ਤੋਂ ਜ਼ਿਆਦਾ ਸਮਾਂ ਹੋ ਗਿਆ ਹੈ ਪਰ ਉਨ੍ਹਾਂ ਨੂੰ ਭਾਰਤੀ ਨਾਗਰਿਕਤਾ ਲੈਣ ਲਈ ਖੱਜਲ ਖੁਆਰ ਹੋਣਾ ਪੈ ਰਿਹਾ ਹੈ। ਸਰਕਾਰ ਵੱਲੋਂ ਲਗਾਤਾਰ ਦਾਅਵੇ ਤਾਂ ਕੀਤੇ ਜਾਂਦੇ ਹਨ ਪਰ ਅਮਲੀ ਤੌਰ 'ਤੇ ਕੁਝ ਨਹੀਂ ਕੀਤਾ ਜਾਂਦਾ ਹੈ।




## ਮਨੀਲਾ ਦੀ ਬੱਚੀ ਦੀ ਚਰਚਾ ਦੁਨੀਆਂ 'ਚ

**ਮਨੀਲਾ:** ਫਿਲੀਪੀਨਸ ਦੇ ਸ਼ਹਿਰ ਮਨੀਲਾ ਵਿਚ ਇਕ ਬੱਚੀ ਦੀ ਤਸਵੀਰ ਦੀ ਪੂਰੀ ਦੁਨੀਆਂ ਵਿਚ ਚਰਚਾ ਹੈ। ਤਸਵੀਰ ਵਿਚ ਇਕ ਬੱਚੀ ਸੜਕ ਕਿਨਾਰੇ ਸਭ ਕੁਝ ਭੁੱਲ ਕੇ ਸਕੂਲ ਦਾ ਕੰਮ ਕਰ ਰਹੀ ਹੈ। ਬੱਚੀ ਦੀ ਇਹ ਤਸਵੀਰ ਮਨੀਲਾ ਦੇ ਹੀ ਸਥਾਨਕ ਵਿਅਕਤੀ ਨੇ ਖਿੱਚੀ ਸੀ। ਉਸ ਤੋਂ ਬਾਅਦ ਇਹ ਤਸਵੀਰ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ। ਬੱਚੀ ਕੋਲ ਕੋਈ ਘਰ ਨਹੀਂ ਹੈ। ਉਹ ਆਪਣੇ ਮਾਪਿਆਂ ਨਾਲ ਸੜਕ ਕਿਨਾਰੇ ਹੀ ਰਹਿੰਦੀ ਹੈ। ਉਹ ਆਪਣੇ ਸਕੂਲ ਦਾ ਕੰਮ ਵੀ ਸੜਕ ਕਿਨਾਰੇ ਹੀ ਕਰਦੀ ਹੈ। ਤਸਵੀਰ ਵਿਚ ਦਿਖਾਈ ਦੇ ਰਿਹਾ ਹੈ ਕਿ ਟਰੈਫ਼ਿਕ ਦੇ ਸ਼ੋਰ ਸ਼ਰਾਬੇ ਦੇ ਬਾਵਜੂਦ ਉਹ


ਸੜਕ ਕਿਨਾਰੇ ਬੈਠ ਕੇ ਆਪਣਾ ਸਕੂਲ ਦਾ ਕੰਮ ਕਰਨ ਵਿਚ ਮਗਨ ਹੈ।

## ਕਾਂਗਰਸ ਹਾਈਕਮਾਨ ਦਾ ਕੈਪਟਨ 'ਤੇ ਅਟੱਲ ਵਿਸ਼ਵਾਸ

**ਨਵੀਂ ਦਿੱਲੀ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵੱਲੋਂ ਰਾਜ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪਾਰਟੀ ਹਾਈਕਮਾਨ ਦੀਆਂ ਨਜ਼ਰਾਂ ਵਿਚ ਡੇਗਣ ਦੀਆਂ ਕੋਸ਼ਿਸ਼ਾਂ ਨੂੰ ਬੂਰ ਪੈਂਦਾ ਨਜ਼ਰ ਨਹੀਂ ਆ ਰਿਹਾ ਕਿਉਂਕਿ ਪਾਰਟੀ ਦੇ ਜਨਰਲ ਸਕੱਤਰ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ਼ਕੀਲ ਅਹਿਮਦ ਨੇ ਸਾਫ਼ ਕਰ ਦਿੱਤਾ ਹੈ ਕਿ ਕੈਪਟਨ ਨਾ ਸਿਰਫ਼ ਪੰਜਾਬ ਵਿਚ ਕਾਂਗਰਸ ਦੇ ਸੀਨੀਅਰ ਨੇਤਾ ਹਨ ਸਗੋਂ ਪਾਰਟੀ ਦੇ ਕੌਮੀ ਪੱਧਰ ਦੇ ਸੀਨੀਅਰ ਨੇਤਾਵਾਂ ਵਿਚੋਂ ਇਕ ਹਨ। ਉਹ ਲੋਕ ਸਭਾ ਵਿਚ ਕਾਂਗਰਸ ਦੇ ਉਪ ਨੇਤਾ ਹਨ। ਇਸ ਲਈ ਕਾਂਗਰਸ ਨੂੰ ਆਪਣੇ ਇਸ ਨੇਤਾ ਉਤੇ ਯਕੀਨ ਹੈ ਕਿ ਉਹ ਪਾਰਟੀ ਨੂੰ ਨਾ ਤਾਂ ਤੋੜਨਗੇ ਤੇ ਨਾ ਹੀ ਅਜਿਹਾ ਕੁਝ ਕਰਨਗੇ ਜਿਸ ਨਾਲ ਉਸ ਨੂੰ ਨੁਕਸਾਨ ਪੁੱਜੇ। ਵਰਣਨਯੋਗ ਹੈ ਕਿ ਬੀਤੇ ਦਿਨ ਸ. ਬਾਜਵਾ ਨੇ ਦਾਅਵਾ ਕੀਤਾ ਸੀ ਕਿ ਕੈਪਟਨ ਪਾਰਟੀ ਨੂੰ ਤੋੜ ਕੇ ਨਵੀਂ ਪਾਰਟੀ ਖੜੀ ਕਰਨ ਦੀਆਂ ਜੁਗਤਾਂ ਵਿਚ ਹਨ। ਸ੍ਰੀ ਸ਼ਕੀਲ ਨੇ ਕਿਹਾ ਕਿ ਇਨ੍ਹਾਂ ਦੋਵਾਂ ਨੇਤਾਵਾਂ ਨੂੰ ਕਿਹਾ ਗਿਆ ਹੈ ਕਿ ਉਹ ਮੀਡੀਆ ਵਿਚ ਬੋਲਣ ਦੀ ਥਾਂ ਪਾਰਟੀ ਦੇ ਅੰਦਰ ਆਪਣੀ ਗੱਲ ਰੱਖਣ। ਸੂਬੇ ਵਿਚ ਪ੍ਰਧਾਨ ਨੂੰ ਬਦਲਣ ਬਾਰੇ ਉਨ੍ਹਾਂ ਕਿਹਾ ਕਿ ਇਸ ਮਾਮਲੇ ਉਤੇ ਚਰਚਾ ਜਾਰੀ ਹੈ ਤੇ ਸਿਰਫ਼ ਫੈਸਲੇ ਦੀ ਉਡੀਕ ਹੈ ਤੇ ਫੈਸਲਾ ਪਾਰਟੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਕਰਨਗੇ।



### ਕਾਂਗਰਸ ਨੂੰ ਪੰਜਾਬ ਤੋਂ ਵੱਡੀਆਂ ਆਸਾਂ

ਕਾਂਗਰਸ ਲਈ ਪੰਜਾਬ ਕਾਫੀ ਅਹਿਮ ਹੈ ਕਿਉਂਕਿ ਪਾਰਟੀ ਨੂੰ ਹਰ ਪਾਸੇ ਤੋਂ ਕੋਈ ਨਾ ਕੋਈ ਹਾਰ ਮਿਲ ਰਹੀ ਹੈ। ਪੰਜਾਬ ਹੀ ਅਜਿਹਾ ਸੂਬਾ ਹੈ ਜਿਹੜਾ ਡੁੱਬਦੀ ਕਾਂਗਰਸ ਲਈ ਤਿਣਕੇ ਦਾ ਸਹਾਰਾ ਬਣ ਸਕਦਾ ਹੈ, ਪਰ ਧੜੇਬੰਦੀ ਨੇ ਲੀਡਰਸ਼ਿਪ ਦੇ ਨੱਕ ਵਿਚ ਦਮ ਕੀਤਾ ਹੋਇਆ ਹੈ। ਇਸ ਲਈ ਹਾਈਕਮਾਨ ਪੈਰ ਸੋਚ-ਸੋਚ ਕੇ ਧਰ ਰਹੀ ਹੈ। ਪਾਰਟੀ ਨਹੀਂ ਚਾਹੁੰਦੀ ਕਿ ਅਜਿਹਾ ਕੋਈ ਫੈਸਲਾ ਨਾ ਲਿਆ ਜਾਵੇ ਜਿਸ ਨਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੀ ਬੇੜੀ ਡੁੱਬ ਜਾਵੇ। ਇਸ ਦੌਰਾਨ ਕਾਂਗਰਸ ਦੇ ਵਿਧਾਇਕ ਰਾਜ ਕੁਮਾਰ ਵੇਰਕਾ ਨੇ ਪੰਜਾਬ ਦੇ 30 ਤੋਂ ਵੱਧ ਵਿਧਾਇਕਾਂ ਦੇ ਦਸਤਖ਼ਤ ਲੈ ਕੇ ਹਾਈਕਮਾਨ ਨੂੰ ਯਕੀਨ ਦਿਵਾਇਆ ਹੈ ਕਿ ਇਹ ਸਾਰੇ ਪਾਰਟੀ ਨਾਲ ਹਨ ਤੇ ਸ੍ਰੀ ਬਾਜਵਾ ਦਾ ਇਹ ਦਾਅਵਾ ਕਿ ਕੈਪਟਨ ਪਾਰਟੀ ਨੂੰ ਤੋੜ ਦੇਣਗੇ, ਬਿਲਕੁਲ ਫੋਕਾ ਹੈ।

## ਬਾਜਵਾ ਦੀ ਨਸ਼ਿਆਂ ਖਿਲਾਫ ਜਾਂਚ ਅਪੀਲ ਰੱਦ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵੱਲੋਂ ਨਸ਼ਾ ਤਸਕਰੀ ਦੀ ਨਿਰਪੱਖ ਜਾਂਚ ਦੀ ਪਾਈ ਪਟੀਸ਼ਨ ਪੰਜਾਬ-ਹਰਿਆਣਾ ਹਾਈਕੋਰਟ ਵਿਚ ਖਾਰਜ ਹੋ ਗਈ। ਕੇਸ ਦੀ ਸੁਣਵਾਈ ਦੌਰਾਨ ਬੈਂਚ ਨੇ ਸਪਸ਼ਟ ਕੀਤਾ ਕਿ ਸਿਆਸੀ ਪਾਰਟੀਆਂ ਜਾਂ ਸਿਆਸੀ ਆਗੂਆਂ ਦੀ ਦਖ਼ਲ-ਅੰਦਾਜ਼ੀ ਬੇਲੋੜੀ ਹੈ।



ਬੈਂਚ ਨੇ ਸ. ਬਾਜਵਾ ਦੀ ਅਪੀਲ ਨੂੰ ਵਾਪਸ ਲਿਆ ਮੰਨ ਕੇ ਇਸ ਨੂੰ ਖ਼ਾਰਜ ਕਰ ਦਿੱਤਾ। ਉਂਜ ਡਿਵੀਜ਼ਨ ਬੈਂਚ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਕਿਹਾ ਹੈ ਕਿ ਉਹ ਨਸ਼ਿਆਂ ਦੀ ਆਮਦ ਨੂੰ ਰੋਕਣ ਲਈ ਸਰਹੱਦ ਨੂੰ ਸੀਲ ਕਰਨ ਦੀ ਅਰਜ਼ੀ ਦਾ ਜਵਾਬ ਦੇਵੇ।

# ਪੂਨਾ ਸਮਝੌਤੇ ਦੀ ਅਸਲੀਅਤ

ਭਾਰਤ ਵਿਚ ਰਾਖਵੇਂਕਰਨ ਦਾ ਮੁੱਦਾ ਭਾਵੇਂ ਮੁਲਕ ਦੇ ਆਜ਼ਾਦ ਹੋਣ ਦੇ ਸਮੇਂ ਤੋਂ ਹੀ ਵਿਵਾਦਾਂ ਵਿਚ ਘਿਰਿਆ ਹੋਇਆ ਹੈ, ਪਰ ਪਿਛਲੇ ਤਿੰਨ-ਚਾਰ ਦਹਾਕਿਆਂ ਤੋਂ ਇਹ ਭਖਵਾਂ ਵਿਸ਼ਾ ਬਣ ਗਿਆ ਹੈ। ਹਾਲ ਹੀ ਵਿਚ ਗੁਜਰਾਤ ਦੇ ਪਟੇਲ (ਪਾਟੀਦਾਰ) ਭਾਈਚਾਰੇ ਵੱਲੋਂ ਰਾਖਵੇਂਕਰਨ ਨੂੰ ਲੈ ਕੇ ਵਿੱਢੇ ਸੰਘਰਸ਼ ਅਤੇ ਰਾਜਸਥਾਨ ਵਿਧਾਨ ਸਭਾ ਦੁਆਰਾ ਉੱਚੀਆਂ ਸ਼੍ਰੇਣੀਆਂ ਦੇ ਗ਼ਰੀਬ ਵਿਦਿਆਰਥੀਆਂ ਲਈ 14 ਫ਼ੀਸਦੀ ਰਾਖਵਾਂਕਰਨ ਦਾ ਬਿਲ ਪਾਸ ਕਰਨ ਨਾਲ ਇਹ ਮੁੱਦਾ ਮੁੜ ਮੁਲਕ ਵਿਆਪੀ ਚਰਚਾ ਵਿਚ ਆ ਗਿਆ ਹੈ। ਦੱਬੇ-ਕੁਚਲੇ ਵਰਗਾਂ (ਅਛੂਤਾਂ) ਲਈ ਰਾਖਵੇਂਕਰਨ ਦੀ ਸ਼ੁਰੂਆਤ ਕਰਨ ਦਾ ਸਿਹਰਾ ਡਾ. ਬੀ.ਆਰ. ਅੰਬੇਦਕਰ ਨੂੰ ਜਾਂਦਾ

**ਜਸਟਿਸ ਨਿਰਮਲ ਸਿੰਘ**
ਫੋਨ: +91-86990-00472

ਹੈ। ਉਨ੍ਹਾਂ ਨੇ ਇਸ ਦਾ ਮੁੱਢ ਬਰਤਾਨਵੀ ਹਕੂਮਤ ਸਮੇਂ ਹੀ ਬੰਨ੍ਹ ਦਿੱਤਾ ਸੀ।

ਜਮਾਂਦਰੂ ਭਾਰਤੀਆਂ ਲਈ ਸਵੈ-ਸ਼ਾਸਨ ਸਬੰਧੀ ਨਵਾਂ ਸੰਵਿਧਾਨ ਤਿਆਰ ਕਰਨ ਵਾਸਤੇ ਬਰਤਾਨੀਆ ਵੱਲੋਂ ਮੁਖ਼ਤਲਿਫ ਪਾਰਟੀਆਂ ਦੇ ਆਗੂਆਂ ਨੂੰ 1930-32 ਵਿਚ ਗੋਲਮੇਜ਼ ਕਾਨਫਰੰਸਾਂ ਵਿਚ ਆਉਣ ਦਾ ਸੱਦਾ ਦਿੱਤਾ ਗਿਆ। ਮਹਾਤਮਾ ਗਾਂਧੀ ਨੇ ਪਹਿਲੀ ਤੇ ਆਖ਼ਰੀ ਕਾਨਫਰੰਸ ਵਿਚ ਭਾਗ ਨਾ ਲਿਆ, ਪਰ ਦੂਜੀ ਕਾਨਫਰੰਸ ਵਿਚ ਉਹ ਸ਼ਾਮਿਲ ਹੋਏ ਸਨ। ਇਨ੍ਹਾਂ ਕਾਨਫਰੰਸਾਂ ਵਿਚ ਡਾ. ਅੰਬੇਦਕਰ ਵੱਲੋਂ ਅਛੂਤਾਂ ਲਈ ਵੱਖਰੇ ਚੋਣ ਹਲਕਿਆਂ ਦਾ ਸੰਕਲਪ ਪੇਸ਼ ਕੀਤਾ ਗਿਆ। ਇਸ ਪ੍ਰਕਾਰ ਦੀਆਂ ਵਿਵਸਥਾਵਾਂ ਪਹਿਲਾਂ ਹੀ ਹੋਰ ਘੱਟ-ਗਿਣਤੀਆਂ, ਮੁਸਲਮਾਨਾਂ, ਈਸਾਈਆਂ, ਐਂਗਲੋ-ਇੰਡੀਅਨਜ਼ ਅਤੇ ਸਿੱਖਾਂ ਲਈ ਉਪਲਬਧ ਸਨ। ਬ੍ਰਿਟਿਸ਼ ਹਕੂਮਤ ਅੰਬੇਦਕਰ ਦੇ ਮਤ ਨਾਲ ਸਹਿਮਤ ਹੋ ਗਈ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਰਾਮਸੇ ਮੈਕਡੋਨਲਡ ਵੱਲੋਂ ਦੱਬੇ ਕੁਚਲੇ ਵਰਗਾਂ ਬਾਰੇ ਦਿੱਤੇ ਗਏ ਫ਼ੈਸਲੇ ਨੂੰ ਬ੍ਰਿਟਿਸ਼ ਭਾਰਤ ਦੇ ਸ਼ਾਸਨ ਦੇ ਸੰਵਿਧਾਨ ਵਿਚ ਸ਼ਾਮਲ ਕੀਤਾ ਜਾਣਾ ਸੀ। ਗਾਂਧੀ ਵੱਲੋਂ ਇਸ ਦਾ ਜ਼ੋਰਦਾਰ ਵਿਰੋਧ ਇਸ ਆਧਾਰ 'ਤੇ ਕੀਤਾ ਗਿਆ ਕਿ ਇਹ ਹਿੰਦੂ ਸਮਾਜ ਨੂੰ ਖੇਰੂੰ ਖੇਰੂੰ ਕਰ ਦੇਵੇਗਾ ਜਦੋਂਕਿ ਹਿੰਦੂ ਸਮਾਜ ਨੇ ਕਦੇ ਵੀ ਭਿੰਨ ਭਿੰਨ ਸ਼੍ਰੇਣੀਆਂ, ਖ਼ਾਸ ਕਰ ਕੇ ਅਛੂਤਾਂ ਨੂੰ ਆਪਣੇ ਸਮਾਜ ਦਾ ਸੰਪੂਰਨ ਭਾਗ ਨਹੀਂ ਮੰਨਿਆ। ਮਹਾਤਮਾ ਗਾਂਧੀ ਨੇ ਦਲਿਤਾਂ ਲਈ ਵੱਖਰੇ ਵੱਖਰੇ ਵੋਟ ਦੇ ਸਿਧਾਂਤ ਦਾ ਕਿਉਂ ਵਿਰੋਧ ਕੀਤਾ ਸੀ; ਇਸ ਬਾਰੇ ਉਹੀ ਭਲੀ-ਭਾਂਤ ਜਾਣਦੇ ਸਨ।

ਮਹਾਤਮਾ ਗਾਂਧੀ ਨੇ ਡਾ. ਅੰਬੇਦਕਰ 'ਤੇ ਦਬਾਅ ਪਾਉਣ ਲਈ 20 ਸਤੰਬਰ 1932 ਨੂੰ ਮਰਨ ਵਰਤ ਰੱਖ ਲਿਆ। ਹਿੰਦੂ ਲੀਡਰਾਂ ਨੇ ਡਾ. ਬੀ.ਆਰ. ਅੰਬੇਦਕਰ 'ਤੇ ਵੱਖਰੇ ਵੋਟ ਦੀ ਮੰਗ ਨੂੰ ਵਾਪਸ ਲੈਣ ਲਈ ਦਬਾਅ ਪਾਇਆ ਤਾਂ ਜੋ ਮਹਾਤਮਾ ਗਾਂਧੀ ਦੀ ਜ਼ਿੰਦਗੀ ਨੂੰ ਬਚਾਇਆ ਜਾ ਸਕੇ। ਅਖ਼ੀਰ ਡਾ. ਅੰਬੇਦਕਰ ਨੇ ਮਜਬੂਰਨ ਵੱਖਰੇ ਵੋਟ ਦੀ ਮੰਗ ਵਾਪਸ ਲੈ ਲਈ। 24 ਸਤੰਬਰ 1932 ਨੂੰ ਯਰਵਦਾ ਸੈਂਟਰਲ ਜੇਲ੍ਹ ਵਿਚ ਡਾ. ਅੰਬੇਦਕਰ ਤੇ ਮਹਾਤਮਾ ਗਾਂਧੀ ਦਰਮਿਆਨ ਹੋਏ ਇਸ ਸਮਝੌਤੇ 'ਤੇ ਦਸਤਖ਼ਤ ਕੀਤੇ ਗਏ। ਇਸ ਇਕਰਾਰਨਾਮੇ ਨੂੰ ਪੂਨਾ ਸਮਝੌਤਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਟੈਕਸਟ ਵਿਚ ਵਰਤੀ ਗਈ ਸ਼ਬਦਾਵਲੀ ਦੱਬੇ ਕੁਚਲੇ ਵਰਗਾਂ ਬਾਰੇ ਹੈ ਜਿਨ੍ਹਾਂ ਨੂੰ ਬਾਅਦ ਵਿਚ ਇੰਡੀਆ ਐਕਟ 1935 ਅਤੇ ਭਾਰਤੀ ਸੰਵਿਧਾਨ 1950 ਅਨੁਸਾਰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਵਜੋਂ ਪੁਕਾਰਿਆ ਜਾਣ ਲੱਗਾ। ਇਸ ਸਮਝੌਤੇ ਮੁਤਾਬਿਕ ਇਕਰਾਰਨਾਮੇ ਵਿਚ ਚੋਣ ਹਲਕਿਆਂ ਦੀ ਰਿਜ਼ਰਵੇਸ਼ਨ ਨੂੰ ਸ਼ਾਮਿਲ ਕੀਤਾ ਗਿਆ ਜਿਸ ਤਹਿਤ ਅਛੂਤਾਂ ਵਾਸਤੇ ਸਰਕਾਰੀ ਨੌਕਰੀਆਂ ਤੇ ਵਿਧਾਨ ਸਭਾਵਾਂ ਵਿਚ ਰਿਜ਼ਰਵੇਸ਼ਨ ਦਿੱਤੀ ਗਈ। ਇਸ ਸੰਧੀ ਵਿਚ ਦੱਬੇ ਕੁਚਲੇ ਵਰਗਾਂ ਲਈ ਸਪਸ਼ਟ ਤੇ ਪੱਕੀ ਸਥਿਤੀ ਬਣਾਈ ਗਈ। ਇਸ ਨਾਲ ਉਨ੍ਹਾਂ ਨੂੰ ਵਿੱਦਿਆ ਤੇ ਸਰਕਾਰੀ ਨੌਕਰੀਆਂ ਦੇ ਅਵਸਰ ਪ੍ਰਾਪਤ ਹੋ ਗਏ ਅਤੇ ਵੋਟ ਦਾ ਹੱਕ ਵੀ ਮਿਲ ਗਿਆ, ਪਰ ਉਨ੍ਹਾਂ ਨੇ ਆਪਣੀ ਪਛਾਣ, ਸਨਮਾਨ ਅਤੇ ਸਵੈਮਾਨ ਗਵਾ ਲਿਆ।


ਪੂਨਾ ਸਮਝੌਤੇ ਤੋਂ ਬਾਅਦ ਡਾ. ਅੰਬੇਦਕਰ ਨੇ ਵੀ ਸੰਯੁਕਤ ਚੋਣ ਹਲਕੇ ਦੀਆਂ ਬੁਰਾਈਆਂ ਵਿਰੁੱਧ ਦਲੀਲਾਂ ਦਿੱਤੀਆਂ ਕਿ 'ਹਿੰਦੂਆਂ ਦੇ ਦ੍ਰਿਸ਼ਟੀਕੋਣ ਮੁਤਾਬਿਕ ਆਮ ਮੁਹਾਵਰੇ ਵਿਚ, ਬੇਕਾਰ ਹਲਕਾ ਹੁੰਦਾ ਹੈ ਜਿਸ ਵਿਚ ਹਿੰਦੂਆਂ ਨੂੰ ਇੱਕ ਅਛੂਤ ਨੂੰ, ਅਛੂਤਾਂ ਦਾ ਬਰਾਏ ਨਾਮ ਪ੍ਰਤੀਨਿਧ ਨਾਮਜ਼ਦ ਕਰਨ ਦਾ ਹੱਕ ਮਿਲਦਾ ਹੈ, ਪਰ ਅਸਲ ਵਿਚ ਉਹ ਹਿੰਦੂਆਂ ਦਾ ਹੱਥ ਠੋਕਾ ਹੁੰਦਾ ਹੈ।' ਇਹ ਐਲਾਨ ਕਰ ਕੇ ਮਹਾਤਮਾ ਗਾਂਧੀ ਨੇ ਪੂਨਾ ਸਮਝੌਤੇ ਵਿਚ ਅਛੂਤਾਂ ਨਾਲ ਧੋਖਾ ਕੀਤਾ, ਉਨ੍ਹਾਂ ਇਹ ਭੇਤ ਖੋਲ੍ਹਿਆ ਕਿ ਪੂਨਾ ਸਮਝੌਤਾ ਬੁਰਾਈਆਂ ਨਾਲ ਭਰਿਆ ਹੋਇਆ ਹੈ।

ਪੂਨਾ ਸਮਝੌਤੇ ਦੇ ਨਤੀਜੇ ਅਜੋਕੇ ਭਾਰਤ ਦੇ ਇਤਿਹਾਸ ਨੇ ਹੈਰਾਨ ਕਰ ਦੇਣ ਵਾਲੇ ਤੱਥ ਪ੍ਰਗਟ ਕੀਤੇ। ਡਾ. ਬੀ.ਆਰ. ਅੰਬੇਦਕਰ ਨੂੰ ਸੰਵਿਧਾਨ ਦੇ ਜਾਰੀ ਹੋਣ ਤੋਂ ਬਾਅਦ ਚੁਣੇ ਹੋਏ ਮੈਂਬਰ ਵਜੋਂ ਵੀ ਸੰਸਦ ਵਿਚ ਜਾਣ ਤੋਂ ਰੋਕਿਆ ਗਿਆ ਅਤੇ ਸਾਰੇ ਹਿੰਦੂ ਸਮਾਜ ਨੇ ਰਲ ਕੇ ਉਨ੍ਹਾਂ ਨੂੰ ਹਰਾਉਣ ਲਈ ਪੂਰਾ ਜ਼ੋਰ ਲਾਇਆ। ਜਦੋਂ ਜਾਤ-ਪਾਤ ਦੇ ਖ਼ਾਤਮੇ ਦਾ ਟੈਕਸਟ ਛਪ ਗਿਆ ਤਾਂ 'ਸਭ ਤੋਂ ਮਹਾਨ ਹਿੰਦੂ' ਕਹਾਉਣ ਵਾਲੇ ਮਹਾਤਮਾ ਗਾਂਧੀ ਨੇ ਅੰਬੇਦਕਰ ਦੇ ਗੁੱਸੇ ਅਤੇ ਉਤੇਜਨਾ ਬਾਰੇ ਸਵਾਲ-ਜਵਾਬ ਕੀਤੇ। ਉਨ੍ਹਾਂ ਦਾ ਵਾਦ-ਵਿਵਾਦ ਨਵਾਂ ਨਹੀਂ ਸੀ। ਦੋਵੇਂ ਆਪਣੀ ਪੀੜ੍ਹੀ ਦੇ ਸਮਾਜਕ, ਰਾਜਨੀਤਿਕ ਤੇ ਦਾਰਸ਼ਨਿਕ ਮਤਭੇਦਾਂ ਜੋ ਬਹੁਤ ਪਹਿਲਾਂ ਸ਼ੁਰੂ ਹੋਏ ਸਨ ਤੇ ਅਜੇ ਵੀ ਖ਼ਤਮ ਨਹੀਂ ਹੋਏ, ਦੇ ਏਲਚੀ ਸਨ। ਗਾਂਧੀ ਜੀ ਛੂਤ-ਛਾਤ ਨੂੰ ਖ਼ਤਮ ਕਰ ਕੇ ਹਿੰਦੂ ਧਰਮ ਨੂੰ ਬਚਾਉਣਾ ਚਾਹੁੰਦੇ ਸਨ। ਦੂਜੇ ਪਾਸੇ ਡਾ. ਅੰਬੇਦਕਰ ਨੇ ਭਾਰਤੀਆਂ ਦੇ ਮੁੱਖ ਧਰਮ ਦੀ ਜਕੜ ਤੋਂ ਬਾਹਰ, ਹੱਲ ਲੱਭ ਲਿਆ ਸੀ।


ਜਾਤੀ ਆਧਾਰਿਤ ਵਿਤਕਰੇ ਉੱਪਰ ਕਾਬੂ ਪਾਉਣ ਲਈ ਸਾਰਾ ਜੀਵਨ ਲਾ ਕੇ ਡਾ. ਅੰਬੇਦਕਰ ਇਸ ਨਤੀਜੇ 'ਤੇ ਪਹੁੰਚੇ ਕਿ ਦਲਿਤਾਂ ਕੋਲ ਆਪਣੇ ਜੀਵਨ ਨੂੰ ਬਿਹਤਰ ਬਣਾਉਣ ਦਾ ਇੱਕੋ ਰਸਤਾ ਹੈ ਕਿ ਉਨ੍ਹਾਂ ਨੂੰ ਆਪਣੇ ਨੁਮਾਇੰਦੇ ਚੁਣਨ ਲਈ ਕੇਵਲ ਦਲਿਤਾਂ ਨੂੰ ਹੀ ਵੋਟ ਪਾਉਣ ਦਾ ਹੱਕ ਮਿਲੇ ਅਤੇ ਕਿਸੇ ਹੋਰ ਸਮਾਜ ਦੇ ਲੋਕਾਂ ਨੂੰ ਵੋਟ ਪਾਉਣ ਦਾ ਹੱਕ ਨਾ ਹੋਵੇ ਜਦੋਂ ਕਿ ਅੱਪਰ ਸਮਾਜ ਦੇ ਨੁਮਾਇੰਦਿਆਂ ਨੂੰ ਚੁਣਨ ਲਈ ਸਾਰੇ ਲੋਕਾਂ ਨੂੰ ਵੋਟ ਪਾਉਣ ਦਾ ਹੱਕ ਮਿਲੇ, ਭਾਵ ਦਲਿਤਾਂ ਨੂੰ ਦੋਹਰੀ ਵੋਟ ਦਾ ਹੱਕ ਮਿਲੇ। ਬਾਅਦ ਵਿਚ ਆਪਣੇ ਅੰਤਿਮ ਸਮੇਂ ਡਾ. ਅੰਬੇਦਕਰ ਨੇ ਕਿਹਾ ਕਿ ਇਹ ਉਨ੍ਹਾਂ ਦੀ ਜ਼ਿੰਦਗੀ ਦੀ ਸਭ ਤੋਂ ਵੱਡੀ ਗ਼ਲਤੀ ਸੀ ਅਤੇ ਜੇ ਉਨ੍ਹਾਂ ਨੂੰ ਉਹ ਸਭ ਕੁਝ ਦੁਬਾਰਾ ਕਰਨਾ ਪੈਂਦਾ ਤਾਂ ਉਹ ਦਲਿਤਾਂ ਦੀ ਇਕਲੀ ਪ੍ਰਤੀਨਿਧਤਾ ਨੂੰ ਛੱਡਣ ਤੋਂ ਇਨਕਾਰ ਕਰ ਦਿੰਦੇ, ਭਾਵੇਂ ਇਸ ਦਾ ਅਰਥ ਗਾਂਧੀ ਦੀ ਮੌਤ ਹੁੰਦੀ।

ਆਜ਼ਾਦੀ ਦੇ 68 ਸਾਲਾਂ ਵਿਚ ਦਲਿਤਾਂ ਦੀ ਹਾਲਤ ਵਿਚ ਕੋਈ ਤਬਦੀਲੀ ਨਹੀਂ ਆਈ ਅਤੇ ਕੁਝ ਪੱਖਾਂ ਤੋਂ ਹਾਲਤ ਹੋਰ ਵੀ ਖ਼ਰਾਬ ਹੋ ਗਈ ਹੈ। ਦਲਿਤਾਂ ਨੂੰ ਆਜ਼ਾਦੀ ਕੇਵਲ ਲਫ਼ਜ਼ਾਂ ਵਿਚ ਹੀ ਪ੍ਰਾਪਤ ਹੋਈ ਹੈ। ਲਿਓ ਤਾਲਸਤਾਏ ਦਾ ਇਹ ਕਥਨ ਸਹੀ ਹੈ ਕਿ 'ਲੰਬੇ ਸਮੇਂ ਤੋਂ ਗ਼ੁਲਾਮੀ ਦੇ ਖ਼ਾਤਮੇ ਦਾ ਕੰਮ ਚੱਲਦਾ ਆ ਰਿਹਾ ਹੈ। ਰੋਮ ਨੇ ਗੁਲਾਮੀ ਖ਼ਤਮ ਕਰ ਦਿੱਤੀ, ਅਮਰੀਕਾ ਨੇ ਇਸ ਨੂੰ ਖ਼ਤਮ ਕਰ ਦਿੱਤਾ ਅਤੇ ਅਸੀਂ ਵੀ ਇਸ ਨੂੰ ਖ਼ਤਮ ਕੀਤਾ, ਪਰ ਕੇਵਲ ਗੁਲਾਮੀ ਦੇ ਲਫ਼ਜ਼ਾਂ ਨੂੰ ਖ਼ਤਮ ਕੀਤਾ ਗਿਆ ਨਾ ਕਿ ਗੁਲਾਮੀ ਨੂੰ।' ਡਾ. ਬੀ.ਆਰ. ਅੰਬੇਦਕਰ ਨੇ 26 ਜਨਵਰੀ 1950 ਵਿਚ ਕਿਹਾ, 'ਅਸੀਂ ਅੰਤਰ-ਵਿਰੋਧ ਵਾਲੇ ਜੀਵਨ ਵਿਚ ਦਾਖ਼ਲ ਹੋਣ ਜਾ ਰਹੇ ਹਾਂ। ਰਾਜਨੀਤੀ ਵਿਚ ਸਮਾਨਤਾ, ਅਰਥਾਤ ਇੱਕ ਆਦਮੀ ਨੂੰ ਇੱਕ ਵੋਟ ਦੇ ਅਧਿਕਾਰ ਨੂੰ ਸਵੀਕਾਰਦੇ ਹਾਂ, ਪਰ ਸਮਾਜਕ ਤੇ ਆਰਥਿਕ ਢਾਂਚੇ ਵਿਚ ਇਸ ਸਿਧਾਂਤ ਤੋਂ ਇਨਕਾਰੀ ਹੋਣਾ ਜਾਰੀ ਰੱਖਦੇ ਹਾਂ। ਆਖ਼ਰ, ਕਦੋਂ ਤਕ ਅਸੀਂ ਅੰਤਰ-ਵਿਰੋਧਾਂ ਵਾਲੀ ਜ਼ਿੰਦਗੀ ਜਿਉਣਾ ਜਾਰੀ ਰੱਖਾਂਗੇ? ਕਦੋਂ ਤਕ ਅਸੀਂ ਆਪਣੇ ਸਮਾਜਕ ਅਤੇ ਆਰਥਿਕ ਜੀਵਨ ਨੂੰ ਬਰਾਬਰੀ ਤੋਂ ਵਾਂਝਾ ਰੱਖਣਾ ਜਾਰੀ ਰੱਖਾਂਗੇ? ਜੇ ਅਸੀਂ ਲੰਬੇ ਸਮੇਂ ਤਕ ਇਸ ਨੂੰ ਟਾਲਣਾ ਜਾਰੀ ਰੱਖਿਆ ਤਾਂ ਅਸੀਂ ਆਪਣੇ ਰਾਜਨੀਤਿਕ ਲੋਕਤੰਤਰ ਨੂੰ ਖ਼ਤਰੇ ਵਿਚ ਪਾ ਲਵਾਂਗੇ। ਸਾਨੂੰ ਇਸ ਅੰਤਰ-ਵਿਰੋਧ ਨੂੰ ਜਲਦੀ ਤੋਂ ਜਲਦੀ ਖ਼ਤਮ ਕਰਨਾ ਚਾਹੀਦਾ ਹੈ, ਨਹੀਂ ਤਾਂ ਜਿਹੜੇ ਨਾ-ਬਰਾਬਰੀ ਦਾ ਨੁਕਸਾਨ ਝੱਲ ਰਹੇ ਹਨ, ਉਹ ਲੋਕਤੰਤਰ ਦੇ ਢਾਂਚੇ ਨੂੰ ਤਬਾਹ ਕਰ ਦੇਣਗੇ ਜਿਸ ਨੂੰ ਸੰਵਿਧਾਨ ਸਭਾ ਨੇ ਬੜੀ ਮਿਹਨਤ ਨਾਲ ਉਸਾਰਿਆ ਸੀ'।

ਸਾਰੀ ਗੱਲ ਦਾ ਨਤੀਜਾ ਇਹ ਹੈ ਕਿ ਸ਼ਾਸਨ ਨੂੰ ਚਲਾ ਰਹੀਆਂ ਉਪਰਲੀਆਂ ਜਾਤਾਂ, ਦਲਿਤਾਂ ਨਾਲ ਵਿਤਕਰਾ ਕਰਦੀਆਂ ਆ ਰਹੀਆਂ ਸਨ ਅਤੇ ਹੁਣ ਵੀ ਕਰ ਰਹੀਆਂ ਹਨ। ਕਾਰਜਕਾਰੀ, ਵਿਧਾਨ ਸਭਾ ਤੇ ਨਿਆਂ ਪਾਲਿਕਾ ਦੀਆਂ ਸਾਰੀਆਂ ਉਪਰਲੀਆਂ ਪੁਜੀਸ਼ਨਾਂ ਤੇ ਸਮਾਜ ਦੇ ਉਪਰਲੇ ਵਰਗ ਦੇ ਲੋਕ ਬੈਠੇ ਹਨ। ਇਸੇ ਕਰਕੇ ਹੀ ਇਹ ਵਿਤਕਰਿਆਂ ਕਾਰਨ ਬਹੁਤੇ ਦਲਿਤਾਂ ਨੂੰ ਸਭ ਤੋਂ ਘੱਟ ਤਨਖ਼ਾਹਾਂ ਵਾਲੇ ਕੰਮਾਂ 'ਤੇ ਸੀਮਤ ਕਰ ਦਿੱਤਾ ਗਿਆ ਹੈ। ਸਥਿਤੀ ਪੂਰਨ ਤੌਰ 'ਤੇ ਵੱਖਰੀ ਹੋ ਸਕਦੀ ਸੀ ਜੇ 1932 ਦੇ ਕਮਿਊਨਲ ਐਵਾਰਡ ਦੇ ਇੱਕ ਇੱਕ ਸ਼ਬਦ ਦੀ ਭਾਵਨਾ ਨੂੰ ਲਾਗੂ ਕੀਤਾ ਗਿਆ ਹੁੰਦਾ। ਇਸ ਨਾਲ ਉਨ੍ਹਾਂ ਨੂੰ ਰਾਜਨੀਤਿਕ ਸੁਤੰਤਰਤਾ ਦੇ ਨਾਲ ਸਮਾਜਕ ਤੇ ਆਰਥਿਕ ਸੁਤੰਤਰਤਾ ਪ੍ਰਾਪਤ ਹੋ ਜਾਂਦੀ। ਇੱਕ ਸਪਸ਼ਟ ਨੀਤੀ ਜਿਸ ਦਾ ਅਰਥ ਭਾਵੇਂ ਵਾਪਸ ਕਮਿਊਨਲ ਐਵਾਰਡ ਵੱਲ ਜਾਣਾ ਹੁੰਦਾ ਤਾਂ ਵੀ ਇਹ ਬਹੁਤ ਉਚਿਤ ਨੀਤੀ ਹੁੰਦੀ ਜੋ ਉਨ੍ਹਾਂ ਦਲਿਤਾਂ ਨੂੰ ਤਾਕਤਵਰ ਕਰਦੀ ਜਿਨ੍ਹਾਂ ਨੂੰ ਸਮਾਜਕ ਤੇ ਆਰਥਿਕ ਵਿਕਾਸ ਦੇ ਅਵਸਰਾਂ ਤੋਂ ਵਾਂਝਾ ਰੱਖਿਆ ਗਿਆ ਹੈ।



***ਸ਼ਾਸਨ ਚਲਾ ਰਹੀਆਂ ਉਪਰਲੀਆਂ ਜਾਤਾਂ, ਦਲਿਤਾਂ ਨਾਲ ਵਿਤਕਰਾ ਕਰਦੀਆਂ ਆ ਰਹੀਆਂ ਸਨ, ਹੁਣ ਵੀ ਕਰ ਰਹੀਆਂ ਹਨ। ਕਾਰਜਕਾਰੀ, ਵਿਧਾਨ ਸਭਾ ਤੇ ਨਿਆਂ ਪਾਲਿਕਾ ਦੀਆਂ ਸਾਰੀਆਂ ਉਪਰਲੀਆਂ ਪੁਜੀਸ਼ਨਾਂ 'ਤੇ ਸਮਾਜ ਦੇ ਉਪਰਲੇ ਵਰਗ ਦੇ ਲੋਕ ਬੈਠੇ ਹਨ। ਬਹੁਤੇ ਦਲਿਤਾਂ ਨੂੰ ਸਭ ਤੋਂ ਘੱਟ ਤਨਖ਼ਾਹਾਂ ਵਾਲੇ ਕੰਮਾਂ 'ਤੇ ਸੀਮਤ ਕਰ ਦਿੱਤਾ ਗਿਆ ਹੈ। ਸਥਿਤੀ ਪੂਰਨ ਤੌਰ 'ਤੇ ਵੱਖਰੀ ਹੋ ਸਕਦੀ ਸੀ ਜੇ 1932 ਦੇ ਕਮਿਊਨਲ ਐਵਾਰਡ ਦੇ ਇੱਕ ਇੱਕ ਸ਼ਬਦ ਦੀ ਭਾਵਨਾ ਨੂੰ ਲਾਗੂ ਕੀਤਾ ਗਿਆ ਹੁੰਦਾ।***




# ਕੁਦਰਤ, ਪਾਣੀ ਤੇ ਸੋਕਾ

ਪਾਣੀ, ਕੁਦਰਤ ਅਤੇ ਸਮਾਜ ਨਾਲ ਜੁੜੇ ਮਸਲਿਆਂ ਦੇ ਉੱਘੇ ਚਿੰਤਕ ਅਨੁਪਮ ਮਿਸ਼ਰਾ ਦੇ ਲੇਖ 'ਇਕੱਲਾ ਨਹੀਂ ਆਉਂਦਾ ਅਕਾਲ' ਦਾ ਸਿਰਲੇਖ ਆਪਣੇ ਆਪ 'ਚ ਬਹੁਤ ਕੁਝ ਕਹਿ ਜਾਂਦਾ ਹੈ। ਕੁਦਰਤ ਸੋਕਾ ਦਿੰਦੀ ਹੈ, ਕਾਲ ਨਹੀਂ। ਹਰ ਚੌਥੇ-ਪੰਜਵੇਂ ਸਾਲ ਭਾਰਤ ਵਿਚ ਮੀਂਹ ਘੱਟ ਪੈਂਦੇ ਹਨ, ਪਰ ਜ਼ਰੂਰੀ ਨਹੀਂ ਕਿ ਇਸ ਨਾਲ ਅਨਾਜ ਦੀ ਕਮੀ ਹੋਵੇ, ਪੀਣ ਦੇ ਪਾਣੀ ਦਾ ਸੰਕਟ ਹੋਵੇ, ਮਨੁੱਖਾਂ ਅਤੇ ਪਸ਼ੂਆਂ ਦੀ ਜਾਨ ਆਫ਼ਤ ਵਿਚ ਆ ਜਾਵੇ ਤੇ ਖੇਤੀ-ਕਿਸਾਨੀ ਨਾਲ ਜੁੜੇ ਸਾਰੇ ਵਰਗਾਂ ਵਿਚ ਹਾਹਾਕਾਰ ਮਚ ਜਾਵੇ। ਅਜਿਹਾ ਤਾਂ ਹੀ ਹੁੰਦਾ ਹੈ ਜੇ ਸਮਾਜ ਅਤੇ



**ਯੋਗੇਂਦਰ ਯਾਦਵ**

ਸਰਕਾਰ ਸੋਕੇ ਲਈ ਤਿਆਰ ਨਾ ਹੋਣ। ਅਸਲ ਕਾਲ ਤੋਂ ਪਹਿਲਾਂ ਵਿਚਾਰਾਂ ਦਾ ਕਾਲ ਪੈਂਦਾ ਹੈ। ਭਾਵਨਾਵਾਂ ਦਾ ਅਤੇ ਚੇਤਨਤਾ ਦਾ ਕਾਲ ਪੈਂਦਾ ਹੈ। ਇਸੇ ਲਈ ਉਹ ਕਹਿੰਦੇ ਹਨ ਕਿ 'ਕਾਲ ਇਕੱਲਾ ਨਹੀਂ ਆਉਂਦਾ'। ਹੁਣ ਇਸ ਗੱਲ ਨੂੰ ਦੁਬਾਰਾ ਯਾਦ ਕਰਨ ਦੀ ਲੋੜ ਹੈ।

ਅੱਜ ਭਾਰਤ ਭਿਆਨਕ ਸੋਕੇ 'ਚੋਂ ਗੁਜ਼ਰ ਰਿਹਾ ਹੈ। ਸਰਕਾਰੀ ਹਿਸਾਬ ਨਾਲ ਸੋਕਾ ਉਦੋਂ ਕਿਹਾ ਜਾਂਦਾ ਹੈ, ਜਦੋਂ ਮੌਨਸੂਨ ਦੇ ਮੀਂਹ ਔਸਤ ਨਾਲੋਂ 10 ਫ਼ੀਸਦੀ ਜਾਂ ਫਿਰ ਇਸ ਤੋਂ ਵੀ ਘੱਟ ਰਹਿਣ ਅਤੇ ਇਸ ਦਾ ਅਸਰ ਮੁਲਕ ਦੇ 20 ਫ਼ੀਸਦੀ ਜਾਂ ਜ਼ਿਆਦਾ ਇਲਾਕੇ 'ਤੇ ਪਵੇ। ਪਿਛਲੇ ਹਫ਼ਤੇ ਹੋਈ ਬਾਰਿਸ਼ ਦੇ ਬਾਵਜੂਦ ਹੁਣ ਤੱਕ ਇਸ ਮੌਨਸੂਨ ਦੇ ਦੌਰਾਨ ਔਸਤ ਨਾਲੋਂ 14 ਫ਼ੀਸਦੀ ਘੱਟ ਮੀਂਹ ਪਏ ਹਨ। ਮੁਲਕ ਦੀ 38 ਫ਼ੀਸਦੀ ਜ਼ਮੀਨ ਮੀਂਹ ਦੀ ਭਿਆਨਕ ਘਾਟ ਦੀ ਸ਼ਿਕਾਰ ਹੈ। ਹੁਣ ਮੌਨਸੂਨ ਜਾਣ ਵਾਲੀ ਹੈ ਅਤੇ ਇਸ ਅੰਕੜੇ ਵਿਚ ਵਧੇਰੇ ਤਬਦੀਲੀ ਦੀ ਗੁੰਜਾਇਸ਼ ਨਹੀਂ ਬਚੀ, ਭਾਵ ਸੋਕਾ ਪੈ ਚੁੱਕਾ ਹੈ, ਬਸ ਸਰਕਾਰੀ ਐਲਾਨ ਦੀ ਉਡੀਕ ਹੈ।

ਇਹ ਸਾਧਾਰਨ ਸੋਕਾ ਨਹੀਂ ਹੈ। ਲਗਾਤਾਰ ਦੂਸਰੇ ਸਾਲ ਸੋਕਾ ਪਿਆ ਹੈ। ਪਿਛਲੇ ਸੌ ਸਾਲਾਂ 'ਚ ਤੀਸਰੀ ਵਾਰ ਅਜਿਹਾ ਹੋ ਰਿਹਾ ਹੈ ਕਿ ਲਗਾਤਾਰ ਦੋ ਸਾਲ ਮੁਲਕ ਵਿਚ ਸੋਕਾ ਪਿਆ ਹੋਵੇ। ਕੁੱਲ 641 ਵਿਚੋਂ 287 ਜ਼ਿਲ੍ਹੇ ਸੋਕੇ ਦੀ ਮਾਰ ਹੇਠ ਹਨ। ਕਈ ਸੌ ਜ਼ਿਲ੍ਹੇ ਅਜਿਹੇ ਹਨ ਜੋ ਪਿਛਲੇ 6 ਸਾਲ ਤੋਂ ਲਗਾਤਾਰ ਬਾਰਿਸ਼ ਦੀ ਘਾਟ ਦਾ ਸ਼ਿਕਾਰ ਹਨ। ਵਧੇਰੇ ਇਲਾਕਿਆਂ 'ਚ ਫ਼ਸਲ ਦੀ ਬਿਜਾਈ ਦੇ ਸਮੇਂ ਤਾਂ ਬਾਰਿਸ਼ ਹੋ ਗਈ ਅਤੇ ਉਸ ਤੋਂ ਉਤਸ਼ਾਹਿਤ ਹੋਏ ਕਿਸਾਨਾਂ ਨੇ ਫ਼ਸਲ 'ਤੇ ਖ਼ਰਚ ਵੀ ਕਰ ਦਿੱਤਾ, ਪਰ ਫ਼ਸਲ ਦੇ ਬੂਟੇ ਨਿਕਲਦਿਆਂ ਨਿਕਲਦਿਆਂ ਬਾਰਿਸ਼ ਬੰਦ ਹੋ ਗਈ, ਫ਼ਸਲ ਸੁੱਕ ਗਈ।

ਕਿਸਾਨਾਂ ਨੂੰ ਦੁੱਗਣਾ ਨੁਕਸਾਨ ਹੋ ਗਿਆ। ਸੋਕੇ ਦੀ ਸਭ ਤੋਂ ਵੱਡੀ ਮਾਰ ਉਨ੍ਹਾਂ ਇਲਾਕਿਆਂ 'ਤੇ ਪੈ ਰਹੀ ਹੈ, ਜਿਥੇ ਔਸਤ ਬਾਰਿਸ਼ ਘੱਟ ਹੁੰਦੀ ਹੈ ਅਤੇ ਜੋ ਸਿੰਜਾਈ ਲਈ ਬਾਰਿਸ਼ 'ਤੇ ਨਿਰਭਰ ਹਨ। ਉਂਜ ਤਾਂ ਕੇਰਲ, ਕੋਂਕਣ, ਨਾਗਾਲੈਂਡ ਅਤੇ ਮਿਜ਼ੋਰਮ ਵਿਚ ਵੀ ਔਸਤ ਤੋਂ ਘੱਟ ਬਾਰਿਸ਼ ਹੋਈ, ਪਰ ਇਨ੍ਹਾਂ ਇਲਾਕਿਆਂ 'ਤੇ ਕੁਦਰਤ ਦੀ ਮਿਹਰ ਹੈ। ਇਸੇ ਲਈ ਔਸਤ ਤੋਂ ਘੱਟ ਬਾਰਿਸ਼ ਵੀ ਕਾਫ਼ੀ ਹੈ। ਘਾਟ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿਚ ਵੀ ਹੈ ਪਰ ਉਥੇ ਸਿੰਜਾਈ ਦੇ ਹੋਰ ਸਾਧਨ ਮੁਹੱਈਆ ਹਨ। ਇਸ ਲਈ ਇਕਦਮ ਸੰਕਟ ਨਹੀਂ ਆਏਗਾ। ਅਸਲੀ ਸੰਕਟ ਉਸ ਸੁੱਕੀ ਪੱਟੀ ਵਿਚ ਹੈ ਜੋ ਉਤਰੀ ਕਰਨਾਟਕ ਤੋਂ ਸ਼ੁਰੂ ਹੋ ਕੇ ਤੇਲੰਗਾਨਾ, ਮਰਾਠਵਾੜਾ, ਮੱਧ ਮਹਾਰਾਸ਼ਟਰ, ਪੂਰਬੀ ਮੱਧ ਪ੍ਰਦੇਸ਼ ਅਤੇ ਉਤਰ ਪ੍ਰਦੇਸ਼ ਤੋਂ ਹੁੰਦਿਆਂ ਹੋਇਆਂ ਇਕ ਪਾਸੇ ਉਤਰੀ ਬਿਹਾਰ ਅਤੇ ਦੂਜੇ ਪਾਸੇ ਪੂਰਬੀ ਰਾਜਸਥਾਨ ਤੇ ਦੱਖਣੀ ਹਰਿਆਣਾ ਵੱਲ ਜਾਂਦੀ ਹੈ।

***ਮੀਡੀਆ ਵੀ ਬਹੁਤ ਬੇਪ੍ਰਵਾਹ ਜਾਪਦਾ ਹੈ। ਮਰਾਠਵਾੜੇ ਬਾਰੇ ਕੁਝ ਖ਼ਬਰਾਂ ਆਈਆਂ ਹਨ, ਹੋਰ ਕੁਝ ਨਹੀਂ। ਸ਼ੀਨਾ ਦਾ ਕਤਲ ਕੌਮੀ ਤ੍ਰਾਸਦੀ ਹੈ। ਦਿੱਲੀ ਦਾ ਡੇਂਗੂ ਵੀ ਕੌਮੀ ਆਫ਼ਤ ਹੈ, ਪਰ 50 ਕਰੋੜ ਲੋਕਾਂ ਦੇ ਜੀਵਨ ਵਿਚ ਸੰਕਟ ਪੈਦਾ ਕਰਨ ਵਾਲਾ ਸੋਕਾ ਕੋਈ ਕੌਮੀ ਖ਼ਬਰ ਨਹੀਂ ਹੈ। ਸ਼ਹਿਰਾਂ ਵਿਚ ਰਹਿਣ ਵਾਲੇ ਟੀ.ਵੀ. ਦੇਖਣ ਵਾਲੇ 'ਜਾਗਰੂਕ' ਨਾਗਰਿਕ ਨੂੰ ਅਜੇ ਤੱਕ ਪਤਾ ਹੀ ਨਹੀਂ ਹੈ ਕਿ ਉਨ੍ਹਾਂ ਦਾ ਮੁਲਕ ਇੰਨੇ ਵੱਡੇ ਸੰਕਟ 'ਚੋਂ ਗੁਜ਼ਰ ਰਿਹਾ ਹੈ। ਜਦੋਂ ਤੱਕ ਸੋਕਾ ਟੀ.ਵੀ. 'ਤੇ ਨਜ਼ਰ ਨਹੀਂ ਆਏਗਾ, ਸਰਕਾਰ ਅਤੇ ਪ੍ਰਸ਼ਾਸਨ ਨੂੰ ਕੋਈ ਚਿੰਤਾ ਨਹੀਂ ਹੋਵੇਗੀ। ਸੋਕਾ ਕੁਦਰਤ ਨੇ ਪਾਇਆ ਹੈ, ਪਰ ਸੰਵੇਦਨਾ ਦਾ ਕਾਲ ਸਾਡਾ ਆਪਣਾ ਪੈਦਾ ਕੀਤਾ ਹੋਇਆ ਹੈ।***

ਇਸ ਸੰਕਟ ਦਾ ਇਕ ਕੇਂਦਰ ਮਰਾਠਵਾੜਾ ਹੈ। ਪਿਛਲੇ 10 ਦਿਨਾਂ 'ਚ ਹਾਲਾਤ ਕੁਝ ਸੁਧਰੇ ਹਨ, ਨਹੀਂ ਤਾਂ ਪੀਣ ਦੇ ਪਾਣੀ ਅਤੇ ਪਸ਼ੂਆਂ ਦੇ ਚਾਰੇ ਦੇ ਸੰਕਟ ਨਾਲ ਵੀ ਹਾਹਾਕਾਰ ਮਚੀ ਹੋਈ ਸੀ। ਅਜੇ ਵੀ ਸੰਕਟ ਟਲਿਆ ਨਹੀਂ ਹੈ। ਧਰਤੀ ਹੇਠਲੇ ਪਾਣੀ ਦਾ ਪੱਧਰ ਡਿਗ ਪਿਆ ਹੈ ਤੇ ਇਕ ਫ਼ਸਲ ਮਰ ਚੁੱਕੀ ਹੈ।

ਮੁਲਕ ਸੋਕੇ ਦੀ ਆਫ਼ਤ 'ਚੋਂ ਗੁਜ਼ਰ ਰਿਹਾ ਹੈ, ਪਰ ਸਰਕਾਰ ਅਤੇ ਸ਼ਹਿਰੀ ਸਮਾਜ ਬੇਖ਼ਬਰ ਹੈ। ਸਾਉਣੀ ਦੀ ਫ਼ਸਲ ਨੂੰ ਬਹੁਤ ਨੁਕਸਾਨ ਹੋਇਆ, ਪਰ ਸਰਕਾਰ ਅਜੇ ਨਿਸ਼ਚਿੰਤ ਹੈ। ਉਸ ਕੋਲ ਅਨਾਜ ਦੇ ਭੰਡਾਰ ਭਰੇ ਪਏ ਹਨ। ਸਰਕਾਰ ਨੂੰ ਉਤਪਾਦਨ ਨਾਲ ਮਤਲਬ ਹੈ, ਉਤਪਾਦਕ ਨਾਲ ਨਹੀਂ। ਹੁਣ ਤੱਕ ਕੇਂਦਰ ਸਰਕਾਰ ਨੇ ਰਸਮੀ ਐਲਾਨ ਕੀਤਾ ਹੈ ਕਿ ਸੋਕਾਗ੍ਰਸਤ ਜ਼ਿਲ੍ਹਿਆਂ 'ਚ ਮਨਰੇਗਾ ਤਹਿਤ ਰੁਜ਼ਗਾਰ ਦੇ ਦਿਨ 100 ਤੋਂ ਵਧਾ ਕੇ 150 ਕਰ ਦਿੱਤੇ ਜਾਣਗੇ। ਨਾ ਪੀਣ ਦੇ ਪਾਣੀ ਦਾ ਵਿਸ਼ੇਸ਼ ਪ੍ਰਬੰਧ ਹੋ ਰਿਹਾ ਹੈ, ਨਾ ਪਸ਼ੂਆਂ ਦੇ ਚਾਰੇ ਦਾ ਅਤੇ ਨਾ ਹੀ ਫ਼ਸਲ ਦੇ ਨੁਕਸਾਨ ਦਾ ਮੁਆਵਜ਼ਾ ਦੇਣ ਦੀ ਤਿਆਰੀ ਨਜ਼ਰ ਆਉਂਦੀ ਹੈ। ਸਰਕਾਰ ਮੌਨਸੂਨ ਦੀ ਰਸਮੀ ਸਮਾਪਤੀ ਦੀ ਉਡੀਕ ਕਰੇਗੀ। ਫਿਰ ਮੰਤਰਾਲੇ ਵੱਲੋਂ ਪਟਵਾਰੀਆਂ ਤੋਂ ਸੋਕੇ ਦੀ ਜਾਣਕਾਰੀ ਮੰਗੀ ਜਾਏਗੀ। ਪਟਵਾਰੀ ਉਹੀ ਸੂਚਨਾ ਭੇਜਣਗੇ ਜੋ ਸਾਰਿਆਂ ਨੂੰ ਪਤਾ ਹੈ। ਫਿਰ ਸੂਬਾ ਸਰਕਾਰਾਂ ਕੇਂਦਰ ਕੋਲ ਫਰਿਆਦ ਕਰਨਗੀਆਂ। ਫਿਰ, ਫਾਈਲਾਂ ਰੀਂਗਦੀਆਂ ਰਹਿਣਗੀਆਂ, ਕਾਲ ਫੈਲਦਾ ਰਹੇਗਾ।

ਮੀਡੀਆ ਵੀ ਬਹੁਤ ਬੇਪ੍ਰਵਾਹ ਜਾਪਦਾ ਹੈ। ਮਰਾਠਵਾੜੇ ਬਾਰੇ ਕੁਝ ਖ਼ਬਰਾਂ ਆਈਆਂ ਹਨ, ਹੋਰ ਕੁਝ ਨਹੀਂ। ਸ਼ੀਨਾ ਦਾ ਕਤਲ ਕੌਮੀ ਤ੍ਰਾਸਦੀ ਹੈ। ਦਿੱਲੀ ਦਾ ਡੇਂਗੂ ਵੀ ਕੌਮੀ ਆਫ਼ਤ ਹੈ, ਪਰ 50 ਕਰੋੜ ਲੋਕਾਂ ਦੇ ਜੀਵਨ ਵਿਚ ਸੰਕਟ ਪੈਦਾ ਕਰਨ ਵਾਲਾ ਸੋਕਾ ਕੋਈ ਕੌਮੀ ਖ਼ਬਰ ਨਹੀਂ ਹੈ। ਸ਼ਹਿਰਾਂ ਵਿਚ ਰਹਿਣ ਵਾਲੇ ਟੀ.ਵੀ. ਦੇਖਣ ਵਾਲੇ 'ਜਾਗਰੂਕ' ਨਾਗਰਿਕ ਨੂੰ ਅਜੇ ਤੱਕ ਪਤਾ ਹੀ ਨਹੀਂ ਹੈ ਕਿ ਉਨ੍ਹਾਂ ਦਾ ਮੁਲਕ ਇੰਨੇ ਵੱਡੇ ਸੰਕਟ 'ਚੋਂ ਗੁਜ਼ਰ ਰਿਹਾ ਹੈ। ਜਦੋਂ ਤੱਕ ਸੋਕਾ ਟੀ.ਵੀ. 'ਤੇ ਨਜ਼ਰ ਨਹੀਂ ਆਏਗਾ, ਸਰਕਾਰ ਅਤੇ ਪ੍ਰਸ਼ਾਸਨ ਨੂੰ ਕੋਈ ਚਿੰਤਾ ਨਹੀਂ ਹੋਵੇਗੀ। ਸੋਕਾ ਕੁਦਰਤ ਨੇ ਪਾਇਆ ਹੈ, ਪਰ ਸੰਵੇਦਨਾ ਦਾ ਕਾਲ ਸਾਡਾ ਆਪਣਾ ਪੈਦਾ ਕੀਤਾ ਹੋਇਆ ਹੈ। ਅਨੁਪਮ ਮਿਸ਼ਰਾ ਨੇ ਇਸੇ ਵੱਲ ਇਸ਼ਾਰਾ ਕੀਤਾ ਹੈ। ਉਨ੍ਹਾਂ ਦੱਸਿਆ ਹੈ ਕਿ ਆਧੁਨਿਕ ਵਿਕਾਸ ਅਤੇ ਸਿੰਜਾਈ ਦੇ ਨਾਂ 'ਤੇ ਅਸੀਂ ਸਿੰਜਾਈ ਅਤੇ ਜਲ ਪ੍ਰਾਪਤੀ ਦੇ ਉਨ੍ਹਾਂ ਸਾਰੇ ਸਾਧਨਾਂ ਅਤੇ ਵਿਧੀਆਂ ਦਾ ਨਾਸ ਕਰ ਦਿੱਤਾ ਹੈ ਜਿਨ੍ਹਾਂ ਨਾਲ ਸਾਡਾ ਮੁਲਕ ਸਦੀਆਂ ਤੋਂ ਸੋਕੇ ਦਾ ਸਾਹਮਣਾ ਕਰਦਾ ਸੀ। ਇਸ ਵਾਰ ਦਾ ਭਿਆਨਕ ਸੋਕਾ ਇਕ ਮੌਕਾ ਹੋ ਸਕਦਾ ਹੈ। ਮੌਕਾ ਹੈ ਇਹ ਸਾਬਤ ਕਰਨ ਦਾ ਕਿ ਖੇਤ ਭਾਵੇਂ ਹੀ ਸੁੱਕੇ ਹੋਣ, ਸਾਡਾ ਦਿਲ ਅਤੇ ਦਿਮਾਗ ਅਜੇ ਨਹੀਂ ਸੁੱਕਿਆ। ਸਾਡੀਆਂ ਅੱਖਾਂ 'ਚ ਅਜੇ ਵੀ ਪਾਣੀ ਹੈ।

ਰਾਜਿੰਦਰ ਸਿੰਘ ਬੇਦੀ-5

# ਇਸ਼ਕ, ਵਹੁਟੀ ਅਤੇ ਅਧੇੜ ਉਮਰ



ਗੁਰਬਚਨ ਸਿੰਘ ਭੁੱਲਰ
ਫੋਨ: 01191-11425-02364
bhullargs@gmail.com

*ਸਾਲ 2015 ਉਰਦੂ ਅਦਬ ਦੇ ਜ਼ਹੀਨ ਅਫਸਾਨਾਨਿਗਾਰ ਮਰਹੂਮ ਰਾਜਿੰਦਰ ਸਿੰਘ ਬੇਦੀ (1915-1984) ਦਾ ਸ਼ਤਾਬਦੀ ਸਾਲ ਹੈ। ਉਹ ਫ਼ਿਲਮ ਨਿਰਮਾਤਾ, ਨਿਰਦੇਸ਼ਕ, ਪਟਕਥਾ-ਲੇਖਕ ਅਤੇ ਸੰਵਾਦ-ਲੇਖਕ ਵੀ ਸਨ ਅਤੇ 20ਵੀਂ ਸਦੀ ਦੇ ਸਭ ਤੋਂ ਵੱਡੇ ਪ੍ਰਗਤੀਸ਼ੀਲ ਉਰਦੂ ਲਿਖਾਰੀਆਂ ਵਿਚੋਂ ਇੱਕ ਸਨ। ਉਨ੍ਹਾਂ ਦੇ ਨਾਵਲ 'ਏਕ ਚਾਦਰ ਮੈਲੀ ਸੀ' 'ਤੇ ਇਸੇ ਨਾਂ ਹੇਠ ਹਿੰਦੀ ਵਿਚ ਫਿਲਮ ਬਣੀ ਜਦੋਂਕਿ ਇਸੇ ਨਾਵਲ ਉਤੇ ਪਾਕਿਸਤਾਨ ਵਿਚ 'ਮੁਠੀ ਭਰ ਚਾਵਲ' ਨਾਂ ਹੇਠ ਫਿਲਮ ਬਣੀ। ਉਨ੍ਹਾਂ ਦੀਆਂ ਕਈ ਕਹਾਣੀਆਂ ਉਪਰ ਵੀ ਫਿਲਮਾਂ ਬਣੀਆਂ। ਉਨ੍ਹਾਂ ਨੂੰ ਆਪਣੀਆਂ ਕਿਰਤਾਂ ਉਤੇ ਬਹੁਤ ਸਾਰੇ ਇਨਾਮ ਵੀ ਮਿਲੇ। ਸ. ਬੇਦੀ ਨੇ ਜਿਸ ਵੀ ਖੇਤਰ ਵਿਚ ਕੰਮ ਕੀਤਾ, ਬਾਕਮਾਲ ਕੀਤਾ। ਪ੍ਰੌਢ ਪੰਜਾਬੀ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਦੀ ਲੋਕਯਾਨ ਦੇ ਨੱਕੜਦਾਦਾ ਦੇਵਿੰਦਰ ਸਥਿਆਰਥੀ ਬਾਰੇ ਇਕ ਲੰਮੀ ਲੇਖ ਲੜੀ ਇਨ੍ਹਾਂ ਕਾਲਮਾਂ ਵਿਚ ਹਾਲ ਹੀ ਵਿਚ ਛਾਪੀ ਗਈ ਸੀ, ਜਿਸ ਨੂੰ ਪਾਠਕਾਂ ਦਾ ਭਰਵਾਂ ਹੁੰਗਾਰਾ ਵੀ ਮਿਲਿਆ। ਭੁੱਲਰ ਸਾਹਿਬ ਨੇ ਆਪਣੀ ਇਸ ਲੇਖ ਲੜੀ ਵਿਚ ਮਰਹੂਮ ਸ. ਬੇਦੀ ਦੇ ਜੀਵਨ ਦੇ ਕੁਝ ਅਹਿਮ ਪਲ ਕਲਮਬੱਧ ਕੀਤੇ ਹਨ, ਜੋ ਪਾਠਕਾਂ ਦੀ ਨਜ਼ਰ ਹਨ। -ਸੰਪਾਦਕ*

ਬੇਦੀ ਜੀ ਗਰਮੀਆਂ ਦੇ ਇਕ ਸਿਖਰ ਦੁਪਹਿਰੇ ਮੁੜ੍ਹਕੋ-ਮੁੜ੍ਹਕੀ ਹੋਏ ਘਰ ਪਰਤੇ ਤਾਂ ਸਿਰ ਤੋਂ ਪੱਗ ਲਾਹ ਕੇ ਸੋਫੇ ਉਤੇ ਸੁਟਦਿਆਂ ਅਤੇ ਵਾਲਾਂ ਵਿਚ ਉਂਗਲਾਂ ਫੇਰ ਕੇ ਹਵਾ ਲੁਆਉਂਦਿਆਂ ਉਡੀਕ ਵਿਚ ਬੈਠੇ ਹੋਏ ਮਿੱਤਰ ਨੂੰ ਬੋਲੇ, "ਵੈਸੇ ਤਾਂ ਬੰਦੇ ਨੂੰ ਦੂਜੇ ਦੀ ਪੱਗ ਲਾਹ ਕੇ ਸੁਆਦ ਆਉਂਦਾ ਹੈ, ਪਰ ਕਦੇ-ਕਦੇ ਆਪਣੀ ਪੱਗ ਆਪ ਲਾਹ ਕੇ ਵੀ ਬੜਾ ਸੁਆਦ ਆਉਂਦਾ ਹੈ।" ਤੇ ਉਹ ਆਪਣੀ ਪੱਗ ਕਦੀ-ਕਦੀ ਹੀ ਨਹੀਂ, ਸਗੋਂ ਅਕਸਰ ਲਾਹੁੰਦੇ ਰਹਿੰਦੇ ਸਨ। ਜੇ ਉਨ੍ਹਾਂ ਨੂੰ ਪਾਤਰ ਬਣਾ ਕੇ ਉਹ ਅਨੇਕ ਲੋਕਾਂ ਦੀਆਂ ਢਕੀਆਂ ਜੱਗ-ਜ਼ਾਹਿਰ ਕਰਦੇ ਸਨ ਤਾਂ ਉਹ ਆਪਣੀਆਂ ਕਿਉਂ ਨਾ ਕਰਨ!

ਆਪਣੀ ਸਾਰੀ ਜ਼ਿੰਦਗੀ ਦੀ ਕਰਨੀ-ਕਮਾਈ ਦਾ ਨਿਚੋੜ ਉਹ ਬੜੀ ਬੇਫ਼ਿਕਰੀ ਨਾਲ ਇਨ੍ਹਾਂ ਕੁਝ ਸ਼ਬਦਾਂ ਵਿਚ ਪੇਸ਼ ਕਰ ਦਿੰਦੇ ਹਨ, "ਅੱਜ ਤਾਈਂ ਮੈਂ ਇਕ ਵਹੁਟੀ ਦੀ ਜ਼ਿੰਦਗੀ ਬਰਬਾਦ ਕਰਨ ਤੇ ਕੁਝ ਬੱਚਿਆਂ ਦਾ ਭਵਿੱਖ ਨਸ਼ਟ ਕਰਨ ਤੋਂ ਇਲਾਵਾ ਜੇ ਹੋਰ ਕੋਈ ਕੰਮ ਸਿਰੇ ਚਾੜ੍ਹਿਆ ਹੈ ਤਾਂ ਬੱਸ ਇਹ ਸਫ਼ੇ ਕਾਲੇ ਕਰਨ ਦਾ।" ਜਾਂ "ਫੇਰ ਥੋੜ੍ਹਾ ਜਿਹਾ ਇਸ਼ਕ...ਵਹੁਟੀ ਵਿਚ ਦਿਲਚਸਪੀ ਦੀ ਸਮਾਪਤੀ, ਵਹੁਟੀ ਵਲੋਂ ਮੁਹੱਬਤ ਦਾ ਅੰਤ...ਕਾਰਨ? ਅਧੇੜ ਉਮਰ ਦਾ ਸ਼ੁਦਾਅ...ਜੇਠੇ ਮੁੰਡੇ ਵਲੋਂ ਮੈਨੂੰ ਕਾਰੋਬਾਰੀ ਤੌਰ ਉਤੇ ਅਨਾੜੀ ਸਮਝਿਆ ਜਾਣਾ ਤੇ ਮੇਰੇ ਵਲੋਂ ਉਹਨੂੰ ਪੈਸੇ ਦਾ ਪੀਰ ਤੇ ਗ਼ੈਰ-ਜ਼ਿੰਮੇਵਾਰ ਸਮਝਿਆ ਜਾਣਾ।...ਕੀ ਗੱਲ ਬਣੀ?"

ਭਾਸ਼ਾਈ ਸੰਜਮ ਅਤੇ ਸੰਖੇਪਤਾ ਦਾ ਕਮਾਲ ਦਿਖਾਉਂਦਿਆਂ ਬੇਦੀ ਜੀ ਨੇ ਇਨ੍ਹਾਂ ਤਿੰਨ-ਚਾਰ ਸਤਰਾਂ ਵਿਚ ਜੋ ਕੁਝ ਕਿਹਾ ਹੈ, ਉਹ ਅਸਲ ਵਿਚ ਉਨ੍ਹਾਂ ਦੇ ਪੂਰੇ ਜੀਵਨ ਉਤੇ ਫੈਲੇ ਹੋਏ ਸੱਚ ਦਾ ਨਿਚੋੜ ਹੈ, ਜਿਸ ਨੇ ਅਮੁੱਕ ਲੰਮੇ ਕੰਡਿਆਲੇ ਦੁਖਾਂਤ ਦਾ ਰੂਪ ਧਾਰ ਲਿਆ। ਇਸ ਕਥਨ ਦੇ ਇਕ-ਇਕ ਵਾਕੰਸ਼ ਪਿੱਛੇ ਇਕ ਪੂਰੀ ਦੀ ਪੂਰੀ ਕਸ਼ਟਦਾਇਕ ਕਹਾਣੀ ਹੈ। ਅਸਲ ਵਿਚ 'ਇਸ਼ਕ, ਵਹੁਟੀ ਅਤੇ ਅਧੇੜ ਉਮਰ' ਬਾਰੇ ਕਥਨ ਨੂੰ ਉਨ੍ਹਾਂ ਨੇ, ਪਤਾ ਨਹੀਂ ਕੀ ਸੋਚ ਕੇ ਅਤੇ ਕਿਉਂ, ਉਲਟੀ ਤਰਤੀਬ ਵਿਚ ਲਿਖਿਆ ਹੈ। ਸੱਚ ਇਹ ਹੈ ਕਿ ਪਹਿਲਾਂ ਪਤਨੀ ਵਲੋਂ 'ਮੁਹੱਬਤ' ਦਾ ਐਲਾਨੀਆ ਅੰਤ ਕਰ ਦਿੱਤਾ ਗਿਆ। ਇਸ ਦੀ ਇਕੋ-ਇਕ ਵਜ੍ਹਾ ਅਧੇੜ ਉਮਰ ਦਾ ਸ਼ੁਦਾਅ ਨਹੀਂ ਸੀ। ਕਾਰਨ ਹੋਰ ਵੀ ਸਨ ਅਤੇ ਉਹ ਸਨ ਵੀ ਕਈ ਤੇ ਸਨ ਵੀ ਵਧੀਕ ਮਹੱਤਵਪੂਰਨ। ਸ਼ਾਇਦ ਉਨ੍ਹਾਂ ਦਾ ਜ਼ਿਕਰ ਕਰਨਾ ਬੇਦੀ ਲਈ ਕੁਝ ਵਧੇਰੇ ਹੀ ਕਸ਼ਟਦਾਇਕ ਹੋਣ ਕਰਕੇ ਅਸੰਭਵ ਹੋ ਗਿਆ ਹੋਵੇ।

ਪਹਿਣ-ਪੱਚਰ ਕੇ ਬਣਦੇ-ਫ਼ਬਦੇ ਤਾਂ ਬੇਦੀ ਜੀ ਵੀ ਬਹੁਤ ਸਨ ਪਰ ਉਨ੍ਹਾਂ ਦੀ ਪਤਨੀ ਕੁਝ ਬਹੁਤੀ ਹੀ ਖ਼ੂਬਸੂਰਤ ਸੀ। ਇਹਦੇ ਨਾਲ ਹੀ ਉਹ ਸੁੰਦਰਤਾ ਅਤੇ ਸੂਝ ਦੇ ਬੇਮੇਲ ਹੋਣ ਬਾਰੇ ਪ੍ਰੰਪਰਾਗਤ ਕਹਾਵਤ ਦਾ ਸਾਕਾਰ ਰੂਪ ਸੀ। ਉਹ ਵਿਦਿਆ ਤੋਂ ਤਾਂ ਕੋਰੀ ਹੈ ਹੀ ਸੀ, ਆਮ ਸਮਝ ਤੋਂ ਵੀ ਸੱਖਣੀ ਸੀ। ਉਹਦੀ ਸਾਧਾਰਨਤਾ ਉਸ ਮਾਹੌਲ ਨੂੰ ਸਮਝਣ ਤੋਂ ਬਿਲਕੁਲ ਅਸਮਰਥ ਸੀ ਜਿਸ ਵਿਚ ਬੇਦੀ ਇਕ ਫ਼ਿਲਮ ਨਿਰਮਾਤਾ, ਨਿਰਦੇਸ਼ਕ, ਪਟਕਥਾ-ਲੇਖਕ ਅਤੇ ਸੰਵਾਦ-ਲੇਖਕ ਵਜੋਂ ਵਿਚਰ ਰਹੇ ਸਨ। ਸ਼ੱਕ ਦੀ ਸਿਉਂਕ ਉਹਦੇ ਚੈਨ ਨੂੰ ਚਟਦੀ ਰਹਿੰਦੀ ਅਤੇ ਉਹ ਬੇਚੈਨ ਹੋ ਕੇ ਬੇਦੀ ਦਾ ਚੈਨ ਹਰਾਮ ਕਰਦੀ ਰਹਿੰਦੀ। ਬੇਦੀ ਦੀ ਸ਼ਖ਼ਸੀਅਤ ਉਨ੍ਹਾਂ ਦੀ ਬੌਧਿਕਤਾ ਕਾਰਨ ਸਾਧਾਰਨ ਪੱਧਰ ਤੋਂ ਜਿੰਨੀ ਉਚੀ ਸੀ, ਉਹਦੀ ਓਨੀ ਹੀ ਨੀਵੀਂ ਸੀ। ਇਉਂ ਉਹ ਦੋਵੇਂ ਸਾਰੀ ਉਮਰ ਦੋ ਵੱਖਰੇ-ਵੱਖਰੇ ਟਿਕਾਣਿਆਂ ਉਤੇ ਖਲੋਤੇ ਰਹੇ, ਉਹ ਇਕ ਉਚੇ ਚੌਤਰੇ ਉਤੇ ਅਤੇ ਉਹ ਇਕ ਨੀਵੇਂ ਟੋਏ ਵਿਚ। ਆਖ਼ਰ ਇਹ ਸਥਿਤੀ ਬਣ ਗਈ ਜਿਸ ਨੂੰ ਬੇਦੀ ਨੇ 'ਵਹੁਟੀ ਵਲੋਂ ਮੁਹੱਬਤ ਦਾ ਅੰਤ' ਕਿਹਾ ਹੈ। ਮਾਨਸਿਕ ਦੂਰੀ ਪਹਿਲਾਂ ਤੋਂ ਹੀ ਸੀ, ਹੁਣ ਪਤਨੀ ਨੇ ਉਸੇ ਘਰ ਵਿਚ ਰਹਿੰਦਿਆਂ ਸਥਾਈ ਸਰੀਰਕ ਦੂਰੀ ਸਿਰਜ ਲਈ। ਪ੍ਰਤੀਕਰਮ ਉਹ ਹੋਇਆ ਜਿਸ ਨੂੰ ਉਨ੍ਹਾਂ ਨੇ 'ਵਹੁਟੀ ਵਿਚ ਦਿਲਚਸਪੀ ਦੀ ਸਮਾਪਤੀ' ਆਖਿਆ ਹੈ। ਇਸ ਸਾਰੇ ਰੋਲ-ਘਚੋਲੇ ਵਿਚ ਅਧੇੜ ਉਮਰ ਦੇ ਸ਼ੁਦਾਅ ਨੂੰ ਸਹਾਰਾ ਮਿਲਿਆ ਤਾਂ ਬੇਦੀ ਵਰਗੇ ਤਿਹੁ ਦੇ ਤਿਹਾਏ ਅਤੇ ਭਾਵੁਕ ਵਿਅਕਤੀ ਦਾ ਵੇਲ ਵਾਂਗ ਉਸ ਸਹਾਰੇ ਵੱਲ ਉਲਰ ਪੈਣਾ ਸੁਭਾਵਿਕ ਸੀ ਜਿਸ ਨੂੰ ਉਹ 'ਥੋੜ੍ਹਾ ਜਿਹਾ ਇਸ਼ਕ' ਆਖਦੇ ਹਨ।

ਉਹ ਬੇਹੱਦ ਰੁਝੇਵਿਆਂ-ਭਰੇ ਫਿਲਮੀ ਜੀਵਨ ਵਿਚ ਘਰੋਂ ਬਾਹਰ ਰਹਿੰਦੇ ਅਤੇ ਘਰੇ ਬੈਠਿਆਂ ਪਤਨੀ ਦਾ ਇਕ ਮੁੱਖ ਰੁਝੇਵਾਂ ਬੱਚਿਆਂ ਨੂੰ ਪਿਉ ਦੇ ਵਿਰੁੱਧ ਚੁਕਦੇ ਰਹਿਣਾ ਹੁੰਦਾ। ਇਹਤੋਂ ਵੀ ਅੱਗੇ, ਜਦੋਂ ਕਦੀ ਕੋਈ ਰਿਸ਼ਤੇਦਾਰ ਆਉਂਦਾ ਜਾਂ ਉਹ ਕਿਸੇ ਰਿਸ਼ਤੇਦਾਰ ਦੇ ਜਾਂਦੀ, ਇਸ ਨਿੰਦਿਆ-ਪੁਰਾਣ ਦਾ ਪਾਠ ਕਰਨਾ ਉਹ ਕਦੀ ਨਾ ਭੁਲਦੀ। ਕੁਝ-ਕੁਝ ਸਮਝਦਾਰ ਛੋਟਾ ਪੁੱਤਰ, ਜੋ ਪੜ੍ਹਾਈ-ਸਿਖਲਾਈ ਲਈ ਜਰਮਨੀ ਗਿਆ ਸੀ ਅਤੇ ਉਥੋਂ ਦੀ ਲੜਕੀ ਨਾਲ ਵਿਆਹਿਆ ਹੋਇਆ ਸੀ, ਰਹਿਣ ਲਈ ਬੰਬਈ ਆਇਆ, ਪਰ ਘਰ ਦਾ ਮਾਹੌਲ ਦੇਖ ਕੇ ਜਰਮਨੀ ਪਰਤ ਗਿਆ। ਇਕ ਵੱਡੇ ਪੁੱਤਰ ਨਰਿੰਦਰ ਬੇਦੀ ਦੀ ਪਤਨੀ ਤੋਂ ਇਲਾਵਾ ਟੱਬਰ ਦੇ ਸਾਰੇ ਜੀਅ ਬੇਦੀ ਦੀ ਮਾਲੀ ਕਮਾਈ ਅਤੇ ਨਾਂ ਤੇ ਪ੍ਰਸਿੱਧੀ ਦੀ ਕਮਾਈ ਰੱਜ-ਰੱਜ ਖਾਂਦੇ ਅਤੇ ਉਨ੍ਹਾਂ ਦੀ ਰੱਜ-ਰੱਜ ਨਿੰਦਿਆ ਕਰਦੇ। ਨੂੰਹ ਉਨ੍ਹਾਂ ਦੀ ਵਡਿੱਤਣ ਨੂੰ ਸਮਝਦੀ, ਉਨ੍ਹਾਂ ਦੀ ਇੱਜ਼ਤ ਕਰਦੀ ਅਤੇ ਉਨ੍ਹਾਂ ਦਾ ਖਿਆਲ ਰਖਦੀ। ਇਸੇ ਨੂੰਹ ਨੇ ਉਨ੍ਹਾਂ ਨੂੰ ਬਿਮਾਰੀ ਦੀ ਹਾਲਤ ਵਿਚ ਸਾਂਭਿਆ। ਪਰ ਇਸ ਆਦਰ ਅਤੇ ਹਮਦਰਦੀ ਦਾ ਉਹਨੂੰ ਭਾਰੀ ਮੁੱਲ ਚੁਕਾਉਣਾ ਪਿਆ। ਸੱਸ ਤੁਹਮਤਾਂ ਲਾਉਂਦੀ। ਦੂਜੇ ਉਹਦੇ ਨਾਲ ਸੁਰ ਮਿਲਾਉਂਦੇ। ਨੂੰਹ ਰੋਂਦੀ ਕਿ ਮੇਰੇ ਪਿਤਾ-ਸਮਾਨ ਹਨ। ਬੇਦੀ ਰੋਂਦੇ ਕਿ ਇਕ ਬੱਸ ਇਹ ਧੀ-ਸਮਾਨ ਨੂੰਹ ਉਨ੍ਹਾਂ ਦੀ ਕਦਰ ਕਰਦੀ ਹੈ ਅਤੇ ਉਹਨੂੰ ਕੇਹੀਆਂ ਊਜਾਂ ਦਾ ਸਾਹਮਣਾ ਕਰਨਾ ਪੈਂਦਾ ਹੈ!

> ***ਜਦੋਂ ਬੇਦੀ ਸਾਹਿਬ ਆਪਣੀਆਂ ਸਫਲਤਾਵਾਂ ਅਤੇ ਅਸਫਲਤਾਵਾਂ ਦਾ ਲੇਖਾ-ਜੋਖਾ ਕਰਦੇ ਹਨ, ਉਨ੍ਹਾਂ ਨੂੰ ਨਾਂਹ-ਪੱਖੀ ਪਲੜਾ ਝੁਕਦਾ ਦਿਸਦਾ ਹੈ। ਸ਼ਾਇਦ ਆਪਣੀ ਹੋਂਦ ਦੀ ਇਸੇ ਨਿਰਾਰਥਕਤਾ ਦੀ ਚੁਭਨ ਮਹਿਸੂਸ ਕਰ ਕੇ ਉਹ ਆਖਦੇ ਹਨ ਕਿ 'ਕੌਣ' ਅਤੇ 'ਕੀ' ਵਰਗੇ ਸਵਾਲ ਮੇਰੇ ਉਤੇ ਨਹੀਂ ਢੁਕਦੇ ਸਗੋਂ ਮੈਨੂੰ ਤਾਂ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਮੈਂ 'ਕਿਉਂ' ਹਾਂ।***

ਜਦੋਂ ਬੇਦੀ ਸਾਹਿਬ ਆਪਣੀਆਂ ਸਫਲਤਾਵਾਂ ਅਤੇ ਅਸਫਲਤਾਵਾਂ ਦਾ ਲੇਖਾ-ਜੋਖਾ ਕਰਦੇ ਹਨ, ਉਨ੍ਹਾਂ ਨੂੰ ਨਾਂਹ-ਪੱਖੀ ਪਲੜਾ ਝੁਕਦਾ ਦਿਸਦਾ ਹੈ। ਸ਼ਾਇਦ ਆਪਣੀ ਹੋਂਦ ਦੀ ਇਸੇ ਨਿਰਾਰਥਕਤਾ ਦੀ ਚੁਭਨ ਮਹਿਸੂਸ ਕਰ ਕੇ ਉਹ ਆਖਦੇ ਹਨ ਕਿ 'ਕੌਣ' ਅਤੇ 'ਕੀ' ਵਰਗੇ ਸਵਾਲ ਮੇਰੇ ਉਤੇ ਨਹੀਂ ਢੁਕਦੇ ਸਗੋਂ ਮੈਨੂੰ ਤਾਂ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਮੈਂ 'ਕਿਉਂ' ਹਾਂ।

ਜਿਥੋਂ ਤੱਕ ਇਸ਼ਕ ਦਾ ਸਬੰਧ ਹੈ, ਉਹ ਕਹਿੰਦੇ ਹਨ, "ਮੇਰੇ ਸਾਹਮਣੇ ਕੋਈ ਮਾਸ਼ੂਕ ਨਹੀਂ ਸੀ। ਤੇ ਜੇ ਸੀ ਤਾਂ ਮੈਨੂੰ ਬੱਚਾ ਸਮਝ ਕੇ ਟਾਲ ਜਾਂਦੀ ਸੀ। ਜੇ ਕਦੀ ਭੁੱਲ-ਭੁਲੇਖੇ ਉਹ ਮੇਰੇ ਕੋਲ ਅਟਕ ਜਾਂਦੀ ਤਾਂ ਮੇਰੀ ਘਰਵਾਲੀ ਜੁੱਤੀ ਫੜ ਲੈਂਦੀ।" ਉਹ ਇਹ ਵੀ ਕਹਿੰਦੇ ਹਨ ਕਿ "ਮੈਂ ਸਿਆਣਾ ਹੋਣ ਕਰਕੇ ਕਿਸੇ ਔਰਤ ਨੂੰ ਪਿਆਰ ਨਹੀਂ ਕਰਦਾ ਅਤੇ ਔਰਤ ਬੇਵਕੂਫ ਹੋਣ ਕਰਕੇ ਮੈਨੂੰ ਪਿਆਰ ਨਹੀਂ ਕਰਦੀ।" ਪਰ ਸੰਸਾਰ ਵਿਚ ਬੀ-ਨਾਸ ਤਾਂ ਕਿਸੇ ਚੀਜ਼ ਦਾ ਵੀ ਨਹੀਂ ਹੁੰਦਾ। ਆਖ਼ਰ ਇਕ ਮੁਟਿਆਰ ਆਈ ਜੋ ਬੇਵਕੂਫ਼ ਨਹੀਂ ਸੀ। ਉਹ ਸਾਹਿਤ ਦੀ ਪਾਰਖੂ ਪਾਠਕ ਸੀ, ਕਲਾ ਦੀ ਉਦਾਰ ਕਦਰਦਾਨ ਸੀ ਅਤੇ ਉਹਨੇ ਪੀ-ਐਚ. ਡੀ. ਕੀਤੀ ਹੋਈ ਸੀ। ਤੇ ਉਸ ਨੂੰ ਮਿਲਦਿਆਂ ਹੀ ਇਨ੍ਹਾਂ ਦੀ ਸਿਆਣਪ ਧਰੀ-ਧਰਾਈ ਰਹਿ ਗਈ ਕਿਉਂਕਿ ਇਨ੍ਹਾਂ ਨੂੰ ਯਾਦ ਆ ਗਿਆ ਕਿ ਸਾਡੇ ਧਰਮ-ਗਰੰਥਾਂ ਵਿਚ ਜਦੋਂ ਮੇਨਕਾ ਦੇ ਭੁਲਾਇਆਂ ਮਹਾਂਰਿਸ਼ੀ ਵਿਸ਼ਵਾਮਿੱਤਰ ਦਾ ਡੋਲਣਾ ਬੁਰਾ ਨਹੀਂ ਸਮਝਿਆ ਗਿਆ ਸਗੋਂ ਇਕ ਕੁਦਰਤੀ ਵਰਤਾਰੇ ਵਜੋਂ ਲਿਆ ਗਿਆ ਹੈ, ਤਾਂ ਇਸ ਨਾਜ਼ਕ ਘੜੀ ਉਨ੍ਹਾਂ ਦਾ ਡੋਲਣਾ ਕਿਵੇਂ ਵੀ ਅਨੁਚਿਤ ਨਹੀਂ ਸਮਝਿਆ ਜਾ ਸਕਦਾ।

ਕੁੜੀ ਨੇ ਇਕ ਲੇਖਕ ਅਤੇ ਫਿਲਮਕਾਰ ਵਜੋਂ ਇਨ੍ਹਾਂ ਦੀ ਤਾਰੀਫ਼ ਕੀਤੀ, ਇਹ ਕੋਈ ਸਬੂਤ ਮੰਗੇ ਬਿਨਾਂ ਸਹਿਮਤ ਹੋ ਗਏ। ਕੁੜੀ ਨੇ ਆਪਣੀ ਅਭਿਨੈ-ਨਿਪੁੰਨਤਾ ਦੱਸੀ, ਇਹ ਹੁਣ ਵੀ ਕੋਈ ਸਬੂਤ ਮੰਗੇ ਬਿਨਾਂ ਸਹਿਮਤ ਹੋ ਗਏ। ਫੇਰ ਜਦੋਂ ਕੁੜੀ ਨੇ ਆਪਣੀਆਂ ਬਹੁਪੱਖੀ ਯੋਗਤਾਵਾਂ ਸਦਕਾ ਇਨ੍ਹਾਂ ਵਰਗੇ ਯੋਗ ਵਿਅਕਤੀ ਨੂੰ ਪਿਆਰ ਕਰਨ ਦਾ ਆਪਣਾ ਅਧਿਕਾਰ ਜਤਾਇਆ ਤਾਂ ਸ਼ਬਦਾਂ ਨੇ ਭਾਸ਼ਾ ਦੇ ਉਸਤਾਦ ਦਾ ਸਾਥ ਛੱਡ ਦਿੱਤਾ ਅਤੇ ਫੇਰ, ਜਿਵੇਂ ਆਪਣੀ ਅਸਹਿਮਤੀ ਪ੍ਰਗਟਾਉਣ ਲਈ, ਇਹ ਬੜੀ ਮੁਸ਼ਕਲ ਨਾਲ ਏਨਾ ਕਹਿ ਸਕੇ, "ਪਰ...ਪਰ...ਤੂੰ ਤਾਂ ਅਜੇ ਬੱਚੀ ਹੈਂ!"

ਸਥਿਤੀ ਦਾ ਵਿਅੰਗ ਦੇਖੋ ਕਿ ਕਿਥੇ ਤਾਂ ਮਾਸ਼ੂਕਾਂ ਬੇਦੀ ਸਾਹਿਬ ਨੂੰ ਬੱਚਾ ਸਮਝ ਕੇ ਟਾਲ ਜਾਂਦੀਆਂ ਸਨ, ਕਿਥੇ ਹੁਣ ਮਾਸ਼ੂਕ ਬਣੇ ਬੇਦੀ ਸਾਹਿਬ ਆਪਣੀ ਆਸ਼ਕ ਨੂੰ ਬੱਚੀ ਆਖ ਕੇ ਟਾਲ ਰਹੇ ਸਨ। ਪਰ ਕੁੜੀ, ਜੋ ਬੇਵਕੂਫ਼ ਨਹੀਂ ਸੀ, ਝੱਟ ਤਾੜ ਗਈ ਕਿ ਜਨਾਬ, ਜਿਨ੍ਹਾਂ ਨੇ ਉਸ ਦੇ ਪਹਿਲੇ ਕਥਨਾਂ ਦਾ ਕੋਈ ਸਬੂਤ ਨਹੀਂ ਸੀ ਮੰਗਿਆ, ਹੁਣ ਉਹਦੀ ਜਵਾਨੀ ਦਾ ਸਰਟੀਫ਼ਿਕੇਟ ਮੰਗ ਰਹੇ ਹਨ। ਉਹਨੇ ਆਪਣਾ 'ਸਬੂਤ' ਦਿਖਾਉਂਦਿਆਂ ਕਿਹਾ, "ਨਹੀਂ ਮੈਂ ਬੱਚੀ ਨਹੀਂ ਹਾਂ।" ਤੇ ਸੱਚਮੁੱਚ ਉਹ ਬੱਚੀ ਹੈ ਵੀ ਨਹੀਂ ਸੀ। ਸਰੀਰ ਦਾ ਉਹ ਭਾਗ, ਜਿਸ ਨੂੰ ਬੇਦੀ "ਮਮਤਾ ਅਤੇ ਨਾਰੀਪੁਣੇ ਦਾ ਸੰਗਮ" ਆਖਦੇ ਹਨ, ਇਸ ਸੱਚ ਦਾ ਸਬੂਤ ਸੀ। ਹਾਲਤ ਮੀਰ ਵਾਲੀ ਹੋ ਗਈ,

ਵੁਹ ਆਏ ਮਹਿਫ਼ਲ ਮੇਂ,
ਇਤਨਾ ਤੋ ਮੀਰ ਨੇ ਦੇਖਾ,
ਉਸ ਕੇ ਬਾਅਦ ਚਿਰਾਗ਼ੋਂ ਮੇਂ
ਰੌਸ਼ਨੀ ਨਾ ਰਹੀ!

ਹੋਸ਼ ਦੇ ਚਿਰਾਗ਼ ਦੁਬਾਰਾ ਜਗੇ ਤਾਂ ਪਿਆਰ-ਭਰਿਆ ਦਿਲ ਕਦੀ ਨਾ ਤੋੜਨ ਵਾਲੀ ਪੰਜਾਬੀ ਪਰੰਪਰਾ ਚੇਤੇ ਆ ਗਈ।...ਤੇ ਭਗਵਾਨ ਜਾਣੇ, ਇਸ ਮਾਮਲੇ ਬਾਰੇ ਕੌਣ ਬੇਈਮਾਨ ਸ੍ਰੀਮਤੀ ਬੇਦੀ ਕੋਲ ਕੂੜ-ਕੁਫ਼ਰ ਤੋਲ ਕੇ, ਝੂਠੀਆਂ-ਸੱਚੀਆਂ ਲਾ-ਬੁਝਾ ਕੇ ਇਨ੍ਹਾਂ ਦੇ ਦਫ਼ਤਰ ਛਾਪਾ ਤੱਕ ਮਰਵਾ ਦਿੰਦਾ ਸੀ ਅਤੇ ਘਰਵਾਲੀ ਦੇ ਹੱਥ ਵਿਚ ਜੁੱਤੀ ਹੋਣ ਬਾਰੇ ਬੇਦੀ ਸਾਹਿਬ ਦੀ ਸ਼ਿਕਾਇਤ ਸੱਚੀ ਹੋ ਜਾਂਦੀ ਸੀ।

# ਯਾਦਾਂ ਅੰਮ੍ਰਿਤਾ ਪ੍ਰੀਤਮ ਦੀਆਂ

ਹਰਪਾਲ ਸਿੰਘ ਪੰਨੂ
ਫੋਨ: 91-94642-51454

ਜਸਵੰਤ ਦੀਦ ਦੀਆਂ ਲਿਖੀਆਂ ਅੰਮ੍ਰਿਤਾ ਦੀਆਂ ਯਾਦਾਂ ਪੜ੍ਹੀਆਂ। ਅੰਮ੍ਰਿਤਾ ਦੀ ਸਾਰੀ ਜ਼ਿੰਦਗੀ ਵਿਵਾਦਮਈ ਰਹੀ, ਜਿਸ ਉਪਰ ਕਵਿਤਰੀ ਨੂੰ ਫ਼ਖਰ ਸੀ। ਗੁਰਬਚਨ ਸਿੰਘ ਭੁੱਲਰ ਦਾ ਨਾਵਲ ਹਾਲ ਹੀ ਵਿਚ ਆਇਆ ਹੈ, 'ਇਹ ਜਨਮ ਤੁਮਾਰੇ ਲੇਖੇ', ਉਸ ਵਿਚ ਵੀ ਕਵਿਤਰੀ ਦੀ ਬਹੁਪਰਤੀ ਮਾਨਸਿਕਤਾ ਦੇ ਜਲਵੇ ਨਜ਼ਰ ਆਉਂਦੇ ਹਨ।

ਦੀਦ ਦੀ ਆਖਰੀ ਟਿੱਪਣੀ ਨੇ ਕਈ ਦਵੰਦ ਹੱਲ ਕਰ ਦਿੱਤੇ ਜਦੋਂ ਉਸ ਦੀ ਬਣਾਈ ਟੈਲੀ ਫਿਲਮ ਉਤੇ ਅੰਮ੍ਰਿਤਾ ਟਿੱਪਣੀ ਕਰ ਦਿੰਦੀ ਹੈ, "ਤੁਸਾਂ ਜੋ ਡਰਾਮਾ ਬਣਾਇਆ ਮੇਰੀ ਕਹਾਣੀ 'ਤੇ, ਮੈਨੂੰ ਚੰਗਾ ਨਹੀਂ ਲੱਗਾ। ਤੁਸੀਂ ਕਹਾਣੀ ਦਾ ਨਾਇਕ ਸਰਦਾਰ ਬਣਾ ਦਿੱਤਾ, ਪਗੜੀ ਵਾਲਾ। ਮੈਂ ਤਾਂ ਕਦੀ ਜ਼ਿੰਦਗੀ 'ਚ ਸਰਦਾਰ ਨਾਇਕ ਇਮੈਜਿਨ ਹੀ ਨਹੀਂ ਕਰ ਸਕਦੀ।"

ਪਾਠਕਾਂ ਨੂੰ ਚੇਤੇ ਹੋਏਗਾ ਕਿ ਜਿਸ ਸਰਦਾਰ ਪ੍ਰੀਤਮ ਸਿੰਘ ਨਾਲ ਅੰਮ੍ਰਿਤਾ ਦਾ ਵਿਆਹ ਹੋਇਆ ਸੀ, ਉਹ ਨਿਹਾਇਤ ਭਲਾ ਸਿੱਖ ਸੀ, ਜਿਸ ਬਾਰੇ ਹੋਰ ਕਿਸੇ ਨੇ ਨੁਕਤਾਚੀਨੀ ਕੀ ਕਰਨੀ ਹੋਈ ਅੰਮ੍ਰਿਤਾ ਕੋਲ ਵੀ ਉਸ ਵਿਰੁੱਧ ਬੋਲਣ ਲਿਖਣ ਲਈ ਕੁਝ ਨਹੀਂ ਸੀ। ਉਸ ਨਾਲੋਂ ਵੱਖ ਹੋ ਜਾਣ ਦਾ ਫੈਸਲਾ ਅੰਮ੍ਰਿਤਾ ਦਾ ਸੀ, ਪ੍ਰੀਤਮ ਸਿੰਘ ਦਾ ਨਹੀਂ। ਵੱਖ ਹੋ ਕੇ ਪਰਾਏ ਮਰਦ ਨਾਲ ਰਹਿਣ ਲੱਗੀ ਤਾਂ ਵੀ ਸਰਦਾਰ ਨੇ ਨਾ ਇਤਰਾਜ਼ ਕੀਤਾ, ਨਾ ਮੁਕੱਦਮੇਬਾਜ਼ੀ, ਨਾ ਹੰਗਾਮਾ। ਭੁੱਲਰ ਤੋਂ ਪਹਿਲਾਂ ਕਿਸੇ ਕਲਮ ਨੇ ਉਸ ਕਿਰਦਾਰ ਦਾ ਜ਼ਿਕਰ ਤੱਕ ਨਹੀਂ ਕੀਤਾ ਕਿਉਂਕਿ ਸਾਰਿਆਂ ਲਈ ਉਹ ਬੇਮਾਇਨਾ ਸੀ। ਕੇਵਲ ਖਾਵੰਦ ਨੂੰ ਨਹੀਂ, ਉਸ ਸਦਕਾ ਉਹ ਸਭ ਸਿੱਖਾਂ ਨੂੰ ਕਿਉਂ ਨਫ਼ਰਤ ਕਰਨ ਲੱਗੀ, ਇਸ ਦੀ ਵਜ੍ਹਾ ਗੋਰਕੀ ਦੀ ਸਵੈ ਜੀਵਨੀ ਵਿਚੋਂ ਲੱਭਦੀ ਹੈ।

ਗੋਰਕੀ ਜਿਨ੍ਹਾਂ ਪੱਲੇਦਾਰਾਂ ਵਿਚ ਰਹਿ ਕੇ ਭਾਰ ਢੋਣ ਦੀ ਮਜ਼ਦੂਰੀ ਕਰਦਾ ਸੀ, ਉਨ੍ਹਾਂ ਵਿਚੋਂ ਇਕ ਨੇ ਉਸ ਨੂੰ ਇਕ ਦਿਨ ਕਿਹਾ-ਗੋਰਕੀ ਤੂੰ ਸਾਡੇ ਵਿਚ ਨਾ ਰਹੋਂ ਤਾਂ ਚੰਗਾ ਹੋਵੇ। ਕਾਰਨ ਪੁੱਛਣ ਤੇ ਉਸ ਦੱਸਿਆ, ਅਸੀਂ ਚੋਰੀਆਂ ਕਰਦੇ ਹਾਂ ਤੇ ਹੋਰ ਬਹੁਤ ਗਲਤ ਮਲਤ ਕੰਮ। ਇੱਥੇ ਇਕ ਬਜ਼ੁਰਗ ਮਜ਼ਦੂਰ ਰਿਹਾ ਕਰਦਾ ਸੀ ਜਿਹੜਾ ਭਲਾ ਸੀ, ਇਮਾਨਦਾਰ ਸੀ, ਉਹ ਅਸੀ ਮਾਰ ਦਿੱਤਾ। ਗੋਰਕੀ ਨੇ ਪੁੱਛਿਆ, ਤੁਹਾਨੂੰ ਡਰ ਸੀ ਕਿ ਉਹ ਚੁਗਲੀ ਕਰਕੇ ਤੁਹਾਨੂੰ ਫੜਾ ਦੇਵੇਗਾ? ਮਜ਼ਦੂਰ ਨੇ ਕਿਹਾ, ਹਰਗਿਜ਼ ਨਹੀਂ। ਉਹ ਚੁਗਲਖੋਰ ਹੈ ਈ ਨੀ ਸੀ। ਸਭ ਦਾ ਭਲਾ ਲੋਚਦਾ। ਉਸ ਅੱਗੇ ਸਾਨੂੰ ਇਉਂ ਲਗਦਾ ਜਿਵੇਂ ਅਸੀਂ ਪਾਪੀ ਹਾਂ, ਉਹਦਾ ਸਾਹਮਣਾ ਨਹੀਂ ਕਰ ਸਕੇ, ਸੋ ਮਾਰ ਦਿੱਤਾ। ਤੂੰ ਕਿਤੇ ਹੋਰ ਚਲਾ ਜਾਏਂ ਚੰਗਾ ਰਹੇ।



*ਅੰਮ੍ਰਿਤਾ ਪ੍ਰੀਤਮ*

ਸਿੱਖ ਨੂੰ, ਪੱਗੜੀ ਨੂੰ ਨਫ਼ਰਤ ਕਰਨ ਦਾ ਭੇਦ ਹੁਣ ਕੁਝ ਸਾਫ ਹੋਣ ਲੱਗਾ ਹੈ। ਅੰਮ੍ਰਿਤਾ ਸਾਡੇ ਤੋਂ ਪਹਿਲੀ ਉਸ ਪੀੜ੍ਹੀ ਦੀ ਨੁਮਾਇੰਦਗੀ ਕਰਦੀ ਹੈ ਜਿਸ ਨੇ ਪ੍ਰਵਾਨਤ ਸਮਾਜਕ ਰਵਾਇਤਾਂ ਦੀ ਖਿੱਲੀ ਉਡਾਈ, ਧੱਜੀਆਂ ਉਡਾਈਆਂ। ਇਕ ਤੋਂ ਵਧੀਕ ਬੇਗਾਨੇ ਮਰਦਾਂ ਨਾਲ ਨਿਸੰਗ ਸਬੰਧ, ਸਿਗਰਟ ਅਤੇ ਸ਼ਰਾਬ ਦੀ ਸ਼ਰੇਆਮ ਵਰਤੋਂ, ਇਹ ਸਭ ਜੱਗ ਵਿੱਚ ਅੰਮ੍ਰਿਤਾ ਰਾਹੀਂ ਪਹਿਲੀ ਵਾਰ ਨਹੀਂ ਹੋਇਆ। ਹਾਂ, ਅੰਮ੍ਰਿਤਾ ਉਹ ਔਰਤ ਸੀ ਜੋ ਵਰਜਿਤ ਸਬੰਧਾਂ ਉਪਰ ਫ਼ਖਰ ਕਰਦੀ, ਇਨ੍ਹਾਂ ਦੀ ਨੁਮਾਇਸ਼ ਲਾਉਂਦੀ।

ਉਸ ਨੇ ਮਾਤਾ ਤ੍ਰਿਪਤਾ ਉਪਰ ਲੰਬੀ ਕਵਿਤਾ ਲਿਖੀ, ਉਨ੍ਹਾਂ ਅਨੁਭਵਾਂ ਦਾ ਵਰਣਨ ਜਿਨ੍ਹਾਂ ਵਿਚੋਂ ਗੁਰੂ ਨਾਨਕ ਦੇਵ ਜੀ ਨੇ ਜਨਮ ਲੈਣਾ ਹੈ। ਕਿਸੇ ਹੋਰ ਨੇ ਇਹੋ ਨਜ਼ਮ ਲਿਖੀ ਹੁੰਦੀ, ਪਾਠਕਾਂ ਨੇ ਪੜ੍ਹ ਕੇ ਰੱਖ ਦੇਣੀ ਸੀ। ਪਰ ਇਹ ਉਸ ਸ਼ਾਇਰਾ ਦੀ ਨਜ਼ਮ ਹੈ ਜਿਸਨੇ ਪਹਿਲੋਂ ਲਿਖ ਦਿੱਤਾ ਸੀ,

ਜ਼ਿੰਦਗੀ ਸਿਗਰਟ ਵਾਂਗ ਸੁਲਗਦੀ ਰਹੀ।
ਕੁਝ ਨਜ਼ਮਾਂ ਇਸ ਉਤੋਂ ਮੈਂ ਰਾਖ ਵਾਂਗੂੰ ਝਾੜੀਆਂ।

ਸ. ਸਾਧੂ ਸਿੰਘ ਹਮਦਰਦ ਦੀਆਂ ਅਜੀਤ ਵਿਚ ਸੰਪਾਦਕੀ ਲੜੀਆਂ ਨੇ ਖ਼ੂਬ ਗਿੱਧਾ ਪਾਇਆ। ਲੇਖਕ ਅਤੇ ਪਾਠਕ ਇਸ ਵਿਵਾਦ ਵਿਚੋਂ ਜ਼ਾਇਕਾ ਲੈਣ ਲੱਗੇ। ਪੰਜਾਬੀ ਪਾਠਕ ਮੁੱਢ ਕਦੀਮੋਂ ਗਿੱਧੇ ਭੰਗੜੇ ਦੇ ਸ਼ੁਕੀਨ ਹਨ ਹੀ। ਰੰਗ ਬਝ ਗਿਆ।

ਛੱਬੀ ਜਨਵਰੀ ਅਤੇ ਪੰਦਰਾਂ ਅਗਸਤ ਭਾਰਤ ਦੀ ਆਜ਼ਾਦੀ, ਖੁਦਮੁਖਤਾਰੀ ਦੇ ਚਿੰਨ੍ਹ ਹਨ, ਸਤਿਕਾਰਯੋਗ ਸੰਵਿਧਾਨਕ ਚਿੰਨ੍ਹ। ਇਮਰੋਜ਼ ਨੇ ਅੰਮ੍ਰਿਤਾ ਦਾ ਨਾਮ ਛੱਬੀ ਜਨਵਰੀ ਰੱਖਿਆ ਤੇ ਅੰਮ੍ਰਿਤਾ ਉਸ ਨੂੰ ਪੰਦਰਾਂ ਅਗਸਤ ਕਿਹਾ ਕਰਦੀ। ਯਾਨਿ ਮਨੁੱਖੀ ਖੁਦਮੁਖਤਾਰੀ ਜ਼ਿੰਦਾਬਾਦ।

ਬਚਪਨ ਵਿਚ ਅੰਮ੍ਰਿਤਾ ਦਾ ਬੇਟਾ ਮਾਂ ਨੂੰ ਪੁੱਛਦਾ ਹੈ, ਮੰਮੀ ਮੇਰਾ ਪਿਤਾ ਸਾਹਿਰ ਹੈ ਕਿ ਕੋਈ ਹੋਰ? ਅਪਣੇ ਘਰ ਬੈਠੀ ਅੰਮ੍ਰਿਤਾ ਲੇਖਕਾਂ ਨਾਲ ਮੱਧਕਾਲੀ ਕਿੱਸਾਕਾਰਾਂ ਬਾਰੇ ਗੱਲਾਂ ਕਰ ਰਹੀ ਸੀ। ਪੀਲੂ ਦੇ ਮਿਰਜ਼ੇ ਉਪਰ ਗੱਲਾਂ ਹੋਈਆਂ। ਅੰਮ੍ਰਿਤਾ ਦੇ ਜਵਾਨ ਬੇਟੇ ਨੇ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਪੁੱਛਿਆ, ਮੰਮੀ ਇਹ ਉਹੀ ਮਿਰਜ਼ਾ ਹੈ ਜਿਸ ਨੇ ਉਰਦੂ ਵਿਚ ਵੀ ਨਜ਼ਮਾਂ ਲਿਖੀਆਂ ਹਨ, ਓ ਕੀ ਕਹਿੰਦੇ ਨੇ ਮਿਰਜ਼ਾ ਗਾਲਿਬ? ਅੰਮ੍ਰਿਤਾ ਦੀ ਬੇਟੀ ਨੂੰ ਵਿਆਹ ਲਈ, ਉਸ ਦੇ ਹੋਣ ਵਾਲੇ ਖਾਵੰਦ ਬਾਰੇ ਪੁੱਛਿਆ ਤਾਂ ਉਹ ਬੋਲੀ, ਕੋਈ ਹੋਵੇ, ਲੇਖਕ, ਸ਼ਾਇਰ ਨਹੀਂ ਹੋਣਾ ਚਾਹੀਦਾ। ਔਲਾਦ ਦੀਆਂ ਨਜ਼ਰਾਂ ਵਿਚ ਅੰਮ੍ਰਿਤਾ ਰੋਲ ਮਾਡਲ ਨਹੀਂ ਸੀ।

ਅੰਮ੍ਰਿਤਾ ਦੀ ਮੌਤ ਬਾਅਦ ਜਦੋਂ ਉਸ ਦੇ ਪੁੱਤ ਨੇ ਹੌਜ਼-ਖਾਸ ਦਿੱਲੀ ਵਾਲਾ ਆਪਣਾ ਮਕਾਨ ਵੇਚਿਆ, ਉਸ ਮਕਾਨ ਦੀ ਮੋਟੀ ਰਕਮ ਹੀ ਉਸ ਦੇ ਅੰਨ੍ਹੇ ਕਤਲ ਦਾ ਕਾਰਨ ਬਣੀ।

1947 ਦੀਆਂ ਦੁਖਦਾਈ ਘਟਨਾਵਾਂ ਉਪਰ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਲਿਖਣ ਵਾਲੀ ਅੰਮ੍ਰਿਤਾ 1984 ਵਿਚ ਹੋਏ ਦਿੱਲੀ ਦੇ ਸਿੱਖ ਕਤਲੇਆਮ ਬਾਰੇ ਕਿਉਂ ਖਾਮੋਸ਼ ਹੋ ਗਈ, ਪਤਾ ਨਹੀਂ ਲਗਦਾ ਸੀ। ਪਾਠਕਾਂ ਨੂੰ ਦੀਦ ਦੀ ਲਿਖਤ ਰਾਹੀਂ ਇਹ ਜਾਣਕਾਰੀ ਸੁਗਮ ਤਰੀਕੇ ਨਾਲ ਮਿਲ ਗਈ ਹੈ। ਸਿੱਖ ਨਾਲ ਵਿਆਹੀ ਜਾਣ ਬਾਅਦ ਅੰਮ੍ਰਿਤਾ ਵਾਸਤੇ ਸਿੱਖ ਖਲਨਾਇਕ ਹੋ ਗਏ, ਪ੍ਰੋਫੈਸਰ ਮੋਹਨ ਸਿੰਘ ਸ਼ਾਇਰ ਸਮੇਤ ਸਭ।

# ਸਿਰਸਾ ਡੇਰਾ ਬਨਾਮ ਖਾਲਸਾ ਪੰਥ

***ਸੰਨ 2007 ਵਿਚ ਸਿਰਸਾ ਦੇ ਡੇਰਾ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਸਿੰਘ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਭੇਖ ਧਾਰ ਕੇ ਅੰਮ੍ਰਿਤ ਛਕਾਉਣ ਦੀ ਤਰਜ਼ 'ਤੇ 'ਜਾਮ-ਏ-ਇਨਸਾਂ' ਦਾ ਪਰਪੰਚ ਰਚੇ ਜਾਣ ਪਿਛੋਂ ਡੇਰੇ ਦੇ ਪੈਰੋਕਾਰਾਂ ਅਤੇ ਸਿੱਖਾਂ ਵਿਚਾਲੇ ਵੱਡਾ ਟਕਰਾਓ ਹੋਇਆ ਸੀ। ਉਦੋਂ ਇਹ ਗੱਲ ਉਠੀ ਸੀ ਕਿ ਇਸ ਸਭ ਪਿਛੇ ਸਿਆਸਤ ਕੰਮ ਕਰ ਰਹੀ ਹੈ। ਹੁਣ ਜਦੋਂ ਅਕਾਲ ਤਖਤ ਦੇ ਜਥੇਦਾਰ ਨੇ ਅਚਾਨਕ ਡੇਰੇ ਵਲੋਂ 'ਸਪਸ਼ਟੀਕਰਨ' ਦਿੱਤੇ ਜਾਣ ਪਿਛੋਂ ਡੇਰਾ ਸਾਧ ਨੂੰ ਮੁਆਫ ਕਰ ਦੇਣ ਦਾ ਫੈਸਲਾ ਦਿੱਤਾ ਹੈ ਤਾਂ ਇਕ ਵਾਰ ਫੇਰ ਪ੍ਰਭਾਵ ਇਹੋ ਹੈ ਕਿ ਇਸ ਫੈਸਲੇ ਪਿਛੇ ਅਸਲ ਵਿਚ ਸਿਆਸੀ ਲੋੜਾਂ ਹਨ। ਪ੍ਰੋ. ਹਰਪਾਲ ਸਿੰਘ ਪੰਨੂ ਨੇ ਇਸ ਲੇਖ ਵਿਚ ਇਸ ਮਾਮਲੇ ਦੀਆਂ ਪਰਤਾਂ ਫਰੋਲੀਆਂ ਹਨ। ਪ੍ਰੋ. ਪੰਨੂ ਪੰਜਾਬੀ ਯੂਨੀਵਰਸਿਟੀ ਪਟਿਆਲਾ 'ਚ ਸਿੱਖ ਅਧਿਐਨ ਦਾ ਪ੍ਰੋਫੈਸਰ ਹੈ। -ਸੰਪਾਦਕ***

ਸਮਾਂ ਆਪਣੀ ਮਸਤ ਚਾਲ ਚੱਲਦਾ ਸਫਰ ਤੈਅ ਕਰ ਰਿਹਾ ਹੈ ਜਿਸ ਵਿਚ ਕਦੀ-ਕਦਾਈਂ ਕੋਈ ਕੋਈ ਅਜੀਬ ਘਟਨਾ ਵਾਪਰਦੀ ਹੈ ਤਾਂ ਦਰਸ਼ਕਾਂ ਦਾ ਸਾਰਾ ਧਿਆਨ ਉਧਰ ਖਿਚਿਆ ਜਾਂਦਾ ਹੈ। ਬੱਚਿਆਂ ਵੱਲੋਂ ਪਟਾਕਾ ਚਲਾਉਣ ਪਿਛੋਂ ਪੰਛੀ ਚੀਕਾਂ ਮਾਰਦੇ ਅਸਮਾਨ ਵੱਲ ਉਡ ਜਾਂਦੇ ਹਨ। ਅੱਠ ਸਾਲ ਪਹਿਲਾਂ ਜਦੋਂ ਗੁਰਮੀਤ ਰਾਮ ਰਹੀਮ ਸਿੰਘ ਨੇ ਗੁਰੂ ਗੋਬਿੰਦ ਸਿੰਘ ਦਾ ਬਾਣਾ ਪਹਿਨ ਕੇ ਕਲਗੀ ਸਜਾ ਕੇ, ਕੜਾਹੇ ਵਿਚ ਦੁੱਧ+ਰੂਅਫਜ਼ਾ ਦਾ ਸ਼ਰਬਤ ਤਿਆਰ ਕਰ ਕੇ ਇਸ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਤੋਂ ਉਤਮ ਦੱਸਦਿਆਂ ਆਪਣੇ ਮੁਰੀਦਾਂ ਨੂੰ ਪਿਲਾਇਆ ਸੀ, ਉਸ ਵਕਤ ਉਸ ਵਿਰੁੱਧ ਰੋਸ ਪ੍ਰਗਟ ਹੋਇਆ ਸੀ ਅਤੇ ਸਿੱਖਾਂ ਦੀਆਂ ਭਾਵਨਾਵਾਂ



ਸਮਝਦਿਆਂ ਅਕਾਲ ਤਖਤ ਨੇ ਉਸ ਅਤੇ ਉਸ ਦੇ ਅਨੁਆਈਆਂ ਨਾਲ ਮਿਲਵਰਤਨ ਕਰਨ ਤੋਂ ਸਿੱਖਾਂ ਨੂੰ ਰੋਕ ਦਿੱਤਾ ਸੀ। ਉਸ

ਹਰਪਾਲ ਸਿੰਘ ਪੰਨੂ
ਫੋਨ: 91-94642-51454

ਵਕਤ ਇਹ ਸਾਰਾ ਕੁਝ ਰੁਟੀਨ ਵਿਚ ਹੋ ਗਿਆ ਸੀ, ਪਰ ਸਿਰਸਾ ਡੇਰਾ ਮੁਖੀ ਨੂੰ ਦਿੱਤੀ ਮੁਆਫੀ ਦੀ ਖਬਰ ਸਨਸਨੀਖੇਜ਼ ਹੈ।

ਪਹਿਲਾਂ ਦੇਖਿਆ ਜਾਵੇ, ਸਮੱਸਿਆ ਕੀ ਹੈ? ਵਿਸਾਖੀ 1699 ਨੂੰ ਗੁਰੂ ਗੋਬਿੰਦ ਸਿੰਘ ਨੇ ਕਰੜੀ ਪ੍ਰੀਖਿਆ ਪਿਛੋਂ ਖਾਲਸਾ ਪੰਥ ਪ੍ਰਗਟ ਕੀਤਾ। ਚੁਣੇ ਗਏ ਪੰਜ ਪਿਆਰੇ ਇੰਨੇ ਸਨਮਾਨਯੋਗ ਕਿ ਦਸਮ ਪਾਤਸ਼ਾਹ ਨੇ ਉਨ੍ਹਾਂ ਅੱਗੇ ਬੇਨਤੀ ਕੀਤੀ- ਤੁਸੀਂ ਪੰਥ ਹੋਣ ਕਰ ਕੇ ਵੱਡੇ ਹੋ, ਸਾਨੂੰ ਵੀ ਆਪਣੇ ਵਿਚ ਸ਼ਾਮਲ ਕਰੋ। ਅੰਮ੍ਰਿਤ ਛਕਣ ਉਪਰੰਤ ਗੁਰੂ ਜੀ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਹੋ ਗਏ। ਗੁਰੂ ਗ੍ਰੰਥ ਸਾਹਿਬ ਨੂੰ ਨਾਂਦੇੜ ਵਿਖੇ 1708 ਵਿਚ ਗੁਰਿਆਈ ਮਿਲੀ, ਪਰ ਇਸ ਤੋਂ ਨੌ ਸਾਲ ਪਹਿਲਾਂ ਵਿਸਾਖੀ ਦੇ ਦਿਨ ਖਾਲਸਾ ਪੰਥ ਨੂੰ ਗੁਰਿਆਈ ਆਨੰਦਪੁਰ ਸਾਹਿਬ ਮਿਲ ਗਈ ਸੀ। ਪੰਥ, ਗੁਰੂ ਦਾ ਸਰੀਰ ਅਤੇ ਗ੍ਰੰਥ ਰੂਹ ਹੋ ਗਿਆ।

ਨਿਰੰਕਾਰੀ ਸੰਪਰਦਾ ਦੇ ਮੁਖੀ ਗੁਰਬਚਨ ਸਿੰਘ ਨੇ 'ਅਵਤਾਰ ਬਾਣੀ' ਨਾਮ ਦਾ ਗ੍ਰੰਥ ਲਿਖਵਾਇਆ ਅਤੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਦੇ ਪੰਜ ਪਿਆਰੇ ਸਨ, ਮੇਰੇ ਸੱਤ ਸਿਤਾਰੇ ਹੋਣਗੇ। ਚੁਣੇ ਗਏ ਸਿਤਾਰਿਆਂ ਵਿਚੋਂ ਨਿਰੰਜਣ ਸਿੰਘ ਆਈ.ਏ.ਐਸ. ਵੀ ਇੱਕ ਸਨ! ਇਹੋ ਜਿਹੀਆਂ ਹਰਕਤਾਂ ਸਦਕਾ ਸਿੱਖਾਂ ਵਿਚ ਬੇਚੈਨੀ ਪੈਦਾ ਹੋਣੀ ਸੁਭਾਵਿਕ ਸੀ। ਇਸ ਪਿਛੋਂ ਕਦੀ ਭਨਿਆਰੇ ਵਾਲਾ, ਨੂਰਮਹਿਲ ਵਾਲਾ ਤੇ ਸਿਰਸਾ ਵਾਲਾ ਡੇਰਾ, ਵੱਖੋ-ਵੱਖ ਕਾਰਨਾਂ ਸਦਕਾ ਟਕਰਾਉ ਵਿਚ ਆਏ।

ਸਿਰਸਾ ਡੇਰੇ ਵਾਲਾ ਮੁਕੱਦਮਾ ਬਠਿੰਡੇ ਦੀ ਅਦਾਲਤ ਵਿਚ ਚੱਲ ਰਿਹਾ ਸੀ। ਅਦਾਲਤ ਨੇ ਇਸ ਮਸਲੇ ਉਪਰ ਸਿੱਖ ਅਧਿਐਨ ਦੇ ਮਾਹਿਰ ਦੀ ਸਲਾਹ ਮੰਗੀ। ਇਹੋ ਜਿਹੇ ਵਿਵਾਦ ਵਿਚਕਾਰ ਕਿਸੇ ਪਾਸੇ ਦੀ ਧਿਰ ਬਣਨ ਦੀ ਮੇਰੀ ਉਕਾ ਸਲਾਹ ਨਹੀਂ ਸੀ, ਪਰ ਸਰਕਾਰ ਵੱਲੋਂ ਮੈਨੂੰ ਕਿਹਾ ਗਿਆ ਕਿ ਆਖਰ ਕਿਸੇ ਨੂੰ ਸਲਾਹ ਤਾਂ ਦੇਣੀ ਪਵੇਗੀ, ਇਸ ਦਿਸ਼ਾ ਵਿਚ ਤੁਹਾਡੀ ਵਿਦਿਆ ਪੰਥ ਦੇ ਕੰਮ ਕਿਉਂ ਨਾ ਆਏ? ਮੈਨੂੰ ਪੁਛਿਆ ਗਿਆ ਕਿ ਸਿਰਸਾ ਡੇਰਾ ਮੁਖੀ ਖਿਲਾਫ ਕਿਹੜਾ ਤੱਥ ਹੈ? ਮੈਂ ਦੱਸਿਆ- ਦਸਮ ਪਿਤਾ ਦੀ ਨਕਲ ਉਤਾਰਨ ਵਾਲਾ ਲਿਬਾਸ ਪਹਿਨ ਕੇ ਰੂਅਫਜ਼ਾ ਦੇ ਸ਼ਰਬਤ ਨੂੰ ਅੰਮ੍ਰਿਤ ਕਹਿ ਕੇ ਵਰਤਾਉਣਾ ਇਤਰਾਜ਼ਯੋਗ ਕਾਰਵਾਈ ਹੈ। ਤਿੰਨ ਸਦੀਆਂ ਤੱਕ ਕਿਸੇ ਨੇ ਅਜਿਹਾ ਸਵਾਂਗ ਨਹੀਂ ਰਚਿਆ। ਮੈਨੂੰ ਪੁਛਿਆ ਗਿਆ- ਸਾਰੇ ਨਿਹੰਗ ਗੁਰੂ ਗੋਬਿੰਦ ਸਿੰਘ ਵਾਲਾ ਲਿਬਾਸ ਪਹਿਨਦੇ ਹਨ, ਕੀ ਤੁਹਾਨੂੰ ਉਸ ਵਿਚ ਇਤਰਾਜ਼ ਨਹੀਂ ਦਿਸਿਆ? ਮੈਂ ਕਿਹਾ- ਨਿਹੰਗ ਸਿੰਘ ਗੁਰੂ ਗੋਬਿੰਦ ਸਿੰਘ ਦਾ ਲਿਬਾਸ ਪਹਿਨਦੇ ਹੋਏ ਆਖਦੇ ਹਨ- ਅਸੀਂ ਦਸਮੇਸ਼ ਪਿਤਾ ਦੇ ਬੇਟੇ ਹਾਂ। ਅਸੀਂ ਆਪਣੇ ਪਿਤਾ ਦਾ ਲਿਬਾਸ ਪਹਿਨਿਆ ਹੈ; ਜਦੋਂ ਕਿ ਡੇਰਾ ਮੁਖੀ ਦਾ ਕਥਨ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਵਾਂਗ ਡੇਰਾ ਪ੍ਰੇਮੀਆਂ ਦਾ ਗੁਰੂ ਹੈ। ਕੋਈ ਨਿਹੰਗ ਨੀਲਾ ਬਾਣਾ ਪਹਿਨ ਕੇ ਆਪਣੇ ਆਪ ਨੂੰ ਗੁਰੂ ਨਹੀਂ ਸਦਾਉਂਦਾ, ਕਲਗੀ ਨਹੀਂ ਸਜਾਉਂਦਾ, ਗੁਰਮੀਤ ਸਿੰਘ ਨੇ ਕਲਗੀ ਸਜਾਈ ਸੀ।

ਇਹ ਸਾਰਾ ਵੇਰਵਾ, ਪ੍ਰਸੰਗ ਸਮਝਣ ਲਈ ਦਿੱਤਾ ਹੈ। ਨਿਰੰਕਾਰੀ ਮੁਖੀ ਹਰਦੇਵ ਸਿੰਘ ਨੇ ਆਪਣੇ ਪਿਤਾ ਗੁਰਬਚਨ ਸਿੰਘ ਦੇ ਕਤਲ ਪਿਛੋਂ ਅਕਾਲ ਤਖਤ ਪਾਸ ਸੁਨੇਹੇ ਭੇਜੇ ਸਨ ਕਿ ਅਸੀਂ 'ਅਵਤਾਰਬਾਣੀ' ਵਿਚੋਂ ਇਤਰਾਜ਼ਯੋਗ ਹਿੱਸੇ ਕੱਟ ਦਿੰਦੇ ਹਾਂ, ਸਾਨੂੰ ਦੱਸ ਦਿਉ, ਕਿਹੜੇ ਹਿੱਸੇ ਕੱਟਣੇ ਹਨ। ਉਦੋਂ ਮੇਰੀ ਸਲਾਹ ਮੰਗੀ ਗਈ ਤਾਂ ਮੇਰਾ ਉਤਰ ਸੀ- ਸਿੰਘ ਸਾਹਿਬ, ਅਸੀਂ ਅਵਤਾਰ ਬਾਣੀ ਕਿਉਂ ਸੋਧੀਏ? ਜੇ ਅਸੀ ਸੋਧ ਕਰ ਦਿੰਦੇ ਹਾਂ, ਤਦ ਇਸ ਦਾ ਅਰਥ ਇਹ ਹੋਇਆ ਕਿ ਬਾਕੀ ਦੀ ਕਵਿਤਾ ਅਕਾਲ ਤਖਤ ਵੱਲੋਂ ਪ੍ਰਵਾਨ ਹੈ? ਉਨ੍ਹਾਂ ਨੂੰ ਕਹੋ, ਆਪਣਾ ਗ੍ਰੰਥ ਆਪ ਸੋਧਣ।

ਪੱਤਰਕਾਰਾਂ ਨੇ ਜਦੋਂ ਸਿੰਘ ਸਾਹਿਬ ਗੁਰਬਚਨ ਸਿੰਘ ਨੂੰ ਪੁੱਛਿਆ ਕਿ ਗੁਰਮੀਤ ਰਾਮ ਰਹੀਮ ਨੂੰ ਤਖਤ ਸਾਹਿਬ ਤੇ ਕਿਉਂ ਤਲਬ ਨਹੀਂ ਕੀਤਾ, ਉਨ੍ਹਾਂ ਉੱਤਰ ਦਿੱਤਾ- ਉਹ ਆਪਣੇ ਆਪ ਨੂੰ ਜਦੋਂ ਸਿੱਖ ਨਹੀਂ ਮੰਨਦਾ, ਤਦ ਉਸ ਨੂੰ ਤਲਬ ਕਿਉਂ ਕਰੀਏ? ਅਸੀਂ ਇਹ ਪੁੱਛਣਾ ਹੈ, ਜਿਹੜਾ ਸਿੱਖ ਹੀ ਨਹੀਂ ਸੀ, ਉਸ ਨੂੰ ਪੰਥ ਵਿਚੋਂ ਛੇਕਿਆ ਕਿਵੇਂ ਗਿਆ? ਇਸ ਹਿਸਾਬ ਨੂਰਮਹਿਲੀਏ ਆਸ਼ੂਤੋਸ਼ ਅਤੇ ਭਨਿਆਰੇ ਵਾਲੇ ਬਾਬੇ ਨੂੰ ਵੀ ਛੇਕਣਾ ਤਰਕ ਸੰਗਤ ਨਹੀਂ।

ਹੁਣ ਆਈਏ ਵਰਤਮਾਨ ਹਾਲਾਤ ਵੱਲ। ਜ਼ਮੀਨੀ ਹਕੀਕਤ ਇਹ ਹੈ ਕਿ ਚੋਣਾਂ ਨਜ਼ਦੀਕ ਆ ਰਹੀਆਂ ਹਨ। ਮਾਲਵਾ ਪੱਟੀ ਅਤੇ ਹਰਿਆਣੇ ਵਿਚ ਸਿਰਸਾ ਪ੍ਰੇਮੀਆਂ ਦੀ ਵੋਟ ਬੈਂਕ ਹੈ ਜੋ ਚੋਣ ਨਤੀਜਿਆਂ ਉਪਰ ਅਸਰ-ਅੰਦਾਜ਼ ਹੁੰਦੀ ਹੈ। ਪਿਛਲੀਆਂ ਚੋਣਾਂ ਨੇ ਦਿਖਾ ਦਿੱਤਾ ਸੀ ਕਿ ਬਠਿੰਡਾ ਵਿਚ ਅਕਾਲੀ ਦਲ ਦੀ ਹਾਲਤ ਸਰਕਾਰ ਦੀ ਤਾਕਤ ਦੇ ਬਾਵਜੂਦ ਪਤਲੀ ਰਹੀ। ਦਿੱਲੀ ਤੋਂ ਬਾਅਦ ਸਾਰੇ ਭਾਰਤ ਵਿਚ ਪੰਜਾਬ ਇੱਕੋ-ਇੱਕ ਸੂਬਾ ਹੈ ਜਿਥੇ ਆਮ ਆਦਮੀ ਪਾਰਟੀ (ਆਪ) ਨੇ ਆਪਣੀ ਤਾਕਤ ਦਿਖਾਈ ਅਤੇ ਸਿੱਧ ਕੀਤਾ ਹੈ ਕਿ ਪੰਜਾਬ ਅਕਾਲੀ ਦਲ ਅਤੇ ਕਾਂਗਰਸ, ਦੋਹਾਂ ਤੋਂ ਮਾਯੂਸ ਹੋ ਕੇ ਤੀਜੇ ਬਦਲ ਦੀ ਤਲਾਸ਼ ਵਿਚ ਹੈ। ਸੋ, ਸਿਰਸਾ ਮੁਖੀ ਖਿਲਾਫ ਭਾਵੇਂ ਸੰਗੀਨ ਅਪਰਾਧਕ ਮੁਕੱਦਮੇ ਅਦਾਲਤਾਂ ਵਿਚ ਜੇਰੇ-ਸੁਣਵਾਈ ਹਨ, ਤਾਂ ਵੀ ਅਕਾਲੀ ਦਲ ਡੇਰਾ ਪ੍ਰੇਮੀਆਂ ਨਾਲ ਸੁਲ੍ਹਾ ਕਰੇਗਾ।

ਇਸ ਤਰ੍ਹਾਂ ਦੇ ਵਕਤੀ ਸਿਆਸੀ ਫਾਇਦੇ ਲੈਣ ਵਾਸਤੇ ਸ੍ਰੀ ਅਕਾਲ ਤਖਤ ਦੀ ਸੰਸਥਾ ਨੂੰ ਸੱਟ ਮਾਰਨੀ ਧਾਰਮਿਕ ਤੌਰ 'ਤੇ ਨੁਕਸਾਨਦਾਇਕ ਹੈ। ਖਾਲਸਾ ਪੰਥ ਵਰਗੀ ਖੁੱਲ੍ਹਦਿਲੀ ਧਰਮ ਨਿਰਪੱਖ ਸੰਸਥਾ ਘੱਟ ਮਿਲੇਗੀ ਜਿਥੇ ਇਸਲਾਮਿਕ ਅਤੇ ਵੈਦਿਕ ਪ੍ਰੰਪਰਾਵਾਂ ਨੂੰ ਬਰਾਬਰ ਸਨਮਾਨ ਮਿਲਦਾ ਹੈ; ਜਿਥੇ ਹਰ ਵਰਣ ਤੇ ਆਸ਼ਰਮ ਸਤਿਕਾਰਯੋਗ ਹੈ। ਹਰ ਪੰਥ ਵਿਚ ਗਰਮ ਤੇ ਨਰਮ ਦੋਵੇਂ ਤਰ੍ਹਾਂ ਦੇ ਤੱਤ ਹੁੰਦੇ ਹਨ। ਕਾਹਲੀ ਕਾਹਲੀ, ਚੋਰੀ ਚੋਰੀ ਕੀਤੇ ਗਏ ਇਸ ਫੈਸਲੇ ਤੋਂ ਬੇਚੈਨ ਤਾਂ ਸਾਰਾ ਪੰਥ ਹੈ, ਤਾਂ ਵੀ ਨਰਮ ਤੱਤ ਗਰਮੀ ਖਾਏਗਾ; ਗਰਮ ਧਿਰ ਵਧੀਕ ਤੈਸ਼ ਵਿਚ ਆਏਗੀ। ਇਹੋ ਜਿਹੇ ਫੈਸਲਿਆਂ ਅਤੇ ਫੈਸਲਾ ਕਰਨ ਦੇ ਤਰੀਕਿਆਂ ਤੋਂ ਫੰਡਾਮੈਂਟਲਿਸਟ ਧੜਾ ਸਰਗਰਮ ਹੋ ਜਾਇਆ ਕਰਦਾ ਹੈ। ਅਨੇਕ ਮੁਲਕਾਂ ਵਿਚ ਬੇਸ਼ਕ ਮੁਸਲਮਾਨਾਂ ਦੀ ਬਹੁ-ਗਿਣਤੀ ਹੈ, ਤਾਂ ਵੀ ਇਸਲਾਮਿਕ ਫੰਡਾਮੈਂਟਲਿਜ਼ਮ ਮੁਸਲਮਾਨਾਂ ਲਈ ਨੁਕਸਾਨਦਾਇਕ ਹੈ। ਸਿੱਖ ਜਿਹੇ ਕੌਮਾਂਤਰੀ ਘੱਟ-ਗਿਣਤੀ ਕੌਮ ਹਨ, ਉਨ੍ਹਾਂ ਨੂੰ ਤਾਂ ਮਿਲੀਟੈਂਸੀ ਕਿਸੇ ਤਰ੍ਹਾਂ ਵੀ ਵਾਰਾ ਨਹੀਂ ਖਾਂਦੀ। ਸਿੱਖ ਭਾਰਤੀ ਸੰਵਿਧਾਨ ਦੀਆਂ ਕਈ ਮੱਦਾਂ ਦੀ ਆਲੋਚਨਾ ਕਰਦੇ ਹਨ, ਪਰ ਯੂ.ਐਨ.ਓ. ਦਾ ਮਨੁੱਖੀ ਅਧਿਕਾਰ ਚਾਰਟਰ ਵੀ ਮਿਲੀਟੈਂਸੀ ਨੂੰ ਮਨਜ਼ੂਰ ਨਹੀਂ ਕਰਦਾ। ਆਤੰਕਵਾਦ ਸਟੇਟ ਦਾ ਹੋਵੇ ਜਾਂ ਬੰਦੇ ਦਾ, ਨਿੰਦਣਯੋਗ ਹੈ। ਡੇਰਾ ਸਿਰਸਾ ਮੁਖੀ ਨੂੰ ਅਚਾਨਕ ਬਰੀ ਕਰਨ ਨਾਲ ਸਿਹਤਮੰਦ ਰੁਝਾਨ ਨੂੰ ਸੱਟ ਵੱਜੀ ਹੈ। ਲਗਦਾ ਹੈ, ਅਕਾਲੀ ਦਲ ਦਾ ਪ੍ਰਧਾਨ ਜਾਣ ਗਿਆ ਹੋਵੇ ਕਿ ਸਿੱਖ ਵੋਟ ਤਾਂ ਹੁਣ ਖੁੱਸ ਚੁਕੀ ਹੈ, ਗੈਰ-ਸਿੱਖ ਵੋਟਰ ਖਿੱਚੀਏ।

ਇਹੋ ਜਿਹੇ ਮੌਕੇ 'ਤੇ ਵੱਖ ਵੱਖ ਸਿੱਖ ਧੜੇ ਆਵਾਜ਼ਾਂ ਉਠਾਇਆ ਕਰਦੇ ਹਨ ਕਿ ਸਰਬੱਤ ਖਾਲਸਾ ਬੁਲਾਉ। ਮੈਂ ਅਜਿਹੀਆਂ ਆਵਾਜ਼ਾਂ ਦੇ ਹੱਕ ਵਿਚ ਨਹੀਂ। ਸਰਬੱਤ ਖਾਲਸਾ ਹੋਵੇਗਾ ਤਾਂ ਜਥੇਦਾਰ ਅਕਾਲ ਤਖਤ ਦੀ ਸਰਪ੍ਰਸਤੀ ਹੇਠ ਹੋਵੇਗਾ; ਉਥੇ ਭਿੰਨ ਭਿੰਨ ਧੜੇ ਜੋ ਮਰਜ਼ੀ ਕਹਿਣ, ਫੈਸਲਾ ਉਹੀ ਹੋਵੇਗਾ ਜੋ ਅਕਾਲੀ ਦਲ ਦਾ ਪ੍ਰਧਾਨ ਚਾਹੇਗਾ। ਫਿਰ ਇਸ ਸਰਬੱਤ ਖਾਲਸੇ ਦੀ ਕੀ ਪ੍ਰਾਪਤੀ? ਸ਼੍ਰੋਮਣੀ ਕਮੇਟੀ ਦੇ ਮੈਂਬਰ, ਸਿੱਖ ਵੋਟਰਾਂ ਨੇ ਚੋਣ ਰਾਹੀਂ ਜਿਤਾਏ ਹਨ ਤੇ ਇਹੀ ਸਰਬੱਤ ਖਾਲਸਾ ਹਨ। ਅਫਸੋਸ ਇਹ ਹੈ ਕਿ ਚੁਣੇ ਗਏ ਨੁਮਾਇੰਦਿਆਂ ਨੂੰ ਆਪਣੀ ਮਰਜ਼ੀ ਨਾਲ ਧਾਰਮਿਕ ਫੈਸਲੇ ਕਰਨ ਦਾ ਅਧਿਕਾਰ ਨਹੀਂ।

ਪਾਠਕਾਂ ਨੂੰ ਚੇਤੇ ਹੋਵੇਗਾ, ਸ. ਅਵਤਾਰ ਸਿੰਘ ਮੱਕੜ ਜਦੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਤਾਂ ਪੱਤਰਕਾਰ ਨੇ ਪੁੱਛਿਆ- ਜਥੇਦਾਰ ਜੀ! ਤੁਹਾਡੀ ਕਿਹੜਾ ਚੋਣ ਹੋਈ ਹੈ, ਇਹ ਤਾਂ ਬਾਦਲ ਸਾਹਿਬ ਦੀ ਜੇਬ ਵਿਚੋਂ ਨਿਕਲੀ ਪਰਚੀ ਹੈ। ਜਥੇਦਾਰ ਮੱਕੜ ਨੇ ਫਖਰ ਨਾਲ ਮੁਸਕਰਾਉਂਦਿਆਂ ਉਤਰ ਦਿੱਤਾ ਸੀ- ਇਸ ਤੋਂ ਸਾਬਤ ਹੁੰਦਾ ਹੈ ਬਾਦਲ ਸਾਹਿਬ ਦੀ ਜੇਬ ਕਿੰਨੀ ਵੱਡੀ ਹੈ।

ਮੰਨਦੇ ਹਾਂ, ਬਾਦਲ ਸਾਹਿਬ ਦੀ ਜੇਬ ਵੱਡੀ ਹੈ ਪਰ ਖਾਲਸਾ ਪੰਥ ਉਨ੍ਹਾਂ ਦੀ ਜੇਬ ਵਿਚ ਹੋਣ ਦੀ ਥਾਂ, ਜੇ ਕਿਤੇ ਬਾਦਲ ਸਾਹਿਬ ਖਾਲਸਾ ਪੰਥ ਦੀ ਜੇਬ ਵਿਚ ਹੁੰਦੇ ਤਾਂ ਵਧੀਕ ਚੰਗਾ ਹੁੰਦਾ। ਗਿਆਨੀ ਜ਼ੈਲ ਸਿੰਘ, ਸ. ਸੁਰਜੀਤ ਸਿੰਘ ਬਰਨਾਲਾ, ਸ. ਬੂਟਾ ਸਿੰਘ ਅਤੇ ਬਾਬਾ ਸੰਤਾ ਸਿੰਘ ਤਲਬ ਕੀਤੇ ਜਾਂਦੇ ਹਨ, ਉਹ ਹੱਥ ਬੰਨ੍ਹ ਕੇ ਹਾਜ਼ਰ ਹੁੰਦੇ ਹਨ, ਭੁੱਲ ਦੀ ਖਿਮਾਂ ਮੰਗਦੇ ਹਨ, ਪੰਥ ਵਿਚ ਸ਼ਾਮਲ ਹੋ ਕੇ ਸ਼ੁਕਰਾਨੇ ਦੀ ਅਰਦਾਸ ਕਰਦੇ ਹਨ। ਕੀ ਸ਼੍ਰੋਮਣੀ ਅਕਾਲੀ ਦਲ ਦਾ ਕੋਈ ਮੈਂਬਰ ਜਾਂ ਨੇਤਾ ਕਦੀ ਗਲਤੀ ਨਹੀਂ ਕਰਦੇ? ਕੀ ਸਿੰਘ ਸਹਿਬਾਨ ਕੇਵਲ ਗੈਰ-ਅਕਾਲੀਆਂ ਨੂੰ ਤਨਖਾਹੀਏ ਕਰਾਰ ਦਿੰਦੇ ਰਹਿਣਗੇ? ਜਥੇਦਾਰ ਜਗਦੀਸ਼ ਸਿੰਘ ਝੀਂਡਾ ਅਤੇ ਜਥੇਦਾਰ ਦੀਦਾਰ ਸਿੰਘ ਨਲਵੀ ਵਿਰੁੱਧ ਹੁਕਮਨਾਮਾ ਜਾਰੀ ਹੋ ਸਕਦਾ ਹੈ ਕਿ ਉਨ੍ਹਾਂ ਨੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਉਂ ਕਾਇਮ ਕੀਤੀ। ਗੁਰਮੀਤ ਰਾਮ ਰਹੀਮ ਸਿੰਘ ਬਗੈਰ ਪੇਸ਼ ਹੋਇਆਂ ਬਰੀ ਹੋ ਗਿਆ ਹੈ, ਕੀ ਅਸੀਂ ਸਮਝੀਏ, ਉਹ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਹਨ? ਇਹੋ ਜਿਹੇ ਲਾਭ ਕੇਵਲ ਅਕਾਲੀ ਉਠਾ ਸਕਦੇ ਹਨ।

ਪਤਾ ਲੱਗਾ ਹੈ, ਬੀਬੀ ਕਿਰਨ ਬੇਦੀ ਡੇਰਾ ਮੁਖੀ ਦੀ ਚਿਠੀ ਲੈ ਕੇ ਆਏ ਸਨ; ਪਰ ਉਹ ਦੱਸਦੇ ਹਨ ਕਿ ਉਹ ਤਾਂ ਆਪਣੇ ਬਿਮਾਰ ਪਤੀ ਲਈ ਦਵਾਈ ਲੈਣ ਅੰਮ੍ਰਿਤਸਰ ਗਏ ਸਨ। ਸਿੰਘ ਸਾਹਿਬ ਗੁਰਬਚਨ ਸਿੰਘ ਹਿਕਮਤ ਵੀ ਕਰਦੇ ਹਨ, ਹੁਣ ਪਤਾ ਲੱਗਾ ਹੈ। ਲਿਓ ਤਾਲਸਤਾਏ ਦੀ ਕਹਾਣੀ 'ਮਹਿੰਗਾ ਸੌਦਾ' (ਪੰਜਾਬ ਟਾਈਮਜ਼, ਅੰਕ 37, 12 ਸਤੰਬਰ 2015) ਪੜ੍ਹ ਕੇ ਮੈਨੂੰ ਕਈਆਂ ਨੇ ਫੋਨ ਉਪਰ ਕਿਹਾ- ਸਾਡਾ ਵੀ ਜੀ ਕਰਦਾ ਹੈ, ਮੁਨਾਕੋ ਵਰਗੇ ਮੁਲਕ ਵਿਚ ਵੱਸੀਏ। ਸਾਨੂੰ ਅਕਾਲੀ ਦਲ ਦੇ ਵਰਕਰਾਂ ਨਾਲ ਈਰਖਾ ਹੋਣ ਲੱਗੀ ਹੈ, ਕਿੰਨੀ ਮੌਜ ਵਿਚ ਹਨ।

# ਮੋਦੀ ਸਰਕਾਰ: ਘੱਟ ਗਿਣਤੀਆਂ 'ਚ ਸਹਿਮ ਵਧਿਆ

**ਅਜੋਕੀ ਗੱਲ**

"ਮੋਦੀ ਸਰਕਾਰ ਬਣਨ ਤੋਂ ਬਾਅਦ ਸ਼ਾਂਤੀਪੂਰਨ ਢੰਗ ਨਾਲ ਰਹਿ ਰਹੀਆਂ ਘੱਟ ਗਿਣਤੀਆਂ ਉਪਰ ਫਿਰਕੂ ਹਮਲੇ ਵਧ ਗਏ ਹਨ, ਇੱਕ ਇਸਾਈ ਹੋਣ ਦੇ ਨਾਤੇ ਮੈਂ ਅੱਜ ਆਪਣੇ ਦੇਸ਼ 'ਚ ਅਜਨਬੀ ਤੇ ਡਰਿਆ ਹੋਇਆ ਮਹਿਸੂਸ ਕਰਦਾ ਹਾਂ।" ਇਹ ਸਤਰਾਂ ਕਿਸੇ ਹੋਰ ਦੀਆਂ ਨਹੀਂ ਬਲਕਿ ਪੰਜਾਬ ਦੇ ਸਾਬਕਾ ਡੀ. ਜੀ. ਪੀ. ਜੂਲੀਓ ਰਿਬੇਰੋ ਦੀਆਂ ਹਨ। ਇਹ ਹੈ, ਹਿੰਦੋਸਤਾਨ ਦੀ ਅਜੋਕੀ ਤਸਵੀਰ।



ਜੇਕਰ ਇੱਡੇ ਵੱਡੇ ਅਹੁਦੇ ਤੋਂ ਸੇਵਾਮੁਕਤ ਹੋਇਆ ਬੰਦਾ ਵੀ ਘੱਟਗਿਣਤੀ ਨਾਲ ਸਬੰਧਿਤ ਹੋਣ ਕਰਕੇ ਆਪਣੇ ਆਪ ਨੂੰ

ਜਸਵੰਤ ਸਿੰਘ ਸ਼ਾਦ
ਫੋਨ: 209-992-7185

ਅਸੁਰੱਖਿਅਤ ਤੇ ਅਜਨਬੀ ਮਹਿਸੂਸ ਕਰਦਾ ਹੈ ਤਾਂ ਆਮ ਬੰਦੇ ਦੀ ਮਨੋਦਸ਼ਾ ਕੀ ਹੋਵੇਗੀ? ਇਸ ਦਾ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ।

ਮੋਦੀ ਸਰਕਾਰ ਬਣਨ ਤੋਂ ਬਾਅਦ ਹਿੰਦੂਤਵੀਆਂ ਦੇ ਹੌਸਲੇ ਪੂਰੇ ਬੁਲੰਦੀ 'ਤੇ ਹਨ। ਸ਼ਾਇਦ ਹੀ ਕੋਈ ਦਿਨ ਅਜਿਹਾ ਹੋਵੇ ਜਿਸ ਦਿਨ ਘੱਟ ਗਿਣਤੀਆਂ 'ਤੇ ਸ਼ਾਬਦਿਕ ਹਮਲੇ ਕਰਕੇ ਉਨ੍ਹਾਂ ਨੂੰ ਜਲੀਲ ਨਾ ਕੀਤਾ ਜਾਂਦਾ ਹੋਵੇ। ਮੁਸਲਮਾਨਾਂ, ਸਿੱਖਾਂ ਤੇ ਇਸਾਈਆਂ ਉਤੇ ਪਹਿਲਾਂ ਤੋਂ ਹੀ ਹੋ ਰਹੇ ਹਮਲਿਆਂ ਵਿਚ ਭਾਰੀ ਵਾਧਾ ਹੋਇਆ ਹੈ। ਸ਼ਾਬਦਿਕ ਹਮਲਿਆਂ ਦੇ ਨਾਲ ਨਾਲ ਕਤਲੋਗਾਰਤ, ਲੁੱਟ ਮਾਰ ਤੇ ਜ਼ਲੀਲ ਕਰਨ ਦੀਆਂ ਘਟਨਾਵਾਂ ਵੀ ਵਧੀਆਂ ਹਨ ਜਿਸ ਨੇ ਘੱਟ ਗਿਣਤੀਆਂ ਵਿਚ ਦਹਿਸ਼ਤ ਦਾ ਮਾਹੌਲ ਸਿਰਜ ਦਿੱਤਾ ਹੈ। ਹਿੰਦੂਆਂ ਦਾ ਧਰਮ ਪਰਿਵਰਤਨ ਰੋਕਣ ਦੇ ਨਾਮ ਉਤੇ ਹਿੰਦੂਆਂ ਵਲੋਂ ਇਸਾਈਆਂ ਦੇ ਚਰਚਾਂ ਨੂੰ ਅੱਗਾਂ ਲਾਉਣੀਆਂ ਤੇ ਇਸਾਈਆਂ ਦੇ ਕੁੱਟ ਕੁਟਾਪੇ ਦੀਆਂ ਅਨੇਕਾਂ ਖਬਰਾਂ ਸੋਸ਼ਲ ਮੀਡੀਏ ਉਤੇ ਆ ਰਹੀਆਂ ਹਨ। ਇਹ ਵੱਖਰੀ ਗੱਲ ਹੈ ਕਿ ਭਾਰਤੀ ਮੀਡੀਆ ਇਸ ਤਰ੍ਹਾਂ ਦੀਆਂ ਖਬਰਾਂ ਵੱਲ ਕੰਨ ਨਹੀਂ ਧਰਦਾ। ਹਿੰਦੂਤਵੀਆਂ ਵਲੋਂ ਵਾਰ ਵਾਰ ਸਿੱਖਾਂ ਨੂੰ ਹਿੰਦੂਆਂ ਦਾ ਹਿੱਸਾ ਦੱਸ ਕੇ ਸਿੱਖਾਂ ਨੂੰ ਚਿੜਾਇਆ ਜਾਂਦਾ ਹੈ ਤੇ ਸਿੱਖ ਆਗੂਆਂ ਨੂੰ ਵਾਰ ਵਾਰ "ਸਿੱਖ ਹਿੰਦੂ ਨਹੀਂ" ਦੀ ਸਫਾਈ ਦੇਣ ਲਈ ਮਜਬੂਰ ਕੀਤਾ ਜਾਂਦਾ ਹੈ। ਇਹ ਦੂਜੇ ਦੇ ਧਰਮ 'ਚ ਬੇਲੋੜੀ ਦਖਲ ਅੰਦਾਜ਼ੀ ਤਾਂ ਹੈ ਹੀ, ਇਸ ਨਾਲ ਭਾਈਚਾਰਿਆਂ ਵਿਚ ਕੁੜੱਤਣ ਵੀ ਵਧਦੀ ਹੈ।

ਆਰ ਐਸ ਐਸ ਜਾਂ ਭਾਜਪਾ ਦੇ ਆਗੂਆਂ ਨੇ ਆਪਣੇ "ਹਿੰਦੂ, ਹਿੰਦੀ, ਹਿੰਦੋਸਤਾਨ" ਦੇ ਏਜੰਡੇ ਨੂੰ ਭਾਵੇਂ ਪਹਿਲਾਂ ਵੀ ਬਹੁਤਾ ਲੁਕੋ ਕੇ ਨਹੀਂ ਸੀ ਰੱਖਿਆ ਪਰ ਮੋਦੀ ਸਰਕਾਰ ਬਣਨ ਤੋਂ ਬਾਅਦ ਤਾਂ ਜਿਵੇਂ ਉਨ੍ਹਾਂ ਨੇ ਇਸ ਏਜੰਡੇ ਨੂੰ ਖੁੱਲ੍ਹੇ ਰੂਪ ਵਿਚ ਲਾਗੂ ਕਰਨਾ ਅਰੰਭ ਕਰ ਦਿੱਤਾ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਚੇਅਰਮੈਨ ਅਸ਼ੋਕ ਸਿੰਘਲ ਨੇ ਤਾਂ ਸਾਫ ਸਾਫ ਲਫਜ਼ਾਂ ਵਿਚ ਕਹਿ ਦਿੱਤਾ ਹੈ ਕਿ 800 ਸਾਲ ਬਾਅਦ ਹਿੰਦੂਆਂ ਦਾ ਆਪਣਾ ਰਾਜ ਆਇਆ ਹੈ। ਆਪਣਾ ਰਾਜ ਆਇਆ ਹੈ ਤਾਂ ਹਾਕਮ ਚੰਮ ਦੀਆਂ ਚਲਾਉਣ 'ਤੇ ਉਤਰ ਆਏ ਲਗਦੇ ਹਨ। ਦੇਸ਼ ਵਿਚ ਭਾਜਪਾ ਸਰਕਾਰ ਬਣਨ ਤੋਂ ਬਾਅਦ ਹਿੰਦੂਤਵੀ ਆਗੂਆਂ ਨੇ ਆਪਣੇ ਆਪ ਨੂੰ ਹਿੰਦੋਸਤਾਨ ਦੇ ਮਾਲਕ ਤਸਵਰ ਕਰਦਿਆਂ 2020 ਤੱਕ ਸਾਰੇ ਦੇਸ਼ ਵਾਸੀਆਂ ਨੂੰ ਹਿੰਦੂ ਬਣਾਉਣ ਦਾ ਐਲਾਨ ਡੰਕੇ ਦੀ ਚੋਟ ਤੇ ਕੀਤਾ ਹੈ। ਦਿਲਚਸਪ ਗੱਲ ਹੈ ਕਿ ਸਾਰੇ ਫਿਰਕਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਦਾ ਵਾਅਦਾ ਕਰਨ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਿੰਦੂ ਆਗੂਆਂ ਦੇ ਇਸ ਬਿਆਨ ਉਤੇ ਸਾਜਿਸ਼ੀ ਚੁੱਪੀ ਧਾਰੀ ਹੋਈ ਹੈ। ਅੱਜ ਸਾਰੇ ਈ ਘੱਟ ਗਿਣਤੀ ਫਿਰਕੇ ਬਹੁਗਿਣਤੀ ਆਗੂਆਂ ਦੇ ਹਿੰਦੂਤਵੀ ਏਜੰਡੇ ਦੀ ਮਾਰ ਹੇਠ ਹਨ। ਹਿੰਦੋਸਤਾਨੀ ਨਕਸ਼ੇ ਵਿਚ 4% ਆਬਾਦੀ ਵਾਲੇ ਇਸਾਈਆਂ ਦੀ ਹੋਂਦ ਸਿਰਫ ਨਾਂ ਦੇ ਬਰਾਬਰ ਹੈ। ਕਿਸੇ ਵੀ ਖੇਤਰ ਵਿਚ ਉਨ੍ਹਾਂ ਦਾ ਬੋਲਬਾਲਾ ਨਜ਼ਰ ਨਹੀਂ ਆਉਂਦਾ।

ਵੱਖਰੀ ਹਸਤੀ ਦੀ ਮਾਲਿਕ 2% ਤੋਂ ਵੀ ਘੱਟ ਗਿਣਤੀ ਵਾਲੀ ਸਿੱਖ ਕੌਮ ਬਿਨਾ ਸ਼ੱਕ ਅੱਜ ਆਪਣੀ ਹੋਂਦ ਨੂੰ ਬਚਾ ਕੇ ਰੱਖਣ ਦੀ ਲੜਾਈ ਲੜ ਰਹੀ ਹੈ। ਅੱਜ ਸਿੱਖਾਂ ਦੇ ਖਿਲਾਫ ਭਾਵੇਂ ਹਿੰਦੂਤਵੀਆਂ ਦਾ ਕੋਈ ਬਾਹਰੀ ਹਮਲਾ ਨਜ਼ਰ ਨਹੀਂ ਆਉਂਦਾ ਪਰ ਬਾਦਲਾਂ ਰਾਹੀਂ ਸਿੱਖ ਸੰਸਥਾਵਾਂ ਅੰਦਰ ਘੁਸਪੈਠ ਕਰ ਚੁੱਕੀ ਆਰ ਐਸ ਐਸ ਚੁੱਪ ਚੁਪੀਤੇ ਆਪਣਾ ਕੰਮ ਕਰੀ ਜਾ ਰਹੀ ਹੈ। ਸਿੱਖ ਇਤਿਹਾਸ ਨੂੰ ਤਰੋੜ ਮਰੋੜ ਕੇ ਪੇਸ਼ ਕਰਨਾ, ਗੁਰੂਡੰਮ ਨੂੰ ਉਤਸ਼ਾਹਤ ਕਰਕੇ ਸਿੱਖਾਂ ਨੂੰ ਗੁਰੂ ਸ਼ਬਦ ਨਾਲੋਂ ਤੋੜਨਾ ਤੇ ਸਿੱਖ ਜਵਾਨੀ ਨੂੰ ਨਸ਼ਿਆਂ ਰਾਹੀਂ ਖਤਮ ਕਰਨਾ, ਉਨ੍ਹਾਂ ਦੇ ਏਜੰਡੇ ਦੀਆਂ ਕੁਝ ਵੰਨਗੀਆਂ ਹਨ, ਜਿਨ੍ਹਾਂ ਨੂੰ ਬੜੇ ਯੋਜਨਾਬਧ ਤਰੀਕੇ ਨਾਲ ਅਮਲੀ ਰੂਪ ਦਿੱਤਾ ਜਾ ਰਿਹਾ ਹੈ। ਤਾਂ ਕਿ 2020 ਤੱਕ ਘੱਟ ਗਿਣਤੀਆਂ ਨੂੰ ਆਸਾਨੀ ਨਾਲ ਹਿੰਦੂ ਬਣਾਇਆ ਜਾ ਸਕੇ।

ਘੱਟ ਗਿਣਤੀਆਂ ਦੇ ਖਿਲਾਫ ਆਉਂਦੇ ਹਿੰਦੂਤਵੀਆਂ ਦੇ ਬਿਆਨਾਂ ਦਾ ਭਾਜਪਾਈਆਂ ਨਾਲ ਨਹੁੰ ਮਾਸ ਦਾ ਰਿਸ਼ਤਾ ਬਣਾਈ ਬੈਠੇ ਅਕਾਲੀ ਹਾਕਮਾਂ ਨੇ ਕਦੇ ਟੁੱਟੀ ਜ਼ੁਬਾਨ ਨਾਲ ਵੀ ਵਿਰੋਧ ਨਹੀਂ ਕੀਤਾ, ਕੀ ਅਕਾਲੀ (ਬਾਦਲਕੇ) 2020 ਵਿਚ ਹਿੰਦੂ ਬਣਨ ਨੂੰ ਤਿਆਰ ਹਨ? ਕੀ ਅੰਦਰਖਾਤੇ ਉਨ੍ਹਾਂ ਦਾ ਆਰ ਐਸ ਐਸ ਨਾਲ ਸਿੱਖ ਕੌਮ ਨੂੰ ਹਿੰਦੂਤਵ ਦੇ ਪੇਟੇ ਪਾਉਣ ਦਾ ਕੋਈ ਸਮਝੌਤਾ ਹੋ ਚੁੱਕਾ ਹੈ? ਜੇ ਨਹੀਂ ਤਾਂ ਇਸ ਦਾ ਵਿਰੋਧ ਕਿਉਂ ਨਹੀਂ ਕਰਦੇ?

ਸਭ ਤੋਂ ਵਧ ਜ਼ਲੀਲ ਤੇ ਦਹਿਸ਼ਤਜਦਾ ਮੁਸਲਿਮ ਭਾਈਚਾਰੇ ਨੂੰ ਕੀਤਾ ਜਾ ਰਿਹਾ ਹੈ। ਹਿੰਦੂਤਵੀ ਆਗੂਆਂ ਵਲੋਂ ਗਿਣੀ-ਮਿਥੀ ਸਾਜਿਸ਼ ਤਹਿਤ ਇੱਕ ਤੋਂ ਬਾਅਦ ਇੱਕ ਮੁਸਲਿਮ ਵਿਰੋਧੀ ਬਿਆਨ ਦੇ ਕੇ ਮੁਸਲਮਾਨਾਂ ਨੂੰ ਦੂਜੇ ਦਰਜੇ ਦੇ ਨਾਗਰਿਕ ਹੋਣ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਮੁਸਲਮਾਨਾਂ ਨੇ ਕੀ ਖਾਣਾ ਹੈ? ਕੀ ਪਹਿਨਣਾ ਹੈ ਤੇ ਕੀ ਕਰਨਾ ਜਾਂ ਨਹੀਂ ਕਰਨਾ ਹੈ?

ਇਹ ਸਾਰੇ ਮਾਪਦੰਡ ਹਿੰਦੂ ਆਗੂਆਂ ਵਲੋਂ ਨਵੇਂ ਸਿਰਿਓਂ ਤੈਅ ਕਰਕੇ ਮੁਸਲਮਾਨਾਂ 'ਤੇ ਥੋਪੇ ਜਾ ਰਹੇ ਹਨ, ਜਿਵੇਂ ਉਹ ਇਸ ਦੇਸ਼ ਦੇ ਜਮਾਂਦਰੂ ਵਸਨੀਕ (ਨਾਗਰਿਕ) ਨਾ ਹੋ ਕੇ ਕਿਸੇ ਬਾਹਰਲੇ ਮੁਲਕ ਤੋਂ ਆਏ ਸ਼ਰਨਾਰਥੀ ਹੋਣ। ਕੋਈ ਸਾਖਸ਼ੀ ਮਹਾਰਾਜ ਵਰਗਾ ਭਾਜਪਾਈ ਐਮ.ਪੀ.ਮੁਸਲਮਾਨਾਂ ਨੂੰ ਬੀਫ ਨਾ ਖਾਣ ਦੀ ਚੇਤਾਵਨੀ ਦਿੰਦਾ ਹੋਇਆ ਇਥੋਂ ਤੱਕ ਕਹਿ ਦਿੰਦਾ ਹੈ ਕਿ ਗਊ ਮਾਸ ਖਾਣ ਵਾਲੇ ਨੂੰ ਮੌਤ ਦੀ ਸਜ਼ਾ ਹੋਣੀ ਚਾਹੀਦੀ ਹੈ। ਕੋਈ ਹੋਰ ਆਗੂ ਉਠ ਕੇ ਮੁਸਲਮਾਨਾਂ ਨੂੰ ਯੋਗਾ ਨਾ ਕਰਨ ਦੀ ਬਿਨਾ ਤੇ ਦੇਸ਼ ਛੱਡ ਕੇ ਪਾਕਿਸਤਾਨ ਚਲੇ ਜਾਣ ਲਈ ਕਹਿ ਦਿੰਦਾ ਹੈ। ਕੋਈ 'ਸੂਰਜ ਨਮਸਕਾਰ' ਵਿਚ ਭਾਗ ਨਾ ਲੈਣ ਵਾਲੇ ਮੁਸਲਮਾਨਾਂ ਨੂੰ ਦੇਸ਼ ਦੇ ਗੱਦਾਰ ਦਾ ਫਤਵਾ ਦੇਣ ਤੁਰ ਪੈਂਦਾ ਹੈ ਤੇ ਕੋਈ ਮੁਸਲਮਾਨਾਂ ਦੇ ਵੱਧ ਬੱਚਿਆਂ ਦੀ ਸੂਰੀ ਦੇ ਬੱਚਿਆਂ ਨਾਲ ਤੁਲਨਾ ਕਰ ਮਾਰਦਾ ਹੈ। ਕੋਈ ਸਾਰੇ ਮੁਸਲਮਾਨਾਂ ਨੂੰ ਵਾਪਸ ਹਿੰਦੂ ਧਰਮ ਵਿਚ ਲਿਆ ਕੇ ਉਨ੍ਹਾਂ ਦੀ 'ਘਰ ਵਾਪਸੀ' ਲਈ ਕਾਹਲਾ ਹੈ, ਤੇ ਕੋਈ ਹਿੰਦੂਆਂ ਨੂੰ ਬਾਲੀਵੁੱਡ ਦੇ ਸਟਾਰ ਤਿੰਨ ਖਾਨਾਂ ਦੀਆਂ ਫਿਲਮਾਂ ਨਾ ਦੇਖਣ ਦੀ ਸਲਾਹ ਦੇ ਕੇ ਮੁਸਲਮਾਨਾਂ ਪ੍ਰਤੀ ਆਪਣੀ ਅੰਨ੍ਹੀ ਨਫਰਤ ਦਾ ਪ੍ਰਗਟਾਵਾ ਕਰ ਰਿਹਾ ਹੈ। ਮੁਸਲਮਾਨਾਂ ਨੂੰ ਅਤਿਵਾਦੀ ਤੇ ਦੇਸ਼ ਵਿਰੋਧੀ ਦਰਸਾ ਕੇ ਹਿੰਦੂਆਂ ਨੂੰ ਉਨ੍ਹਾਂ ਵਿਰੁਧ ਭੜਕਾਇਆ ਜਾ ਰਿਹਾ ਹੈ। ਸਿੱਖਾਂ ਨੂੰ ਹਿੰਦੂਆਂ ਦਾ ਹਿੱਸਾ ਦੱਸਿਆ ਜਾ ਰਿਹਾ ਹੈ। ਮੁਸਲਮਾਨਾਂ ਨਾਲ ਸਬੰਧਤ ਸਾਰੇ ਇਤਿਹਾਸ ਨੂੰ ਕਿਸੇ ਨਾ ਕਿਸੇ ਰੂਪ 'ਚ ਖਤਮ ਕਰਨ ਦੀ ਕਵਾਇਦ ਸ਼ੁਰੂ ਹੋ ਚੁੱਕੀ ਹੈ।

ਕਦੇ ਰਾਮ ਚੰਦਰ ਜੀ ਦਾ ਜਨਮ ਅਸਥਾਨ ਦੱਸ ਕੇ ਬਾਬਰੀ ਮਸਜਿਦ ਢਾਹੀ ਗਈ ਸੀ ਤੇ ਹੁਣ ਔਰੰਗਜ਼ੇਬ ਰੋਡ ਦਾ ਨਾਂ ਬਦਲ ਕੇ ਇੱਕ ਹੋਰ ਵਫਾਦਾਰ ਮੁਸਲਮਾਨ ਅਬਦੁਲ ਕਲਾਮ 'ਤੇ ਰੱਖਿਆ ਗਿਆ ਹੈ। ਦੁਨੀਆਂ ਦੇ ਇੱਕ ਅਜੂਬੇ 'ਤਾਜ ਮਹਿਲ' ਨੂੰ ਵੀ ਹਿੰਦੂ ਮੰਦਿਰ ਸਿੱਧ ਕਰਨ ਦੀ ਕਵਾਇਦ ਕਈ ਦਹਾਕਿਆਂ ਤੋਂ ਸ਼ੁਰੂ ਹੈ ਜਿਸ ਤਹਿਤ 'ਖੋਜ' ਦੇ ਨਾਂ ਉਤੇ ਕਿਤਾਬਾਂ ਤੇ ਹੋਰ ਪ੍ਰਚਾਰ ਸਮਗਰੀ ਖੁੱਲ੍ਹੇ ਰੂਪ 'ਚ ਵੰਡੀ ਜਾ ਰਹੀ ਹੈ। ਇਹ ਤਾਂ ਕੁਝ ਮਿਸਾਲਾਂ ਹਨ। ਇਸ ਤਰ੍ਹਾਂ ਦੇ ਭੜਕਾਊ ਬਿਆਨ ਤਾਂ ਹਿੰਦੂਤਵੀਆਂ ਦਾ ਨਿੱਤ ਦਾ ਸ਼ੁਗਲ ਹੈ।

ਇਨ੍ਹਾਂ ਹਾਲਾਤਾਂ ਦੇ ਮੱਦੇਨਜ਼ਰ ਕੀ ਮੰਨ ਲਿਆ ਜਾਵੇ ਕਿ ਘੱਟ ਗਿਣਤੀਆਂ ਦੇ ਖਾਤਮੇ ਦੀ ਕਵਾਇਦ ਸ਼ੁਰੂ ਹੋ ਚੁੱਕੀ ਹੈ? ਇੱਕ ਧਰਮ ਨਿਰਪੱਖ ਦੇਸ਼ ਵਿਚ ਕੀ ਕੋਈ ਧਰਮ ਦੂਜੇ ਧਰਮ ਨੂੰ ਖਤਮ ਕਰਨ ਦੀ ਚਿਤਾਵਨੀ ਜਾਂ ਧਮਕੀ ਦੇ ਸਕਦਾ ਹੈ? ਜੇ ਨਹੀਂ ਤਾਂ ਇਸ ਤਰ੍ਹਾਂ ਦੀਆਂ ਧਮਕੀਆਂ ਦੇਣ ਵਾਲਿਆਂ ਖਿਲਾਫ ਕੋਈ ਕੇਸ ਦਰਜ ਕਿਉਂ ਨਹੀਂ ਹੁੰਦਾ? ਕੀ ਇਸ ਨਾਲ ਦੂਜੇ ਦੀਆਂ ਭਾਵਨਾਵਾਂ ਭੜਕਾਉਣ ਦਾ ਕੇਸ ਨਹੀਂ ਬਣਦਾ? ਕੀ ਇਹ ਲੋਕ ਦੇਸ਼ ਦੀ ਏਕਤਾ ਲਈ ਖਤਰਾ ਨਹੀਂ ਹਨ?

# ਗੁਰੂ ਲਾਧੋ ਰੇ

## ਸਾਖੀ ਦਾ ਸੱਚ ਪਛਾਣਨ ਦਾ ਹੋਕਾ

*'ਪੰਜਾਬ ਟਾਈਮਜ਼' ਨਾਲ ਗਹਿਰੇ ਜੁੜੇ ਮਝੈਲ ਸਿੰਘ ਸਰਾਂ ਨੇ ਇਕ ਵਾਰ ਫਿਰ ਇਕ ਹੋਰ ਅਹਿਮ ਮੁੱਦਾ ਸਿੱਖਾਂ ਅੱਗੇ ਲਿਆ ਧਰਿਆ ਹੈ। ਇਸ ਵਾਰ ਉਨ੍ਹਾਂ 'ਗੁਰੂ ਲਾਧੋ ਰੇ' ਨਾਲ ਜੁੜੀ ਸਾਖੀ ਨੂੰ ਆਧਾਰ ਬਣਾ ਕੇ ਸਿੱਖਾਂ ਨੂੰ ਝੰਜੋੜਨ ਦਾ ਯਤਨ ਕੀਤਾ ਹੈ ਜੋ 'ਬਿਪਰ ਕੀ ਰੀਤ' ਵਿਚ ਰੁੜ੍ਹ ਰਹੇ ਹਨ। ਇਸ ਲੇਖ ਵਿਚ ਉਨ੍ਹਾਂ ਇਸ ਸਾਖੀ ਨੂੰ ਨਵੇਂ ਸਿਰਿਓਂ, ਨਵੇਂ ਜ਼ਾਵੀਏ ਤੋਂ ਪੜ੍ਹਨ-ਗੁੜਨ ਦਾ ਹੋਕਾ ਦਿੱਤਾ ਹੈ ਅਤੇ 'ਬਿਪਰ ਕੀ ਰੀਤ' ਨੂੰ ਪਛਾਣ ਕੇ ਤੇ ਭਾਈ ਮੱਖਣ ਸ਼ਾਹ ਦੇ ਫਿਕਰ ਨੂੰ ਸਮਝ ਕੇ ਸਿੱਖਾਂ ਨੂੰ ਸੇਧ ਲੈਣ ਲਈ ਪ੍ਰੇਰਨ ਦਾ ਯਤਨ ਕੀਤਾ ਹੈ। -ਸੰਪਾਦਕ*

'ਗੁਰੂ ਲਾਧੋ ਰੇ' ਇਹ ਹਨ ਉਹ ਤਿੰਨ ਅਲਫ਼ਾਜ਼ ਜਿਨ੍ਹਾਂ ਨੇ ਤਕਰੀਬਨ ਇਕ ਸਾਲ ਤੱਕ ਸ੍ਰੀ ਗੁਰੂ ਹਰ ਕ੍ਰਿਸ਼ਨ ਦੇ ਬੇਵਕਤ ਪਰਲੋਕ ਗਮਨ ਉਪਰੰਤ ਸਿੱਖ ਜਗਤ ਵਿਚ ਛਾਈ ਮਾਯੂਸੀ ਨੂੰ ਇਕੋ ਝਟਕੇ ਨਾਲ ਵਗਾਹ ਕੇ ਅਹੁ ਮਾਰਿਆ ਅਤੇ ਹਰ ਸਿੱਖ ਖੇੜੇ ਵਿਚ ਆ ਗਿਆ। ਇਨ੍ਹਾਂ ਅਲਫ਼ਾਜ਼ ਵਿਚ ਕਿਹੜੀ ਜਾਦੂਈ ਸ਼ਕਤੀ ਸੀ ਕਿ ਸੁਣਦੇ ਸਾਰ ਸਿੱਖਾਂ ਵਿਚ ਅਥਾਹ ਖੁਸ਼ੀ ਦੀ ਲਹਿਰ ਦੌੜ ਗਈ? ਇਹ ਅਲਫ਼ਾਜ਼ ਕਿਸੇ ਦੇਵੀ ਦੇਵਤੇ, ਸੰਤ ਮਹਾਂਪੁਰਸ਼, ਗੁਰੂ ਪਰਿਵਾਰਾਂ ਦੇ ਮੈਂਬਰਾਂ ਦੇ ਮੂੰਹੋਂ ਨਹੀਂ ਸਨ ਨਿਕਲੇ, ਨਾ ਹੀ ਕਿਸੇ ਹਾਕਮ ਦੇ ਮੂੰਹੋਂ; ਬਲਕਿ ਇਕ ਅਨਜਾਣ ਸਿੱਖ ਦੇ ਮੂੰਹੋਂ ਨਿਕਲੇ ਆਮ ਜਿਹੇ ਸ਼ਬਦ ਸਨ। ਫਿਰ ਕਿਉਂ ਇਹ ਸ਼ਬਦ

**ਮਝੈਲ ਸਿੰਘ ਸਰਾਂ**
ਫੋਨ: 408-254-7716

ਸੁਣਦੇ ਸਾਰ ਸਿੱਖ ਬਾਬਾ ਬਕਾਲਾ ਨੂੰ ਚੱਲ ਪਏ। ਇੰਨਾ ਵੱਡਾ ਯਕੀਨ ਸਾਰੇ ਸਿੱਖ ਜਗਤ ਨੇ ਕਿੱਦਾਂ ਕਰ ਲਿਆ ਕਿ ਸੱਚਾ ਗੁਰੂ ਬਾਬਾ ਬਕਾਲੇ ਵਿਚ ਗੁਰੂ ਤੇਗ ਬਹਾਦਰ ਦੇ ਰੂਪ ਵਿਚ ਲੱਭ ਗਿਆ ਹੈ, ਜਦੋਂ ਕਿ ਉਥੇ ਹੋਰ 22 ਜਣੇ ਗੁਰੂ ਪਰਿਵਾਰਾਂ ਵਾਲੇ ਵੀ ਤਾਂ ਸੱਚੇ ਗੁਰੂ ਦੀਆਂ ਗੱਦੀਆਂ ਲਈ ਬੈਠੇ ਸੀ। ਉਨ੍ਹਾਂ ਕੋਲ ਤਾਂ ਆਪਣੇ ਪ੍ਰਚਾਰ ਲਈ ਮਸੰਦ ਵੀ ਬੜੇ ਸਨ। ਕਰੀਬ ਇਕ ਸਾਲ ਉਹ ਸਫਲ ਵੀ ਰਹੇ, ਪਰ ਸਿੱਖ ਉਦਾਸ ਸਨ ਕਿਉਂਕਿ ਇਨ੍ਹਾਂ 22 ਜਣਿਆਂ ਵਿਚ ਗੁਰੂ ਨਾਨਕ ਦੀ ਇਲਾਹੀ ਜੋਤ ਮਨਫ਼ੀ ਸੀ, ਪੱਲੇ ਸੀ ਇਨ੍ਹਾਂ ਦੇ ਸਿਰਫ਼ ਭੇਖ ਤੇ ਪਖੰਡ। ਸਿੱਖ ਵਿਚਾਰੇ ਇਨ੍ਹਾਂ ਦੇ ਭੇਖ ਨੂੰ ਹੀ ਮੱਥੇ ਟੇਕਣ ਲਈ ਮਜਬੂਰ ਹੋ ਗਏ, ਪਰ ਗੁਰੂ ਤੇ ਸਿੱਖ ਦਾ ਰਿਸ਼ਤਾ ਹੀ ਇੰਨਾ ਗੂੜ੍ਹਾ, ਪਿਆਰਾ ਤੇ ਨੇੜਤਾ ਵਾਲਾ ਬਣ ਗਿਆ ਸੀ ਕਿ ਸਿੱਖ ਗੁਰੂ ਤੋਂ ਬਗੈਰ ਅਧੂਰਾ ਤੇ ਨਿਰਜਿੰਦ ਮਹਿਸੂਸ ਕਰਨ ਲੱਗ ਪਿਆ। ਗੁਰਬਾਣੀ ਦਾ ਇਹ ਸ਼ਬਦ ਸਿੱਖ ਦੇ ਧੁਰ ਅੰਦਰ ਵਸਿਆ ਹੋਇਆ ਸੀ, 'ਗੁਰ ਬਿਨੁ ਘੋਰ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥' ਤੇ ਇਹ 22 ਮੰਜੀਧਾਰੀ ਹਨੇਰਾ ਦੂਰ ਕਰਨ ਦੀ ਥਾਂ ਫੈਲਾਉਣ ਵਾਲੇ ਸਾਬਤ ਹੋ ਰਹੇ ਸਨ। ਫਿਰ ਸੱਚੇ ਗੁਰੂ ਦੀ ਭਾਲ, ਉਹ ਵੀ ਬਾਬਾ ਬਕਾਲੇ ਵਿਚੋਂ, ਕੋਈ ਬਿਬੇਕ ਬੁੱਧ ਜਗਿਆਸੂ ਸਿੱਖ ਹੀ ਕਰ ਸਕਦਾ ਸੀ।

ਉਹ ਗੁਰਸਿੱਖ ਹੈ ਭਾਈ ਮੱਖਣ ਸ਼ਾਹ ਜਿਸ ਦੇ ਮੂੰਹੋਂ ਨਿਕਲੇ 'ਗੁਰੂ ਲਾਧੋ ਰੇ' ਦੇ ਅਲਫ਼ਾਜ਼ ਨੂੰ ਸਾਰੇ ਸਿੱਖਾਂ ਨੇ ਮੰਨ ਕੇ ਗੁਰੂ ਤੇਗ ਬਹਾਦਰ ਨੂੰ ਨੌਵੇਂ ਪਾਤਸ਼ਾਹ ਦੀ ਗੁਰਿਆਈ ਦੇ ਕੇ ਆਉਣ ਵਾਲੇ ਸਿੱਖ ਇਤਿਹਾਸ ਦਾ ਸੁਨਹਿਰੀ ਯੁੱਗ ਸ਼ੁਰੂ ਕੀਤਾ। ਸਿੱਖ ਜਗਤ ਨੇ ਭਾਈ ਮੱਖਣ ਸ਼ਾਹ ਦੇ ਇਨ੍ਹਾਂ ਅਲਫ਼ਾਜ਼ ਨੂੰ ਅੱਜ ਵੀ ਸੀਨੇ ਨਾਲ ਲਾਇਆ ਹੋਇਆ ਹੈ। ਇਹ ਅਲਫ਼ਾਜ਼ ਅੱਜ ਵੀ ਉਨੇ ਹੀ ਅਹਿਮ ਹਨ ਜਿੰਨੇ ਭਾਈ ਮੱਖਣ ਸ਼ਾਹ ਦੇ ਮੂੰਹੋਂ ਕੋਈ ਸਾਢੇ ਤਿੰਨ ਸੌ ਸਾਲ ਪਹਿਲਾਂ ਨਿਕਲਣ ਵੇਲੇ ਸਨ।


'ਗੁਰੂ ਲਾਧੋ ਰੇ'- ਇਹ ਤਿੰਨੇ ਲਫਜ਼ ਬੋਲਣ ਤੋਂ ਪਹਿਲਾਂ, ਭਾਈ ਮੱਖਣ ਸ਼ਾਹ ਦੀ ਕਿੰਨੀ ਕੁ ਵੱਡੀ ਘਾਲਣਾ ਤੇ ਜੀਵਨ ਵਿਚ ਕਿੰਨੀ ਕੁ ਸੁੱਚਮ ਰਹੀ, ਇਹ ਜਾਣਨਾ ਸਿੱਖਾਂ ਲਈ ਜ਼ਰੂਰੀ ਹੈ। ਸਿਰਫ਼ ਉਸੇ ਸਾਖੀ ਨੂੰ ਹੀ ਆਧਾਰ ਨਹੀਂ ਬਣਾਉਣਾ ਜਿਹੜੀ ਆਪਾਂ ਅੱਜ ਤੱਕ ਸੁਣੀ ਜਾਂਦੇ ਹਾਂ- ਭਾਈ ਮੱਖਣ ਸ਼ਾਹ ਦਾ ਜਹਾਜ਼ ਸਮੁੰਦਰ ਵਿਚ ਫਸ ਗਿਆ ਤੇ ਉਨ੍ਹਾਂ ਨੇ 500 ਮੋਹਰ ਸੁੱਖੀ ਗੁਰੂ ਘਰ ਲਈ, ਤੇ ਜਹਾਜ਼ ਬੰਨੇ ਲੱਗ ਗਿਆ। ਜਦੋਂ ਉਹ ਸੁੱਖਣਾ ਦੀਆਂ 500 ਮੋਹਰਾਂ ਬਕਾਲੇ, ਗੁਰੂ ਨੂੰ ਭੇਟ ਕਰਨ ਆਇਆ ਤਾਂ ਦੇਖਿਆ ਕਿ 22 ਜਣੇ ਗੱਦੀਆਂ ਮੱਲੀ ਬੈਠੇ ਸਨ। ਉਹਨੇ ਇਹ ਤਰਕੀਬ ਸੋਚੀ ਕਿ ਹਰ ਇਕ ਅੱਗੇ ਦੋ ਦੋ ਮੋਹਰਾਂ ਰੱਖ ਕੇ ਮੱਥਾ ਟੇਕੀ ਜਾਊਂ, ਜੋ ਸੱਚਾ ਹੋਇਆ, ਆਪੇ 500 ਮੰਗ ਲਊ, ਪਰ ਜਦੋਂ ਕਿਸੇ ਨੇ ਵੀ ਨਾ ਮੰਗੀਆਂ ਤਾਂ ਉਹ ਕਿਸੇ ਦੇ ਦੱਸੇ ਗੁਰੂ ਤੇਗ ਬਹਾਦਰ ਦੇ ਘਰ ਪਹੁੰਚ ਗਿਆ ਤੇ ਉਨ੍ਹਾਂ ਅੱਗੇ ਵੀ ਉਸੇ ਤਰ੍ਹਾਂ ਦੋ ਮੋਹਰਾਂ ਰੱਖ ਕੇ ਮੱਥਾ ਟੇਕ ਦਿੱਤਾ। ਗੁਰੂ ਨੇ ਸੁੱਖਣਾ ਵਾਲੀਆਂ 500 ਮੋਹਰਾਂ ਦੀ ਮੰਗ ਕੀਤੀ ਤੇ ਨਾਲ ਹੀ ਆਪਣਾ ਮੋਢਾ ਨੰਗਾ ਕਰ ਕੇ ਦਿਖਾ ਦਿੱਤਾ, ਕਿ ਆਹ ਜਿਹੜਾ ਜ਼ਖ਼ਮ ਹੈ, ਇਹ ਉਸ ਵਕਤ ਦਾ ਹੈ ਜਦੋਂ ਤੇਰੇ ਡੁੱਬਦੇ ਜਹਾਜ਼ ਨੂੰ ਧੱਕ ਕੇ ਬੰਨੇ ਲਾਇਆ ਸੀ। ਇਹ ਸੁਣ/ਦੇਖ ਕੇ ਮੱਖਣ ਸ਼ਾਹ ਨੂੰ ਯਕੀਨ ਹੋ ਗਿਆ ਕਿ ਇਹੋ ਹੀ ਸੱਚਾ ਗੁਰੂ ਹੈ ਤੇ ਉਸੇ ਵਕਤ ਕੋਠੇ ਦੀ ਛੱਤ ਚੜ੍ਹ ਕੇ ਆਵਾਜ਼ਾਂ ਦਿੱਤੀਆਂ- 'ਗੁਰੂ ਲਾਧੋ ਰੇ' ਅਤੇ ਸਾਰੇ ਸਿੱਖਾਂ ਨੇ ਤੇਗ ਬਹਾਦਰ ਨੂੰ ਨੌਵਾਂ ਗੁਰੂ ਮੰਨ ਲਿਆ।

ਇਸ ਸਾਖੀ ਉਤੇ ਮੈਂ ਪੂਰੀ ਤਰ੍ਹਾਂ ਕਾਟਾ ਨਹੀਂ ਮਾਰਦਾ, ਕਿਉਂਕਿ ਇਸ ਵਿਚ ਕਈ ਤੱਥ ਸਹੀ ਹਨ। ਬੱਸ ਪੀੜ੍ਹੀ-ਦਰ-ਪੀੜ੍ਹੀ ਚੱਲਦੀ ਇਸ ਸਾਖੀ ਵਿਚ ਬਿਪਰ ਚਤੁਰਾਈ ਕਰ ਗਿਆ, ਜੋ ਭਾਈ ਮੱਖਣ ਸ਼ਾਹ ਵਰਗੇ ਗੁਰਸਿੱਖ ਦੀ ਬਿਬੇਕ ਬੁੱਧ, ਜਗਿਆਸੂ ਸੁਭਾਅ ਤੇ ਗੁਰਮਤਿ ਜੀਵਨ ਉਤੇ ਕਰਾਮਾਤ ਤੇ ਕਰਮਕਾਂਡ ਨੂੰ ਭਾਰੂ ਕਰ ਗਿਆ। ਹੁਣ ਅਸੀਂ ਭਾਈ ਮੱਖਣ ਸ਼ਾਹ ਦੇ ਇਸੇ ਪੱਖ ਉਤੇ ਝਾਤ ਪਾਉਣੀ ਹੈ, ਤਾਂ ਜੋ ਭੇਖੀਆਂ ਤੋਂ ਛੁਟਕਾਰਾ ਪਾ ਸਕੀਏ।

ਆਪਾਂ ਜਾਣਦੇ ਹਾਂ ਕਿ ਮੱਖਣ ਸ਼ਾਹ ਵੱਡਾ ਵਪਾਰੀ ਸੀ ਜਿਸ ਦਾ ਵਪਾਰ ਅਰਬ ਖਾੜੀ ਤੇ ਅਫ਼ਰੀਕਨ ਮੁਲਕਾਂ ਤੱਕ ਸੀ। ਉਹ ਸਿੱਖ ਧਰਮ ਨਾਲ ਜੁੜਿਆ ਹੋਇਆ ਸੀ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਪਿਤਾ ਭਾਈ ਦਾਸਾ ਲੁਬਾਣਾ ਨੂੰ ਗੁਰੂ ਰਾਮਦਾਸ ਨੇ ਅਫ਼ਰੀਕਨ ਮੁਲਕਾਂ ਦਾ ਮਸੰਦ ਥਾਪਿਆ ਹੋਇਆ ਸੀ। ਮਸੰਦ ਉਦੋਂ ਉਸੇ ਸਿੱਖ ਨੂੰ ਲਾਇਆ ਜਾਂਦਾ ਸੀ ਜਿਹਦੀ ਰਹਿਣੀ-ਬਹਿਣੀ ਪੂਰਨ ਗੁਰਮਤਿ ਵਾਲੀ ਹੁੰਦੀ ਸੀ ਤੇ ਜੋ ਗੁਰਮਤਿ ਦੇ ਪ੍ਰਚਾਰ ਦੇ ਨਾਲ ਨਾਲ ਦਸਵੰਧ ਵੀ ਉਗਰਾਹ ਕੇ ਗੁਰੂ ਪਾਸ ਪਹੁੰਚਾਉਂਦਾ ਸੀ। ਮਤਲਬ, ਜੋ ਪੂਰਾ ਇਮਾਨਦਾਰ ਹੁੰਦਾ ਸੀ। ਇਹ ਸਾਰੇ ਗੁਣ ਭਾਈ ਮੱਖਣ ਸ਼ਾਹ ਵਿਚ ਸਨ। ਮੱਖਣ ਸ਼ਾਹ ਬਾਕਾਇਦਾ ਦਸਵੰਧ ਕੱਢਦਾ ਤੇ ਖੁਦ ਗੁਰੂ ਕੋਲ ਪਹੁੰਚਾਉਂਦਾ। ਗੁਰੂ ਅੱਗੇ ਅਰਦਾਸ 'ਤੇ ਉਹਨੂੰ ਸਦਾ ਭਰੋਸਾ ਸੀ ਤੇ ਅਰਦਾਸ ਦੀ ਕਿੰਨੀ ਮਹਾਨਤਾ ਹੈ, ਇਹ ਉਹਦਾ ਜਗਿਆਸੂ ਮਨ ਜਾਣਦਾ ਸੀ। ਇਹ ਸਾਖੀ ਕਿ ਸਮੁੰਦਰ ਵਿਚ ਆਏ ਤੂਫ਼ਾਨ ਵਿਚ ਉਹਦਾ ਜਹਾਜ਼ ਫਸ ਗਿਆ ਸੀ, ਸੱਚ ਹੀ ਹੋਣੀ ਹੈ ਕਿਉਂਕਿ ਅੱਜ ਵੀ ਅਰਬ ਖਾੜੀ ਦੇ ਸਮੁੰਦਰ ਵਿਚ ਅਚਾਨਕ ਤੂਫ਼ਾਨ ਉੱਠਦੇ ਰਹਿੰਦੇ ਹਨ। ਬੱਸ ਇਥੇ ਬਿਪਰ ਚਾਲ ਚੱਲ ਗਿਆ ਸਾਖੀ ਵਿਚ। ਸਿੱਖ ਦੀ ਅਰਦਾਸ ਨਾਲੋਂ, ਸੁੱਖਣਾ ਨੂੰ ਮਹੱਤਵ ਦੇ ਗਿਆ ਕਿ ਭਾਈ ਮੱਖਣ ਸ਼ਾਹ ਨੇ ਉਸੇ ਵਕਤ ਸੁੱਖਣਾ ਸੁੱਖੀ ਗੁਰੂ ਕੋਲ, ਕਿ ਜਹਾਜ਼ ਬੰਨੇ ਲਾ ਦੇ ਤਾਂ ਇਵਜ਼ ਵਿਚ 500 ਮੋਹਰਾਂ ਚੜ੍ਹਾਵਾਂਗਾ। ਸੁੱਖਣਾ ਮਨਜ਼ੂਰ ਹੋਈ ਤੇ ਜਹਾਜ਼ ਬੰਨੇ ਲੱਗ ਗਿਆ। ਇਹ ਸੁੱਖਣਾ ਭਾਈ ਮੱਖਣ ਸ਼ਾਹ ਨੂੰ ਬਾਬਾ ਬਕਾਲੇ ਲਿਆਉਂਦੀ ਹੈ। ਇਹ ਸੁੱਖਣਾ ਮੌਜੂਦਾ ਡੇਰੇਦਾਰ ਸੰਤਾਂ ਨੂੰ ਬਹੁਤ ਰਾਸ ਆਈ ਹੋਈ ਹੈ। ਇਕੱਲੇ ਡੇਰੇਦਾਰ ਹੀ ਕਾਹਨੂੰ, ਹੁਣ ਤਾਂ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਲੈ ਕੇ ਕਰੀਬ ਹਰ ਗੁਰਦੁਆਰਾ ਕਮੇਟੀ ਨੂੰ ਫਿੱਟ ਬੈਠਦੀ ਆ। ਹੁਣ ਸੁੱਖਣਾ ਨਕਦ ਦੀ ਥਾਂ ਗੁਰੂ ਦੇ ਨਾਮ 'ਤੇ ਅਖੰਡ ਪਾਠ, ਸੰਪਟ ਪਾਠ, ਸਹਿਜ ਪਾਠ ਤੇ ਸੁਖਮਨੀ ਸਾਹਿਬ ਦੇ ਪਾਠ ਦੀ ਭੇਟਾ ਦੇ ਰੂਪ ਵਿਚ ਸ਼ੁਰੂ ਹੋ ਗਈ ਹੈ। ਤਾਂ ਹੀ ਤਾਂ ਇਹ ਸਾਖੀ ਅੱਜ ਵੀ ਇੱਦਾਂ ਹੀ ਗੁਰਦੁਆਰਿਆਂ ਵਿਚ ਸੁਣਾਈ ਜਾਂਦੀ ਹੈ ਤੇ ਸੁੱਖ ਦੇ ਅਖੰਡ ਪਾਠ ਦੀਆਂ ਲੜੀਆਂ ਮੁੱਕਣ ਦਾ ਨਾਂ ਨਹੀਂ ਲੈਂਦੀਆਂ। ਸਾਖੀ ਵਿਚ ਇਹ ਜ਼ਿਕਰ ਨਹੀਂ ਕਿ ਭਾਈ ਮੱਖਣ ਸ਼ਾਹ ਹਰ ਕੰਮ ਗੁਰੂ ਅੱਗੇ ਅਰਦਾਸ ਕਰਨ ਪਿਛੋਂ ਕਰਦਾ ਸੀ ਤੇ ਉਹਨੂੰ ਆਪਣੀ ਅਰਦਾਸ 'ਤੇ ਇੰਨਾ ਭਰੋਸਾ ਸੀ ਕਿ ਗੁਰੂ ਉਹਦੀ ਹਰ ਜਗ੍ਹਾ ਬਹੁੜੀ ਕਰੂਗਾ ਤੇ ਉਸੇ ਅਰਦਾਸ ਦੇ ਭਰੋਸੇ ਉਹਦਾ ਤੂਫ਼ਾਨ ਵਿਚੋਂ ਘਿਰਿਆ ਜਹਾਜ਼ ਵੀ ਬੰਨੇ ਲੱਗਿਆ।

500 ਮੋਹਰਾਂ ਜੋ ਉਹ ਬਾਬਾ ਬਕਾਲੇ ਲੈ ਕੇ ਆਇਆ, ਸੁੱਖਣਾ ਦੀਆਂ ਨਹੀਂ ਸਨ, ਬਲਕਿ ਉਹਦੇ ਦਸਵੰਧ ਦੀਆਂ ਸਨ ਜੋ ਉਹ ਆਪਣੇ ਹੱਥੀਂ ਗੁਰੂ ਨੂੰ ਦੇਣ ਆਇਆ ਸੀ, ਪਰ ਉਥੇ ਦੇਖਿਆ ਕਿ 22 ਗੁਰੂ ਬਣੇ ਬੈਠੇ ਹਨ। ਉਥੇ ਉਸ ਦੀ ਬਿਬੇਕ ਬੁੱਧ ਤੇ ਗੁਰਮਤਿ ਦੀ ਸੋਝੀ ਨੇ ਭੇਖੀ ਗੁਰੂਆਂ ਦਾ ਪਰਦਾ ਫਾਸ਼ ਕਰਨ ਦਾ ਪੱਕਾ ਮਨ ਬਣਾਇਆ। ਕੰਮ ਇੰਨਾ ਸੌਖਾ ਨਹੀਂ ਸੀ, ਕਿਉਂਕਿ ਭੇਖੀਆਂ ਨੇ ਗੁੰਡੇ ਵੀ ਰੱਖੇ ਹੋਏ ਸਨ ਜੋ ਸੱਚ ਦੀ ਆਵਾਜ਼ ਨੂੰ ਦਬਾ ਸਕਦੇ ਸਨ। ਦੂਜੀ ਗੱਲ, ਅਜੇ ਸੱਚੇ ਗੁਰੂ ਦਾ ਪਤਾ ਨਹੀਂ ਸੀ ਕਿਹੜਾ, ਕੌਣ ਤੇ ਕਿਥੇ ਹੈ ਤੇ ਖੁਦ ਮੱਖਣ ਸ਼ਾਹ ਬਾਬਾ ਬਕਾਲੇ ਪਹਿਲੀ ਵਾਰ ਗਿਆ ਸੀ। ਇਕ ਤਰ੍ਹਾਂ ਅਜਨਬੀ ਸੀ। ਬੜੀ ਵੱਡੀ ਵੰਗਾਰ ਸੀ ਉਹਦੇ ਸਾਹਮਣੇ। ਭਾਈ ਮੱਖਣ ਸ਼ਾਹ ਜਿਥੇ ਗੁਰਮਤਿ ਦੀ ਸੋਝੀ ਰੱਖਦੇ ਸਨ; ਉਥੇ ਸੰਸਕ੍ਰਿਤ, ਅਰਬੀ ਤੇ ਫ਼ਾਰਸੀ ਦੇ ਮਾਹਿਰ ਗਿਆਤਾ ਸਨ।

ਸਾਖੀ ਵਿਚਲੀ ਇਹ ਗੱਲ ਦਰੁਸਤ ਹੈ ਕਿ ਉਹਨੇ ਹਰ ਇਕ ਅੱਗੇ ਦੋ ਮੋਹਰਾਂ ਰੱਖਣੀਆਂ ਸ਼ੁਰੂ ਕੀਤੀਆਂ, ਪਰ ਇਸ ਲਈ ਨਹੀਂ ਕਿ ਜਿਹੜਾ ਸੱਚਾ ਹੋਇਆ, ਬਾਕੀ ਮੋਹਰਾਂ ਵੀ ਆਪੇ ਮੰਗ ਲਊਗਾ। ਉਹ ਮੋਹਰਾਂ ਸੁੱਖਣਾ ਦੀਆਂ ਨਹੀਂ ਸਨ, ਉਹ ਤਾਂ ਦਸਵੰਧ ਸੀ ਜੋ ਉਹ ਸੱਚੇ ਗੁਰੂ ਦੇ ਹੱਥ ਹੀ ਦੇਣਾ ਚਾਹੁੰਦਾ ਸੀ।



ਭਾਈ ਮੱਖਣ ਸ਼ਾਹ ਇਨ੍ਹਾਂ ਨਾਲ ਵਿਚਾਰ-ਵਟਾਂਦਰਾ ਕਰਨਾ ਚਾਹੁੰਦਾ ਸੀ, ਤਾਂ ਜੋ ਟੋਹ ਸਕੇ ਕਿ ਇਨ੍ਹਾਂ ਵਿਚੋਂ ਕਿਸ ਵਿਚ ਗੁਰੂ ਨਾਨਕ ਦੀ ਜੋਤ ਹੈ। ਉਹਨੂੰ ਦੋ ਮੋਹਰਾਂ ਚੜ੍ਹਾ ਕੇ ਇਹ ਸਾਬਤ ਕਰਨਾ ਪੈਣਾ ਸੀ ਕਿ ਮੈਂ ਵੀ ਤੁਹਾਡਾ ਸਿੱਖ ਹਾਂ, ਨਹੀਂ ਤਾਂ ਕਿਹਨੇ ਉਹਨੂੰ ਆਪਣੇ ਨੇੜੇ ਢੁੱਕਣ ਦੇਣਾ ਸੀ। ਇਹ ਉਹਦੇ ਜਗਿਆਸੂ ਮਨ ਦੀ ਜੁਗਤ ਸੀ, ਸੱਚਾਈ ਪਰਖਣ ਦੀ।

ਦੋ ਮੋਹਰਾਂ ਚੜ੍ਹਾਉਣ ਵਾਲੀ ਗੱਲ ਇਕ-ਦੋ ਦਿਨਾਂ ਵਿਚ ਹੀ ਨਹੀਂ ਸੀ ਹੋ ਗਈ। ਜਿੰਨਾ ਕੁ ਇਤਿਹਾਸ ਜਾਂ ਸਬੰਧਤ ਲਿਖਤਾਂ ਵਿਚ ਮਿਲਦਾ ਹੈ, ਭਾਈ ਮੱਖਣ ਸਾਹ ਅਗਸਤ 1664 ਵਿਚ ਬਕਾਲੇ ਗਏ ਤੇ ਗੁਰੂ ਤੇਗ ਬਹਾਦਰ ਨੂੰ ਗੁਰਿਆਈ ਮਾਰਚ 1665 ਵਿਚ ਮਿਲੀ। ਮਤਲਬ, ਭਾਈ ਮੱਖਣ ਸ਼ਾਹ ਨੂੰ ਘੱਟੋ-ਘੱਟ ਇਕ ਜਾਂ ਦੋ ਮਹੀਨੇ ਜ਼ਰੂਰ ਲੱਗੇ ਇਨ੍ਹਾਂ 22 ਆਪੇ ਬਣੇ ਗੁਰੂਆਂ ਨਾਲ ਵਿਚਾਰ-ਵਟਾਂਦਰਾ ਕਰਨ ਨੂੰ। ਅੰਤ ਉਨ੍ਹਾਂ (ਗੁਰੂ) ਤੇਗ ਬਹਾਦਰ ਵਿਚੋਂ ਗੁਰੂ ਨਾਨਕ ਦੀ ਜੋਤ ਲੱਭ ਲਈ।

ਇਥੇ ਵੀ ਬਿਪਰ ਆਪਣੀ ਚਾਲ ਚੱਲ ਗਿਆ ਕਿ ਗੁਰੂ ਤੇਗ ਬਹਾਦਰ ਨੇ ਮੱਖਣ ਸ਼ਾਹ ਨੂੰ ਆਪਣਾ ਮੋਢਾ ਨੰਗਾ ਕਰ ਕੇ ਦਿਖਾਇਆ ਕਿ ਇਹ ਜ਼ਖਮ ਉਦੋਂ ਦਾ ਹੈ ਜਦੋਂ ਤੇਰੇ ਡੁੱਬਦੇ ਜਹਾਜ਼ ਨੂੰ ਇਸੇ ਮੋਢੇ ਨਾਲ ਧੱਕ ਕੇ ਬੰਨੇ ਲਾਇਆ। ਭਲਾ ਜਿਸ ਗੁਰੂ ਨੇ ਆਪਣਾ ਸੀਸ ਚਾਂਦਨੀ ਚੌਕ ਵਿਚ ਕਟਵਾ ਲਿਆ ਸੀ, ਜਿਸ ਗੁਰੂ ਨੇ ਕਰਾਮਾਤ ਨੂੰ ਕਹਿਰ ਕਿਹਾ ਸੀ, ਉਹ ਕਿਉਂ ਆਪਣਾ ਆਪ ਪ੍ਰਗਟ ਕਰਨ ਲਈ ਭਾਈ ਮੱਖਣ ਸ਼ਾਹ ਨੂੰ ਕਰਾਮਾਤੀ ਬਣ ਕੇ ਦੱਸਦਾ? ਜਿਉਂ ਹੀ ਭਾਈ ਮੱਖਣ ਸ਼ਾਹ ਨੂੰ ਗੁਰੂ ਤੇਗ ਬਹਾਦਰ ਵਿਚ ਇਲਾਹੀ ਜੋਤ ਦੇ ਦਰਸ਼ਨ ਹੋਏ, ਤਾਂ ਜਿਥੇ ਉਹਦਾ ਤਨ ਮਨ ਖੇੜੇ ਵਿਚ ਆ ਗਿਆ ਹੋਣੈ, ਉਥੇ ਵੱਡਾ ਮਸਲਾ ਵੀ ਖੜ੍ਹਾ ਹੋ ਗਿਆ ਹੋਣੈ ਕਿ ਕਿਵੇਂ ਸਿੱਖ ਜਗਤ ਨੂੰ ਦੱਸਿਆ ਜਾਵੇ ਕਿ ਗੁਰੂ ਲਾਧੋ ਰੇ! ਇਸ ਲਈ ਭਾਈ ਮੱਖਣ ਸ਼ਾਹ ਨੂੰ ਅਗਲੇ ਕੁਝ ਮਹੀਨੇ ਇਸ ਸਬੰਧੀ ਪ੍ਰਚਾਰ ਕਰ ਕੇ ਸਿੱਖਾਂ ਨੂੰ ਅਸਲੀਅਤ ਤੋਂ ਜਾਣੂ ਕਰਵਾਉਣਾ ਪਿਆ।

ਇਸ ਪਿਛੋਂ ਮੰਜੀਧਾਰੀਆਂ ਦਾ ਭਾਈ ਮੱਖਣ ਸ਼ਾਹ ਦਾ ਜਾਨੀ ਦੁਸ਼ਮਣ ਬਣਨਾ ਤੈਅ ਸੀ ਕਿਉਂਕਿ ਝੂਠ ਦੀਆਂ ਦੁਕਾਨਾਂ ਉਸੇ ਵਕਤ ਬੰਦ ਹੋ ਜਾਣੀਆਂ ਸਨ। ਧੀਰਮੱਲ ਵਰਗਿਆਂ ਕੋਲ ਜਿਥੇ ਗੁੰਡਾ ਅਨਸਰ ਸਨ, ਪੱਕੀਆਂ ਰਫ਼ਲਾਂ ਵੀ ਸਨ। ਇਸੇ ਧੀਰਮੱਲ ਨੇ ਗੁਰੂ ਤੇਗ ਬਹਾਦਰ ਉਤੇ ਗੋਲੀ ਚਲਾ ਕੇ ਕਤਲ ਕਰਨ ਦੀ ਕੋਸ਼ਿਸ਼ ਕੀਤੀ ਸੀ ਤੇ ਭਾਈ ਮੱਖਣ ਸ਼ਾਹ ਵੱਲੋਂ ਭੇਟ ਕੀਤੇ ਦਸਵੰਧ ਦੀਆਂ 500 ਮੋਹਰਾਂ ਵੀ ਲੁੱਟ ਲੈ ਗਿਆ ਸੀ।

ਬੜਾ ਸੋਚ ਸਮਝ ਕੇ ਮੱਖਣ ਸ਼ਾਹ ਕਦਮ ਪੁੱਟ ਰਿਹਾ ਸੀ। 'ਗੁਰੂ ਲਾਧੋ ਰੇ' ਕਹਿਣਾ ਇੰਨਾ ਸੌਖਾ ਨਹੀਂ ਸੀ, ਜਾਨ ਤਲੀ 'ਤੇ ਰੱਖਣੀ ਪੈਣੀ ਸੀ। ਬਿਪਰ ਨਾਲ ਆਢਾ ਲਾਉਣਾ ਪੈਣਾ ਸੀ। ਬੜੀ ਸੂਰਮਗਤੀ ਦਾ ਕੰਮ ਸੀ ਨਿਡਰ ਹੋ ਕੇ ਹੋਕਾ ਦੇਣਾ- 'ਗੁਰੂ ਲਾਧੋ ਰੇ'। ਇਹ ਹਿੰਮਤ ਕੀਤੀ ਭਾਈ ਮੱਖਣ ਸ਼ਾਹ ਨੇ ਅਤੇ ਸਦਾ ਲਈ ਵਸ ਗਏ ਸਿੱਖ ਮਨਾਂ ਵਿਚ।

ਅੱਜ ਬਿਪਰ ਨੇ ਬੜੀ ਵੱਡੀ ਤੇ ਖਤਰਨਾਕ ਮੁਹਿੰਮ ਵਿੱਢੀ ਹੋਈ ਹੈ ਗੁਰਮਤਿ ਨੂੰ ਆਪਣੀ ਜਕੜ ਵਿਚ ਲਿਆਉਣ ਦੀ। ਹਰ ਸਿੱਖ ਨੂੰ ਭਾਈ ਮੱਖਣ ਸ਼ਾਹ ਵਰਗਾ ਜਗਿਆਸੂ ਬਣਨਾ ਪੈਣਾ। ਸਾਲ ਵਿਚ ਇਕ ਦਿਨ 'ਗੁਰੂ ਲਾਧੋ ਰੇ' ਮਨਾ ਲੈਣਾ ਤਾਂ ਰਸਮ ਜਿਹੀ ਬਣੀ ਹੋਈ ਹੈ। ਖੈਰ! ਨਾ ਹੋਣ ਨਾਲੋਂ ਤਾਂ ਚੰਗਾ ਹੀ ਹੈ। ਹਰ ਰੋਜ਼ ਸਵੇਰੇ ਜਦੋਂ ਸਿੱਖ ਉਠੇ, ਤਾਂ ਹਿਰਦੇ ਵਿਚ 'ਗੁਰੂ ਲਾਧੋ ਰੇ' ਗੂੰਜਣਾ ਚਾਹੀਦਾ ਹੈ ਕਿ ਕਿਤੇ ਉਹਦੇ ਪੈਰ, ਹੱਥ ਵਿਚ ਦੁੱਧ ਦਾ ਡੋਲੂ ਭਰ ਕੇ ਕਿਸੇ ਡੇਰੇ ਵੱਲ ਤਾਂ ਨਹੀਂ ਚੱਲੇ? ਸਾਰੇ ਟੱਬਰ ਨੂੰ ਕਾਰ ਵਿਚ ਬਿਠਾ ਕੇ ਕਿਤੇ ਜੇਠੇ ਐਤਵਾਰ, ਪੁੰਨਿਆ, ਮੱਸਿਆ, ਸੰਗਰਾਂਦ ਦੀ ਚੌਕੀ ਭਰਨ ਤਾਂ ਨਹੀਂ ਤੁਰਿਆ? ਭਾਈ ਮੱਖਣ ਸ਼ਾਹ ਦਾ ਹੋਕਾ ਵਰਜੇਗਾ ਇਹ ਚੌਕੀਆਂ ਭਰਨ ਤੋਂ। ਸੁਆਲ ਪੁੱਛੇਗਾ, ਸਾਡੀ ਜ਼ਮੀਰ ਨੂੰ, ਕਿੱਧਰ ਚੱਲਿਆ? ਕੀ ਲੈਣਾ ਉਥੇ ਜਾ ਕੇ? ਸ਼ਬਦ ਗੁਰੂ ਤਾਂ ਤੇਰੇ ਹਿਰਦੇ ਵਿਚ ਬਾਬਾ ਨਾਨਕ ਖੁਦ ਵਸਾ ਗਿਆ, ਫਿਰ ਕਿਹਦੇ ਮੂਹਰੇ ਨੱਕ ਰਗੜਨ ਚੱਲਿਆਂ? ਕਿਹੜੇ ਪਖੰਡੀ ਦੀਆਂ ਲੱਤਾਂ ਘੁਟਾਉਣ ਚੱਲਿਆਂ ਸਾਰੇ ਟੱਬਰ ਤੋਂ? ਜੇ ਭਾਈ ਮੱਖਣ ਸ਼ਾਹ ਦਾ ਅਦਬ ਹੋਇਆ ਤਾਂ ਕਿਤੇ ਨਹੀਂ ਜਾਣ ਦੀ ਜ਼ਰੂਰਤ ਰਹਿਣੀ।

ਉਸ ਵਕਤ ਦੇ ਸਿੱਖਾਂ ਨੇ ਤਾਂ ਭਾਈ ਮੱਖਣ ਸ਼ਾਹ ਦੇ ਇਕੋ ਹੋਕੇ ਉਤੇ ਭਰੋਸਾ ਕਰ ਕੇ ਸੱਚੇ ਗੁਰੂ ਦਾ ਪੱਲਾ ਫੜ ਲਿਆ ਸੀ। ਬਾਅਦ ਵਿਚ ਤਾਂ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਨੇ ਸਿੱਖ ਨੂੰ ਇਕੋ ਇਕ ਸੱਚੇ ਗੁਰੂ- ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਦਿੱਤਾ ਸੀ। ਭਲਾ ਹੁਣ ਕਿਹੜੀ ਮਜਬੂਰੀ ਹੋ ਗਈ ਕਿ ਇਹਦੇ ਬਰਾਬਰ ਕਿਸੇ ਹੋਰ ਗ੍ਰੰਥ ਨੂੰ ਵੀ ਗੁਰੂ ਦਾ ਰੁਤਬਾ ਦੇਣਾ ਪੈ ਰਿਹਾ ਹੈ?

ਗੁਰਮਤਿ ਵਿਚ ਦਸਵੰਧ ਦੀ ਬੜੀ ਮਹਾਨਤਾ ਹੈ, ਕਿਉਂਕਿ ਇਸ ਨਾਲ ਲੋਕ ਭਲਾਈ ਦੇ ਬੜੇ ਕੰਮ ਹੋਣੇ ਹੁੰਦੇ ਹਨ। ਜਿਸ ਕਿਸੇ ਦੀ ਲੋੜ ਕਿਤੇ ਹੋਰ ਥਾਂ ਪੂਰੀ ਨਾ ਹੋਵੇ, ਗੁਰੂ ਦੀ ਗੋਲਕ ਪੂਰੀ ਕਰਦੀ ਹੈ ਜੋ ਦਸਵੰਧ ਨਾਲ ਚੱਲਦੀ ਹੈ। ਜਿੰਨਾ ਦਸਵੰਧ ਲਾਜ਼ਮੀ ਹੈ, ਉਨੀ ਵੱਡੀ ਜ਼ਿੰਮੇਵਾਰੀ ਹੈ ਸਿੱਖ ਦੀ, ਇਹਨੂੰ ਸਹੀ ਹੱਥਾਂ ਵਿਚ ਪੁੱਜਦਾ ਕਰਨਾ, ਕਿਉਂਕਿ ਜੇ ਇਹ ਕਿਸੇ ਵਿਹਲੜ ਭੇਖਧਾਰੀ ਕੋਲ ਚਲਾ ਗਿਆ ਤਾਂ ਇਸੇ ਦਸਵੰਧ ਨੇ ਜਿਥੇ ਸਮਾਜ ਵਿਚ ਵਿਕਾਰ ਪੈਦਾ ਕਰਨੇ ਹਨ, ਉਥੇ ਮਨਮਤਿ ਦਾ ਪ੍ਰਚਾਰ ਵੀ ਕਰਨਾ ਜੋ ਵੱਧ ਨੁਕਸਾਨਦਾਇਕ ਹੈ। ਭਾਈ ਮੱਖਣ ਸ਼ਾਹ ਵੀ ਤਾਂ 22 ਮੰਜੀਧਾਰੀਆਂ ਵਿਚੋਂ ਕਿਸੇ ਇਕ ਨੂੰ 500 ਮੋਹਰਾਂ ਦੇ ਕੇ ਸੁਰਖਰੂ ਹੋ ਈ ਸਕਦਾ ਸੀ, ਕਿਉਂਕਿ ਇਹ ਸਾਰੇ ਵੀ ਗੁਰੂਆਂ ਦੀਆਂ ਹੀ ਅਣਸਾਂ-ਬਣਸਾਂ ਵਿਚੋਂ ਸਨ, ਪਰ ਭਾਈ ਮੱਖਣ ਸ਼ਾਹ ਗੁਰਸਿੱਖ ਦੀ ਬਿਬੇਕ ਬੁੱਧ ਇਹ ਕਿਵੇਂ ਮੰਨ ਲੈਂਦੀ ਕਿ ਇਹ ਕਿਸੇ ਭੇਖਧਾਰੀ ਦੇ ਹੱਥ ਵਿਚ ਦੇ ਕੇ ਖੁਦ ਗੁਰਮਤਿ ਵਿਰੋਧੀ ਕਰਵਾਈ ਦਾ ਭਾਗੀਦਾਰ ਬਣੇ? ਇਸੇ ਲਈ ਉਹ ਜਾਨ ਹੂਲ ਕੇ ਜੁਟ ਗਿਆ ਸੱਚਾ ਗੁਰੂ ਲੱਭਣ। ਉਹਨੂੰ ਇਸ ਮਕਸਦ ਲਈ ਆਪਣਾ ਕਾਰੋਬਾਰ ਵੀ ਇਕ ਅਰਸੇ ਲਈ ਰੋਕਣਾ ਪਿਆ ਹੋਣਾ। ਉਹ ਜਾਣਦਾ ਹੋਣਾ ਹੈ ਕਿ ਕਾਰੋਬਾਰ ਨਾਲੋਂ ਇਹ ਵੱਡਾ ਨੁਕਸਾਨ ਹੋਵੇਗਾ ਜੇ ਸੱਚੇ ਗੁਰੂ ਦੀ ਥਾਂ ਇਹ ਰਕਮ ਭੇਖੀਆਂ ਹੱਥ ਆ ਗਈ। ਉਹਦੀ ਬਿਬੇਕ ਬੁੱਧੀ ਜਾਣਦੀ ਸੀ ਕਿ ਇਸ ਰਕਮ ਨੂੰ ਨਾਨਕ ਜੋਤ ਦਾ ਵਾਰਸ ਹੀ ਸਰਬੱਤ ਦੇ ਭਲੇ ਲਈ ਵਰਤ ਸਕਦਾ ਹੈ।

ਸਵਾਲ ਹੈ ਹੁਣ ਸਿੱਖ ਨੂੰ- ਕੀ ਅਸੀਂ ਭਾਈ ਮੱਖਣ ਸ਼ਾਹ ਦੇ ਪੈਗਾਮ ਨੂੰ ਸੱਚੇ ਦਿਲੋਂ ਹਿਰਦੇ ਵਿਚ ਵਸਾਇਆ ਵੀ ਹੈ ਕਿ ਨਹੀਂ? ਅਸੀਂ ਭੁੱਲ-ਭੁਲਾ ਗਏ ਹਾਂ ਇਸ ਪੈਗਾਮ ਨੂੰ। ਜੇ ਸੱਚੀਂ ਹਿਰਦੇ ਵਿਚ ਵੱਸਿਆ ਹੁੰਦਾ ਤਾਂ ਭਲਾ ਕਿੱਦਾਂ ਜਹਾਜ਼ੇ ਚੜ੍ਹ ਕੋਈ ਢਿੱਡਲ ਜਿਹਾ ਸਾਧੂ ਲਿਸ਼ਕਦਾ ਚੋਲ਼ਾ ਪਾ ਕੇ ਗੁਰਦੁਆਰਿਆਂ ਵਿਚ ਵਾਜੇ ਦੀ ਪੂੰ-ਪੂੰ ਵਜਾ ਕੇ, ਕਿਸੇ ਗੁਜ਼ਰ ਚੁੱਕੇ ਡੇਰੇਦਾਰ ਦੀਆਂ ਮਨ-ਘੜਤ ਕਹਾਣੀਆਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੁਣਾ ਕੇ, ਪੰਡ ਡਾਲਰਾਂ ਦੀ ਬੰਨ੍ਹ ਕੇ ਤੁਰਦਾ ਬਣਦਾ?

ਪਤਾ ਨਹੀਂ ਸਾਨੂੰ ਕੀ ਹੋ ਗਿਆ ਕਿ ਮਾੜਾ ਜਿਹਾ ਪਤਾ ਲੱਗੇ ਸਹੀ ਕਿ ਕਿਸੇ ਸੰਤ ਨੇ ਆਉਣਾ ਹੈ, ਡਾਰਾਂ ਬੰਨ੍ਹ ਕੇ ਆਉਂਦੇ ਆਂ ਉਸ ਦਿਨ ਗੁਰਦੁਆਰੇ। ਕਤਾਰ ਟੁੱਟਣ ਨਹੀਂ ਦਿੰਦੇ ਬਾਬੇ ਮੂਹਰੇ ਡਾਲਰ ਰੱਖਣ ਦੀ। ਕਿਉਂ ਕਰਦੇ ਹਾਂ ਭਲਾ ਆਪਾਂ ਭਾਈ ਮੱਖਣ ਸ਼ਾਹ ਦੀ ਆਤਮਾ ਨੂੰ ਦੁਖੀ? ਪਿਛਲੇ ਇਕ ਸਾਲ ਦੌਰਾਨ ਅਮਰੀਕਾ-ਕੈਨੇਡਾ ਵਿਚੋਂ ਇਕ ਸੰਤ ਕਰੋੜਾਂ ਡਾਲਰ ਇਕੱਠੇ ਕਰਕੇ ਲੈ ਗਿਆ, ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਵਾਸਤਾ ਪਾ ਕੇ ਕਿ ਨਿਵੇਕਲੀ ਖਾਲਸਾ ਯੂਨੀਵਰਸਿਟੀ ਬਣਾਉਣੀ ਹੈ।

ਭਾਈ ਮੱਖਣ ਸ਼ਾਹ ਦਾ 'ਗੁਰੂ ਲਾਧੋ ਰੇ' ਦਾ ਪੈਗਾਮ ਸਾਥੋਂ ਇਹ ਤਵੱਕੋ ਨਹੀਂ ਰੱਖਦਾ ਕਿ ਅੱਖਾਂ ਮੀਟ ਕੇ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਮਸੰਦਾਂ ਨੂੰ ਆਪਣੀ ਹੱਡ-ਭੰਨਵੀਂ ਕਿਰਤ ਕਮਾਈ ਵਿਚੋਂ ਡਾਲਰ ਭੇਜੀ ਜਾਈਏ, ਕਿਉਂਕਿ ਹੁਣ ਜਦੋਂ ਸਾਫ਼ ਹੀ ਦਿਸਣ ਲੱਗ ਪਿਐ ਕਿ ਕਮੇਟੀ ਦੀ ਗੁਰੂ ਦੇ ਨਾਂ ਉਤੇ ਰੱਖੀ ਗੋਲਕ ਦਾ ਮੂੰਹ ਗਰੀਬ ਵੱਲੋਂ ਘੱਟ ਕਰ ਕੇ ਇਕ ਸਰਕਾਰੀ ਘੁਸਪੈਠੀਏ ਨੂੰ ਹਾਕਮਾਂ ਦੀ ਸ਼ਹਿ ਉਤੇ ਤਿੰਨ ਲੱਖ ਰੁਪਏ ਮਹੀਨੇ ਦੀ ਤਨਖਾਹ ਦੇ ਨਾਲ ਨਾਲ ਦੋ ਲੱਖ ਰੁਪਏ ਦੀਆਂ ਹੋਰ ਵਾਧੂ ਸਹੂਲਤਾਂ ਦੇਣ ਵੱਲ ਕਰ ਦਿੱਤਾ ਗਿਆ ਹੈ। ਭਾਈ ਮੱਖਣ ਸ਼ਾਹ ਨੇ ਧੀਰਮੱਲ ਨੂੰ ਸਜ਼ਾ ਖੁਦ ਦਿੱਤੀ ਸੀ। ਇਨ੍ਹਾਂ ਧੀਰਮੱਲੀਆਂ ਦੇ ਗੱਦੀਨਸ਼ੀਨਾਂ ਦੀਆਂ ਮਨਮਤੀਆਂ, ਵਿਸ਼ਵਾਸਘਾਤੀ ਪ੍ਰਵਿਰਤੀਆਂ ਤੇ ਪੰਥ ਨੂੰ ਢਾਹ ਲਾਉਣ ਦੀਆਂ ਗੁਸਤਾਖ਼ੀਆਂ ਨੂੰ ਵੇਖਦਿਆਂ ਹੀ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਇਨ੍ਹਾਂ ਨਾਲੋਂ ਸਿੱਖ ਪੰਥ ਦਾ ਰਿਸ਼ਤਾ ਹੀ ਖਤਮ ਕਰ ਦਿੱਤਾ ਸੀ। ਅੱਜ ਕਿਹੜੀ ਖੁਸ਼ੀ ਹੋਈ ਦਿੱਲੀ ਗੁਰਦੁਆਰਾ ਕਮੇਟੀ ਦੇ ਨਾਲ ਨਾਲ ਡੇਰੇਦਾਰਾਂ ਤੇ ਜਥੇਦਾਰਾਂ ਨੂੰ ਕਿ ਧੀਰਮੱਲ ਦੇ ਗੱਦੀਨਸ਼ੀਨ ਵਡਭਾਗ ਸਿੰਘ ਦਾ 300 ਸਾਲਾ ਜਨਮ ਦਿਨ ਦਿੱਲੀ ਦੇ ਇਤਿਹਾਸਕ ਗੁਰਦੁਆਰੇ ਵਿਚ ਮਨਾਉਣ ਦੀਆਂ ਗੱਲਾਂ ਕਰਨ? ਕੀ ਇਹ ਇੱਦਾਂ ਕਰ ਕੇ ਜਾਇਜ਼ ਠਹਿਰਾਉਣਾ ਚਾਹੁੰਦੇ ਆ ਕਿ ਧੀਰਮੱਲ ਨੇ ਗੁਰੂ ਤੇਗ ਬਹਾਦਰ 'ਤੇ ਗੋਲੀ ਠੀਕ ਹੀ ਚਲਾਈ ਸੀ। ਅੱਜ ਭਾਈ ਮੱਖਣ ਸ਼ਾਹ ਦਾ ਬਿਬੇਕ ਸਾਥੋਂ ਇਹ ਪੁੱਛਦਾ ਹੈ ਕਿ ਪੰਥ ਨੂੰ ਸਮਰਪਿਤ ਕਰਾਉਣ ਵਾਲਿਓ! ਬਾਹਰਲੇ ਮੁਲਕਾਂ ਦੀਆਂ ਕਮੇਟੀਆਂ ਚਲਾਉਣ ਵਾਲਿਓ! ਅੱਜ ਖੋਲ੍ਹੋ ਮੂੰਹ ਇਸ ਅਣਹੋਣੀ ਦੇ ਖਿਲਾਫ਼, ਤੇ ਪੁੱਛੋ ਜਥੇਦਾਰ ਨੂੰ ਜਿਹਨੂੰ ਬਾਹਰ ਆਏ ਨੂੰ ਡਾਲਰਾਂ ਦੇ ਲਫ਼ਾਫ਼ੇ ਦਿੰਦੇ ਹੋ। 'ਗੁਰੂ ਲਾਧੋ ਰੇ' ਹਰ ਸਿੱਖ ਦਾ ਸੰਕਲਪ ਹੋਣਾ ਚਾਹੀਦਾ ਹੈ ਜਿਹੜਾ ਗੁਰਮਤਿ ਵਿਰੁਧ ਉੱਠਦੀ ਹਰ ਕਾਰਵਾਈ ਦੇ ਅੱਗੇ ਡਟ ਜਾਵੇ।

**ਅਸੀਂ ਕੀ ਬਣ ਗਏ-4**

# ਬੰਦਿਆਂ ਵਿਚ ਵੱਸਦਾ ਰੱਬ

*ਇਸ ਲੇਖ ਲੜੀ ਵਿਚ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਪੰਜਾਬ ਸੰਕਟ ਬਾਰੇ ਲਿਖੀ ਆਪਣੀ ਪ੍ਰਸਿੱਧ ਕਹਾਣੀ 'ਭੱਜੀਆਂ ਬਾਹੀਂ' ਦੇ ਪਿਛੋਕੜ ਵਿਚ ਪਈਆਂ ਅਤੇ ਬਾਅਦ ਵਿਚ ਹੋਈਆਂ-ਵਾਪਰੀਆਂ ਘਟਨਾਵਾਂ ਬਾਬਤ ਵਿਸਥਾਰ ਸਹਿਤ ਚਰਚਾ ਕੀਤੀ ਹੈ। ਸਾਹਿਤਕ ਅਤੇ ਸਿਆਸੀ ਹਲਕਿਆਂ ਵਿਚ ਇਸ ਕਹਾਣੀ ਬਾਰੇ ਉਦੋਂ ਬੜੀ ਚਰਚਾ ਹੋਈ ਸੀ। ਇਸ ਕਹਾਣੀ ਦੀ ਹਲਾਈਂ ਵਰਿਆਮ ਸੰਧੂ ਨੇ ਸੱਚਮੁੱਚ ਬਹੁਤ ਵੱਡੀ ਵਗਲੀ ਸੀ ਅਤੇ ਇਸ ਵਿਚ ਪੰਜਾਬ ਸੰਕਟ ਦੀਆਂ ਜੜ੍ਹਾਂ ਉਤੇ ਉਂਗਲ ਧਰੀ ਸੀ। ਕਹਾਣੀ ਵਾਂਗ ਇਸ ਲੇਖ ਲੜੀ ਵਿਚ ਵੀ ਬੇਵਸੀ ਅਤੇ ਬੇਵਸਾਹੀ ਨਾਲੋ-ਨਾਲ ਚੱਲਦੀ ਹੈ। ਲੇਖ ਦੀ ਇਸ ਆਖਰੀ ਕੜੀ ਵਿਚ ਉਸ ਨੇ ਆਪਣੀ ਗ੍ਰਿਫਤਾਰੀ ਬਾਰੇ ਵਿਸਥਾਰ ਛੋਹਿਆ ਹੈ। ਆਪਣੀਆਂ ਹੋਰ ਰਚਨਾਵਾਂ ਵਾਂਗ ਵਰਿਆਮ ਸੰਧੂ ਨੇ ਇਸ ਲਿਖਤ ਵਿਚ ਵੀ ਮਾਨਵੀ ਕਦਰਾਂ-ਕੀਮਤਾਂ ਦੀ ਗੱਲ ਬਹੁਤ ਉਚਿਆਂ ਖੜ੍ਹੋ ਕੇ ਕੀਤੀ ਹੈ। ਇਸ ਵਿਚ ਸਾਹਿਤ ਅਤੇ ਜੀਵਨ ਦੀ ਜੁਗਲਬੰਦੀ ਦਾ ਤਰਾਨਾ ਛੇੜਿਆ ਗਿਆ ਹੈ ਜੋ ਹਰ ਹਾਲ ਅਤੇ ਹਰ ਹੀਲੇ ਛਿੜਿਆ ਰਹਿੰਦਾ ਹੈ। -ਸੰਪਾਦਕ*

ਮੇਰੀ ਗ੍ਰਿਫ਼ਤਾਰੀ ਦੀ ਖ਼ਬਰ ਫੈਲ ਗਈ ਸੀ ਅਤੇ ਸਾਰੇ ਅਧਿਆਪਕ ਜਗਤ ਵਿਚ ਮੇਰੇ ਜਿਸ ਜਿਸ ਸਨੇਹੀ ਨੂੰ ਪਤਾ ਲੱਗ ਰਿਹਾ ਸੀ, ਉਹ ਭਿੱਖੀਵਿੰਡ ਥਾਣੇ ਅੱਗੇ ਆਣ ਪੁੱਜਾ ਸੀ। ਅਧਿਆਪਕਾਂ ਅਤੇ ਮੇਰੇ ਪਿੰਡ ਵਾਸੀਆਂ ਦੀ ਵੱਡੀ ਭੀੜ ਸਾਡੇ ਕੋਲ ਦੀ ਲੰਘ ਕੇ ਥਾਣੇ ਅੰਦਰ ਪਹੁੰਚੀ। ਥਾਣੇਦਾਰ ਨਾਲ ਗੱਲਬਾਤ ਕੀਤੀ। ਉਨ੍ਹਾਂ ਵਿਚੋਂ ਕਈਆਂ ਦੇ ਕਈ ਪੁਲਿਸ ਮੁਲਾਜ਼ਮਾਂ ਨਾਲ ਚੰਗੇ ਸਬੰਧ ਵੀ ਸਨ। ਸਾਰੇ ਮੰਗ ਕਰ ਰਹੇ ਸਨ ਕਿ ਅਸੀਂ ਕੋਈ ਆਦੀ ਅਤੇ ਇਖਲਾਕੀ ਮੁਜਰਮ ਨਹੀਂ ਸਾਂ; ਇਸ ਲਈ ਸਾਨੂੰ ਹਵਾਲਾਤ ਵਿਚੋਂ ਕੱਢ ਕੇ ਕੁਰਸੀਆਂ ਉਤੇ ਬਿਠਾਇਆ ਜਾਵੇ! ਸਾਰੇ ਮੇਰੇ ਕੋਲ ਆ ਕੇ ਮੈਨੂੰ ਆਪਣੇ ਹਮਦਰਦ ਬੋਲਾਂ ਨਾਲ ਬਲ ਬਖ਼ਸ਼ ਰਹੇ ਸਨ। ਪੰਜ-ਸੱਤ ਆ ਰਹੇ ਸਨ, ਪੰਜ-ਸੱਤ ਜਾ



**ਵਰਿਆਮ ਸਿੰਘ ਸੰਧੂ**
**ਫੋਨ: 416-918-5212**

ਰਹੇ ਸਨ। ਮੇਰੇ ਸਕੂਲ ਦਾ ਸਾਰਾ ਸਟਾਫ਼ ਛੁੱਟੀ ਕਰ ਕੇ ਮੈਨੂੰ ਮਿਲਣ ਆਇਆ ਤਾਂ ਮੈਂ ਕਿਹਾ ਕਿ ਮੈਨੂੰ ਬਾਹਰ ਨਿਕਲ ਕੇ ਉਨ੍ਹਾਂ ਨੂੰ ਮਿਲਣ ਦਿੱਤਾ ਜਾਵੇ। ਸਾਰੇ ਸਾਥੀ ਕਤਾਰ ਵਿਚ ਖਲੋਤੇ ਸਨ। ਮੈਂ ਇੱਕ ਇੱਕ ਜਣੇ ਨਾਲ ਹੱਥ ਮਿਲਾ ਕੇ ਧੰਨਵਾਦ ਕਰ ਰਿਹਾ ਸਾਂ। ਨਜ਼ਰਾਂ ਉਠਾ ਕੇ ਮੇਨ ਗੇਟ ਦੇ ਬਾਹਰ ਵੇਖਿਆ; ਮੇਰੇ ਵਿਦਿਆਰਥੀਆਂ ਦੀ ਭੀੜ ਬਾਹਰ ਖਲੋਤੀ ਹੋਈ ਸੀ। ਨਜ਼ਰਾਂ ਮਿਲੀਆਂ ਵੇਖ ਉਨ੍ਹਾਂ ਹੱਥ ਹਿਲਾਉਂਦਿਆਂ ਰੌਲਾ ਚੁੱਕ ਲਿਆ, "ਸਾ ਸਰੀ ਕਾਲ ਭਾ ਜੀ!"

ਮੈਂ ਮੁਸਕਰਾ ਕੇ ਉਨ੍ਹਾਂ ਵੱਲ ਹੱਥ ਹਿਲਾਇਆ। ਮੇਰੇ ਅੰਦਰ ਗੁੱਝੀ ਤਾਕਤ ਦਾ ਸੰਚਾਰ ਹੋ ਰਿਹਾ ਸੀ। ਮੇਰਾ ਡੋਲਦਾ ਮਨ ਧੀਰਜ ਧਰ ਗਿਆ। ਮੈਂ ਸੋਚਦਾ; ਆਪਣੇ ਲੋਕਾਂ ਦੀ ਇਹੋ ਮੁਹੱਬਤ ਹੀ ਬੰਦੇ ਨੂੰ ਸਵੈ ਭਰੋਸੇ ਅਤੇ 'ਫ਼ਾਂਸੀਆਂ' ਉਤੇ ਝੂਲ ਜਾਣ ਦੀ ਤਾਕਤ ਦਿੰਦੀ ਹੋਵੇਗੀ।

ਮੇਰੇ ਕਿਸੇ ਅਧਿਆਪਕ ਸਾਥੀ ਨੂੰ ਮੋਗਾ ਐਜੀਟੇਸ਼ਨ ਵੇਲੇ ਦਾ ਮੇਰਾ ਜੇਲ੍ਹ-ਸਾਥੀ ਮੇਜਰ ਸਿੰਘ ਉਬੋਕੇ (ਪਹਿਲਾਂ ਬਾਦਲ ਦਾ ਪੀ.ਏ. ਰਹਿ ਚੁੱਕਾ ਅਤੇ ਅਗਲੇ ਸਾਲ ਹੀ ਬਰਨਾਲਾ ਵਜ਼ਾਰਤ ਵਿਚ ਮਾਲ ਮੰਤਰੀ ਤੇ ਪਿਛੋਂ ਲੋਕ ਸਭਾ ਦਾ ਮੈਂਬਰ ਬਣਨ ਵਾਲਾ) ਭਿੱਖੀਵਿੰਡ ਚੌਕ ਵਿਚ ਮਿਲ ਪਿਆ। ਮੇਰੇ ਸਾਥੀ ਨੇ ਦੱਸਿਆ, "ਤੁਹਾਡੇ ਜੇਲ੍ਹ ਦੇ ਯਾਰ ਵਰਿਆਮ ਸੰਧੂ ਨੂੰ ਪੁਲਿਸ ਸੂਰ ਸਿੰਘ ਵਾਲੇ ਗੋਲੀ ਕਾਂਡ ਵਿਚ ਫੜ ਲਿਆਈ ਏ।"

ਮੇਜਰ ਸਿੰਘ ਵੀ ਥਾਣੇ ਭੱਜਾ ਆਇਆ।

ਥੋੜ੍ਹੇ ਚਿਰ ਪਿਛੋਂ ਮੇਰੇ ਸਾਲਿਆਂ ਦੇ ਲੜਕਿਆਂ ਨਾਲ ਸੀ.ਆਰ.ਪੀ.ਐਫ. ਦੇ ਇੱਕ-ਦੋ ਅਫ਼ਸਰ ਅਤੇ ਸਾਡੇ ਪਿੰਡ ਦੇ ਪ੍ਰਾਇਮਰੀ ਹੈਲਥ ਸੈਂਟਰ ਦਾ ਡਾਕਟਰ ਗੁਰਦਿਆਲ ਸਿੰਘ ਗਿੱਲ ਥਾਣੇ ਆਣ ਪੁੱਜੇ। ਪਹਿਲਾਂ ਮੈਨੂੰ ਮਿਲੇ ਅਤੇ 'ਬੇਫ਼ਿਕਰ ਰਹਿਣ' ਲਈ ਕਹਿ ਕੇ ਥਾਣੇਦਾਰ ਕੋਲ ਚਲੇ ਗਏ।

ਜਦੋਂ ਸੂਰਤਾ ਸਿੰਘ ਨੇ ਬੁਝੇ ਮਨ ਨਾਲ ਸਾਡੇ ਘਰ ਜਾ ਕੇ ਮੇਰੀ ਪਤਨੀ ਨੂੰ, ਮੇਰੇ ਉਤੇ 'ਕਤਲ ਕੇਸ ਪਾ ਦੇਣ ਦੀ ਖ਼ਬਰ' ਸੁਣਾਈ ਤਾਂ ਉਸ ਦਾ ਸਾਹ ਉਤਾਂਹ ਦਾ ਉਤਾਂਹ ਅਤੇ ਹੇਠਾਂ ਦਾ ਹੇਠਾਂ ਰਹਿ ਗਿਆ। ਉਸ ਨੇ ਉਚੀ ਚੀਕ ਮਾਰੀ ਅਤੇ ਉਲਟ ਕੇ ਮੰਜੀ ਤੋਂ ਹੇਠਾਂ ਡਿਗ ਪਈ। ਉਹ ਫੁੱਟ ਫੁੱਟ ਕੇ ਰੋਣ ਲੱਗੀ। ਹਮਦਰਦੀ ਲਈ ਆਈਆਂ ਅਤੇ ਉਸ ਦੁਆਲੇ ਬੈਠੀਆਂ ਜ਼ਨਾਨੀਆਂ ਉਹਨੂੰ ਸਾਂਭਣ ਅਤੇ ਹੌਸਲਾ ਦੇਣ ਲੱਗੀਆਂ। ਉਹ ਮੱਛੀ ਵਾਂਗ ਤੜਫ਼ ਰਹੀ ਸੀ!

ਪਰ ਰੋਂਦੇ ਰਹਿਣ ਨਾਲ ਤਾਂ ਮਸਲਾ ਹੱਲ ਨਹੀਂ ਸੀ ਹੋਣਾ!

ਉਹ ਆਪਣੇ ਪੇਕਿਆਂ ਨੂੰ ਭੱਜ ਉਠੀ। ਉਸ ਦੇ ਤਾਏ ਦਾ ਪੁੱਤ ਫ਼ੌਜ ਵਿਚੋਂ ਕੈਪਟਨ ਰਿਟਾਇਰ ਹੋ ਕੇ ਆਇਆ ਸੀ। ਉਹ ਬਾਹਰ ਬਹਿਕ ਉਤੇ ਰਹਿੰਦੇ ਸਨ। ਉਨ੍ਹਾਂ ਦੇ ਨੇੜੇ ਹੀ ਸੀ.ਆਰ.ਪੀ. ਦਾ ਕੈਂਪ ਸੀ। ਸੀ.ਆਰ.ਪੀ. ਦੇ ਡੀ.ਐਸ.ਪੀ. ਨਾਲ ਉਨ੍ਹਾਂ ਦੀ ਨੇੜੇ ਦੀ ਸਾਂਝ ਸੀ। ਉਨ੍ਹਾਂ ਨੇ ਮੇਰੇ ਰਿਸ਼ਤੇ ਬਾਰੇ ਉਹਨੂੰ ਦੱਸਿਆ ਅਤੇ ਮਦਦ ਕਰਨ ਲਈ ਕਿਹਾ। ਸਾਰੇ ਜਣੇ ਭਿੱਖੀਵਿੰਡ ਵੱਲ ਤੁਰੇ ਤਾਂ ਮੇਰੀ ਪਤਨੀ ਰਜਵੰਤ ਨੇ ਆਪਣੇ ਭਤੀਜੇ ਨੂੰ ਕਿਹਾ, "ਭਿੰਦਿਆ! ਤੁਸੀਂ ਡਾਕਟਰ ਗਿੱਲ ਨੂੰ ਵੀ ਨਾਲ ਲੈ ਕੇ ਜਾਣਾ ਏਂ। ਉਹਨੂੰ ਤਾਂ ਪਤਾ ਏ ਕਿ ਉਸ ਦਿਨ 'ਇਹ' ਆਪ ਹਸਪਤਾਲ ਵਿਚ ਜ਼ਖ਼ਮੀਆਂ ਦੀ ਮਦਦ ਕਰ ਰਹੇ ਸਨ। ਇੱਕੋ ਵੇਲੇ ਇਹ ਜਾਂ ਤਾਂ ਹਸਪਤਾਲ ਵਿਚ ਹੋ ਸਕਦੇ ਨੇ ਜਾਂ 'ਗੋਲੀਆਂ ਚਲਾਉਣ ਵਾਲਿਆਂ ਵਿਚ!' ਉਹ ਜਾ ਕੇ ਪੁਲਿਸ ਨੂੰ ਦੱਸੇ ਖਾਂ ਸਾਰੀ ਅਸਲੀਅਤ! ਉਸ ਦੇ ਆਖੇ ਦਾ ਅਕਸਰ ਕੋਈ ਮੁੱਲ ਹੋਵੇਗਾ।" ਡਾਕਟਰ ਗਿੱਲ ਦੇ ਸਾਲਿਆਂ ਦਾ ਮੇਰੇ ਸਾਲਿਆਂ ਨਾਲ ਦੋਸਤਾਨਾ ਸੀ। ਇਸ ਹਵਾਲੇ ਨਾਲ ਵੀ ਅਤੇ ਉਂਜ ਵੀ ਡਾਕਟਰ ਗਿੱਲ ਦੀ ਮੇਰੇ ਨਾਲ ਚੰਗੀ ਜਾਣ-ਪਛਾਣ ਸੀ ਹੀ।

ਸੋ, ਰਜਵੰਤ ਕੌਰ ਵੀ ਸਮਰੱਥਾ ਅਨੁਸਾਰ ਆਪਣਾ ਤਾਣ ਲਾ ਰਹੀ ਸੀ। ਜਿਸ ਜਿਸ ਦਾ ਜਿੰਨਾ ਜਿੰਨਾ ਜ਼ੋਰ ਸੀ, ਲਾ ਰਿਹਾ ਸੀ।

ਮੈਨੂੰ ਮਿਲਣ ਵਾਲਿਆਂ ਦੀ ਭੀੜ ਘਟੀ ਤਾਂ ਥਾਣੇਦਾਰ ਨੇ ਮੈਨੂੰ ਇੱਕਲੇ ਨੂੰ ਆਪਣੇ ਦਫ਼ਤਰ ਵਿਚ ਬੁਲਾਇਆ। ਆਪਣੇ ਸਾਹਮਣੇ ਕੁਰਸੀ ਉਤੇ ਬਿਠਾ ਕੇ ਉਸ ਨੇ ਹੋਰਨਾਂ ਨੂੰ 'ਨੇੜੇ ਨਾ ਆਉਣ' ਦੀ ਹਦਾਇਤ ਦਿੱਤੀ।

"ਸਰਦਾਰ ਸਾਹਬ, ਸੱਚੀ ਗੱਲ ਤਾਂ ਇਹ ਹੈ ਕਿ ਮੈਨੂੰ ਤੁਹਾਡੇ ਬਾਰੇ ਪਹਿਲਾਂ ਇੰਨਾ ਪਤਾ ਨਹੀਂ ਸੀ। ਇਹ ਤਾਂ ਮੈਨੂੰ ਤੁਹਾਡੇ ਮਗਰ ਆਉਣ ਵਾਲੇ ਲੋਕਾਂ ਤੋਂ ਪਤਾ ਲੱਗਾ ਹੈ ਕਿ ਪਿੰਡ ਅਤੇ ਇਲਾਕੇ ਵਿਚ ਤੁਹਾਡੀ ਇੰਨੀ ਇੱਜ਼ਤ ਹੈ। ਸਾਨੂੰ ਐਸ.ਐਸ.ਪੀ. ਵੱਲੋਂ ਹੀ ਤੁਹਾਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਹੋਇਆ ਹੈ। ਤੁਸੀਂ ਕੀ ਸਮਝਦੇ ਓ ਕਿ ਤੁਹਾਨੂੰ ਭਲਾ ਕਿਹੜੀ ਬਿਨਾ 'ਤੇ ਇਸ ਕੇਸ ਵਿਚ ਫਸਾਇਆ ਗਿਆ ਹੈ?"

ਥਾਣੇਦਾਰ ਦੇ ਬੋਲਾਂ ਵਿਚਲੀ ਨਰਮੀ, ਨਕਲੀ ਅਤੇ ਵਿਖਾਵੇ ਦੀ ਨਹੀਂ ਸੀ ਜਾਪ ਰਹੀ।

ਮੈਂ ਆਪਣੇ ਅਨੁਮਾਨ ਅਨੁਸਾਰ ਦੱਸਿਆ ਕਿ ਮੇਰਾ ਨਾਮ ਕਦੀ ਨਕਸਲੀ ਲਹਿਰ ਨਾਲ ਜੁੜਿਆ ਰਿਹਾ ਹੈ। ਐਮਰਜੈਂਸੀ ਵਿਚ ਅਤੇ ਅੱਗੋਂ-ਪਿੱਛੋਂ ਦੋ-ਤਿੰਨ ਵਾਰ, ਬਿਨਾਂ ਕਿਸੇ ਕਸੂਰ ਤੋਂ, ਇਸ ਸਿਲਸਿਲੇ ਵਿਚ ਜੇਲ੍ਹ ਵੀ ਜਾਣਾ ਪਿਆ ਹੈ। ਪਾਏ ਕੇਸ ਝੂਠੇ ਹੋਣ ਕਰ ਕੇ ਹਰ ਵਾਰ ਬਰੀ ਵੀ ਹੁੰਦਾ ਰਿਹਾਂ। ਸੀ.ਆਈ.ਡੀ. ਦੇ ਕਾਗਜ਼ਾਂ ਵਿਚ ਨਾਂ ਚੜ੍ਹਿਆ ਹੋਣ ਕਰ ਕੇ ਹੁਣ ਵੀ ਫੜ ਲਿਆ ਹੋਵੇਗਾ। ਮੈਂ ਤਾਂ ਇਸ ਦੁਖਾਂਤ ਵਿਚ ਸਭ ਦੀ ਜਿੰਨੀ ਹੋ ਸਕੀ, ਮਦਦ ਹੀ ਕੀਤੀ ਹੈ।

ਮੈਂ ਇਸ ਮਦਦ ਦਾ ਵਿਸਥਾਰ ਵੀ ਦਿੱਤਾ।

"ਉਹ ਮੈਨੂੰ ਸਾਰਾ ਪਤਾ ਲੱਗ ਚੁੱਕਾ ਏ, ਪਰ ਮੈਂ ਤੁਹਾਨੂੰ ਅੰਦਰਲੀ ਗੱਲ ਦੱਸਾਂ!" ਉਸ ਨੇ ਧੌਣ ਅੱਗੇ ਵਧਾ ਕੇ, ਮੇਜ਼ 'ਤੇ ਮੇਰੇ ਵੱਲ ਉਲਰਦਿਆਂ ਰਾਜ਼ ਸਾਂਝਾ ਕਰਨ ਵਾਂਗ ਕਿਹਾ, "ਸੀ.ਆਈ.ਡੀ. ਦੇ ਕਾਗਜ਼ਾਂ-ਕੁਗਜ਼ਾਂ ਕਰ ਕੇ ਨਹੀਂ, ਤੁਹਾਡਾ ਨਾਂ ਤੁਹਾਡੇ ਪਿੰਡ ਦੇ ਹਿੰਦੂਆਂ ਨੇ ਲਿਆ ਏ ਐਸ.ਐਸ.ਪੀ. ਕੋਲ। ਇਹ ਵਾਰ ਵਾਰ ਜਾ ਕੇ ਉਹਨੂੰ ਕਹਿੰਦੇ ਸਨ, 'ਇਸ ਵਾਰਦਾਤ ਪਿੱਛੇ ਪਿੰਡ ਦੇ ਕਿਸੇ ਬੰਦੇ ਦਾ ਹੱਥ ਏ।' ਇੱਕ ਦਿਨ ਉਸ ਨੇ ਖਿਝ ਕੇ ਕਿਹਾ, 'ਜੇ ਤੁਹਾਨੂੰ ਪਤਾ ਐ ਤਾਂ ਦੱਸੋ। ਦੱਸਦੇ ਕਿਉਂ ਨਹੀਂ। ਜੇ ਤੁਸੀਂ ਨਾ ਦੱਸਿਆ ਤਾਂ ਮੈਂ ਤੁਹਾਨੂੰ ਲੰਮੇ ਪਾ ਲੈਣਾ ਏਂ।' ਫਿਰ ਤੁਹਾਡਾ ਨਾਂ ਲਿਆ ਉਨ੍ਹਾਂ ਨੇ!"

ਹੁਣ ਮੈਨੂੰ ਆਪਣੀ ਅਤੇ ਬੂਟੇ ਦੀ ਗ੍ਰਿਫ਼ਤਾਰੀ ਦਾ ਸਾਂਝਾ ਸੂਤਰ ਨਜ਼ਰ ਆਇਆ। ਨਕਸਲੀ ਲਹਿਰ ਸਮੇਂ ਪਿੰਡ ਦੇ ਉਸ ਵੇਲੇ ਦੇ 'ਤੇਜ਼ ਤਰਾਰ' ਇੱਕ ਹਿੰਦੂ ਸੱਜਣ ਦਾ ਛੋਟਾ ਭਰਾ ਵੀ ਮੇਰੇ ਪ੍ਰਭਾਵ ਅਧੀਨ ਸਾਡੀਆਂ ਮੀਟਿੰਗਾਂ ਵਿਚ ਆਇਆ ਕਰਦਾ ਸੀ। ਮੇਰੇ ਲਹਿਰ ਤੋਂ ਪਾਸਾ ਵੱਟ ਲੈਣ ਕਰ ਕੇ ਇਹੋ ਜਿਹੇ ਸਾਰੇ ਸੰਗੀ ਸਾਥੀ ਆਪੋ ਆਪਣੇ ਕੰਮਾਂ ਕਾਰਾਂ ਵਿਚ ਰੁੱਝ ਗਏ ਸਨ। ਹੁਣ ਜਦੋਂ ਸਾਰੇ ਹਿੰਦੂ ਆਪਸ ਵਿਚ ਬੈਠ ਕੇ 'ਪਿੰਡ ਦੇ ਸ਼ੱਕੀ ਬੰਦਿਆਂ ਦੀ ਸੂਚੀ' ਬਣਾਉਂਦੇ ਹੋਣਗੇ ਤਾਂ ਹੋ ਸਕਦਾ ਹੈ ਕਿ ਉਸ 'ਤੇਜ਼ ਤਰਾਰ' ਬੰਦੇ ਜਾਂ ਉਸ ਦੇ ਭਰਾ ਜਾਂ ਕਿਸੇ ਹੋਰ ਨੇ ਸਾਡਾ ਨਾਂ ਵੀ ਲਿਆ ਹੋਵੇ! ਪੁਰਾਣੇ ਨਕਸਲੀਆਂ ਵਿਚੋਂ ਕਈ 'ਇਸ ਪਾਸੇ' ਤੁਰੇ ਵੀ ਤਾਂ ਹੋਏ ਸਨ ਅਤੇ ਖ਼ਬਰਾਂ ਰੱਖਣ ਵਾਲਿਆਂ ਨੂੰ ਇਸ ਹਕੀਕਤ ਦਾ ਪਤਾ ਵੀ ਸੀ। ਅਸੀਂ ਵੀ ਤਾਂ 'ਇੱਧਰ ਤੁਰਨ ਵਾਲਿਆਂ' ਵਿਚ ਗਿਣੇ ਜਾ ਸਕਦੇ ਸਾਂ! ਇਸ ਲਈ ਹੋ ਸਕਦਾ ਹੈ ਕਿ ਐਸ.ਐਸ.ਪੀ. ਦੇ ਜ਼ੋਰ ਦੇਣ ਉਤੇ 'ਤੇਜ਼ ਤਰਾਰ' ਆਗੂ ਨੇ ਹੀ ਆਪਣੇ ਬਚਾਓ ਲਈ ਜਾਂ 'ਸੱਚੇ ਸ਼ੱਕ' ਕਰ ਕੇ ਹੀ ਸਾਡਾ ਨਾਂ ਲੈ ਦਿੱਤਾ ਹੋਵੇ! ਬੂਟਾ ਤਾਂ ਇਹ ਗੱਲ ਵਾਰ ਵਾਰ ਆਖ ਹੀ ਰਿਹਾ ਸੀ।

ਇਸੇ ਸਮੇਂ ਥਾਣੇਦਾਰ ਦੇ ਮੇਜ਼ 'ਤੇ ਪਏ ਟੈਲੀਫ਼ੋਨ ਦੀ ਘੰਟੀ ਖੜਕੀ।

"ਜੀ ਸਰ! ਰਾਤੀਂ ਉਸੇ ਵੇਲੇ, ਤੁਹਾਡਾ ਹੁਕਮ ਮਿਲਦਿਆਂ ਹੀ ਗ੍ਰਿਫ਼ਤਾਰ ਕਰ ਲਿਆ ਸੀ। ਹਾਂ ਜੀ, ਬਹੁਤ ਸਖ਼ਤ ਇੰਟੈਰੋਗੇਸ਼ਨ ਹੋ ਰਹੀ ਏ ਜੀ। ਠੀਕ ਏ ਜੀ, ਲੈ ਜਾਂਦੇ ਆਂ ਸਰ। ਜ਼ਰੂਰ ਕੱਢਾਂਗਾ ਜੀ। ਜੀ ਸਰ! ਹਾਂ ਜੀ! ਬਿਲਕੁਲ ਜੀ। ਆਏ ਨੇ ਜੀ ਬੜੇ। ਜੀ ਸਰ। ਛੇਤੀ ਰਿਪੋਰਟ ਕਰਦਾਂ ਜੀ।"

ਟੈਲੀਫ਼ੋਨ ਦਾ ਚੋਗਾ ਰੱਖਦਿਆਂ ਹੀ ਥਾਣੇਦਾਰ ਕਹਿੰਦਾ, "ਐਸ.ਐਸ.ਪੀ. ਦਾ ਫ਼ੋਨ ਸੀ। ਕਹਿਣ ਡਿਹਾ, 'ਇਹਨੂੰ ਬਾਡਰ ਵੱਲ ਲੈ ਜਾਓ, ਪੁੱਛ-ਗਿੱਛ ਦੇ ਬਹਾਨੇ। ਇਹ ਵਾਰਦਾਤ 'ਇਹਦੇ' ਵਿਚੋਂ ਕੱਢਣੀ ਏਂ।' ਕਿੱਥੇ ਲੈ ਜਾਵਾਂ ਹੁਣ ਮੈਂ ਤੁਹਾਨੂੰ! ਭੈਣ ਦਾ ਯਾਰ ਨਾ ਹੋਵੇ ਤਾਂ!"

ਉਸ ਨੇ ਐਸ.ਐਸ.ਪੀ. ਨੂੰ ਗਾਲ੍ਹ ਕੱਢੀ। ਮੇਰੇ ਲਈ ਇਹ ਡਾਢੀ ਹੈਰਾਨੀ ਵਾਲੀ ਗੱਲ ਸੀ। ਉਹ ਐਸ.ਐਸ.ਪੀ. ਦਾ ਨੌਕਰ ਸੀ ਜਾਂ ਮੇਰਾ ਕੋਈ ਸੱਜਣ-ਸਹਿਯੋਗੀ! ਉਹ ਮੇਰਾ ਹੀ ਸੱਜਣ ਸਹਿਯੋਗੀ ਸੀ।

"ਵੇਖੋ ਜੀ, ਜੇ ਸਿਰਫ਼ 'ਸਿੱਖ' ਹੋਣ ਕਰ ਕੇ 'ਇਹ' ਸਾਡੇ ਨਾਲ ਇਸ ਤਰ੍ਹਾਂ ਬਦਸਲੂਕੀ ਕਰਦੇ ਨੇ ਤਾਂ ਸਾਡਾ ਵੀ ਫ਼ਰਜ਼ ਬਣਦਾ ਹੈ ਕਿ ਆਪਣੇ ਨਿਰਦੋਸ਼ 'ਸਿੱਖ ਭਰਾਵਾਂ' ਨੂੰ ਅਸੀਂ ਵੀ ਨਜਾਇਜ਼ ਤੰਗ ਨਾ ਕਰੀਏ। ਦਿੱਲੀ ਵਿਚ ਭੈਣ ਚੋਦਾਂ ਨੇ ਸਾਡੇ ਭਰਾਵਾਂ ਦਾ ਕਿਵੇਂ ਕਤਲੇਆਮ ਕੀਤਾ! ਹੁਣ ਇਹ ਕਹਿੰਦਾ; ਏਧਰ ਅਸੀਂ ਆਪਣੇ ਨਿਰਦੋਸ਼ ਭਰਾਵਾਂ ਨੂੰ ਮਾਰੀ ਜਾਈਏ। ਸਾਥੋਂ ਤਾਂ ਨਹੀਂ ਹੁੰਦੀ ਜੀ ਇਹ ਗਊ ਹੱਤਿਆ!" ਉਸ ਨੇ ਇੱਕ ਤਰ੍ਹਾਂ ਆਪਣਾ ਦੁਖੀ ਦਿਲ ਮੇਰੇ ਨਾਲ ਸਾਂਝਾ ਕੀਤਾ।

ਇੰਦਰਾ ਗਾਂਧੀ ਦੇ ਕਤਲ ਤੋਂ ਪਿੱਛੋਂ ਸਿੱਖਾਂ ਦੇ ਹੋਏ ਕਤਲੇਆਮ ਨੂੰ ਅਜੇ ਹਫ਼ਤਾ ਵੀ ਨਹੀਂ ਸੀ ਗੁਜ਼ਰਿਆ। ਇਸ ਦੀ ਕਸਕ ਅਜੇ ਉਸ ਦੇ ਅੰਦਰ ਰੜਕ ਰਹੀ ਸੀ। ਉਸ ਅੰਦਰਲੇ ਪੁਲਸੀਏ ਉਤੇ ਉਸ ਅੰਦਰਲਾ 'ਸਿੱਖ' ਅਤੇ 'ਮਨੁੱਖ' ਭਾਰੂ ਹੋ ਗਿਆ ਸੀ।

ਉਂਜ ਪਿੱਛੋਂ 'ਇਹੋ ਜਿਹੇ' ਕੇਸਾਂ ਵਿਚ ਪੁਲਸੀਆਂ ਨੇ ਜਾਂ ਤਾਂ ਬੰਦਾ ਛੱਡਣ ਲਈ ਲੱਖਾਂ ਰੁਪਏ 'ਵੱਟੇ' ਸਨ ਜਾਂ ਉਨ੍ਹਾਂ ਨੂੰ ਬੇਨਾਮ ਅਤੇ ਲਾਵਾਰਿਸ ਲਾਸ਼ਾਂ ਬਣਾ ਦਿੱਤਾ ਸੀ।

"ਵੇਖੋ ਸੰਧੂ ਸਾਹਬ! ਮੈਨੂੰ ਤੁਹਾਡੀ ਸਾਰੀ ਹਕੀਕਤ ਮਾਲੂਮ ਐ। ਤੁਸੀਂ ਬੜੇ ਇੱਜ਼ਤਦਾਰ ਸੱਜਣ ਓ। ਮੈਂ ਤੁਹਾਨੂੰ ਫੁੱਲ ਵੀ ਨਹੀਂ ਲੱਗਣ ਦਿੰਦਾ, ਇਹ ਮੇਰਾ ਵਾਅਦਾ ਰਿਹਾ, ਪਰ ਤੁਹਾਨੂੰ ਵੀ ਮੇਰਾ ਸਾਥ ਦੇਣਾ ਪਊ। ਇੱਕ ਤਾਂ ਆਪਾਂ ਦੋਵਾਂ ਵਿਚ ਹੋਈ ਗੱਲਬਾਤ ਦਾ ਕਿਸੇ ਕੋਲ ਧੂੰ ਨਹੀਂ ਕੱਢਣਾ। ਦੂਜਾ; ਆਪਣੀ ਆਹ ਪੱਗ ਢਾਹ ਕੇ, ਵਲ੍ਹੇਟ ਮਾਰ ਕੇ ਬੰਨ੍ਹ ਲੋ। ਵੇਖਣ ਵਾਲੇ ਨੂੰ ਜਾਪੇ ਕਿ ਖ਼ੂਬ ਕੁੱਟ-ਮਾਰ ਹੋਈ ਹੈ! ਤੀਜਾ; ਰਹੋ ਹਵਾਲਾਤ ਦੇ ਅੰਦਰ ਹੀ। ਸਾਡੇ ਕਈ ਬੰਦੇ ਵੀ ਕਮਲ ਕੁਦਾਉਂਦੇ ਨੇ, ਅਖੇ: ਤੁਹਾਨੂੰ ਬਾਹਰ ਉਨ੍ਹਾਂ ਦੇ ਕਮਰਿਆਂ ਵਿਚ ਕੁਰਸੀਆਂ 'ਤੇ ਬਿਠਾਈਏ! ਇੰਜ ਕਰ ਕੇ ਇਹ ਤੁਹਾਡਾ ਭਲਾ ਨਹੀਂ ਕਰਨਗੇ। ਉਸ 'ਕੰਜਰ' ਦਾ ਕੀ ਪਤਾ ਹੁਣੇ ਆ ਜਾਵੇ, ਚੈਕ ਕਰਨ। ਤੁਸੀਂ ਹਵਾਲਾਤ ਵਿਚ ਹੋਵੋਗੇ ਤਾਂ ਤੁਹਾਡਾ ਵੀ ਤੇ ਸਾਡਾ ਵੀ ਭਲਾ! ਮੈਂ ਦੋ-ਤਿੰਨ ਦਿਨ ਦੀ ਤਫ਼ਤੀਸ਼ ਪਾਉਣ ਪਿੱਛੋਂ ਹੀ ਉਹਨੂੰ 'ਮਨਾਉਣ' ਦੀ ਕੋਸ਼ਿਸ਼ ਕਰੂੰ।"

ਉਸ ਦੀ ਗੱਲ ਸੱਚੀ ਸੀ। ਮੈਂ ਹਵਾਲਾਤ ਵਿਚ ਵੜਦਿਆਂ ਆਪਣੀ ਪੱਗ ਲਾਹ ਕੇ ਉਲਟੇ ਸਿੱਧੇ ਵਲ ਮਾਰ ਲਏ। ਕਿਰਪਾਲ ਹੁਰਾਂ ਕਾਰਨ ਪੁੱਛਿਆ ਤਾਂ ਮੈਂ ਮੁਸਕਰਾ ਕੇ ਬਹਾਨਾ ਮਾਰਿਆ, "ਰਹਿਣਾ ਹਵਾਲਾਤਾਂ ਵਿਚ ਤੇ ਪੱਗਾਂ ਪੋਚ ਕੇ ਬੰਨ੍ਹਣੀਆਂ! ਇਨ੍ਹਾਂ ਦਾ ਹੈ ਕੋਈ ਆਪਸ ਵਿਚ ਤਾਲ-ਮੇਲ!"

ਉਨ੍ਹਾਂ ਦੀ ਬਹੁਤੀ ਦਿਲਚਸਪੀ ਮੇਰੇ ਅਤੇ ਥਾਣੇਦਾਰ ਦਰਮਿਆਨ ਹੋਈ ਗੱਲਬਾਤ ਨੂੰ ਜਾਣਨ ਦੀ ਸੀ। ਮੈਂ ਦੱਸਿਆ, ਉਸ ਨੇ ਮੇਰੇ ਕੋਲੋਂ ਉਸ ਰਾਤ ਹੋਈ-ਵਾਪਰੀ ਘਟਨਾ ਬਾਰੇ ਜਾਣਕਾਰੀ ਲਈ ਹੈ ਅਤੇ ਮੈਂ ਉਹਨੂੰ ਆਪਣੇ ਨਿਰਦੋਸ਼ ਹੋਣ ਬਾਰੇ ਆਖਿਆ ਹੈ। ਗੱਲ ਉਨ੍ਹਾਂ ਦੇ ਮੰਨਣ ਵਾਲੀ ਸੀ।

ਹੌਲੀ ਹੌਲੀ ਸਾਡੇ ਪਿੰਡ ਦੇ ਹੋਰ ਬੰਦੇ ਵੀ ਪੁਲਿਸ ਨੇ ਫੜ ਲਿਆਂਦੇ। ਸ਼ਰੀਫ਼ ਅਤੇ ਗ਼ੈਰ-ਕਾਨੂੰਨੀ ਗਤੀਵਿਧੀਆਂ ਵਿਚ ਰੁੱਝੇ ਰਹਿਣ ਵਾਲੇ ਵੀ। ਪਤਾ ਲੱਗਾ, ਪਿੰਡ ਦਾ ਮੌਜੂਦਾ ਸਰਪੰਚ 'ਲੁਕ' ਗਿਆ ਸੀ, ਇੱਕ ਸਾਬਕਾ ਸਰਪੰਚ ਨੂੰ ਵੀ ਪੁਲਿਸ ਲੱਭਦੀ ਫਿਰਦੀ ਸੀ।

ਇਹ ਫੜ-ਫੜਾਈ ਚੱਲਦੀ ਰਹੀ। ਮੇਰੀ ਗ੍ਰਿਫ਼ਤਾਰੀ ਦੀ ਖ਼ਬਰ ਅਖ਼ਬਾਰਾਂ ਵਿਚ ਛਪ ਚੁੱਕੀ ਸੀ। ਹਰ ਰੋਜ਼ ਹੀ ਮੇਰੇ ਸਨੇਹੀ ਵੱਡੀ ਗਿਣਤੀ ਵਿਚ ਮੈਨੂੰ ਮਿਲਣ ਆਉਂਦੇ ਰਹੇ। ਸਭ ਦੇ ਚਿਹਰਿਆਂ ਉਤੇ ਸਹਿਮ ਦਾ ਡੂੰਘਾ ਪਰਛਾਵਾਂ ਹੁੰਦਾ। ਪਤਾ ਨਹੀਂ ਹੁਣ ਕੀ ਹੋਵੇਗਾ! ਮੈਨੂੰ ਲੋਕਾਂ ਦੀ ਆਖੀ ਇਹ ਗੱਲ ਵੀ ਭਾਵੇਂ ਵਾਰ ਵਾਰ ਯਾਦ ਆ ਰਹੀ ਸੀ ਕਿ ਪੁਲਸੀਏ ਕਿਸੇ ਦੇ ਮਿੱਤ ਨਹੀਂ ਹੁੰਦੇ ਅਤੇ ਉਨ੍ਹਾਂ ਦੀ ਕਹੀ ਗੱਲ ਉਤੇ ਤਾਂ ਉਨ੍ਹਾਂ ਦੇ ਸਕੇ ਪਿਓ ਨੂੰ ਵੀ ਯਕੀਨ ਨਹੀਂ ਕਰਨਾ ਚਾਹੀਦਾ, ਤਾਂ ਵੀ ਮੈਨੂੰ ਥਾਣੇਦਾਰ ਦੇ ਬੋਲਾਂ ਉਤੇ ਇਤਬਾਰ ਜਿਹਾ ਸੀ। ਅੰਦਰੋਂ ਕੁਝ ਹੱਦ ਤਕ ਚਿੰਤਾ ਮੁਕਤ ਵੀ ਸਾਂ, ਪਰ ਫ਼ਿਕਰਮੰਦ ਵੀ ਸਾਂ। ਥਾਣੇਦਾਰ ਨੇ ਵੀ ਤਾਂ ਐਸ.ਐਸ.ਪੀ. ਨੂੰ 'ਮਨਾਉਣ ਦੀ ਕੋਸ਼ਿਸ਼ ਕਰਨ' ਬਾਰੇ ਹੀ ਆਖਿਆ ਸੀ! ਇਸ ਗੱਲ ਦੀ ਕੀ ਗਾਰੰਟੀ ਸੀ ਕਿ ਉਸ ਦੀ 'ਕੋਸ਼ਿਸ਼' ਕਾਮਯਾਬ ਹੋ ਹੀ ਜਾਵੇਗੀ! ਮੇਰੇ ਸਾਥੀ ਹਵਾਲਾਤੀ ਬੜੇ ਘਬਰਾਏ ਹੋਏ ਸਨ। ਮੈਂ ਕਹਿੰਦਾ, "ਓਏ! ਆਪਾਂ ਇੰਨੇ ਬੰਦਿਆਂ ਨੂੰ ਇਹ ਫਾਹੇ ਨਹੀਂ ਲਾਉਣ ਲੱਗੇ! ਕੀ ਪਿੰਡ ਦੇ ਸਾਰੇ ਅਸਰ ਰਸੂਖ਼ ਵਾਲੇ ਬੰਦੇ ਹੀ ਕਾਤਲ ਨੇ! ਇਨ੍ਹਾਂ ਨੂੰ, ਆਪਾਂ ਨੂੰ ਛੱਡਣਾ ਈ ਪੈਣਾ ਏਂ। ਜੇ ਕਤਲ ਪਾਉਣਾ ਹੁੰਦਾ ਤਾਂ ਇੱਕ-ਦੋ ਬੰਦਿਆਂ 'ਤੇ ਪਾਉਂਦੇ। ਸਾਰੇ ਪਿੰਡ 'ਤੇ ਤਾਂ ਨਹੀਂ ਪਾ ਸਕਦੇ!"

ਮੇਰੀ ਗੱਲ ਉਨ੍ਹਾਂ ਨੂੰ ਠੀਕ ਵੀ ਲੱਗਦੀ ਸੀ, ਪਰ ਧਰਵਾਸ ਨਹੀਂ ਸੀ ਹੁੰਦਾ!

ਹਵਾਲਾਤ ਵਿਚ ਤੀਸਰਾ ਦਿਨ ਸੀ। ਲਗਭਗ ਅੱਧੀ ਰਾਤ ਨੂੰ ਥਾਣੇਦਾਰ ਨੇ ਸਾਡੀ ਹਵਾਲਾਤ ਕੋਲ ਆ ਕੇ ਆਵਾਜ਼ ਦਿੱਤੀ, "ਸੰਧੂ ਸਾਹਬ, ਵਧਾਈ ਹੋਵੇ। ਤੁਹਾਡੀ ਰਿਹਾਈ ਦੇ ਹੁਕਮ ਆ ਗਏ ਨੇ।"


ਉਸ ਨੇ ਸਵੇਰੇ ਹੀ 'ਬਸਤਾ ਬਣਾ ਕੇ' ਐਸ.ਐਸ.ਪੀ. ਨੂੰ ਭੇਜਿਆ ਸੀ ਜਿਸ ਵਿਚ ਦੱਸਿਆ ਸੀ ਕਿ 'ਭਾਰੀ ਪੁੱਛ-ਗਿੱਛ' ਤੋਂ ਪਿੱਛੋਂ ਮੇਰਾ ਕਿਸੇ ਪ੍ਰਕਾਰ ਦਾ ਕੋਈ ਸਬੰਧ ਇਸ ਵਾਰਦਾਤ ਨਾਲ ਨਹੀਂ ਜੁੜਦਾ। ਹੁਣੇ ਹੀ ਐਸ.ਐਸ.ਪੀ. ਦਾ ਫ਼ੋਨ ਆਇਆ ਸੀ ਅਤੇ ਉਸ ਨੇ ਮੈਨੂੰ ਛੱਡ ਦੇਣ ਅਤੇ ਦੂਜਿਆਂ ਤੋਂ ਸਖ਼ਤ ਪੁੱਛ-ਗਿੱਛ ਦੇ ਹੁਕਮ ਟੈਲੀਫ਼ੋਨ ਉਤੇ ਹੀ ਦਿੱਤੇ ਸਨ। ਕਿਰਪਾਲ ਦੀ ਰਿਹਾਈ ਵੀ ਮੇਰੇ ਨਾਲ ਹੀ ਹੋਣੀ ਸੀ।

"ਹੁਣ ਤੁਸੀਂ ਵੇਖ ਲਵੋ, ਹੁਣੇ ਈ ਘਰ ਜਾਣਾ ਚਾਹੁੰਦੇ ਜੇ ਕਿ ਸਵੇਰੇ? ਮੈਂ ਤੁਹਾਨੂੰ ਆਪਣੀ ਥਾਣੇ ਦੀ ਗੱਡੀ 'ਤੇ ਭਿਜਵਾ ਦਿੰਦਾ, ਪਰ ਐਸ ਵੇਲੇ ਸਾਡੇ ਬੰਦੇ 'ਟੁੰਨ' ਹੋ ਕੇ ਪਏ ਨੇ। ਜੇ ਤੁਸੀਂ ਆਪ ਕੋਈ ਪ੍ਰਬੰਧ ਕਰ ਸਕਦੇ ਓ ਤਾਂ ਤੁਹਾਡੀ ਮਰਜ਼ੀ! ਮੇਰੇ ਵੱਲੋਂ ਤੁਹਾਨੂੰ ਛੁੱਟੀ! ਉਂਜ ਅੱਜ ਕੱਲ੍ਹ ਰਾਤ ਨੂੰ ਬਾਹਰ ਨਿਕਲਣਾ ਠੀਕ ਵੀ ਨਹੀਂ। ਸਵੇਰੇ ਵੇਲੇ ਸਿਰ ਤੁਰ ਜਾਇਓ।" ਥਾਣੇਦਾਰ ਨੇ ਸੁਝਾਅ ਦਿੱਤਾ।

ਮੈਂ ਤਾਂ ਅਜੇ ਉਧੇੜ-ਬੁਣ ਵਿਚ ਹੀ ਸਾਂ ਕਿ

(ਬਾਕੀ ਅਗਲੇ ਸਫੇ 'ਤੇ)

*ਹੁਣ ਮੈਨੂੰ ਆਪਣੀ ਅਤੇ ਬੂਟੇ ਦੀ ਗ੍ਰਿਫ਼ਤਾਰੀ ਦਾ ਸਾਂਝਾ ਸੂਤਰ ਨਜ਼ਰ ਆਇਆ। ਨਕਸਲੀ ਲਹਿਰ ਸਮੇਂ ਪਿੰਡ ਦੇ ਇਸ ਵੇਲੇ ਦੇ 'ਤੇਜ਼ ਤਰਾਰ' ਇੱਕ ਹਿੰਦੂ ਸੱਜਣ ਦਾ ਛੋਟਾ ਭਰਾ ਵੀ ਮੇਰੇ ਪ੍ਰਭਾਵ ਅਧੀਨ ਸਾਡੀਆਂ ਮੀਟਿੰਗਾਂ ਵਿਚ ਆਇਆ ਕਰਦਾ ਸੀ। ਮੇਰੇ ਵੱਲੋਂ ਲਹਿਰ ਤੋਂ ਪਾਸਾ ਵੱਟ ਲੈਣ ਕਰ ਕੇ ਇਹੋ ਜਿਹੇ ਸਾਰੇ ਸੰਗੀ ਸਾਥੀ ਆਪੋ ਆਪਣੇ ਕੰਮਾਂ ਕਾਰਾਂ ਵਿਚ ਰੁੱਝ ਗਏ ਸਨ। ਹੁਣ ਜਦੋਂ ਸਾਰੇ ਹਿੰਦੂ ਆਪਸ ਵਿਚ ਬੈਠ ਕੇ 'ਪਿੰਡ ਦੇ ਸ਼ੱਕੀ ਬੰਦਿਆਂ ਦੀ ਸੂਚੀ' ਬਣਾਉਂਦੇ ਹੋਣਗੇ ਤਾਂ ਹੋ ਸਕਦਾ ਹੈ ਕਿ ਉਸ 'ਤੇਜ਼ ਤਰਾਰ' ਬੰਦੇ ਜਾਂ ਉਸ ਦੇ ਭਰਾ ਜਾਂ ਕਿਸੇ ਹੋਰ ਨੇ ਸਾਡਾ ਨਾਂ ਵੀ ਲਿਆ ਹੋਵੇ! ਪੁਰਾਣੇ ਨਕਸਲੀਆਂ ਵਿਚੋਂ ਕਈ 'ਇਸ ਪਾਸੇ' ਤੁਰੇ ਵੀ ਤਾਂ ਹੋਏ ਸਨ ਅਤੇ ਖ਼ਬਰਾਂ ਰੱਖਣ ਵਾਲਿਆਂ ਨੂੰ ਇਸ ਹਕੀਕਤ ਦਾ ਪਤਾ ਵੀ ਸੀ। ਅਸੀਂ ਵੀ ਤਾਂ 'ਇੱਧਰ ਤੁਰਨ ਵਾਲਿਆਂ' ਵਿਚ ਗਿਣੇ ਜਾ ਸਕਦੇ ਸਾਂ! ਇਸ ਲਈ ਹੋ ਸਕਦਾ ਹੈ ਕਿ ਐਸ.ਐਸ.ਪੀ. ਦੇ ਜ਼ੋਰ ਦੇਣ ਉਤੇ 'ਤੇਜ਼ ਤਰਾਰ' ਆਗੂ ਨੇ ਹੀ ਆਪਣੇ ਬਚਾਓ ਲਈ ਜਾਂ 'ਸੱਚੇ ਸ਼ੱਕ' ਕਰ ਕੇ ਹੀ ਸਾਡਾ ਨਾਂ ਲੈ ਦਿੱਤਾ ਹੋਵੇ! ਬੂਟਾ ਤਾਂ ਇਹ ਗੱਲ ਵਾਰ ਵਾਰ ਆਖ ਹੀ ਰਿਹਾ ਸੀ।*



# ਕਾਵਿ-ਕਿਆਰੀ

## ਅਮਰੀਕਾ

ਜਦੋਂ ਦੇ ਜਾ ਵੜੇ ਅਮਰੀਕਾ
ਬਦਲਣ ਸਕਿੰਟਾਂ ਵਿਚ ਤਰੀਕਾਂ
ਮਿੱਤਰੋ ਕੋਈ ਨਾ ਕਰੇ ਉਡੀਕਾਂ
ਜ਼ਿੰਦਗੀ ਦੌੜਾਂ ਲਾਉਂਦੀ ਏ।
ਕੰਮ ਨਹੀਂ ਮੁੱਕਦਾ ਦਿਨੇ-ਰਾਤ,
ਸ਼ਿਫਟ ਜਾਂਦੀ ਇੱਕ ਆਉਂਦੀ ਏ।

ਨਾ ਕੋਈ ਨਿੱਕਲ ਘਰਾਂ 'ਚੋ ਬਹਿੰਦਾ
ਹਰ ਕੋਈ ਦੂਰੋਂ ਹੀ 'ਹਾਏ' ਕਹਿੰਦਾ
ਬੰਦਾ ਸੁੱਤਾ ਵੀ ਜਾਗਦਾ ਰਹਿੰਦਾ
ਪੂਰੀ ਨੀਂਦ ਨਾ ਆਉਂਦੀ ਏ।
ਲੱਗੀ ਅੱਖ ਪਟੱਕ ਖੁੱਲ ਜਾਂਦੀ,
ਯਾਦ ਜਦੋਂ ਕਿਸ਼ਤਾਂ ਦੀ ਆਉਂਦੀ ਏ।

ਫਿਰਨ ਕੀੜੀਆਂ ਦੇ ਵਾਂਗ ਕਾਰਾਂ
ਲੱਗੀ ਭੀੜ ਵਿਚ ਬਜ਼ਾਰਾਂ
ਕੋਈ ਨਹੀਂ ਸੁਣਦਾ ਕਿਸੇ ਦੀ ਯਾਰਾ
ਹਰ ਕਰਦਾ ਮਨ ਆਉਂਦੀ ਏ।
ਬੁਢੇਪਾ ਬਾਹਰ ਘਰਾਂ ਤੋਂ ਰੁੱਲਦਾ,
ਜਵਾਨੀ ਰੰਗ-ਰਲੀਆਂ ਮਨਾਉਂਦੀ ਏ।

ਮੀਆਂ-ਬੀਵੀ ਸਬੱਬੀਂ ਮਿਲਦੇ
ਬੱਚੇ 'ਬੇਬੀ ਸਿਟਰਾਂ' 'ਚ ਪਲਦੇ
ਬੂਹੇ ਸੁਬ੍ਹਾ-ਸ਼ਾਮ ਹੀ ਖੁੱਲ੍ਹਦੇ,
ਨਾ ਘਰ ਵਿਚ ਰੌਣਕ ਆਉਂਦੀ ਏ।
ਮੀਆਂ ਸੋਲਾਂ ਘੰਟੇ ਲਾਉਂਦਾ,
ਬੀਵੀ ਬਾਰਾਂ ਲਾਉਂਦੀ ਏ।

ਕਈਆਂ ਨੂੰ ਪਈ ਏ ਮੁਸੀਬਤ ਭਾਰੀ
ਰੁੱਲ'ਗੀ ਡਾਲਰਾਂ ਵਿਚ ਸਰਦਾਰੀ
ਸਾਰੀ ਜ਼ਿੰਦਗੀ ਕਰੀ ਦਿਹਾੜੀ
ਹੁਣ ਔਲਾਦ ਹੱਥ ਨਾ ਆਉਂਦੀ ਏ।
'ਸ਼ਿੰਦਾ' ਲੈ ਗਿਆ ਗੋਰੀ ਭਜਾ ਕੇ,
'ਮੀਤੋ' ਕਾਲੇ ਨੂੰ ਚਾਹੁੰਦੀ ਏ।

ਕਰ ਮਿਹਨਤਾਂ ਪੰਜਾਬੀ ਛਾ ਗਏ
ਲਿਕਰ ਸਟੋਰ, ਸਬ-ਵੇ ਬਣਾ ਗਏ
ਝੰਡੇ ਟਰਾਂਸਪੋਰਟ ਦੇ ਲਾ ਗਏ
ਦੁਨੀਆਂ ਸਿਰ ਝੁਕਾਉਂਦੀ ਏ।
ਅਸ਼ਕੇ! ਹਿੰਮਤ ਪੰਜਾਬੀਆਂ ਦੀ,
ਹਰ ਥਾਂ ਰੰਗ ਵਿਖਾਉਂਦੀ ਏ।

ਸਿੱਖੀ ਸਾਂਭੀ ਬੈਠੇ ਪਰਦੇਸੀਂ ਆ ਕੇ
ਜਿੱਥੇ ਗੋਰੇ ਵੀ ਸਿੰਘ ਸਜਾ'ਤੇ
ਪੰਜਾਬ ਵਾਂਗ ਹੀ ਲੰਗਰ ਚਲਾ'ਤੇ
ਮਹਿਕ ਗੁਰਬਾਣੀ ਦੀ ਆਉਂਦੀ ਏ।
ਇਹ ਕੌਮ ਬੱਬਰ-ਸ਼ੇਰਾਂ ਦੀ,
ਵੱਖਰੀ ਹੀ ਪਹਿਚਾਣ ਬਣਾਉਂਦੀ ਏ।

ਕੁਝ ਬਾਈ ਦੋ ਨੰਬਰਾਂ ਵਿਚ ਆ ਕੇ
ਵਕੀਲਾਂ ਨੂੰ ਦੇਣ ਸਾਰੇ ਕਮਾ ਕੇ
ਬੈਠੇ ਆ ਜ਼ਿੰਦਗੀ ਦਾਅ 'ਤੇ ਲਾ ਕੇ
ਅਮਰੀਕਾ ਅਜੇ ਨਾ ਅਪਨਾਉਂਦੀ ਏ।
ਵੀਹ ਵੀਹ ਸਾਲ ਤੋਂ ਫਸੇ ਨੇ ਬੈਠੇ,
ਵਤਨਾਂ ਦੀ ਯਾਦ ਸਤਾਉਂਦੀ ਏ।

ਦਵਿੰਦਰਾ ਜਿੱਥੇ ਰੱਬ ਨੇ ਰਿਜ਼ਕ ਖਿੰਡਾਇਆ
ਹਰ ਕੋਈ ਚੁੱਗਣ ਹੈ ਉੱਥੇ ਆਇਆ
ਬੰਦਾ ਹਰ ਕੋਈ ਕਾਰੇ ਲਾਇਆ
ਮਰਜ਼ੀ ਜੋ ਰੱਬ ਨੂੰ ਭਾਉਂਦੀ ਏ।
ਓਹ ਨਹੀਂ ਭੁੱਲਦਾ ਆਪ ਬਣਾ ਕੇ,
ਦੁਨੀਆਂ ਹੀ ਭੁਲਾਉਂਦੀ ਏ।

-ਦਵਿੰਦਰ ਸਿੰਘ
ਫੀਨਿਕਸ, ਐਰੀਜ਼ੋਨਾ।
ਫੋਨ: 913-735-4661

## ਹਾਲ ਪਾਹਰਿਆ

ਹਾਲ ਪਾਹਰਿਆ ਹਾਇ ਓਇ ਹਾਲ ਪਾਹਰਿਆ।
ਬਾਦਲਾਂ ਪੰਜਾਬ ਸਾਰਾ ਹੀ ਉਜਾੜਿਆ,
ਹਾਲ ਪਾਹਰਿਆ।

ਕੁੱਲੀਆਂ ਗਰੀਬਾਂ ਦੀਆਂ ਢਾਹੀਆਂ ਬਾਦਲਾਂ,
ਹੋਟਲ ਤੇ ਕੋਠੀਆਂ ਬਣਾਈਆਂ ਬਾਦਲਾਂ,
ਪੰਨਾ ਇਨਸਾਨੀਅਤ ਵਾਲਾ ਪਾੜਿਆ,
ਹਾਲ ਪਾਹਰਿਆ...।

ਬਾਦਲਾਂ ਖਰੀਦੇ ਚੈਨਲ, ਹਵੇਲੀਆਂ,
ਕਰਦੇ ਗਰੀਬਾਂ ਨਾਲ ਅਠਖੇਲੀਆਂ,
ਰੰਗਲਾ ਪੰਜਾਬ ਪੈਰਾਂ 'ਚ ਲਤਾੜਿਆ,
ਹਾਲ ਪਾਹਰਿਆ...।

ਬਣਿਆ ਪੰਜਾਬ ਗੁੰਡਿਆਂ ਦਾ ਰਾਜ ਹੈ,
ਸੁੱਤਾ ਹੈ ਧਰਮ ਸੌਂ ਗਿਆ ਸਮਾਜ ਹੈ,
ਬਾਦਲਾਂ ਨੇ ਚਿੱਟੇ ਦਿਨ ਚੰਨ ਚਾੜ੍ਹਿਆ,
ਹਾਲ ਪਾਹਰਿਆ...।

ਲੋਕਾਂ ਦੀਆਂ ਧੀਆਂ ਦਿਨੇ ਚੁੱਕੀ ਜਾਂਦੇ ਨੇ,
ਇਜ਼ਤਾਂ ਗਰੀਬਾਂ ਦੀਆਂ ਲੁੱਟੀ ਜਾਂਦੇ ਨੇ,
ਜਿਹੜਾ ਬੋਲੇ ਉਹਨੂੰ ਜੇਲ੍ਹ ਵਿਚ ਤਾੜਿਆ,
ਹਾਲ ਪਾਹਰਿਆ...।

ਬਾਦਲਾਂ ਦੀ ਬੱਲੇ ਬੱਲੇ ਹੁੰਦੀ ਪਈ ਹੈ,
ਜਨਤਾ ਪੰਜਾਬ ਦੀ ਹਾਇ ਰੋਂਦੀ ਪਈ ਹੈ,
ਸ਼ਰਮ ਧਰਮ ਨੂੰ ਦੁਪਹਿਰੇ ਸਾੜਿਆ,
ਹਾਲ ਪਾਹਰਿਆ...।

ਬਾਦਲਾਂ ਦੇ ਬੱਦਲ ਤੇ ਵੱਸੀ ਜਾਂਦੇ ਨੇ,
ਲੋਕੀ ਰੋਂਦੇ ਬਾਦਲ ਜੀ ਹੱਸੀ ਜਾਂਦੇ ਨੇ,
ਮਰਿਐ ਕਿਸਾਨ ਕਰਜ਼ੇ ਦਾ ਮਾਰਿਆ,
ਹਾਲ ਪਾਹਰਿਆ...।

ਬਾਦਲਾਂ ਨੇ ਬੇੜਾ ਡੋਬਿਐ ਪੰਜਾਬ ਦਾ,
ਹਰ ਬੰਦਾ ਆਦੀ ਹੋ ਗਿਐ ਸ਼ਰਾਬ ਦਾ,
ਕੋਲਿਆਂ ਦੇ ਉਤੇ ਹੈ ਗਰੀਬ ਰਾੜ੍ਹਿਆ,
ਹਾਲ ਪਾਹਰਿਆ...।

ਬਾਦਲਾਂ ਤੇ ਬਾਬਿਆਂ ਤੋਂ ਰੱਬ ਡਰਦਾ,
ਹੁਣ ਨਹੀਂ ਗਰੀਬਾਂ ਦੇ ਉਹ ਕੰਮ ਕਰਦਾ,
ਕੀ ਏ 'ਸੁਰਜੀਤ' ਰੱਬ ਦਾ ਵਿਗਾੜਿਆ,
ਹਾਲ ਪਾਹਰਿਆ।
ਹਾਇ ਓਇ ਹਾਲ ਪਾਹਰਿਆ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3636

## ਗਜ਼ਲ

ਉਸਲਵੱਟੇ ਲੈਂਦਿਆਂ ਰਾਤ ਗੁਜ਼ਾਰ ਲਈ ਹੈ।
ਤੇਰੀ ਚੁੱਪ ਦੀ ਕਿੰਨੀ ਕੀਮਤ ਤਾਰ ਲਈ ਹੈ।
ਅੱਗ ਦਾ ਦਰਿਆ ਅੰਗੜ ਪਿੱਛੜ ਸੱਜੇ ਖੱਬੇ,
ਕਾਗਜ਼ ਦੀ ਬੇੜੀ ਮੈਂ ਇਸ ਵਿਚ ਤਾਰ ਲਈ ਹੈ।
ਸੇਰ ਕੁ ਆਟਾ, ਲੱਪ ਕੁ ਦਾਲਾਂ, ਬੱਸ ਏਨੇ ਵਿਚ,
ਅਣਖ ਜਿਉਂਦੇ ਜੀਅ ਕਿਉਂ ਇਦਾਂ ਮਾਰ ਲਈ ਹੈ।
ਵਡਪੁਰਖੇ ਦਾ ਪਰਚਮ ਲੈ ਕੇ ਹੁਣ ਨਹੀਂ ਬਹਿਣਾ,
ਮੈਂ ਵੀ ਅਜ ਤੋਂ ਪੱਕੀ ਮਨ ਵਿਚ ਧਾਰ ਲਈ ਹੈ।
ਇਕ ਵਾਰੀ ਟੁਣਕਾ ਕੇ ਰੂਹ ਦਾ ਸਾਜ਼ ਕੁਂਵਾਰਾ,
ਤੂੰ ਵੀ ਮੁੜ ਕੇ ਕਿੱਥੇ ਸਾਡੀ ਸਾਰ ਲਈ ਹੈ।
ਤੂੰ ਕਿਧਰੇ ਵੀ ਬਹਿ ਜਾ, ਮੇਰੇ ਮਗਰੋਂ ਲਹਿ ਜਾ,
ਰੂਹ ਦਾ ਪਲੰਘ ਨਵਾਰੀ ਮੇਰੇ ਯਾਰ ਲਈ ਹੈ।
ਦਿਲ ਦੀ ਤਾਰ ਤਣੀ ਹੈ, ਆ ਜਾ ਕੁਝ ਪਲ ਬਹਿ ਜਾ,
ਕਿੰਨੀ ਬਿਹਬਲ ਇਹ ਯਾਦਾਂ ਦੀ ਡਾਰ ਲਈ ਹੈ।

-ਗੁਰਭਜਨ ਗਿੱਲ, ਲੁਧਿਆਣਾ
ਫੋਨ: 91-98726-31199

## ਗਜ਼ਲ

ਜੇ ਨਾ ਰੁੱਖਾਂ ਕੋਲੋਂ ਮਿਲਦੀ ਹੱਲਾਸ਼ੇਰੀ।
ਫੇਰ ਹਵਾ ਨਾ ਬਣ ਸਕਦੀ ਸੀ ਪਾਗਲ ਨੇਰ੍ਹੀ।

ਜੁਗਨੂੰ ਬਣ ਕੇ ਰੁਸ਼ਨਾਵਾਂਗਾ ਤੇਰੇ ਰਸਤੇ,
ਜੇਕਰ ਰਾਹਾਂ ਦੇ ਵਿਚ ਹੋਈ ਰਾਤ ਹਨੇਰੀ।

ਛਾਂਗੇ ਰੁੱਖ ਦੁਬਾਰਾ ਹੋਣ ਹਰੇ ਲੱਗੇ ਹਨ,
ਹੁਣ ਨਾ ਧੁੱਪਾਂ ਕੋਲੋਂ ਡਰ ਕੇ ਢਾਵੀਂ ਢੇਰੀ।

ਕਾਤਿਲ ਸਹਿਮੇ ਵੇਖ ਰਹੇ ਹਨ ਸਾਡੇ ਚਿਹਰੇ,
ਮਕਤਲ ਹਨ ਸ਼ਰਮਿੰਦੇ ਸਾਡੀ ਵੇਖ ਦਲੇਰੀ।

ਐਵੇਂ ਕਿਉਂ ਤੂੰ ਪੁੱਛੀ ਜਾਵੇਂ ਮੇਰੇ ਬਾਰੇ,
ਤੇਰੇ ਕੋਲੋਂ ਸੁਣ ਨਹੀਂ ਹੋਣੀ ਗਾਥਾ ਮੇਰੀ।

ਇਕ ਬਾਗੀ ਨੂੰ ਘੇਰਨ ਫੌਜੀ ਘੱਲੇ ਸਨ ਜੋ,
ਬਾਗੀ ਹੋ ਗਏ ਫੌਜੀ ਦੇਖ ਕੇ ਬਸਤੀ ਮੇਰੀ।

ਤਨਵੀਰ ਕਦੋਂ, ਮਰ ਸਕਦੇ ਨੇ ਸੂਹੇ ਸੁਪਨੇ,
ਸੁਪਨਾ ਹਾਂ ਮੈਂ, ਮਿਟ ਨਹੀਂ ਸਕਦੀ ਹਸਤੀ ਮੇਰੀ।

-ਅਜੇ ਤਨਵੀਰ

## ਮੈਂ ਅਤੇ ਕੁਦਰਤ

ਮੈਂ ਕੁਦਰਤ ਤੋਂ ਖੁਦ ਦਾ ਅੰਦਾਜ਼ਾ ਲਾ ਲਿਆ।
ਨਾਲ ਉਸ ਦੇ ਬੈਠ ਖੁਦ ਨੂੰ ਹੈ ਪਾ ਲਿਆ।
ਘੁਲ ਗਈ ਸਾਰੀ ਹਵਾਵਾਂ 'ਚ ਮੇਰੀ ਹਸਤੀ,
ਇੱਕ ਖੁਸ਼ਬੂ ਕੋਲੋਂ ਲੰਘੀ ਖੁਦ ਨੂੰ ਗਵਾ ਲਿਆ।

ਚੰਨ ਮੇਰੇ ਕੰਨ ਵਿਚ ਕੋਈ ਗੱਲ ਕਹਿ ਗਿਆ,
ਤਾਰਿਆਂ ਮਾਰ ਸੈਨਤ ਮੈਨੂੰ ਪਿੱਛੇ ਲਾ ਲਿਆ।
ਇੱਕ ਨਦੀ ਕੋਲੋਂ ਵਹਿੰਦੀ ਨਖਰਾ ਦਿਖਾ ਗਈ,
ਵਹਿੰਦੀ ਨੂੰ ਛੂਹ ਲਵਾਂ, ਉਸ ਨੇ ਮਨਾ ਲਿਆ।
ਸ਼ਿਕਵੇ ਸ਼ਕਾਇਤਾਂ ਸਾਰੇ ਬਦਲਾਂ 'ਚ ਘੁਲ ਗਏ,
ਮਿੱਟੀ 'ਚ ਮਿਲ ਕੇ ਉਨ੍ਹਾਂ ਰੰਗ ਵਟਾ ਲਿਆ।

ਜਿਸ ਪਾਸੇ ਦੇਖਿਆ, ਤੇਰਾ ਨਜ਼ਾਰਾ ਦੇਖਿਆ,
ਧੁੱਪਾਂ-ਛਾਵਾਂ ਮਿਲ ਕੇ ਤੇਰਾ ਜਲਵਾ ਬਣਾ ਲਿਆ।
ਦੁਖ ਦਰਦ ਮੇਰੇ ਸਾਰੇ, ਕੁਦਰਤ ਨੇ ਮੰਗ ਲਏ,
ਫੜ ਕੇ ਮੇਰੀ ਉਂਗਲੀ, ਖੁਦ ਵਿਚ ਸਮਾ ਲਿਆ।

-ਦਿਲਜੋਧ ਸਿੰਘ
ਵਿਸਕਾਨਸਿਨ।

## ਗਜ਼ਲ

ਖਿੜਨ ਤੋਂ ਪਹਿਲਾਂ ਟੁੱਟ ਗਈਆਂ ਨੇ
ਦੇਖੋ ਕਿੰਨੀਆਂ ਕਲੀਆਂ।
ਚੇਤੇ ਵਿਚੋਂ ਵਿੱਸਰ ਗਈਆਂ
ਕਿਉਂ ਬਚਪਨ ਦੀਆਂ ਗਲੀਆਂ।
ਰੂਹ ਕਹਿੰਦੇ ਨੇ ਜਲ ਨਹੀਂ ਸਕਦੀ
ਤਨ ਦੀ ਚਾਹੇ ਸੁਆਹ ਬਣੇ,
ਇਸ ਬਸਤੀ ਦੀ ਅੱਗ ਹੈ ਕੈਸੀ
ਰੂਹਾਂ ਏਥੇ ਜਲੀਆਂ।
ਜਾਂ ਫਿਰ ਮੇਰੇ ਕੋਲ ਨਹੀਂ ਹੈ
ਅੱਖ ਯੁਧਿਸ਼ਟਰ ਵਰਗੀ
ਕੰਡੇ ਵੀ ਫਿਰ ਲੱਗ ਸਕਦੇ ਨੇ
ਮੈਨੂੰ ਫੁੱਲ ਤੇ ਕਲੀਆਂ।
ਆਧੁਨਿਕਤਾ ਦੀ ਮੱਛਰੀ ਕੀੜੀ
ਖੰਭ ਖਿਲਾਰੀ ਫਿਰਦੀ,
ਥੋੜ੍ਹੇ ਦਿਨ ਨੇ ਥੋੜ੍ਹੇ ਸਾਹ ਨੇ
ਉਮਰਾਂ ਜਾਪਣ ਢਲੀਆਂ।
ਚਕਲਾ ਹਾਤਾ ਮੁਜਰਾ ਸਿਨਮਾ
ਤੇ ਸੜਕਾਂ ਤੇ ਘੁੰਮਣਾ
ਧੀਆਂ ਭੈਣਾਂ ਸਮਝੀਆਂ ਜਾਵਣ
ਜਿਉਂ ਬਰਫ਼ੀ ਦੀਆਂ ਡਲੀਆਂ।
ਦੂਜੇ ਦੇ ਘਰ ਅੱਗ ਬਾਲ ਕੇ
ਕਹਿੰਦੇ ਰਹੇ ਬਸੰਤਰ
ਆਊ ਮੱਤ ਟਿਕਾਣੇ ਉਦੋਂ
ਜਦ ਘਰ 'ਚ ਅੱਗਾਂ ਬਲੀਆਂ।
ਖੋਜਾਂ ਖੋਜੋ ਜਾਂਚ ਬਿਠਾਓ
ਏਦਾਂ ਹੀ ਬੱਸ ਵਕਤ ਟਪਾਓ,
ਕੀ ਲੱਭੋਗੇ ਕੀ ਖੋਜੋਗੇ
ਚੋਰ ਤੇ ਕੁੱਤੀ ਜਦ ਨੇ ਰਲੀਆਂ।

-ਸੁਖਦੇਵ ਸਿੰਘ ਸ਼ਾਂਤ
ਫੋਨ: 317-406-0002

## ਦੋਸ਼ ਅੱਖੀਆਂ ਦਾ

ਦੋਸ਼ ਅੱਖੀਆਂ ਦਾ ਦਿਲ ਬਦਨਾਮ ਹੋ ਗਿਆ।
ਨਿੱਤ ਲੁੱਡੀਆਂ ਸੀ ਪਾਉਂਦਾ
ਢੋਲੇ, ਮਾਹੀਏ, ਟੱਪੇ ਗਾਉਂਦਾ
ਦੇਖੋ ਪਲਾਂ-ਛਿਣਾਂ ਵਿਚ ਬੇਜ਼ੁਬਾਨ ਹੋ ਗਿਆ।

ਜਿਹਨੂੰ ਉਡੀਕਦਿਆਂ, ਕੰਧਾਂ ਖਾ ਗਈਆਂ ਪਰਛਾਵੇਂ।
ਸ਼ਾਮ ਢਲ੍ਹ ਗਈ, ਰਾਤ ਆ ਕੇ ਬੈਠ ਗਈ ਸਿਰਹਾਣੇ।
ਅਸੀਂ ਹਨੇਰਿਆਂ ਦੀ ਕੁੱਖ 'ਚੋਂ ਟਟਹਿਣੇ ਲੱਭਦੇ ਰਹੇ
ਉਹ ਚੰਦ-ਤਾਰਿਆਂ ਦੇ ਵਾਂਗ ਅਸਮਾਨ ਹੋ ਗਿਆ।

ਅਸੀਂ ਬੜਾ ਸਮਝਾਇਆ, ਲੋਰੀ ਦੇ ਕੇ ਵਰਾਇਆ।
ਬੋਟੀ ਬੋਟੀ ਹੱਡੀਆਂ ਤੋਂ ਮਾਸ ਚੂੰਡ ਕੇ ਖਵਾਇਆ।
ਉਠ ਉਠ ਕੋਸਦਾ, ਕੰਧਾ ਕੋਠੇ ਟੱਪਦਾ
ਸਾਡੇ ਵੱਸ 'ਚ ਨਾ ਰਿਹਾ, ਉਹ ਜਵਾਨ ਹੋ ਗਿਆ।

ਵਾਂਗ ਸਦੀਆਂ ਦੇ ਅਸੀਂ ਛੋਟੀ ਉਮਰ ਹੰਢਾਈ।
ਸੁਖ ਚੈਨ ਲੁੱਟ ਗਿਆ ਹੋ ਗਏ ਕਰਜਾਈ।
ਅਸੀਂ ਕੰਡਿਆਂ ਨੂੰ ਚੁਗ ਚੁਗ ਪੋਟੇ ਨੇ ਵਿੰਨ ਲਏ
ਉਹ ਬਿਨਾਂ ਫੁੱਲ ਲਾਇਆਂ ਬਾਗਬਾਨ ਹੋ ਗਿਆ।

ਜਿਨ੍ਹੇ ਅੱਖੀਆਂ 'ਚੋਂ ਰਾਤਾਂ ਦੀ ਸੀ ਨੀਂਦਰ ਚੁਰਾਈ।
ਦੇ ਕੇ ਨੇੜਿਆਂ ਦੇ ਬੁੱਕ ਤੁਰ ਗਿਆ ਹਰਜਾਈ।
ਉਹਦੇ ਸੁਪਨੇ ਹੰਢਾਉਂਦਾ, ਸਾਨੂੰ ਨਿੱਤ ਤੜਪਾਉਂਦਾ
ਹੋ ਕੇ ਸਾਡਾ ਉਹਦੇ ਉਤੇ ਮਿਹਰਬਾਨ ਹੋ ਗਿਆ।
ਦੋਸ਼ ਅੱਖੀਆਂ ਦਾ, ਦਿਲ ਬਦਨਾਮ ਹੋ ਗਿਆ।

-ਦੇਵਿੰਦਰ ਕੌਰ ਗੁਰਾਇਆ
ਫੋਨ: 571-315-9543

## ਕੌਮੀ ਜੋਸ਼ ਦਾ ਜਜ਼ਬਾ

ਅਣਖ ਆਨ ਦਾ ਜਜ਼ਬਾ ਹੁੰਦਾ,
ਜਿਨ੍ਹਾਂ ਬੀਰ ਜੁਆਨਾਂ ਵਿਚ।
ਉਹ ਤਾਂ ਦੇਸ਼ ਤੋਂ ਵਾਰਨ ਜਿੰਦੜੀ,
ਕੌਮੀ ਆਨਾਂ-ਸ਼ਾਨਾਂ ਵਿਚ।
ਹੱਕ ਸੱਚ ਲਈ ਜੂਝਣ ਵਾਲੇ,
ਰਣ ਖੇਤਰ 'ਚੋਂ ਨਹੀਓਂ ਭੱਜਦੇ,
ਭਾਵੇਂ ਉਹ ਤਾਂ ਵੱਢੇ ਜਾਵਣ,
ਕਿੰਨੇ ਹੀ ਘਮਸਾਨਾਂ ਵਿਚ।
ਸੱਚ-ਸਾਦਿਕ ਨਾ ਅਰਥੀ ਭਾਲਣ,
ਨਾ ਬੰਦੇ ਚਾਰ ਕੁ ਮੋਢੇ ਲਈ,
ਸਸਕਾਰ ਹੁੰਦੇ ਨੇ ਸੂਰਮਿਆਂ ਦੇ,
ਰੱਤੜੇ ਲਹੂ ਮੈਦਾਨਾਂ ਵਿਚ।
ਦੀਨ ਧਰਮ ਈਮਾਨ ਦੇ ਸੂਰੇ,
ਕੱਟ ਮਰਦੇ ਨੇ ਪੁਰਜ਼ਾ ਪੁਰਜ਼ਾ,
ਉਹ ਤਾਂ ਕੋਈ ਤਾਕ ਨਾ ਰੱਖਦੇ,
ਸਿਵਿਆਂ ਤੇ ਸ਼ਮਸ਼ਾਨਾਂ ਵਿਚ।
ਖਲਕ ਸੇਵਾ ਦੇ ਸੱਚੇ ਆਸ਼ਿਕ,
ਕੌਮੀ ਸ਼ਮ੍ਹਾਂ ਦੇ ਜੋ ਪਰਵਾਨੇ,
ਭੱਜਭੱਜ ਲਾਉਂਦੇ ਸਿਰ-ਧੜ ਬਾਜੀ,
ਤੇ ਸੜਦੇ ਵੀ ਨੇ ਸ਼ਾਨਾਂ ਵਿਚ।
ਕਰਮ ਧਰਮ ਦੇ ਪੱਕੇ ਪਾਂਧੀ,
ਮੰਜ਼ਲ ਉਰਿਓਂ ਨਹੀਓਂ ਰੁਕਦੇ,
ਝੰਬੇ ਜਾਣ ਉਹ ਭਾਵੇਂ ਕਿੰਨੇ,
ਬਿਖੜੇ ਘੋਰ ਤੂਫਾਨਾਂ ਵਿਚ।
ਦੇਸ਼ ਕੌਮ ਲਈ ਫਾਂਸੀਆਂ ਉਤੇ,
ਗਾ ਗਏ ਜਿਹੜੇ ਅਣਖੀ ਵਾਰਾਂ,
ਯਾਦ ਉਨ੍ਹਾਂ ਦੀ ਟੁੰਬਦੀ ਸਾਨੂੰ,
ਅੱਜ ਵੀ ਮਾਰੂ ਤਾਨਾਂ ਵਿਚ।

-ਗਿਆਨ ਸਿੰਘ ਕੋਟਲੀ ਵੈਨਕੂਵਰ

## ਗਜ਼ਲ

ਇਹ ਮੇਰੀ ਤੇਰੀ ਛੱਡੋ ਹੁਣ।
ਹੋ ਗਈ ਬਥੇਰੀ ਛੱਡੋ ਹੁਣ।
ਗਲੀਆਂ ਕੂਚੇ ਸੱਥਾਂ ਮੇਲੇ,
ਸੀ ਜੋਗੀ ਫੇਰੀ ਛੱਡੋ ਹੁਣ।
'ਕੀ ਹੁੰਦੇ ਸੀ ਤੇ ਕੀ ਹੋ ਗਏ'
ਹੋ ਜਾਊ ਲੰਮੇਰੀ ਛੱਡੋ ਹੁਣ।
ਸਿਰ ਕਾਲਾ ਹੱਥਾਂ ਵਿਚ ਖੂੰਡੀ,
ਇਹ ਹੇਰਾ ਫੇਰੀ ਛੱਡੋ ਹੁਣ।
ਭਵਸਾਗਰ ਪਾਰ ਨਹੀਂ ਹੋਣਾ,
ਇਹ ਘੁੰਮਣਘੇਰੀ ਛੱਡੋ ਹੁਣ।
ਤਾ ਉਮਰ ਵੰਗਾਰੀ ਮੌਤ ਬੜੀ,
ਇਹ ਖਾਮ ਦਲੇਰੀ ਛੱਡੋ ਹੁਣ।
ਹੈ ਇੱਛਕ ਬਜਾ ਕੁਲਬੀਰ ਜੀਓ,
ਪਰ ਹੋ ਗਈ ਦੇਰੀ ਛੱਡੋ ਹੁਣ।

-ਕੁਲਬੀਰ ਪੱਡਾ

## ਪਤੇ ਦੀ ਗੱਲ

ਤੈਨੂੰ ਪਤਾ ਮੇਰਾ ਪਤਾ,
ਮੈਨੂੰ ਪਤਾ ਤੇਰਾ ਪਤਾ।
ਕੀ ਪਤਾ? ਕਿਹਨੂੰ ਕਿਹਨੂੰ ਪਤਾ?
ਤੇਰਾ ਪਤਾ, ਮੇਰਾ ਪਤਾ।
ਜੇ ਨਹੀਂ ਤਾਂ ਪਤਾ ਲੱਗ ਜੂ!
ਤੇਰਾ ਪਤਾ, ਮੇਰਾ ਪਤਾ।
ਨਹੀਂ ਤਾਂ ਪਤਾ ਲਾ ਦਿਆਂਗੇ,
ਤੇਰਾ ਪਤਾ, ਮੇਰਾ ਪਤਾ।
ਵੈਸੇ ਲਾਉਣ ਵਾਲੇ ਲੱਭ ਹੀ ਲੈਂਦੇ ਨੇ
ਤੇਰਾ ਪਤਾ, ਮੇਰਾ ਪਤਾ।

-ਠਾਕਰ ਸਿੰਘ ਬਸਾਤੀ

# ਬੰਦਿਆਂ ਵਿਚ ਵੱਸਦਾ ਰੱਬ

(ਪਿਛਲੇ ਸਫੇ ਦੀ ਬਾਕੀ)

ਕਿਰਪਾਲ ਕਹਿੰਦਾ, "ਤੁਸੀਂ ਸਾਨੂੰ ਬਾਹਰ ਕੱਢੋ ਜੀ! ਅਸੀਂ ਭਾਵੇਂ ਤੁਰ ਕੇ ਪਿੰਡ ਨਾ ਜਾਈਏ, ਜਾਣਾ ਜ਼ਰੂਰ ਹੈ।"

ਪਿੱਛੇ ਰਹਿ ਗਏ ਸਾਥੀਆਂ ਨੂੰ ਹੌਸਲਾ ਰੱਖਣ ਲਈ ਕਹਿ ਕੇ ਅਤੇ ਉਨ੍ਹਾਂ ਦੇ ਬਚਾਓ ਲਈ ਸਾਰਾ ਤਾਣ ਲਾ ਦੇਣ ਦਾ ਵਿਸ਼ਵਾਸ ਦਿਵਾ ਕੇ, ਉਨ੍ਹਾਂ ਨੂੰ ਫ਼ਤਿਹ ਬੁਲਾ ਅਸੀਂ ਹਵਾਲਾਤ ਵਿਚੋਂ ਬਾਹਰ ਆ ਗਏ। ਅਸੀਂ ਕਿਸੇ ਜਾਣਕਾਰ ਕੋਲੋਂ ਭਿੱਖੀਵਿੰਡ ਅੱਡੇ ਵਿਚੋਂ ਸਕੂਟਰ ਫੜਨ ਦੀ ਸਲਾਹ ਬਣਾਈ। ਥਾਣੇਦਾਰ ਸਾਡੇ ਨਾਲ ਬਾਹਰ ਆਇਆ ਅਤੇ ਕਹਿਣ ਲੱਗਾ, "ਮੈਂ ਇਥੇ ਬਾਹਰ ਖਲੋ ਕੇ ਤੁਹਾਨੂੰ ਉਡੀਕਦਾਂ। ਜੇ ਤੁਹਾਡਾ ਬੰਦੋਬਸਤ ਨਾ ਹੋਇਆ ਤਾਂ ਭਾਵੇਂ ਮੈਨੂੰ ਆਪ ਨਾ ਤੁਹਾਨੂੰ ਛੱਡ ਕੇ ਆਉਣਾ ਪਵੇ!"

ਅਸੀਂ ਆਪਣੇ ਜਾਣਕਾਰ ਆੜ੍ਹਤੀਏ ਦੇ ਘਰ ਗਏ। ਉਸ ਕੋਲੋਂ ਸਕੂਟਰ ਲਿਆ। ਸਾਰਾ ਹਾਲ-ਹਵਾਲ ਦੱਸਦਿਆਂ ਅਤੇ ਉਸ ਵੱਲੋਂ ਘਰਦਿਆਂ ਨੂੰ ਜਗਾ ਕੇ ਉਚੇਚ ਨਾਲ ਬਣਵਾਈ ਚਾਹ ਪੀਂਦਿਆਂ ਸਾਨੂੰ ਅੱਧੋ ਕੁ ਘੰਟੇ ਦਾ ਸਮਾਂ ਲੱਗ ਗਿਆ। ਜਦੋਂ ਅਸੀਂ ਥਾਣੇ ਕੋਲ ਪਹੁੰਚੇ ਤਾਂ ਵੇਖਿਆ; ਬਾਹਰ ਖਲੋਤਾ ਥਾਣੇਦਾਰ ਸਾਨੂੰ ਉਡੀਕ ਰਿਹਾ ਸੀ। ਅਸੀਂ ਰੁਕ ਕੇ ਇਸ ਖੇਚਲ ਲਈ, ਉਸ ਵੱਲੋਂ ਕੀਤੀ ਸਾਡੀ ਸਮੁੱਚੀ ਮਦਦ ਲਈ ਅਤੇ ਉਸ ਦੇ ਮਿਹਰਬਾਨ ਰਵੱਈਏ ਲਈ ਪ੍ਰਸ਼ੰਸਾ ਕੀਤੀ ਅਤੇ ਧੰਨਵਾਦ ਦੇ ਲਫ਼ਜ਼ ਆਖੇ।

ਹੁਣ ਤਕ ਹੋਈਆਂ ਮੇਰੀਆਂ ਗ੍ਰਿਫ਼ਤਾਰੀਆਂ ਦੇ ਸਿਲਸਿਲੇ ਵਿਚ ਮੈਨੂੰ ਮਿਲੇ ਸਾਰੇ ਪੁਲਸੀਆਂ ਵਿਚੋਂ ਉਹ ਮੈਨੂੰ ਸਭ ਤੋਂ ਨੇਕ ਅਤੇ ਖ਼ੂਬਸੂਰਤ ਇਨਸਾਨ ਲੱਗਾ। ਉਸ ਨੇ ਸਾਬਤ ਕੀਤਾ ਕਿ ਪੁਲਿਸ ਵਿਚ ਸਾਰੇ 'ਕਸਾਈ' ਹੀ ਨਹੀਂ ਹੁੰਦੇ, 'ਇਨਸਾਨ' ਵੀ ਹੁੰਦੇ ਹਨ। ਅੱਜ ਵੀ ਉਹ ਜਿੱਥੇ ਹੋਵੇ, ਮੇਰੀ ਉਹਨੂੰ ਸਲਾਮ ਹੈ!

ਤੁਰੇ ਜਾਂਦਿਆਂ ਮੇਰੇ ਮੂੰਹੋਂ ਥਾਣੇਦਾਰ ਲਈ ਆਪ-ਮੁਹਾਰੇ ਬੋਲ ਨਿਕਲੇ, "ਜਿਉਂਦਾ ਰਹੁ ਉਏ, ਗੁਰੂ ਦੇ ਸੱਚੇ ਸਿੱਖਾ!"

ਪਰ ਇਹ ਆਪਣੇ ਪਿੰਡ ਦੇ 'ਹਿੰਦੂਆਂ' ਨੇ ਕੀ ਕੀਤਾ ਸੀ! ਉਨ੍ਹਾਂ ਨੂੰ ਮੇਰੇ ਨਾਲ ਇੰਜ ਤਾਂ ਨਹੀਂ ਸੀ ਕਰਨਾ ਚਾਹੀਦਾ! ਕੀ ਲਾਲ-ਗੋਪਾਲ ਚੰਦ ਹੁਰਾਂ ਦੇ ਪਰਿਵਾਰ ਵੀ ਮੇਰੇ ਬਾਰੇ ਇਹ ਕਹਿ ਸਕਦੇ ਨੇ! ਮੈਂ ਵੱਡੇ ਬਜ਼ੁਰਗ ਹਿੰਦੂਆਂ ਦੇ ਹੱਥਾਂ ਵਿਚ ਪਲਿਆ ਸਾਂ। ਉਨ੍ਹਾਂ ਦੇ ਮੇਰੇ ਹਮ-ਉਮਰ ਬੱਚਿਆਂ ਨਾਲ ਪੜ੍ਹ-ਖੇਡ ਕੇ ਜਵਾਨ ਹੋਇਆ ਸਾਂ। ਨਿੱਕੇ ਹੁੰਦਿਆਂ ਉਨ੍ਹਾਂ ਯਾਰਾਂ ਬੇਲੀਆਂ ਨਾਲ ਅਨੇਕਾਂ ਵਾਰੀ ਉਨ੍ਹਾਂ ਦੇ ਘਰ ਗਿਆ ਸਾਂ। ਉਨ੍ਹਾਂ ਦੀਆਂ ਮਾਂਵਾਂ ਨੇ ਆਪਣੇ ਪੁੱਤਾਂ ਵਾਂਗ ਨਾਲ ਬੈਠਾ ਕੇ ਮੈਨੂੰ ਅਨੇਕਾਂ ਵਾਰ ਰੋਟੀ ਖਵਾਈ ਸੀ। ਇਨ੍ਹਾਂ ਸਭਨਾਂ ਨਾਲ ਸਾਡੀ ਪੀੜ੍ਹੀਆਂ ਦੀ ਸਾਂਝ ਸੀ। ਮਰਨੇ-ਪਰਨੇ ਦੇ ਸਾਡੇ ਦੁਖ ਸੁਖ ਸਾਂਝੇ ਸਨ! ਹੁਣ ਇਹ ਮੈਨੂੰ ਆਪਣਾ 'ਕਾਤਲ' ਸਮਝਦੇ ਸਨ!

ਮੈਨੂੰ ਇਨਸਾਨੀਅਤ ਵਿਚੋਂ ਵਿਸ਼ਵਾਸ ਉਠਦਾ ਨਜ਼ਰ ਆਇਆ।

ਰਾਤ ਨੂੰ ਘਰ ਜਾ ਕੇ ਜਦੋਂ ਮੈਂ ਆਵਾਜ਼ ਦੇ ਕੇ ਘਰ ਦਾ ਦਰਵਾਜ਼ਾ ਖੁਲ੍ਹਵਾਇਆ ਤਾਂ ਮੈਨੂੰ ਇੰਜ ਅਚਨਚੇਤ ਆਇਆ ਵੇਖ ਕੇ ਮੇਰੀ ਪਤਨੀ ਅਤੇ ਮੇਰੇ ਬੱਚੇ ਜਿਸ ਚਾਅ ਨਾਲ ਮੈਨੂੰ ਲਿਪਟੇ, ਉਸ ਦਾ ਬਿਆਨ ਕੀਤੇ ਜਾਣ ਨਾਲੋਂ ਮਹਿਸੂਸੇ ਜਾਣ ਨਾਲ ਵੱਧ ਤਾਅਲੁਕ ਰੱਖਦਾ ਹੈ।

ਦਿਨ ਚੜ੍ਹਿਆ ਤਾਂ ਮੇਰੇ ਆ ਜਾਣ ਦਾ ਸੁਣ ਕੇ ਮੇਰੇ ਆਲੇ-ਦੁਆਲੇ ਰਹਿੰਦਾ ਹਿੰਦੂ ਭਾਈਚਾਰਾ ਮੇਰੇ ਘਰ ਆਣ ਇਕੱਠਾ ਹੋਇਆ। ਲਾਲ ਵੀ ਹੌਲੀ ਹੌਲੀ ਤੁਰਦਾ ਬਾਹਰਲਾ ਦਰਵਾਜ਼ਾ ਲੰਘ ਕੇ ਮੁਸਕਰਾਉਂਦਾ ਹੋਇਆ ਮੇਰੇ ਗਲੇ ਆਣ ਲੱਗਾ। ਉਸ ਨੇ ਕਿਸੇ ਨੂੰ ਕਿਹਾ, "ਸਾਰਿਆਂ ਨੂੰ ਦੱਸ ਦਿਓ, ਤਿਆਰ ਨਾ ਹੁੰਦੇ ਫਿਰਨ ਐਵੇਂ!"

ਮੈਂ ਸਵਾਲੀਆ ਨਜ਼ਰਾਂ ਨਾਲ ਪੁੱਛਿਆ ਤਾਂ ਜਵਾਬ ਮਿਲਿਆ, "ਇੱਕ ਅੱਧਾ ਦਿਨ ਤਾਂ ਅਸੀਂ ਉਡੀਕਦੇ ਰਹੇ ਕਿ ਛੱਡ ਦੇਣਗੇ ਤੁਹਾਨੂੰ। ਤੁਹਾਡਾ ਭਲਾ ਕਸੂਰ ਕੀ ਹੈ! ਪਰ ਕੱਲ੍ਹ, ਫਿਰ, ਅਸੀਂ ਸੋਚਿਆ ਕਿ ਹੁਣ ਤਾਂ ਐਸ.ਐਸ.ਪੀ. ਨੂੰ ਮਿਲਣਾ ਹੀ ਪਊ। ਉਹਨੂੰ ਜਾ ਕੇ ਆਖਣਾ ਏ ਕਿ ਜੇ ਬਚਾਉਣ ਵਾਲਿਆਂ ਨੂੰ ਹੀ ਕਾਤਲ ਆਖੋਗੇ ਤਾਂ!... ਅਸੀਂ ਅੰਬਰਸਰ ਜਾਣ ਲਈ ਰਾਤੀਂ ਟਰੱਕ ਕਰ ਲਿਆ ਸੀ। ਹੁਣ ਸਵੇਰੇ ਅੱਠ ਵਜੇ ਸਕੂਲ ਕੋਲੋਂ ਇਕੱਠੇ ਹੋ ਕੇ ਤੁਰਨ ਦਾ ਪ੍ਰੋਗਰਾਮ ਹੈ; ਵੀਹ ਪੰਝੀ ਬੰਦਿਆਂ ਦਾ। ਪਰ ਚੰਗਾ ਹੋ ਗਿਆ ਤੁਸੀਂ ਆ ਗਏ! ਭਗਵਾਨ ਦਾ ਲੱਖ ਲੱਖ ਸ਼ੁਕਰ ਹੈ!"

ਮੇਰਾ ਮਨ ਮਾਣ ਨਾਲ ਭਰ ਗਿਆ। ਮੇਰੇ ਲਈ ਟਰੱਕ ਕਰ ਕੇ ਮੇਰੇ ਪਿੱਛੇ ਜਾਣ ਵਾਲੇ ਇਹ ਮੇਰੇ 'ਹਿੰਦੂ ਭਰਾ' ਸਨ! ਮੇਰੇ ਆਲੇ-ਦੁਆਲੇ ਮੇਰੀ ਖ਼ੈਰ-ਸੁੱਖ ਪੁੱਛਣ ਆਏ ਬੈਠੇ ਇਹ ਮੇਰੇ 'ਹਿੰਦੂ ਭਰਾ' ਸਨ!

ਨਹੀਂ; ਇਹ ਮੇਰੇ 'ਹਿੰਦੂ ਭਰਾ' ਨਹੀਂ ਇਹ ਤਾਂ ਮੇਰੇ 'ਭਰਾ' ਹੀ ਸਨ।

ਇਨਸਾਨੀਅਤ ਵਿਚ ਮੇਰਾ ਡੋਲਦਾ ਵਿਸ਼ਵਾਸ ਹੋਰ ਵੀ ਪੱਕਾ ਹੋ ਗਿਆ।

(ਸਮਾਪਤ)

**ਤੁਸੀਂ ਪੜ੍ਹ ਚੁੱਕੇ ਹੋ...**

ਅਫਗਾਨਿਸਤਾਨ ਸਦਾ ਸਿਆਸੀ ਤੂਫਾਨਾਂ ਵਿਚ ਘਿਰਿਆ ਰਿਹਾ ਹੈ। ਅਫਗਾਨ ਮਾਣ ਕਰਦੇ ਹਨ ਕਿ ਉਹ ਕਦੀ ਅੰਗਰੇਜ਼ਾਂ ਦੇ ਅਧੀਨ ਨਹੀਂ ਰਹੇ ਜਿਨ੍ਹਾਂ ਦੇ ਰਾਜ ਵਿਚ ਸੂਰਜ ਨਹੀਂ ਸੀ ਛੁਪਦਾ ਹੁੰਦਾ; ਐਪਰ, ਅੰਗਰੇਜ਼ਾਂ ਦੀ ਖਰੀਦੋ-ਫਰੋਖਤ ਵਾਲੀ ਸਿਆਸਤ ਮੁਲਕ ਦੀਆਂ ਜੜ੍ਹਾਂ ਵਿਚ ਬੈਠ ਗਈ। ਮੁਲਕ ਵਿਚ ਖਾਨਾਜੰਗੀ ਨੇ ਜੋ ਰੂਪ ਅਖਤਿਆਰ ਕੀਤਾ, ਉਸ ਦੀ ਮਿਸਾਲ ਦੁਨੀਆਂ ਭਰ ਵਿਚ ਕਿਤੇ ਨਹੀਂ ਮਿਲਦੀ। ਰੂਸ ਅਤੇ ਅਮਰੀਕਾ ਨੇ ਆਪੋ-ਆਪਣੇ ਹਿਤਾਂ ਲਈ ਮੁਲਕ ਨੂੰ ਜੰਗ ਦਾ ਮੈਦਾਨ ਬਣਾਇਆ। ਫਿਰ ਜਦੋਂ ਮੁੱਲਾ ਉਮਰ ਦੀ ਅਗਵਾਈ ਹੇਠ ਤਾਲਿਬਾਨ ਸੱਤਾ ਵਿਚ ਆਏ, ਲੋਕਾਂ ਉਤੇ ਜ਼ੁਲਮ ਦੀ ਹਨ੍ਹੇਰੀ ਫਿਰ ਝੁੱਲ ਗਈ। ਮਗਰੋਂ ਹਾਮਿਦ ਕਰਜ਼ਈ ਅਤੇ ਫਿਰ ਮੁਹੰਮਦ ਅਸ਼ਰਫ ਗਨੀ ਦੀਆਂ ਸਰਕਾਰਾਂ ਵੀ ਲੋਕਾਂ ਨੂੰ ਸਾਹ ਨਾ ਦਿਵਾ ਸਕੀਆਂ। ਹੁਣ ਪੜ੍ਹੋ ਇਸ ਤੋਂ ਅੱਗੇ...


**ਅਫ਼ਸਾਨਾ-ਏ-ਅਫ਼ਗਾਨਿਸਤਾਨ-8**

**ਆਖਰੀ ਕਿਸ਼ਤ**

# ਤਾਲਿਬਾਨ, ਪਾਕਿਸਤਾਨ ਤੇ ਦਹਿਸ਼ਤ

*ਅਫ਼ਗਾਨਿਸਤਾਨ ਚਿਰਾਂ ਤੋਂ ਅਸਥਿਰਤਾ ਦੀ ਮਾਰ ਹੇਠ ਹੈ। ਸਿਆਸੀ ਅਤੇ ਸਮਾਜਕ ਉਥਲ-ਪੁਥਲ ਨੇ ਇਸ ਮੁਲਕ ਦਾ ਬੜਾ ਕੁਝ ਲੀਹੋਂ ਲਾਹ ਦਿੱਤਾ ਹੋਇਆ ਹੈ। ਅਫ਼ਗਾਨਿਸਤਾਨ ਦੇ ਇਸ ਪਿਛੋਕੜ ਅਤੇ ਅੱਜ ਦੇ ਹਾਲਾਤ ਦਾ ਲੇਖਾ-ਜੋਖਾ ਪੰਜਾਬੀ ਦੇ ਨਿਰਾਲੇ ਬਿਰਤਾਂਤਕਾਰ ਹਰਮਹਿੰਦਰ ਚਹਿਲ ਨੇ ਆਪਣੀ ਇਸ ਲੰਬੀ ਰਚਨਾ ਵਿਚ ਕੀਤਾ ਹੈ ਜੋ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। 'ਪੰਜਾਬ ਟਾਈਮਜ਼' ਦੇ ਪਾਠਕ 2013 ਵਿਚ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਦੇ ਹਾਲਾਤ ਬਾਰੇ ਲਿਖਿਆ ਲੇਖਕ ਦਾ ਨਾਵਲ 'ਆਫੀਆ ਸਿੱਦੀਕੀ ਦਾ ਜਹਾਦ' ਪੜ੍ਹ ਚੁੱਕੇ ਹਨ, ਜੋ ਬੇਹੱਦ ਪਸੰਦ ਕੀਤਾ ਗਿਆ ਸੀ। ਉਮੀਦ ਹੈ ਪਾਠਕ ਇਹ ਲਿਖਤ ਵੀ ਪਸੰਦ ਕਰਨਗੇ। ਚਹਿਲ ਨੇ ਪੰਜ ਕਹਾਣੀ ਸੰਗ੍ਰਹਿਆਂ ਤੋਂ ਇਲਾਵਾ 'ਹੋਣੀ' ਅਤੇ 'ਬਲੀ' ਨਾਵਲ ਲਿਖ ਕੇ ਪੰਜਾਬੀ ਸਾਹਿਤ ਜਗਤ ਵਿਚ ਪੈਂਠ ਬਣਾਈ ਹੈ। 'ਬਲੀ' ਵਿਚ ਪੰਜਾਬ ਸੰਕਟ ਦੀਆਂ ਪਰਤਾਂ ਫਰੋਲੀਆਂ ਗਈਆਂ ਹਨ ਅਤੇ 'ਹੋਣੀ' ਪਰਵਾਸ ਨਾਲ ਜੁੜੇ ਮਸਲਿਆਂ ਨਾਲ ਜੁੜੀ ਤੰਦ-ਤਾਣੀ ਦਾ ਖੁਲਾਸਾ ਕਰਦਾ ਹੈ। ਮਾਨਸਾ ਜ਼ਿਲ੍ਹੇ ਦੇ ਪਿੰਡ ਆਲਮਪੁਰ ਮੰਦਰਾਂ ਤੋਂ ਅਮਰੀਕਾ ਆ ਵੱਸੇ ਹਰਮਹਿੰਦਰ ਚਹਿਲ ਦੀਆਂ ਰਚਨਾਵਾਂ ਵਿਚ ਪੇਸ਼ ਆਲੇ-ਦੁਆਲੇ ਦਾ ਬਾਰੀਕ ਬਿਰਤਾਂਤ ਉਸ ਦੀਆਂ ਰਚਨਾਵਾਂ ਦੀ ਖਾਸੀਅਤ ਬਣਦਾ ਹੈ। ਇਨ੍ਹਾਂ ਰਚਨਾਵਾਂ ਵਿਚ ਹਕੀਕਤ ਝਾਤੀਆਂ ਮਾਰਦੀ ਦਿਸਦੀ ਹੈ ਅਤੇ ਪਾਠਕਾਂ ਨੂੰ ਆਪਣੇ ਨਾਲ ਤੁਰਨ ਲਈ ਸੈਨਤਾਂ ਮਾਰਦੀ ਹੈ। -ਸੰਪਾਦਕ*

2004 ਵਿਚ ਚੋਣ ਹੋਈ ਤਾਂ ਹਾਮਿਦ ਕਰਜ਼ਈ ਫਿਰ ਰਾਸ਼ਟਰਪਤੀ ਚੁਣਿਆ ਗਿਆ। ਤਾਲਿਬਾਨ ਨੇ ਚੋਣ ਪ੍ਰਕਿਰਿਆ ਵਿਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ। ਸੈਂਕੜੇ ਲੋਕ ਮਾਰੇ ਗਏ। ਤਾਲਿਬਾਨ ਦਾ ਅੱਗੇ ਵਧਣਾ ਜਾਰੀ ਸੀ। ਇਸ ਵਿਚਕਾਰ ਨਾਟੋ ਮੁਲਕਾਂ ਦੀਆਂ ਇੰਟੈਲੀਜੈਂਸ ਏਜੰਸੀਆਂ ਨੇ ਰਿਪੋਰਟ ਦਿੱਤੀ ਕਿ ਪਾਕਿਸਤਾਨੀ ਖੁਫੀਆ ਏਜੰਸੀ ਆਈ.ਐਸ.ਆਈ. ਖੁਦ ਕੁਇਟਾ ਵਿਚ ਤਾਲਿਬਾਨ ਦੇ ਕੈਂਪ ਚਲਾ ਰਹੀ ਹੈ ਅਤੇ ਪੈਸਾ-ਟਕਾ ਤੇ ਹਥਿਆਰ ਸਭ ਕੁਝ ਮੁਹੱਈਆ ਕਰਵਾ ਰਹੀ ਹੈ। ਇਹੀ ਨਹੀਂ, ਜਦੋਂ ਉਹ ਸਰਹੱਦ ਪਾਰ ਕਰ ਕੇ, ਅਫਗਾਨਿਸਤਾਨ ਵੱਲ ਲੰਘਦੇ ਹਨ ਤਾਂ



**ਹਰਮਹਿੰਦਰ ਚਹਿਲ**
**ਫੋਨ: 703-362-3239**
chahals57@yahoo.com

ਪਾਕਿਸਤਾਨੀ ਫੌਜ ਉਨ੍ਹਾਂ ਨੂੰ ਕਵਰ-ਫਾਇਰ ਦਿੰਦੀ ਹੈ। ਅਮਰੀਕਾ ਨੇ ਵੀ ਪਾਕਿਸਤਾਨ ਉਪਰ ਬਣਦਾ ਦਬਾਅ ਨਾ ਪਾਇਆ, ਉਸ ਵੇਲੇ ਉਸ ਦੀ ਇਰਾਕ ਅੰਦਰ ਸਿਰ-ਧੜ ਦੀ ਬਾਜ਼ੀ ਲੱਗੀ ਹੋਈ ਸੀ। ਇਨ੍ਹੀਂ ਦਿਨੀਂ ਹਾਮਿਦ ਕਰਜ਼ਈ ਨੇ ਤਾਲਿਬਾਨ ਨਾਲ ਸਮਝੌਤਾ ਕਰਨਾ ਚਾਹਿਆ, ਪਰ ਪਾਕਿਸਤਾਨ ਨੇ ਸਿਰੇ ਨਾ ਚੜ੍ਹਨ ਦਿੱਤਾ। ਹੋਰ ਸਾਰੇ ਮੁਲਕ ਥੋੜ੍ਹੀ ਥੋੜ੍ਹੀ ਫੌਜ ਭੇਜ ਰਹੇ ਸਨ ਤਾਂ ਕਿ ਸ਼ਾਂਤੀ ਰੱਖੀ ਜਾ ਸਕੇ, ਪਰ ਕੋਈ ਸਾਂਝੀ ਸਕੀਮ ਨਾ ਹੋਣ ਕਰ ਕੇ ਇਹ ਜ਼ਿਆਦਾ ਅਸਰ ਨਹੀਂ ਸੀ ਦਿਖਾ ਰਹੀ। ਜਿਥੇ ਜਿਥੇ ਤਾਲਿਬਾਨ ਕਾਬਜ਼ ਹੋ ਰਹੇ ਸਨ, ਉਥੇ ਉਹ ਸਰਕਾਰ ਦੇ ਬਰਾਬਰ ਸਰਕਾਰ ਚਲਾਉਣ ਲਈ ਆਪਣੇ ਜੱਜ, ਪੁਲਿਸ ਅਫਸਰ ਅਤੇ ਹੋਰ ਅਫਸਰ ਨਿਯੁਕਤ ਕਰ ਰਹੇ ਸਨ। ਕਰਜ਼ਈ ਸਰਕਾਰ ਦੁਆਰਾ ਸ਼ੁਰੂ ਕੀਤੇ ਸਕੂਲ ਜਾਂ ਹੋਰ ਕੰਮਾਂ ਨੂੰ ਉਹ ਤਬਾਹ ਕਰ ਰਹੇ ਸਨ। ਸਰਕਾਰ ਪੱਖੀ ਅਫਸਰਾਂ ਨੂੰ ਚੁਣ ਚੁਣ ਕੇ ਮਾਰ ਰਹੇ ਸਨ। ਜਨਤਾ ਵਿਚ ਦਹਿਸ਼ਤ ਪਾਉਣ ਲਈ ਉਹ ਲੋਕਾਂ ਨੂੰ ਮਾਰ ਸੁੱਟਦੇ ਸਨ।

ਹੁਣ ਤੱਕ ਮੀਡੀਆ ਦੇ ਖਿਲਾਫ ਰਹੇ ਤਾਲਿਬਾਨ ਨੇ ਆਪਣੀ ਨੀਤੀ ਬਦਲ ਲਈ ਸੀ। ਉਹ ਆਪਣੇ ਲੀਡਰਾਂ ਦੀਆਂ ਟੇਪਾਂ ਆਦਿ ਰਿਕਾਰਡ ਕਰਵਾ ਕੇ ਲੋਕਾਂ ਵਿਚ ਵੰਡ ਰਹੇ ਸਨ। ਹੋਰ ਤਾਂ ਹੋਰ, ਉਨ੍ਹਾਂ ਆਪਣਾ ਐਫ.ਐਮ. ਰੇਡੀਓ ਵੀ ਸਥਾਪਤ ਕਰ ਲਿਆ ਸੀ ਜਿਸ ਰਾਹੀਂ ਉਹ ਸਾਰਾ ਦਿਨ ਵਿਰੋਧੀਆਂ ਖਿਲਾਫ ਧੂੰਆਂ-ਧਾਰ ਪ੍ਰਚਾਰ ਕਰਦੇ। ਇਹ ਉਨ੍ਹਾਂ ਲਈ ਸੌਖਾ ਵੀ ਸੀ। ਪਿੱਕਅੱਪ ਟਰੱਕ ਵਿਚ ਚਲਦਾ ਫਿਰਦਾ ਰੇਡੀਓ ਸਟੇਸ਼ਨ ਲੈ ਕੇ ਉਹ ਘੁੰਮਦੇ ਰਹਿੰਦੇ। ਜਿਨ੍ਹਾਂ ਪਹਾੜੀ ਖੇਤਰਾਂ 'ਚ ਪਿੱਕਅੱਪ ਟਰੱਕ ਨਹੀਂ ਸੀ ਪਹੁੰਚ ਸਕਦਾ, ਉਥੇ ਉਹ ਆਪਣਾ ਇਹ ਰੇਡੀਓ ਖੱਚਰਾਂ ਉਪਰ ਲੱਦ ਕੇ ਤੁਰੇ ਫਿਰਦੇ। ਅਮਰੀਕਾ ਅਤੇ ਮਿੱਤਰ ਮੁਲਕਾਂ ਦੁਆਰਾ ਕੋਈ ਸਾਂਝੀ ਵਜ਼ਨਦਾਰ ਸਕੀਮ ਨਾ ਬਣਾ ਸਕਣਾ, ਕਰਜ਼ਈ ਸਰਕਾਰ ਦਾ ਨਿਕੰਮਾਪਣ, ਕੁਰੱਪਸ਼ਨ ਅਤੇ ਲੋਕਾਂ ਵਿਚ ਵਿਹਲੇਪਣ ਕਰ ਕੇ ਫੈਲ ਰਹੀ ਅਰਾਜਕਤਾ; ਇਹ ਸਭ ਤਾਲਿਬਾਨ ਦੇ ਫਿੱਟ ਬੈਠ ਰਿਹਾ ਸੀ। ਉਨ੍ਹਾਂ ਦੇ ਵਿਰੋਧੀ ਜਿੰਨਾ ਖਿੰਡੇ-ਪੁੰਡੇ ਹੋਏ ਸਨ, ਉਤਨਾ ਹੀ ਤਾਲਿਬਾਨ ਅੱਗੇ ਵਧ ਰਹੇ ਸਨ। 2006 ਵਿਚ ਤਾਲਿਬਾਨ ਨੇ ਕੰਧਾਰ ਸ਼ਹਿਰ ਵਿਚੋਂ ਬਾਹਰ ਵੱਲ ਹਮਲਾ ਕੀਤਾ ਤਾਂ ਨਾਟੋ ਮੁਲਕ ਅਤੇ ਦੂਸਰੇ ਹੈਰਾਨ ਰਹਿ ਗਏ। ਉਨ੍ਹਾਂ ਨੂੰ ਪਤਾ ਹੀ ਨਾ ਲੱਗ ਸਕਿਆ ਕਿ ਕਦੋਂ ਤਾਲਿਬਾਨ ਨੇ ਕੰਧਾਰ ਸ਼ਹਿਰ ਅੰਦਰ ਫੌਜੀ ਸਾਜ਼ੋ-ਸਮਾਨ ਢੋਇਆ ਤੇ ਕਦੋਂ ਇਸ ਲੜਾਈ ਦੀ ਤਿਆਰੀ ਕੀਤੀ। ਇਸ ਹਮਲੇ ਨੇ ਸਭ ਦੀਆਂ ਅੱਖਾਂ ਖੋਲ੍ਹ ਦਿੱਤੀਆਂ। ਸਾਰੇ ਮੁਲਕਾਂ ਨੇ ਰਲ ਕੇ ਪਾਕਿਸਤਾਨ 'ਤੇ ਦੋਸ਼ ਲਾਇਆ ਕਿ ਉਹ ਤਾਲਿਬਾਨ ਦੀ ਖੁੱਲ੍ਹ ਕੇ ਮਦਦ ਕਰਦਾ ਹੋਇਆ ਦੁਨੀਆਂ ਦੇ ਖਿਲਾਫ ਭੁਗਤ ਰਿਹਾ ਹੈ, ਪਰ ਪਾਕਿਸਤਾਨ ਨੇ ਗੱਲ ਹੀ ਨਾ ਗੌਲੀ, ਕਿਉਂਕਿ ਮੁਸ਼ੱਰਫ ਨੂੰ ਬੁਸ਼ ਦਾ ਥਾਪੜਾ ਸੀ ਅਤੇ ਬੁਸ਼ ਅਜੇ ਇਰਾਕ ਵੱਲੋਂ ਵਿਹਲਾ ਨਹੀਂ ਸੀ ਹੋਇਆ।

ਉਦੋਂ ਹੀ ਤਾਲਿਬਾਨ ਨੇ ਇਕ ਦਿਨ, ਹਾਮਿਦ ਕਰਜ਼ਈ ਦੇ ਕਾਫਲੇ 'ਤੇ ਹਮਲਾ ਕਰ ਦਿੱਤਾ। ਉਹ ਤਾਂ ਭਾਵੇਂ ਬਚ ਰਿਹਾ, ਪਰ ਇਸ ਨਾਲ ਤਾਲਿਬਾਨ ਦੇ ਹੌਸਲੇ ਬਲੰਦ ਹੋ ਗਏ। ਅਗਲੇ ਮਹੀਨੇ ਉਨ੍ਹਾਂ ਕੰਧਾਰ ਦੀ ਜੇਲ੍ਹ 'ਤੇ ਹਮਲਾ ਕਰ ਕੇ ਆਪਣੇ ਹਜ਼ਾਰ ਤੋਂ ਵੀ ਉਪਰ ਕੈਦੀ ਛੁਡਵਾ ਲਏ। ਇਸ ਹਮਲੇ ਵਿਚ ਦਰਜਨਾਂ ਅਫਗਾਨ ਫੋਰਸ ਵਾਲੇ ਅਤੇ ਨੌਂ ਅਮਰੀਕੀ ਫੌਜੀ ਮਾਰੇ ਗਏ। ਅਗਲੇ ਮਹੀਨੇ ਤਾਲਿਬਾਨ ਨੇ ਬਾਹਰਲੇ ਮੁਲਕਾਂ ਦੇ, ਦੋ ਦਰਜਨ ਦੇ ਕਰੀਬ ਸਮਾਜ-ਸੇਵੀ ਕਾਮੇ ਮਾਰ ਮੁਕਾਏ। ਫਿਰ ਤਾਂ ਇਹ ਕੰਮ ਰੋਜ਼ ਹੀ ਹੋਣ ਲੱਗ ਪਿਆ। ਇੰਨੇ ਨੂੰ ਅਮਰੀਕੀ ਰਾਸ਼ਟਰਪਤੀ ਦੀ ਚੋਣ ਆ ਗਈ। ਬਰਾਕ ਓਬਾਮਾ ਜਿੱਤ ਗਿਆ ਤੇ ਬੁਸ਼, ਸੱਤ-ਅੱਠ ਸਾਲ ਦਾ ਪਾਇਆ ਖਿਲਾਰਾ ਉਵੇਂ ਦਾ ਉਵੇਂ ਛੱਡ ਕੇ ਤੁਰਦਾ ਬਣਿਆ। ਓਬਾਮਾ ਨੇ ਆਪਣੇ ਢੰਗ ਨਾਲ ਚੱਲਣ ਦੀ ਰਣਨੀਤੀ ਬਣਾਈ। ਉਸ ਨੇ ਆਪਣੇ ਸਾਰੇ ਮਹਿਕਮਿਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਵੱਡੇ ਵੱਡੇ ਫੌਜੀ ਅਫਸਰ ਅਤੇ ਸਿਆਸੀ ਲੀਡਰਾਂ ਨਾਲ ਬੈਠਕਾਂ ਕੀਤੀਆਂ। ਆਖਰ ਓਬਾਮਾ ਨੇ ਇਹੋ ਜਿਹੀ ਪਾਲਿਸੀ ਤਿਆਰ ਕਰਨ ਦੀ ਸੋਚੀ ਜਿਸ ਤਹਿਤ ਅਮਰੀਕਾ, ਅਫਗਾਨਿਸਤਾਨ ਵਿਚੋਂ ਆਪਣੀਆਂ ਫੌਜਾਂ ਦੀ ਵਾਪਸੀ ਕਰ ਸਕੇ। ਉਸ ਨੇ ਇਸ ਮਿਸ਼ਨ ਦਾ ਮੋਢੀ, ਹੰਢੇ-ਵਰਤੇ ਕੂਟਨੀਤਕ ਰਿਚਰਡ ਹਾਲਬਰੁੱਕ ਨੂੰ ਬਣਾ ਦਿੱਤਾ ਅਤੇ ਫੌਜ ਦੀ ਕਮਾਂਡ, ਇਰਾਕ ਜੰਗ ਦੇ ਹੀਰੋ ਜਨਰਲ ਪੇਟਰੇਅਸ ਹੱਥ ਸੌਂਪ ਦਿੱਤੀ। ਓਬਾਮਾ ਨੇ ਮਾਰਚ 2009 ਵਿਚ ਪੰਝੀ-ਤੀਹ ਹਜ਼ਾਰ ਹੋਰ ਫੌਜ ਉਥੇ ਲਾ ਦਿੱਤੀ ਅਤੇ ਇਸ ਤੋਂ ਇਲਾਵਾ ਫੌਜ ਨੂੰ ਟਰੇਨਿੰਗ ਦੇਣ ਲਈ ਵੱਡੇ ਪੱਧਰ 'ਤੇ ਕੰਮ ਸ਼ੁਰੂ ਕਰ ਦਿੱਤਾ। ਇਸ ਵੇਲੇ ਦੂਸਰੇ ਮੁਲਕਾਂ ਨੇ ਵੀ ਆਪਣੀਆਂ ਫੌਜਾਂ ਦੀ ਗਿਣਤੀ ਵਧਾ ਦਿੱਤੀ। ਉਪਰੋਂ ਅਫਗਾਨਿਸਤਾਨ ਵਿਚ ਰਾਸ਼ਟਰਪਤੀ ਦੀ ਚੋਣ ਆ ਰਹੀ ਸੀ। ਹਮੀਦ ਕਰਜ਼ਈ ਫਿਰ ਤੋਂ ਚੋਣ ਵਿਚ ਖੜ੍ਹਾ ਹੋ ਰਿਹਾ ਸੀ, ਪਰ ਓਬਾਮਾ ਦੇ ਆਉਣ ਨਾਲ ਜਿੱਥੇ ਅਫਗਾਨਿਸਤਾਨ ਦੇ ਹਾਲਤ ਸੁਧਰਨ ਦੀ ਉਮੀਦ ਹੋਣ ਲੱਗੀ ਸੀ, ਉਥੇ ਇੱਕ ਹੋਰ ਮਾੜੀ ਗੱਲ ਸ਼ੁਰੂ ਹੋ ਗਈ। ਓਬਾਮਾ ਅਤੇ ਕਰਜ਼ਈ ਵਿਚਕਾਰ ਚੰਗੇ ਸਬੰਧ ਨਾ ਬਣ ਸਕੇ। ਇੱਕ ਮੋੜ 'ਤੇ ਆ ਕੇ ਹਾਲਾਤ ਇੰਨੇ ਖਰਾਬ ਹੋ ਗਏ ਕਿ ਕਰਜ਼ਈ ਨੂੰ ਜਾਪਣ ਲੱਗ ਪਿਆ ਕਿ ਅਮਰੀਕਾ, ਉਸ ਨੂੰ ਅਹੁਦੇ ਤੋਂ ਪਾਸੇ ਕਰਨਾ ਚਾਹੁੰਦਾ ਹੈ। ਉਸ ਦੇ ਇਸ ਸ਼ੱਕ ਨੂੰ ਪੱਕਾ ਕਰਨ ਵਿਚ ਉਸ ਦੇ ਭਰਾਵਾਂ ਅਤੇ ਉਨ੍ਹਾਂ ਹੋਰ ਸਾਰੇ ਲੋਕਾਂ ਦਾ ਖਾਸ ਰੋਲ ਸੀ ਜੋ ਅਫਗਾਨਿਸਤਾਨ ਦੇ ਹਾਲਾਤ, ਜਿਉਂ ਦੇ ਤਿਉਂ ਰੱਖਣ ਵਿਚ ਦਿਸਚਸਪੀ ਰੱਖਦੇ ਸਨ, ਕਿਉਂ ਜੋ ਇਸ ਤਰ੍ਹਾਂ ਹੀ ਉਨ੍ਹਾਂ ਦੀ ਜੇਬ ਭਰਦੀ ਸੀ। ਇਥੋਂ ਤੱਕ ਕਿ ਕਰਜ਼ਈ ਦੇ ਇੱਕ ਭਰਾ ਬਾਰੇ ਤਾਂ ਇਹ ਗੱਲ ਵੀ ਮਸ਼ਹੂਰ ਹੋ ਚੁੱਕੀ ਸੀ ਕਿ ਉਸ ਦੇ ਤਾਲਿਬਾਨ ਨਾਲ ਵੀ ਗੂੜ੍ਹੇ ਰਿਸ਼ਤੇ ਹਨ।


ਅਗਸਤ ਵਿਚ ਰਾਸ਼ਟਰਪਤੀ ਦੀ ਚੋਣ ਹੋਣੀ ਸੀ। ਅਮਰੀਕਾ ਅਤੇ ਦੂਸਰੇ ਮੁਲਕਾਂ ਨੇ ਸਕਿਉਰਟੀ ਦੇ ਪੁਖਤਾ ਪ੍ਰਬੰਧ ਕੀਤੇ ਸਨ। ਤਾਲਿਬਾਨ ਨੇ ਵੀ ਸਿੱਧੀ ਧਮਕੀ ਦਿੱਤੀ ਹੋਈ ਸੀ ਕਿ ਉਹ ਕਿਸੇ ਵੀ ਕੀਮਤ 'ਤੇ ਇਹ ਚੋਣ ਸਿਰੇ ਨਹੀਂ ਚੜ੍ਹਨ ਦੇਣਗੇ। ਉਨ੍ਹਾਂ ਮਾਰ-ਧਾੜ ਤੇਜ਼ ਕਰ ਦਿੱਤੀ ਤੇ ਸਕਿਉਰਟੀ ਫੋਰਸਾਂ 'ਤੇ ਹਮਲੇ ਵਧਾ ਦਿੱਤੇ। ਇਸ ਚੋਣ ਤੋਂ ਪਹਿਲੇ ਦੋ ਮਹੀਨਿਆਂ ਵਿਚ ਨੱਬੇ ਦੇ ਕਰੀਬ ਅਮਰੀਕੀ ਫੌਜੀ ਮਾਰੇ ਗਏ ਜੋ ਹੁਣ ਤੱਕ ਦੀ ਸਭ ਤੋਂ ਵੱਡੀ ਗਿਣਤੀ ਸੀ। ਹੋਰ ਮੁਲਕਾਂ ਦੀ ਫੌਜ ਦਾ ਵੀ ਇਵੇਂ ਹੀ ਨੁਕਸਾਨ ਹੋਇਆ। ਤਾਲਿਬਾਨ ਨੇ ਚੋਣਾਂ ਵਾਲੇ ਦਿਨ ਖੂਨ ਦੀਆਂ ਨਦੀਆਂ ਵਹਾ ਦਿੱਤੀਆਂ। ਮੁਲਕ ਵਿਚ ਘਾਤ ਲਾ ਕੇ ਹਮਲੇ ਕੀਤੇ, ਚੋਣ ਅਮਲਾ ਮਾਰਿਆ, ਵੋਟਾਂ ਪਾਉਣ ਜਾ ਰਹੇ ਲੋਕਾਂ 'ਤੇ ਅੰਧਾਧੁੰਦ ਗੋਲੀਬਾਰੀ ਕੀਤੀ। ਚੋਣਾਂ ਭਾਵੇਂ ਹੋ ਗਈਆਂ, ਪਰ ਬਹੁਤੇ ਸ਼ਹਿਰਾਂ ਵਿਚ ਇੱਕ ਵੀ ਵੋਟ ਨਾ ਪਈ। ਤਾਲਿਬਾਨ ਦੇ ਜ਼ੋਰ ਵਾਲੇ ਸੂਬਿਆਂ ਵਿਚ ਦੋ-ਚਾਰ ਫੀਸਦੀ ਵੋਟਿੰਗ ਹੀ ਹੋਈ। ਕੁਲ ਮਿਲਾ ਕੇ ਚੋਣਾਂ ਫੇਲ੍ਹ ਹੋ ਗਈਆਂ, ਪਰ ਕਰਜ਼ਈ ਸਮਰਥਕਾਂ ਨੇ ਇਸ ਦਾ ਵੀ ਲਾਹਾ ਲਿਆ ਤੇ ਜਾਅਲੀ ਵੋਟਾਂ ਦੇ ਬਕਸੇ ਭਰ ਭਰ ਕੇ ਕਾਬਲ ਨੂੰ ਤੋਰ ਦਿੱਤੇ। ਸਭ ਨੂੰ ਪਤਾ ਸੀ ਕਿ ਕਰਜ਼ਈ ਸਮਰਥਕ ਚੋਣਾਂ ਵਿਚ ਘਪਲਾ ਕਰ ਰਹੇ ਹਨ। ਬਹੁਤ ਸਾਰੀਆਂ ਸ਼ਿਕਾਇਤਾਂ ਵੀ ਰਿਕਾਰਡ ਹੋਈਆਂ, ਪਰ ਚੋਣ ਕਮਿਸ਼ਨ ਤਾਂ ਕਰਜ਼ਈ ਦਾ ਬਣਾਇਆ ਹੋਇਆ ਸੀ, ਇਹ ਉਸੇ ਦੇ ਹੱਕ ਵਿਚ ਭੁਗਤਿਆ। ਆਪਣੀ ਪਿਛਲੀ ਸਰਕਾਰ ਦੇ ਦੋ ਮੰਤਰੀਆਂ ਅਬਦੁੱਲਾ ਅਬਦੁੱਲਾ ਅਤੇ ਅਸ਼ਰਫ ਗਨੀ ਵਰਗੇ ਮਜ਼ਬੂਤ ਉਮੀਦਵਾਰਾਂ ਨੂੰ ਹਰਾ ਕੇ ਹਮੀਦ ਕਰਜ਼ਈ ਰਾਸ਼ਟਰਪਤੀ ਬਣ ਤਾਂ ਗਿਆ, ਪਰ ਚੋਣ ਘਪਲਿਆਂ ਕਾਰਨ ਉਸ ਦਾ ਆਪਣੇ ਲੋਕਾਂ ਅਤੇ ਦੁਨੀਆਂ ਦੀਆਂ ਨਜ਼ਰਾਂ ਵਿਚ ਅਕਸ ਧੁੰਦਲਾ ਪੈ ਗਿਆ। ਉਹ ਕਮਜ਼ੋਰ ਰਾਸ਼ਟਰਪਤੀ ਬਣ ਕੇ ਰਹਿ ਗਿਆ। ਇਸ ਦਾ ਤਾਲਿਬਾਨ ਨੂੰ ਬਹੁਤ ਫਾਇਦਾ ਹੋਇਆ।

ਬਰਾਕ ਓਬਾਮਾ ਦੀ ਨਵੀਂ ਰਣਨੀਤੀ ਸੀ ਕਿ ਅਗਾਂਹਵਧੂ ਅਤੇ ਚੰਗੀ ਸੋਚ ਵਾਲੇ ਤਾਲਿਬਾਨ ਨਾਲ ਸਮਝੌਤਾ ਕੀਤਾ ਜਾਵੇ। ਕਰਜ਼ਈ ਵੀ ਇਸ ਦੇ ਹੱਕ ਵਿਚ ਸੀ। ਸਾਊਦੀ ਅਰਬ ਨੂੰ ਮੂਹਰੇ ਲਾ ਕੇ ਇਹ ਯਤਨ ਆਰੰਭੇ ਵੀ ਗਏ, ਪਰ ਪਾਕਿਸਤਾਨ ਕੋਈ ਨਤੀਜਾ ਨਿਕਲਣ ਤੋਂ ਪਹਿਲਾਂ ਹੀ ਗੱਲਬਾਤ ਵਿਚ ਰੋੜੇ ਅਟਕਾ ਦਿੰਦਾ (ਪਾਕਿਸਤਾਨ ਦੇ ਇਸ ਵਤੀਰੇ ਤੋਂ ਓਬਾਮਾ ਬਹੁਤ ਗੁੱਸੇ ਵਿਚ ਸੀ। ਅੱਗੇ ਚੱਲ ਕੇ ਉਸ ਨੇ ਡਰੋਨ ਹਮਲੇ ਬਗੈਰਾ ਕਰਨ ਵੇਲੇ ਪਾਕਿਸਤਾਨ ਦੀ ਖੂਬ ਖੁੰਭ ਠੱਪੀ)। ਇਸੇ ਦੌਰਾਨ ਪਾਕਿਸਤਾਨ 'ਚ ਸੱਤਾ ਬਦਲ ਗਈ। ਮੁਸ਼ੱਰਫ ਦੀ ਜਗ੍ਹਾ ਬੇਨਜ਼ੀਰ ਭੁੱਟੋ ਦੇ ਘਰਵਾਲਾ ਆਸਿਫ ਅਲੀ ਜ਼ਰਦਾਰੀ ਸਦਰ (ਰਾਸ਼ਟਰਪਤੀ) ਬਣ ਚੁੱਕਿਆ ਸੀ। ਬੇਨਜ਼ੀਰ ਭੁੱਟੋ ਕਾਫੀ ਦੇਰ ਬਾਅਦ ਚੋਣਾਂ ਵਿਚ ਹਿੱਸਾ ਲੈਣ ਮੁਲਕ ਪਰਤੀ ਸੀ, ਪਰ ਦਸੰਬਰ 2007 ਵਿਚ ਅਤਿਵਾਦੀਆਂ ਦੁਆਰਾ ਕਤਲ ਕਰ ਦਿੱਤੀ ਗਈ ਸੀ। ਉਸ ਪਿਛੋਂ ਹੀ ਜ਼ਰਦਾਰੀ ਸਦਰ ਬਣਿਆ, ਪਰ ਇਸ ਸੱਤਾ ਬਦਲੀ ਨਾਲ ਪਾਕਿਸਤਾਨ ਦੀ ਵਿਦੇਸ਼ ਨੀਤੀ 'ਤੇ ਕੋਈ ਪ੍ਰਭਾਵ ਨਾ ਪਿਆ, ਕਿਉਂਕਿ ਵਿਦੇਸ਼ ਨੀਤੀ, ਖਾਸ ਕਰ ਕੇ ਅਫਗਾਨਿਸਤਾਨ ਤੇ ਭਾਰਤ ਪ੍ਰਤੀ ਜੋ ਵੀ ਨੀਤੀ ਸੀ, ਉਹ ਫੌਜ ਅਤੇ ਆਈ.ਐਸ.ਆਈ. ਦੁਆਰਾ ਤੈਅ ਕੀਤੀ ਜਾਂਦੀ ਸੀ। ਖੈਰ! ਹੋਰ ਭਾਵੇਂ ਕੁਝ ਨਾ ਹੋਇਆ, ਪਰ ਪਾਕਿਸਤਾਨ ਜਿਸ ਅਤਿਵਾਦ ਰੂਪੀ ਅੱਗ ਨੂੰ ਦੇਵਤਾ ਕਹਿੰਦਾ ਰਿਹਾ ਸੀ, ਉਹ ਅੱਗ ਹੁਣ ਉਸ ਨੂੰ ਵੀ ਸੇਕ ਦੇਣ ਲੱਗ ਪਈ।

ਪਾਕਿਸਤਾਨ ਦਾ ਫਾਟਾ ਇਲਾਕਾ (ਐਫ.ਏ.ਟੀ.ਏ.- ਫੈਡਰਲ ਐਡਮਨਿਸਟਰਡ ਟਰਾਈਬਲ ਏਜੰਸੀਜ਼) ਅਫਗਾਨਿਸਤਾਨ ਦੀ ਸਰਹੱਦ 'ਤੇ ਪੈਂਦਾ ਹੈ। ਖੈਬਰ, ਕੁਰਮ, ਓੜਕਜ਼ਈ, ਮੁਹਮੰਦ, ਬਾਜੌਰ, ਉਤਰੀ ਵਜ਼ੀਰਸਤਾਨ ਅਤੇ ਦੱਖਣੀ ਵਜ਼ੀਰਸਤਾਨ ਜਿਹੇ ਛੋਟੇ ਇਲਾਕੇ ਜਾਂ ਏਜੰਸੀਆਂ ਨੂੰ ਇਕੱਠਾ ਕਰ ਕੇ ਅੰਗਰੇਜ਼ਾਂ ਨੇ 1901 ਵਿਚ ਇਸ ਨੂੰ ਪ੍ਰਾਂਤ ਦੇ ਰੂਪ ਵਿਚ ਸਥਾਪਤ ਕੀਤਾ ਸੀ। ਇਸ ਨੂੰ ਉਨ੍ਹਾਂ 'ਨੋ ਮੈਨਜ਼ ਲੈਂਡ' ਦਾ ਦਰਜਾ ਦਿੱਤਾ। ਉਦੋਂ ਨਾ ਇਹ ਅਫਗਾਨਿਸਤਾਨ ਹੇਠ ਆਉਂਦਾ ਸੀ ਤੇ ਨਾ ਹੀ ਬ੍ਰਿਟਿਸ਼ ਇੰਡੀਆ ਦੇ। ਅੰਗਰੇਜ਼ਾਂ ਦੁਆਰਾ ਇਸ ਤਰ੍ਹਾਂ ਕਰਨ ਦੀ ਆਪਣੀ ਸਿਆਸਤ ਸੀ। ਇਨ੍ਹਾਂ ਏਜੰਸੀਆਂ ਦੇ ਮੁਖੀ, ਗਵਰਨਰ ਜਨਰਲ ਦੁਆਰਾ ਨਿਯੁਕਤ ਕੀਤੇ ਜਾਂਦੇ ਸਨ ਅਤੇ ਉਹ ਉਸੇ ਦੇ ਇਸ਼ਾਰੇ 'ਤੇ ਕੰਮ ਕਰਦੇ ਸਨ। ਵਕਤ ਨਾਲ ਉਥੋਂ ਦੇ ਵਡੇਰੇ ਜਾਂ ਕਬੀਲਿਆਂ ਦੇ ਮੁਖੀਆਂ ਦੀ ਪੁੱਛ-ਪ੍ਰਤੀਤ ਜ਼ਿਆਦਾ ਹੋਣ ਲੱਗੀ ਤਾਂ ਉਨ੍ਹਾਂ ਨੂੰ ਵੀ ਇਹ ਸਿਸਟਮ ਭਾਅ ਗਿਆ। ਆਜ਼ਾਦੀ ਪਿਛੋਂ ਵੀ ਪਾਕਿਸਤਾਨ ਸਰਕਾਰ ਨੇ ਉਥੋਂ ਇਹ ਸਿਸਟਮ ਨਾ ਬਦਲਿਆ। ਇਹ ਸਿਸਟਮ ਫੌਜ ਦੇ ਬਹੁਤ ਫਿੱਟ ਬੈਠਦਾ ਹੈ ਜੋ ਉਥੇ ਅਤਿਵਾਦੀ ਤਿਆਰ ਕਰ ਕੇ ਕਿਸੇ ਵੀ ਮੁਲਕ ਦੀ ਤਬਾਹੀ ਲਈ ਤੋਰ ਦਿੰਦੀ। ਇਹ ਇਲਾਕਾ ਹੁਣ ਵੀ ਉਵੇਂ ਦਾ ਹੀ ਹੈ, ਭਾਵ ਉਚੀਆਂ ਪਹਾੜੀਆਂ, ਕੱਚੇ ਅਤੇ ਲੁਕਵੇਂ ਰਾਹ ਰਸਤੇ ਜੋ ਅਤਿਵਾਦੀਆਂ ਦੀਆਂ ਲੁਕਣਗਾਹਾਂ ਬਣਨ ਵਿਚ ਮੱਦਦ ਕਰਦੇ ਹਨ। ਕਸ਼ਮੀਰ ਵਿਚ ਅਤਿਵਾਦੀ ਕਾਰਵਾਈਆਂ ਕਰਨ ਵਾਲੇ ਜ਼ਿਆਦਾ ਅਤਿਵਾਦੀ, ਉਥੋਂ ਹੀ ਟਰੇਨਿੰਗ ਲੈ ਕੇ ਜਾਂਦੇ ਹਨ। ਇਸ ਸਦੀ ਦੇ ਸ਼ੁਰੂ ਹੁੰਦਿਆਂ ਪਾਕਿਸਤਾਨ ਲਈ ਇਸ ਦੀ ਲੋੜ ਹੋਰ ਵੀ ਵਧ ਗਈ। ਅਲ-ਕਾਇਦਾ ਅਤੇ ਤਾਲਿਬਾਨ ਉਥੇ ਬੇਖੌਫ ਰਹਿੰਦੇ ਹਨ। ਦੁਨੀਆਂ ਭਰ ਵਿਚ ਮੌਤ ਵੰਡ ਰਹੇ ਇਨ੍ਹਾਂ ਅਤਿਵਾਦੀਆਂ ਨੂੰ ਪਾਕਿਸਤਾਨ, ਜਹਾਦੀ ਜਾਂ ਆਜ਼ਾਦੀ ਘੁਲਾਟੀਏ ਕਹਿੰਦਾ ਹੈ।

2001 ਵਿਚ ਅਫਗਾਨਿਸਤਾਨ 'ਚੋਂ ਭੱਜ ਕੇ ਆਏ ਤਾਲਿਬਾਨ ਤੇ ਅਲ-ਕਾਇਦਾ ਵਾਲੇ, ਪਾਕਿਸਤਾਨ ਦੇ ਫਾਟਾ ਇਲਾਕੇ ਵਿਚ ਰਹਿ ਰਹੇ ਸਨ। ਪਾਕਿਸਤਾਨੀ ਫੌਜ ਅਤੇ ਆਈ.ਐਸ.ਆਈ. ਉਨ੍ਹਾਂ ਨਾਲ ਮਹਿਮਾਨਾਂ ਵਾਲਾ ਵਿਹਾਰ ਕਰਦੀ ਸੀ। ਉਨ੍ਹਾਂ ਨੂੰ ਟਰੇਨਿੰਗ, ਹਥਿਆਰ, ਪੈਸਾ ਬਗੈਰਾ ਸਭ ਕੁਝ ਮੁਹੱਈਆ ਕਰਵਾਉਂਦੀ ਸੀ। ਇਨ੍ਹਾਂ ਗਰੁੱਪਾਂ ਨੇ ਲੜਾਈ ਦੇ ਪੁਰਾਣੇ ਢੰਗ ਛੱਡਦਿਆਂ, ਨਵੀਤਨ ਢੰਗ-ਤਰੀਕੇ ਅਪਨਾ ਲਏ। ਅਲ-ਕਾਇਦਾ ਅਤੇ ਤਾਲਿਬਾਨ ਦੀ ਮੋਢੀ ਲੀਡਰਸ਼ਿਪ ਰੂਹ-ਪੋਸ਼ ਹੁੰਦਿਆਂ ਪਰਦੇ ਪਿਛੇ ਹੋ ਗਈ। ਕੰਮ ਕਰਨ ਲਈ ਉਨ੍ਹਾਂ ਨੇ ਲੋਕਲ ਨੌਜਵਾਨ ਅੱਗੇ ਲਾ ਲਏ। ਫਾਟਾ ਪਛੜਿਆ ਹੋਇਆ ਸੀ। ਜਦੋਂ ਨੌਜਵਾਨਾਂ ਨੂੰ ਖੁੱਲ੍ਹਾ ਪੈਸਾ ਅਤੇ ਤਾਕਤ ਮਿਲਣ ਲੱਗੀ ਤਾਂ ਉਨ੍ਹਾਂ ਦੇ ਦਿਨ ਹੀ ਬਦਲ ਗਏ। ਜਿਨ੍ਹਾਂ ਦੀ ਆਵਾਜਾਈ ਦਾ ਸਾਧਨ ਕਦੇ ਗਧੇ ਜਾਂ ਖੱਚਰਾਂ ਹੁੰਦੀਆਂ ਸੀ, ਉਨ੍ਹਾਂ ਨੂੰ ਲੈਂਡ ਕਰੂਜ਼ਰ ਟਰੱਕ ਮਿਲ ਗਏ। ਨਵੇਂ ਹਥਿਆਰ, ਫੋਨ, ਵਾਕੀ-ਟਾਕੀ ਬਗੈਰਾ ਨਾਲ ਲੈਸ ਅਤੇ ਪਿੱਕਅੱਪ ਟਰੱਕਾਂ 'ਚ ਚੜ੍ਹੇ ਇਹ ਨੌਜਵਾਨ, ਬੜੇ ਰੋਅਬ ਨਾਲ ਬਾਹਰ ਨਿਕਲਦੇ। ਇਨ੍ਹਾਂ ਦੀ ਇਹ ਟੌਅਰ, ਹੋਰਨਾਂ ਨੂੰ ਵੀ ਪ੍ਰਭਾਵਿਤ ਕਰਦੀ ਤੇ ਨਵੇਂ ਮੁੰਡਿਆਂ ਅੰਦਰ ਇਨ੍ਹਾਂ ਨਾਲ ਰਲਣ ਲਈ ਖਿੱਚ ਪਾਉਂਦੀ। ਫਿਰ ਤਾਂ ਉਥੇ ਇਨ੍ਹਾਂ ਅਤਿਵਾਦੀ ਗਰੁੱਪਾਂ ਵਿਚ ਰਲਣਾ ਫੈਸ਼ਨ ਬਣ ਗਿਆ।

*(ਬਾਕੀ ਸਗਲੇ ਸਫੇ 'ਤੇ)*






*ਫਾਟਾ ਇਲਾਕਾ ਜਿਥੇ ਅਤਿਵਾਦੀਆਂ ਨਾਲ ਨਜਿੱਠਣਾ ਅਸੰਭਵ ਹੀ ਹੈ।*

***ਪਾਕਿਸਤਾਨ ਦਾ ਫਾਟਾ ਇਲਾਕਾ ਅਫਗਾਨਿਸਤਾਨ ਦੀ ਸਰਹੱਦ 'ਤੇ ਪੈਂਦਾ ਹੈ। ਖੈਬਰ, ਕੁਰਮ, ਓੜਕਜ਼ਈ, ਬਾਜੌਰ ਅਤੇ ਉਤਰੀ ਤੇ ਦੱਖਣੀ ਵਜ਼ੀਰਸਤਾਨ ਜਿਹੇ ਛੋਟੇ ਇਲਾਕੇ ਜਾਂ ਏਜੰਸੀਆਂ ਨੂੰ ਇਕੱਠਾ ਕਰ ਕੇ ਅੰਗਰੇਜ਼ਾਂ ਨੇ 1901 ਵਿਚ ਇਸ ਨੂੰ ਪ੍ਰਾਂਤ ਦੇ ਰੂਪ ਵਿਚ ਸਥਾਪਤ ਕੀਤਾ ਸੀ। ਇਹ ਇਲਾਕਾ ਹੁਣ ਵੀ ਉਵੇਂ ਦਾ ਹੀ ਹੈ, ਭਾਵ ਉਚੀਆਂ ਪਹਾੜੀਆਂ, ਕੱਚੇ ਅਤੇ ਲੁਕਵੇਂ ਰਾਹ ਰਸਤੇ ਜੋ ਅਤਿਵਾਦੀਆਂ ਦੀਆਂ ਲੁਕਣਗਾਹਾਂ ਬਣਨ ਵਿਚ ਮੱਦਦ ਕਰਦੇ ਹਨ।***

ਪਾਕਿਸਤਾਨ ਸਰਕਾਰ ਅਤੇ ਫੌਜ ਨੇ ਇਸ ਪਾਸਿਉਂ ਜਾਣ ਬੁੱਝ ਕੇ ਅੱਖਾਂ ਮੀਚੀਆਂ ਹੋਈਆਂ ਸਨ। ਉਨ੍ਹਾਂ ਦੇ ਭਾਅ ਦਾ ਇਹ ਸਭ ਕੁਝ ਅਫਗਾਨਿਸਤਾਨ ਵਾਸਤੇ ਤਿਆਰ ਹੋ ਰਿਹਾ ਸੀ, ਪਰ ਪਾਕਿਸਤਾਨ ਨੇ ਸ਼ਾਇਦ ਕਦੇ ਇਹ ਨਹੀਂ ਸੋਚਿਆ ਸੀ ਕਿ ਇਨ੍ਹਾਂ ਅਤਿਵਾਦੀ ਬਿਰਖਾਂ ਦੀ ਛਾਂ ਹੇਠਾਂ ਪਲ ਰਹੇ ਬੂਟੇ ਵੀ ਕਦੇ ਨਾ ਕਦੇ ਵੱਡੇ ਹੋਣਗੇ ਹੀ।

ਅੱਗੇ ਚੱਲ ਕੇ ਇਹ ਬੂਟੇ, ਪਾਕਿ ਤਾਲਿਬਾਨ ਅਤੇ ਪਾਕਿ ਅਲ-ਕਾਇਦਾ ਦੇ ਰੂਪ ਵਿਚ ਦਰਖਤ ਬਣ ਖੜੋਤੇ। ਪਹਿਲੀ ਵਾਰ ਪਾਕਿਸਤਾਨ ਦੀਆਂ ਅੱਖਾਂ ਉਦੋਂ ਖੁਲ੍ਹੀਆਂ ਜਦੋਂ ਜਨਰਲ ਪਰਵੇਜ਼ ਮੁਸ਼ੱਰਫ 'ਤੇ ਹਮਲੇ ਹੋਏ। ਸਰਕਾਰ ਨੇ ਨੀਮ ਫੌਜੀ ਦਸਤੇ, ਵਜ਼ੀਰਸਤਾਨ ਇਲਾਕੇ ਵਿਚ ਅਤਿਵਾਦੀਆਂ ਨੂੰ ਖਦੇੜਨ ਲਈ ਭੇਜੇ ਤਾਂ ਅੱਗਿਉਂ ਹਜ਼ਾਰਾਂ ਪਾਕਸਤਾਨੀ ਤਾਲਿਬਾਨ ਨੇ ਉਨ੍ਹਾਂ ਦਾ ਡਟਵਾਂ ਮੁਕਾਬਲਾ ਕੀਤਾ। ਨੀਮ ਫੌਜੀ ਦਸਤਿਆਂ ਦੇ ਦੋ ਸੌ ਦੇ ਕਰੀਬ ਲੜਾਕੇ ਮਾਰੇ ਗਏ ਅਤੇ ਸੈਂਕੜੇ ਫੜ ਲਏ ਗਏ। ਫੜੇ ਲੜਾਕਿਆਂ ਨੂੰ ਵੀ ਪਿਛੋਂ ਤਾਲਿਬਾਨ ਨੇ ਮਾਰ ਮੁਕਾਇਆ। ਇਹ ਪਾਕਿਸਤਾਨੀ ਫੌਜ ਲਈ ਵੱਡੀ ਨਾਮੋਸ਼ੀ ਸੀ। ਇਸ ਲੜਾਈ ਵਿਚੋਂ ਪਾਕਿ ਤਾਲਿਬਾਨ ਦਾ 27 ਸਾਲਾ ਲੀਡਰ ਨੇਕ ਮੁਹੰਮਦ ਨਾਇਕ ਬਣ ਕੇ ਉਭਰਿਆ ਅਤੇ ਉਸ ਦੇ ਲੜਾਕਿਆਂ ਦੇ ਹੌਸਲੇ ਹੋਰ ਬੁਲੰਦ ਹੋ ਗਏ। ਆਖਰ ਪਾਕਿਸਤਾਨੀ ਸਰਕਾਰ ਨੇ ਆਪਣੇ ਹੀ ਖੇਤਰ ਅੰਦਰ ਪਾਕਿ ਤਾਲਿਬਾਨ ਨਾਲ ਸਮਝੌਤਾ ਵਾਰਤਾ ਚਲਾਈ ਜਿਸ ਵਿਚ ਤਾਲਿਬਾਨ ਨੇ ਆਪਣੇ ਸਾਰੇ ਕੈਦੀ ਰਿਹਾਅ ਕਰਵਾ ਲਏ ਅਤੇ ਇਲਾਕੇ ਵਿਚ ਸਰਕਾਰ ਦਾ ਦਖਲ ਬੰਦ ਕਰਨ ਦੀ ਮੰਗ ਰੱਖੀ ਅਤੇ ਸਰਕਾਰ ਨੇ ਇਹ ਮੰਗ ਮੰਨ ਵੀ ਲਈ। ਇਵਜ਼ ਵਿਚ ਪਾਕਿਸਤਾਨੀ ਤਾਲਿਬਾਨ ਇੱਕ ਵਾਰ ਤਾਂ ਚੁੱਪ ਹੋ ਗਏ, ਪਰ ਫਿਰ ਹੈਂਕੜ ਦਿਖਾਉਂਦਿਆਂ ਦੁਬਾਰਾ ਵਧੀਕੀਆਂ ਸ਼ੁਰੂ ਕਰ ਦਿੱਤੀਆਂ। ਸਰਕਾਰ ਨੇ ਫਿਰ ਫੌਜੀ ਹਮਲਾ ਕਰ ਦਿੱਤਾ। ਇਸ ਵਾਰ ਵੀ ਸਰਕਾਰ ਨੂੰ ਹਾਰ ਹੋਈ ਅਤੇ ਸੈਂਕੜੇ ਫੌਜੀ ਤਾਲਿਬਾਨ ਨੇ ਬੰਦੀ ਬਣਾ ਲਏ। ਸਰਕਾਰ ਨੇ ਫਿਰ ਸਮਝੌਤਾ ਵਾਰਤਾ ਚਲਾਈ। ਇਸ ਵਾਰ ਵੀ ਪਾਕਿ ਤਾਲਿਬਾਨ ਫਾਇਦੇ ਵਿਚ ਰਹੇ। ਇਸ ਪਿਛੋਂ ਇਹ ਦਸਤੂਰ ਹੀ ਬਣ ਗਿਆ। ਸਰਕਾਰ ਆਪਣੀ ਭੱਲ ਕਾਇਮ ਰੱਖਣ ਲਈ ਕਦੇ ਕਿਤੇ ਸਮਝੌਤਾ ਕਰ ਲੈਂਦੀ, ਕਦੇ ਕਿਤੇ। ਇਸ ਨਾਲ ਅਤਿਵਾਦੀ ਮਜ਼ਬੂਤ ਹੁੰਦੇ ਗਏ। ਸਰਕਾਰ ਦੇ ਫੇਲ੍ਹ ਹੋਣ ਦਾ ਇੱਕ ਕਾਰਨ ਇਹ ਵੀ ਸੀ ਕਿ ਅਤਿਵਾਦੀ, ਪਾਕਿਸਤਾਨੀ ਫੌਜ ਦੇ ਉਚੇ ਅਹੁਦਿਆਂ ਤੱਕ ਘੁਸਪੈਠ ਕਰ ਚੁੱਕੇ ਸਨ।

***ਅਫਗਾਨਿਸਤਾਨ ਦਾ ਸਾਬਕਾ ਰਾਸ਼ਟਰਪਤੀ ਹਾਮਿਦ ਕਰਜ਼ਈ (ਖੱਬੇ) ਅਤੇ ਹੁਣ ਅਫਗਾਨ ਸਰਕਾਰ ਦਾ ਸੀ.ਈ.ਓ. ਅਬਦੁੱਲਾ ਅਬਦੁੱਲਾ ਅਤੇ (ਐਨ ਸੱਜੇ) ਰਾਸ਼ਟਰਪਤੀ ਮੁਹੰਮਦ ਅਸ਼ਰਫ ਗਨੀ।***

ਦਿਨੋਂ ਦਿਨ ਮਜ਼ਬੂਤ ਹੁੰਦੇ ਇਨ੍ਹਾਂ ਅਤਿਵਾਦੀਆਂ ਨੇ 2007 ਵਿਚ ਨਵੀਂ ਜਥੇਬੰਦੀ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਬਣਾ ਲਈ। ਇਸ ਵਿਚ ਜਲਾਲੂਦੀਨ ਹੱਕਾਨੀ ਦਾ ਗਰੁੱਪ, ਬੈਤਉਲਾ ਮਸੂਦ ਦੀ ਕਮਾਂਡ ਹੇਠਲਾ ਪਾਕਿਸਤਾਨੀ ਤਾਲਿਬਾਨ ਗਰੁੱਪ, ਕਸ਼ਮੀਰ ਵਿਚ ਲੜ ਰਹੇ ਅਤਿਵਾਦੀ ਅਤੇ ਬਾਕੀ ਸਾਰੇ ਛੋਟੇ-ਮੋਟੇ ਗਰੁੱਪ ਸ਼ਾਮਲ ਸਨ। ਅਤਿਵਾਦੀਆਂ ਨੇ ਤਹਿਰੀਕ-ਏ-ਤਾਲਿਬਾਨ ਦੀ ਕਮਾਂਡ ਹੇਠ, ਇੱਕ ਵਾਰ ਫਿਰ ਪਾਕਿਸਤਾਨ ਸਰਕਾਰ ਨਾਲ ਵੱਡੀ ਲੜਾਈ ਵਿੱਢ ਲਈ ਜਿਸ ਵਿਚ ਦੋ ਹਜ਼ਾਰ ਦੇ ਕਰੀਬ ਪਾਕਿਸਤਾਨੀ ਫੌਜੀ ਮਾਰੇ ਗਏ। ਪਾਕਿਸਤਾਨ ਸਰਕਾਰ ਲਈ ਇਹ ਵੱਡਾ ਝਟਕਾ ਅਤੇ ਨਮੋਸ਼ੀ ਵਾਲੀ ਗੱਲ ਸੀ। ਤਹਿਰੀਕ-ਏ-ਤਾਲਿਬਾਨ ਦਾ ਨਿਸ਼ਾਨਾ ਸਾਰੇ ਪਾਕਿਸਤਾਨ 'ਤੇ ਕਬਜ਼ਾ ਕਰ ਕੇ ਸ਼ਰੀਅਤ ਕਨੂੰਨ ਲਾਗੂ ਕਰਨਾ ਸੀ। ਅਫਗਾਨ ਤਾਲਿਬਾਨ ਦੀ ਤਰਜ਼ 'ਤੇ ਉਹ ਉਥੇ ਇਸਲਾਮਿਕ ਰਾਜ ਕਾਇਮ ਕਰਨਾ ਚਾਹੁੰਦੇ ਸਨ। ਫਾਟਾ ਇਲਾਕੇ ਵਿਚ ਤਹਿਰੀਕ-ਏ-ਤਾਲਿਬਾਨ ਨੇ ਆਪਣੀ ਸਰਕਾਰ ਕਾਇਮ ਕਰ ਲਈ ਸੀ। ਜੱਜ, ਪੁਲਿਸ ਤੇ ਜੇਲ੍ਹਾਂ, ਸਭ ਉਨ੍ਹਾਂ ਆਪਣੇ ਹਿਸਾਬ ਨਾਲ ਚਲਾ ਲਿਆ ਸੀ। ਸਕੂਲ, ਜਾਂ ਮਨੋਰੰਜਨ ਆਦਿ ਦੇ ਸਭ ਸਾਧਨ ਬੰਦ ਕਰ ਦਿੱਤੇ ਗਏ। ਜੋ ਕੁਝ ਆਪਣੀ ਚੜ੍ਹਤ ਵੇਲੇ ਤਾਲਿਬਾਨ ਨੇ ਅਫਗਾਨਿਸਤਾਨ ਵਿਚ ਕੀਤਾ, ਉਹੀ ਕੁਝ ਉਥੇ ਹੋ ਚੁੱਕਿਆ ਸੀ। ਫਿਰ ਇਨ੍ਹਾਂ ਨੇ ਅਗਾਂਹ ਵਧਦਿਆਂ ਇਸਲਾਮਾਬਾਦ ਦੀ ਲਾਲ ਮਸਜਿਦ 'ਤੇ ਕਬਜ਼ਾ ਕਰ ਲਿਆ। ਨਾਲ ਹੀ ਆਲੇ-ਦੁਆਲੇ ਦੇ ਲੋਕਾਂ ਉਤੇ ਆਪਣੀਆਂ ਨੀਤੀਆਂ ਲਾਗੂ ਕਰ ਦਿੱਤੀਆਂ। ਪਹਿਲਾਂ ਤਾਂ ਮੁਸ਼ੱਰਫ ਸਰਕਾਰ ਕਬੂਤਰ ਵਾਂਗੂੰ ਅੱਖਾਂ ਮੀਚੀ ਬੈਠੀ ਰਹੀ, ਜਦੋਂ ਫੌਜ ਕਾਰਵਾਈ ਕੀਤੀ ਤਾਂ ਸੈਂਕੜਿਆਂ ਦੀ ਗਿਣਤੀ ਵਿਚ ਕਤਲੇਆਮ ਹੋਇਆ।

ਅਸਲ ਵਿਚ ਤਾਲਿਬਾਨ ਨੇ ਲਾਲ ਮਸਜਿਦ 'ਤੇ ਕਬਜ਼ਾ ਕਰਦਿਆਂ, ਕੋਸ਼ਿਸ ਕਰ ਕੇ ਦੇਖੀ ਸੀ ਕਿ ਅਗਾਂਹ ਦੀ ਲੜਾਈ ਕਿਵੇਂ ਰਹੇਗੀ। ਲਾਲ ਮਸਜਿਦ ਵਾਲੇ ਹਮਲੇ ਨੇ ਬਚ ਰਹੇ ਨਵੇਂ ਲੜਾਕਿਆਂ ਦੇ ਮਨ ਵਿਚ ਸਰਕਾਰ ਖਿਲਾਫ ਜ਼ਹਿਰ ਭਰ ਦਿੱਤੀ। ਇਸ ਤੋਂ ਬਿਨਾਂ ਪੰਜਾਬ ਦੇ ਜਿਹੜੇ ਗਰੁੱਪ ਹੁਣ ਤੱਕ ਸਿਰਫ ਕਸ਼ਮੀਰ ਅੰਦਰ ਲੜਨ ਤੱਕ ਸੀਮਤ ਸਨ, ਉਹ ਵੀ ਬੈਤਉੱਲਾ ਮਸੂਦ ਦੇ ਗਰੁੱਪ ਵਿਚ ਰਲ ਗਏ। ਹੁਣ ਤਹਿਰੀਕ-ਏ-ਤਾਲਿਬਾਨ ਨੇ ਫਾਟਾ ਇਲਾਕੇ ਤੋਂ ਬਾਹਰ ਨਿਕਲ ਕੇ ਫੌਜ 'ਤੇ ਹੱਲੇ ਸ਼ੁਰੂ ਕਰ ਦਿੱਤੇ। ਸਰਕਾਰ ਕੋਈ ਠੋਸ ਕਦਮ ਨਹੀਂ ਸੀ ਚੁੱਕ ਰਹੀ। ਤਾਲਿਬਾਨ ਪੂਰਾ ਫਾਇਦਾ ਉਠਾ ਰਹੇ ਸਨ। ਫਾਟਾ ਤੋਂ ਬਾਹਰ ਨਿਕਲ ਕੇ ਉਹ ਅਗਾਂਹ ਸ਼ਹਿਰਾਂ ਵੱਲ ਵਧ ਰਹੇ ਸਨ। ਸਭ ਤੋਂ ਵੱਧ ਉਹ ਸਵਾਤ ਵਾਦੀ ਵੱਲ ਵਧ ਰਹੇ ਸਨ। ਇਹ ਖੁੱਲ੍ਹਾ-ਡੁੱਲ੍ਹਾ ਇਲਾਕਾ ਜਿਥੇ ਵੱਡੀਆਂ ਸੜਕਾਂ ਤੇ ਬਿਜਲੀ ਬਗੈਰਾ ਸਭ ਕੁਝ ਸੀ, ਉਨ੍ਹਾਂ ਦੇ ਫਿੱਟ ਬੈਠਦਾ ਸੀ। ਇੱਧਰੋਂ ਦੀ ਲੰਘ ਕੇ ਉਹ ਅੱਗੇ ਪੰਜਾਬ ਵੱਲ ਵਧਣ ਦਾ ਸੁਪਨਾ ਸਜੋਈ ਬੈਠੇ ਸਨ। ਫਿਰ ਜਦੋਂ ਪਾਕਿਸਤਾਨੀ ਫੌਜ ਨੇ ਸਵਾਤ ਵੱਲੋਂ ਇਨ੍ਹਾਂ ਤਾਲਿਬਾਨ ਨੂੰ ਪਿਛੇ ਧੱਕਣ ਲਈ ਹਮਲਾ ਕੀਤਾ ਤਾਂ ਬੁਰੀ ਹਾਰ ਮਿਲੀ। ਹੁਣ ਤੱਕ ਉਥੇ ਇਹ ਤਾਲਿਬਾਨ ਬਹੁਤ ਮਜ਼ਬੂਤ ਹੋ ਚੁੱਕੇ ਸਨ। 2008 ਵਿਚ ਫੌਜ ਨੇ ਫਿਰ ਤੋਂ 15-16 ਹਜ਼ਾਰ ਦੀ ਗਿਣਤੀ ਵਿਚ ਹਮਲਾ ਕੀਤਾ ਤਾਂ ਮੌਲਾਨਾ ਫਜ਼ਲਉਲਾ ਦੀ ਕਮਾਨ ਹੇਠ ਤਕਰੀਬਨ ਤਿੰਨ ਕੁ ਹਜ਼ਾਰ ਤਾਲਿਬਾਨ ਨੇ ਫੌਜ ਦੀ ਭਾਜੜ ਪੁਆ ਦਿੱਤੀ। ਨਵੀਂ ਸ਼ੁਰੂ ਹੋਈ ਇਸ ਲੜਾਈ ਵਿਚ ਪੰਝੀ ਲੱਖ ਦੇ ਕਰੀਬ ਲੋਕ ਘਰ ਛੱਡ ਕੇ ਸੁਰੱਖਿਅਤ ਥਾਂਵਾਂ ਵੱਲ ਭੱਜ ਗਏ।

ਤਾਲਿਬਾਨ ਨੂੰ ਅਗਾਂਹ ਵਧਣ ਤੋਂ ਰੋਕਣ ਲਈ ਫੌਜ ਨੇ ਫਿਰ ਸਮਝੌਤਾ ਕਰ ਲਿਆ। ਤਾਲਿਬਾਨ ਫਿਰ ਫਾਇਦੇ ਵਿਚ ਰਹੇ। ਇਥੋਂ ਤੱਕ ਕਿ ਤਾਲਿਬਾਨ ਦੇ ਜ਼ੋਰ ਸਦਕਾ ਇਹ ਸਮਝੌਤਾ ਪਾਰਲੀਮੈਂਟ ਵਿਚ ਪੇਸ਼ ਹੋਇਆ ਤੇ ਸਦਰ ਜ਼ਰਦਾਰੀ ਦੇ ਦਸਤਖਤ ਹੋਣ ਪਿਛੋਂ ਕਾਨੂੰਨ ਬਣ ਗਿਆ। ਇਸ ਸਮਝੌਤੇ ਅਨੁਸਾਰ ਸਰਕਾਰ ਨੇ ਫਾਟਾ ਦੇ ਨਾਲ ਨਾਲ ਸਵਾਤ ਵਾਦੀ ਵੀ ਤਾਲਿਬਾਨ ਦੇ ਹਵਾਲੇ ਕਰ ਦਿੱਤੀ। ਇਸ ਨਾਲ ਉਥੋਂ ਦਾ ਪ੍ਰਸ਼ਾਸਨ, ਪੁਲਿਸ ਤੇ ਅਦਾਲਤਾਂ, ਸਭ ਕੁਝ ਤਾਲਿਬਾਨ ਦੇ ਕਬਜ਼ੇ ਹੇਠ ਆ ਗਿਆ। ਤਾਲਿਬਾਨ ਨੇ ਨਾਲ ਦੀ ਨਾਲ ਸ਼ਰੀਅਤ ਕਨੂੰਨ ਲਾਗੂ ਕਰ ਦਿੱਤਾ। ਜਿਸ ਕਿਸੇ ਨੇ ਵੀ ਵਿਰੋਧ ਕੀਤਾ, ਉਸ ਨੂੰ ਜਾਨੋਂ ਮਾਰ ਦਿੱਤਾ। ਤਾਲਿਬਾਨ ਤਾਜ਼ਾ ਦਮ ਹੁੰਦਿਆਂ ਫਿਰ ਅਗਾਂਹ ਵਧਣ ਲੱਗੇ। ਅਮਰੀਕਾ, ਯੂ.ਕੇ. ਅਤੇ ਹੋਰ ਮੁਲਕਾਂ ਨੇ ਪਾਕਿਸਤਾਨ 'ਤੇ ਦੋਸ਼ ਲਾਇਆ ਕਿ ਇਹ ਸਰਕਾਰ ਦੇ ਤੌਰ 'ਤੇ ਫੇਲ੍ਹ ਹੋ ਚੁੱਕਿਆ ਹੈ ਅਤੇ ਉਹ ਦੁਨੀਆਂ ਲਈ ਨਵੇਂ ਖਤਰੇ ਪੈਦਾ ਕਰ ਰਿਹਾ ਹੈ। ਇਸ ਦਬਾਅ ਨੇ ਫੌਜ ਨੂੰ ਇੱਕ ਵਾਰ ਫਿਰ ਸਵਾਤ ਵਾਦੀ ਵਿਚ ਹਮਲਾ ਕਰਨ ਲਈ ਮਜਬੂਰ ਕਰ ਦਿੱਤਾ। ਇਸ ਵਾਰ ਫੌਜ ਤਿਆਰੀ ਨਾਲ ਅੱਗੇ ਵਧੀ ਅਤੇ ਐਤਕੀਂ ਹਵਾਈ ਜਹਾਜ਼ਾਂ ਦਾ ਵੀ ਇਸਤੇਮਾਲ ਕੀਤਾ। ਤਾਲਿਬਾਨ ਦੇ ਅੱਡਿਆਂ 'ਤੇ ਭਾਰੀ ਬੰਬਾਰੀ ਹੋਈ। ਕਈ ਦਿਨ ਚੱਲੇ ਇਸ ਐਕਸ਼ਨ ਵਿਚ ਬਹੁਤ ਸਾਰੇ ਤਾਲਿਬਾਨ ਮਾਰੇ ਗਏ ਤੇ ਬਚੇ ਹੋਏ, ਸਵਾਤ ਵਾਦੀ ਛੱਡ ਕੇ ਪਿਛੇ ਹਟਦੇ ਫਾਟਾ ਇਲਾਕੇ ਵਿਚ ਜਾ ਲੁਕੇ; ਪਰ ਉਨ੍ਹਾਂ ਇਸ ਹਾਰ ਦਾ ਬਦਲਾ, ਥਾਂ ਥਾਂ ਆਤਮਘਾਤੀ ਹਮਲੇ ਕਰ ਕੇ ਲਿਆ। ਲਗਾਤਾਰ ਦਸ ਦਿਨ ਹੋਏ ਆਤਮਘਾਤੀ ਹਮਲਿਆਂ ਨੇ ਮੁਲਕ ਹਿਲਾ ਦਿੱਤਾ ਤੇ ਸੈਂਕੜੇ ਲੋਕ ਮਾਰੇ ਗਏ। ਇਨ੍ਹਾਂ ਦੇ ਇਕ ਆਤਮਘਾਤੀ ਦਸਤੇ ਨੇ ਰਾਵਲਪਿੰਡੀ ਵਿਚਲੇ ਫੌਜੀ ਹੈੱਡਕੁਆਰਟਰ ਅੰਦਰ ਵੜ ਕੇ ਪੰਜਾਹ ਦੇ ਕਰੀਬ ਫੌਜੀ ਅਫਸਰ ਬੰਦੀ ਬਣਾ ਲਏ ਜਿਹੜੇ ਦੋ ਦਿਨਾਂ ਦੀ ਲੜਾਈ ਪਿਛੋਂ ਆਜ਼ਾਦ ਕਰਵਾਏ ਗਏ। ਜਿਸ ਵੇਲੇ ਇਹ ਹਮਲਾ ਹੋਇਆ, ਪਾਕਿਸਤਾਨੀ ਫੌਜ ਮੁਖੀ ਵੀ ਅੰਦਰ ਮੌਜੂਦ ਸੀ।

2001 ਵੇਲੇ ਜਿਨ੍ਹਾਂ ਗਿਣਤੀ ਦੇ ਤਾਲਿਬਾਨ ਅਤੇ ਅਲ-ਕਾਇਦਾ ਵਾਲਿਆਂ ਨੂੰ ਪਾਕਿਸਤਾਨ ਨੇ ਮਹਿਮਾਨ ਬਣਾ ਕੇ ਫਾਟਾ ਵਿਚ ਠਹਿਰਾਇਆ ਸੀ, ਹੁਣ ਇਹੀ ਲੋਕ ਪਾਕਿਸਤਾਨ 'ਤੇ ਕਬਜ਼ਾ ਕਰਨ ਦੇ ਮਨਸੂਬੇ ਬਣਾ ਰਹੇ ਸਨ। ਪੂਰਾ ਫਾਟਾ ਇਲਾਕਾ ਤਾਲਿਬਾਨ ਦੇ ਕਬਜ਼ੇ ਵਿਚ ਸੀ। ਅੱਜ ਮੱਧ ਏਸ਼ੀਆ ਦੇ ਮੁਲਕ ਉਜ਼ਬੇਕਿਸਤਾਨ, ਤੁਰਕਮਿਨਸਤਾਨ, ਕਜ਼ਾਖਸਤਾਨ, ਤਾਜਿਕਸਤਾਨ, ਕਿਰਗਿਜ਼ਸਤਾਨ ਅਤੇ ਭਾਰਤੀ ਕਸ਼ਮੀਰ, ਗੱਲ ਕੀ ਹਰ ਪਾਸੇ ਫਾਟਾ ਤੋਂ ਟਰੇਨਿੰਗ ਪ੍ਰਾਪਤ ਅਤਿਵਾਦੀ ਮੁਸ਼ਕਿਲਾਂ ਖੜ੍ਹੀਆਂ ਕਰ ਰਹੇ ਹਨ ਅਤੇ ਮਾਸੂਮਾਂ ਦਾ ਖੂਨ ਵਹਾ ਰਹੇ ਹਨ।

ਮਈ 2011 ਵਿਚ ਅਲ-ਕਾਇਦਾ ਦੇ ਮੁਖੀ ਉਸਾਮਾ ਬਿਨ-ਲਾਦਿਨ ਨੂੰ ਅਮਰੀਕਾ ਨੇ ਪਾਕਿਸਤਾਨ ਵਿਚ ਉਸ ਦੇ ਘਰ ਵਿਚ ਹੀ ਮਾਰ ਮੁਕਾਇਆ। 9/11 ਦੇ ਹਮਲਿਆਂ ਵੇਲੇ ਉਸ ਦੀ ਜਥੇਬੰਦੀ ਅਤੇ ਉਹ ਖੁਦ ਛੋਟਾ ਜਿਹਾ ਜ਼ਹਿਰੀਲਾ ਬੂਟਾ ਸੀ, ਪਰ ਜਦੋਂ ਉਹ ਮਰਿਆ ਤਾਂ ਇਹ ਜ਼ਹਿਰੀਲਾ ਬੂਟਾ ਵੱਡਾ ਰੁੱਖ ਬਣ ਚੁੱਕਿਆ ਸੀ। ਇਸ ਨੇ ਅਰਬ ਖਿੱਤੇ ਵਿਚ ਮੌਤ ਵੰਡ ਰਹੀ ਅਤਿਵਾਦੀ ਜਥੇਬੰਦੀ ਆਈ.ਐਸ.ਆਈ.ਐਸ. ਲਈ ਆਧਾਰ ਦਾ ਕੰਮ ਕੀਤਾ।

ਗੱਲ ਫਿਰ ਅਫਗਾਨਿਸਾਤਨ ਵੱਲ ਲੈ ਚੱਲੀਏ। ਉਥੇ ਪੱਕੀ ਸ਼ਾਂਤੀ ਦੇ ਫਿਲਹਾਲ ਕੋਈ ਆਸਾਰ ਨਹੀਂ। ਸਰਕਾਰ ਉਥੇ ਕੋਈ ਵੀ ਬਣੀ, ਪਰ ਹਾਲਾਤ ਵਿਚ ਸੁਧਾਰ ਨਹੀਂ ਹੋਇਆ। ਕਾਰਨ? ਅਸਲੀ ਸਮੱਸਿਆ ਦਾ ਤਾਂ ਕੋਈ ਹੱਲ ਹੀ ਨਹੀਂ ਕੀਤਾ ਜਾ ਰਿਹਾ। ਲੋਕ ਉਵੇਂ ਹੀ ਗਰੀਬੀ ਤੇ ਭੁੱਖਮਰੀ ਨਾਲ ਘੁਲ ਰਹੇ ਹਨ ਅਤੇ ਸਰਕਾਰ ਦੀਆਂ ਬੇਇਨਸਾਫੀਆਂ ਤੋਂ ਤੰਗ ਹਨ। ਅਮਰੀਕਾ ਕਹਿੰਦਾ ਹੈ ਕਿ 2016 ਤੱਕ ਅਫਗਾਨਿਸਤਾਨ ਦੀ ਆਪਣੀ, ਮੁਕੰਮਲ, ਵਧੀਆ ਫੌਜ ਤਿਆਰ ਹੋ ਜਾਵੇਗੀ ਤੇ ਉਦੋਂ ਤੱਕ ਉਥੇ ਸ਼ਾਂਤੀ ਵੀ ਸਥਾਪਤ ਹੋ ਜਾਵੇਗੀ। ਉਸ ਪਿਛੋਂ ਓਬਾਮਾ ਦੀ ਪਾਲਿਸੀ ਮੁਤਾਬਕ, ਅਮਰੀਕਾ ਉਥੋਂ ਆਪਣੀਆਂ ਫੌਜਾਂ ਕੱਢ ਲਵੇਗਾ। ਤਾਂ ਕੀ ਇਹ ਸੋਚਿਆ ਜਾਵੇ ਕਿ ਉਸ ਪਿਛੋਂ ਅਫਗਾਨਿਸਤਾਨ ਸ਼ਾਂਤ ਅਤੇ ਸਥਿਰ ਮੁਲਕ ਬਣ ਜਾਵੇਗਾ? ਨਹੀਂ, ਇਹ ਬਹੁਤ ਵੱਡਾ ਭੁਲੇਖਾ ਹੈ। ਅਮਰੀਕਾ ਨੂੰ ਲੱਗਦਾ ਹੈ ਕਿ ਸ਼ਾਇਦ ਤਾਲਿਬਾਨ ਖਤਮ ਹੋ ਰਹੇ ਹਨ ਪਰ ਉਹ ਤਾਂ ਫਾਟਾ ਇਲਾਕੇ ਵਿਚ ਬੜੇ ਜ਼ੋਰ-ਸ਼ੋਰ ਨਾਲ ਅਗਲੇਰੀ ਤਿਆਰੀ ਕਰਨ ਲੱਗੇ ਹੋਏ ਹਨ। ਤਾਲਿਬਾਨ ਉਸ ਮੌਕੇ ਦੀ ਉਡੀਕ ਵਿਚ ਹਨ, ਜਦੋਂ ਅਮਰੀਕੀ ਫੌਜਾਂ ਅਫਗਾਨਿਸਤਾਨ ਵਿਚੋਂ ਨਿਕਲ ਜਾਣਗੀਆਂ। ਫਿਰ ਤਾਲਿਬਾਨ ਨੂੰ ਇਧਰ ਆਉਣੋਂ ਕੋਈ ਨਹੀਂ ਰੋਕ ਸਕੇਗਾ। ਅਸਲ ਵਿਚ ਅਫਗਾਨਿਸਤਾਨ ਅੰਦਰ ਇੱਕ ਹੋਰ ਘਰੇਲੂ ਜੰਗ ਦੀ ਹਨ੍ਹੇਰੀ ਤੇਜ਼ੀ ਨਾਲ ਚੜ੍ਹੀ ਆ ਰਹੀ ਹੈ।

***(ਸਮਾਪਤ)***

# ਪਿਆਸਾ ਕਾਂ, ਲਾਲਚੀ ਕੁੱਤਾ

ਪਿਆਰ ਅਤੇ ਲਾਲਚ ਦੀ ਆਪਸ 'ਚ ਬੜੀ ਦੁਸ਼ਮਣੀ ਹੈ। ਬਾਬਾ ਫਰੀਦ ਜੀ ਦਾ ਕਥਨ ਹੈ ਕਿ ਜਿਥੇ ਲੋਭ ਲਾਲਚ ਹੋਵੇਗਾ, ਉਥੇ ਪ੍ਰੇਮ ਪਿਆਰ ਨਹੀਂ ਹੋ ਸਕਦਾ। ਕਿਸੇ ਲਾਲਚ ਵੱਸ ਕੀਤਾ ਪਿਆਰ ਝੂਠਾ ਹੁੰਦਾ ਹੈ:

ਫਰੀਦਾ ਜਾ ਲਬੁ ਤਾ ਨੇਹੁ ਕਿਆ
ਲਬੁ ਤ ਕੂੜਾ ਨੇਹੁ॥
ਕਿਚਰੁ ਝਤਿ ਲਘਾਈਐ
ਛਪਰਿ ਤੁਟੈ ਮੇਹੁ॥

ਇਸ ਸਲੋਕ ਵਿਚ 'ਲਬੁ' ਖੁਦਗਰਜ਼ੀ ਦੇ ਅਰਥਾਂ ਵਿਚ ਵਰਤਿਆ ਗਿਆ ਜਾਪਦਾ ਹੈ ਪਰ ਇਸ ਨੂੰ ਲੋਭ ਦੇ ਅਰਥਾਂ ਵਿਚ ਸਮਝਣ ਨਾਲ ਇਹ ਸਲੋਕ ਸਮਕਾਲੀ ਮਨੁੱਖ ਦੀ ਸਥਿਤੀ ਦੀ ਵਡੇਰੇ ਰੂਪ 'ਚ ਤਸਵੀਰਕਸ਼ੀ ਕਰਦਾ ਹੈ। ਇਸ ਲੋਭ ਨੇ ਹੀ ਅੱਜ ਕੱਲ੍ਹ ਦੇ ਬੰਦੇ ਨੂੰ ਬੇਹਿਸਾਬ ਤੇਜ਼ ਰਫਤਾਰੀ ਬਖਸ਼ੀ ਹੈ। ਇਸ ਕਰਕੇ ਚੂਹਾ ਦੌੜ ਵਾਲੇ ਮਾਰੋ-ਮਾਰੀ ਦੇ ਮਾਹੌਲ ਵਿਚ ਬੰਦੇ ਅੰਦਰੋਂ ਮੁਹੱਬਤ ਤਹਿਸ-ਨਹਿਸ ਹੋ ਰਹੀ ਹੈ। ਬੰਦੇ ਦਾ ਚਿੱਤ ਆਪਣੇ ਅੰਦਰਲੇ ਸੰਤੁਲਨ ਬਿੰਦੂ ਤੋਂ ਹਿੱਲ ਗਿਆ ਹੈ ਜਿਸ ਕਰਕੇ ਉਹ ਆਪਣੀ ਪ੍ਰੇਮ-ਪ੍ਰਾਪਤੀ ਲਈ ਅੱਕੀਂ-ਪਲਾਹੀਂ ਹੱਥ ਮਾਰਦਾ ਫਿਰਦਾ ਹੈ।



**ਜਸਵੰਤ ਸਿੰਘ ਜ਼ਫ਼ਰ**
**ਫੋਨ:91-96461-18208**

ਜਿਨ੍ਹਾਂ ਮਹਾਂਪੁਰਸ਼ਾਂ ਨੇ ਪ੍ਰੇਮ ਪਿਆਰ ਦਾ ਸਬਕ ਪੜ੍ਹਾਇਆ, ਉਨ੍ਹਾਂ ਲਾਲਚ ਨੂੰ ਬੜਾ ਭੰਡਿਆ ਹੈ ਤੇ ਸਬਰ ਸੰਤੋਖ ਦਾ ਉਪਦੇਸ਼ ਦਿੱਤਾ ਹੈ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਲੋਭ ਨੂੰ ਮਨੁੱਖ ਦੇ ਪੰਜ ਵਿਕਾਰਾਂ ਦੀ ਸੂਚੀ ਵਿਚ ਤੀਜੇ ਨੰਬਰ 'ਤੇ ਰੱਖਿਆ ਹੈ, ਯਾਨਿ ਪੰਜਾਂ ਦੇ ਐਨ ਵਿਚਕਾਰ। ਗੁਰਬਾਣੀ ਵਿਚ ਲਾਲਚ ਨੂੰ ਕਈ ਥਾਈਂ ਕੁੱਤਾ ਕਿਹਾ ਗਿਆ ਹੈ ਯਾਨਿ ਲੋਭ ਸੁਆਨ ਲਿਖਿਆ ਗਿਆ ਹੈ। ਜਾਨਵਰਾਂ ਦਾ ਲਾਲਚ ਸਿਰਫ ਆਪਣੇ ਜਿਉਂਦੇ ਰਹਿਣ (ਹੋਂਦ ਬਚਾਉਣ) ਦੇ ਸੰਘਰਸ਼ ਤੱਕ ਸੀਮਤ ਹੁੰਦਾ ਹੈ ਪਰ ਬੰਦੇ ਦਾ ਲਾਲਚ ਬਹੁਤ ਵੱਡਾ, ਇਕ ਤਰ੍ਹਾਂ ਨਾਲ ਅਸੀਮਤ ਹੁੰਦਾ ਹੈ। ਉਹ ਸਿਰਫ ਜਿਉਂਦਾ ਹੀ ਨਹੀਂ ਰਹਿਣਾ ਚਾਹੁੰਦਾ ਸਗੋਂ ਆਪਣੇ ਜੀਵਨ ਢੰਗ ਨੂੰ ਲਗਾਤਾਰ ਬਦਲਦਾ ਵੀ ਰਹਿਣਾ ਚਾਹੁੰਦਾ ਹੈ। ਉਸ ਦੀ ਇਸ ਪ੍ਰਵਿਰਤੀ ਕਾਰਨ ਹੀ ਮਨੁੱਖੀ ਸੱਭਿਆਚਾਰ ਲਗਾਤਾਰ ਬਦਲਦਾ ਰਹਿੰਦਾ ਹੈ। ਮਨੁੱਖ ਨੇ ਮੌਜੂਦਾ ਪੂੰਜੀਵਾਦੀ ਪ੍ਰਬੰਧ ਤਹਿਤ ਜਿਸ ਕਦਰ ਆਪਣੇ ਲੋਭ ਦੇ ਰੱਸੇ ਖੋਲ੍ਹ ਦਿੱਤੇ ਹਨ, ਉਸ ਨੇ ਬੰਦੇ ਦੇ ਪੈਰ ਉਖਾੜ ਦਿੱਤੇ ਹਨ। ਤਬਦੀਲੀ ਦੀ ਤੇਜ਼ ਰਫਤਾਰੀ ਨਾਲ ਬੰਦੇ ਤੋਂ ਸ਼ਾਇਦ ਰਲਿਆ ਨਹੀਂ ਜਾ ਰਿਹਾ। ਇਸ ਲਈ ਸਭ ਕੁਝ ਹੁੰਦਿਆਂ-ਸੁੰਦਿਆਂ ਬਹੁਤੇ ਲੋਕ ਥੱਕੇ-ਹਫ਼ੇ ਮਿਲਦੇ ਹਨ।

ਬੰਦੇ ਨੇ ਕਦਰਤੀ ਸਰੋਤਾਂ ਦੀ ਖਪਤ ਜਿਸ ਰਫਤਾਰ ਨਾਲ ਵਧਾ ਦਿੱਤੀ ਹੈ, ਲਗਦਾ ਹੈ ਕਿ ਇਕ ਦੋ ਸਦੀਆਂ ਵਿਚ ਹੀ ਬੰਦਾ ਸਭ ਚਟਮ ਕਰ ਜਾਵੇਗਾ ਅਤੇ ਡਾਇਨਾਸੋਰਾਂ ਵਾਂਗ ਆਪਣੀ ਹੋਂਦ ਨੂੰ ਆਪ ਹੀ ਖਤਰੇ 'ਚ ਪਾ ਲਵੇਗਾ। ਦੂਜੇ ਸ਼ਬਦਾਂ 'ਚ ਬੰਦੇ ਦੇ ਲੋਭ ਕਰਕੇ ਜਿਸ ਕਦਰ ਬੰਦੇ ਦੇ ਪੈਰ ਉਖਾੜ ਦਿੱਤੇ ਹਨ, ਇਹ ਜ਼ਰੂਰ ਕਿਸੇ ਖੂਹ-ਖਾਤੇ 'ਚ ਡਿੱਗਣ ਵਾਲਾ ਹੈ। ਲਾਲਚ ਦੀ ਮਿਸਾਲ ਬੰਦਾ ਆਪ ਹੀ ਹੈ। ਉਂਜ ਭਾਵੇਂ ਲਾਲਚ ਨਾ ਕਰਨ ਦਾ ਉਪਦੇਸ਼ ਦੇਣ ਲਈ ਸਾਨੂੰ ਬਚਪਨ ਵਿਚ ਕੁੱਤੇ ਦੇ ਲਾਲਚ ਦੀ ਮਿਸਾਲ ਦਿੱਤੀ ਜਾਂਦੀ ਸੀ, ਜੋ ਵਾਜਿਬ ਨਹੀਂ ਹੈ। ਮੇਰੀ ਇਕ ਕਵਿਤਾ ਦਾ ਬੰਦ ਹੈ:

ਨਿੱਕੇ ਹੁੰਦੇ ਪੜ੍ਹਦੇ ਸਾਂ ਇਕ ਕਹਾਣੀ-
ਪਿਆਸਾ ਕਾਂ
ਇਕ ਹੋਰ ਕਹਾਣੀ-
ਲਾਲਚੀ ਕੁੱਤਾ
ਕਾਂ ਦੀ ਪਿਆਸ ਤਾਂ ਠੀਕ ਸੀ
ਪਰ ਕੁੱਤਾ ਕਦੋਂ ਲਾਲਚੀ ਹੁੰਦਾ
ਆਪਣੀ ਖਾਧੇ ਬਿਨਾਂ
ਦੂਜੇ ਦੀ ਨਾ ਖੋਂਹਦਾ
ਅਗਲੇ ਡੰਗ ਲਈ ਨਹੀਂ ਜੋੜਦਾ
ਇਹ ਗਲਤ ਕਹਾਣੀ ਹੈ
ਮਨਘੜਤ ਕਹਾਣੀ ਹੈ।
ਇਕ ਹੋਰ ਬੰਦ ਹੈ:
ਆਦਮ ਦਾ ਅਪਮਾਨ ਕਰਨ ਲਈ
ਪਸ਼ੂਆਂ ਨੂੰ ਬਦਨਾਮ ਨਾ ਕਈਏ
ਆਦਮੀ ਨੂੰ ਆਦਮੀ ਹੋਣ ਦਾ
ਇਲਜ਼ਾਮ ਦੇਈਏ
ਆਦਮੀ ਹੋਣ ਦੀ ਅਸੀਸ ਦੇਈਏ
ਤੇ ਆਦਮੀ ਹੋਣ ਦਾ ਵਿਸ਼ਵਾਸ ਦੇਈਏ।

ਇਸ ਪਿਆਸੇ ਕਾਂ ਅਤੇ ਲਾਲਚੀ ਕੁੱਤੇ ਦੇ ਹਵਾਲੇ ਨਾਲ ਇਕ ਹਾਸੇ ਵਾਲੀ ਗੱਲ ਸੁਣਾਉਂਨਾ। ਇਹ ਸੰਨ 2006 ਦੀ ਗੱਲ ਹੈ। ਸ. ਅਮਰਜੀਤ ਸਿੰਘ ਗਰੇਵਾਲ, ਪ੍ਰੋ. ਸੰਤੋਖ ਸਿੰਘ ਔਜਲਾ ਅਤੇ ਮੈਂ ਚੰਡੀਗੜ੍ਹ ਗਏ ਇਕੱਠੇ। ਪ੍ਰੋ. ਸੰਤੋਖ ਸਿੰਘ ਨੇ ਹਾਈਕੋਰਟ ਵਿਚ ਆਪਣੇ ਵਕੀਲ ਨੂੰ ਮਿਲਣਾ ਸੀ। ਮੈਂ ਬਿਜਲੀ ਬੋਰਡ ਦੇ ਚੇਅਰਮੈਨ ਨਾਲ ਇੰਜੀਨੀਅਰਜ਼ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਮੀਟਿੰਗ ਵਿਚ ਸ਼ਾਮਲ ਹੋਣਾ ਸੀ, ਸ. ਅਮਰਜੀਤ ਸਿੰਘ ਗਰੇਵਾਲ ਨੇ ਆਪਣੀ ਭੂਆ ਦੇ ਪੁੱਤਰ ਸ. ਜਸਜੀਤ ਸਿੰਘ ਰੰਧਾਵਾ ਨੂੰ ਮਿਲਣਾ ਸੀ ਜੋ ਉਨ੍ਹਾਂ ਦਿਨਾਂ ਵਿਚ ਪੰਜਾਬ ਦੇ ਪਬਲਿਕ ਹੈਲਥ ਮਹਿਕਮੇ ਦੇ ਵਜ਼ੀਰ ਸਨ। ਪ੍ਰੋ. ਸੰਤੋਖ ਸਿੰਘ ਅਤੇ ਮੈਂ ਵੀ ਆਪੋ ਆਪਣੇ ਕੰਮਾਂ ਤੋਂ ਵਿਹਲੇ ਹੋ ਕੇ ਸ਼ਾਮ ਨੂੰ ਰੰਧਾਵਾ ਸਾਹਿਬ ਦੇ ਘਰ ਆ ਗਏ ਜਿਥੇ ਗਰੇਵਾਲ ਸਾਹਿਬ ਉਨ੍ਹਾਂ ਨਾਲ ਗੱਲੀਂ ਰੁੱਝੇ ਹੋਏ ਸਨ। ਇਕ ਦੋ ਬੰਦੇ ਹੋਰ ਵੀ ਸਨ। ਸੇਵਾ ਪਾਣੀ ਸ਼ੁਰੂ ਹੋ ਗਿਆ। ਸਭ ਦੀ ਲੋੜ ਅਤੇ ਪਸੰਦ ਮੁਤਾਬਕ ਪੀਣ ਵਾਲੀਆਂ ਚੀਜ਼ਾਂ ਪੇਸ਼ ਹੋਈਆਂ।

ਦੋ ਕੁ ਘੰਟੇ ਦੀ ਬੈਠਕ ਮਗਰੋਂ ਅਸੀਂ ਤੁਰਨ ਲੱਗੇ ਤਾਂ ਸ. ਜਸਜੀਤ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦੇ ਜੀਆਂ ਨੇ ਰੋਟੀ ਖਾ ਕੇ ਜਾਣ ਲਈ ਬੜਾ ਕਿਹਾ, ਪਰ ਸਾਡੇ ਮੋਹਰੀ ਪ੍ਰੋ. ਸੰਤੋਖ ਸਿੰਘ ਨਾ ਮੰਨੇ। ਇਨ੍ਹਾਂ ਰੰਗਾਂ ਵਿਚ ਪ੍ਰੋ. ਸਾਹਿਬ ਜਿਹੜੀ ਗੱਲ 'ਤੇ ਅੜ ਜਾਣ ਤਾਂ ਬੱਸ ਅੜ ਹੀ ਜਾਂਦੇ ਹਨ। ਬਾਹਰ ਨਿਕਲ ਕੇ ਕਹਿਣ ਲੱਗੇ, ਓ ਆਪਾਂ ਰੋਟੀ ਖਾਵਾਂਗੇ ਮੋਰਿੰਡੇ ਵਾਲੇ ਮਿੱਤਰਾਂ ਦੇ ਢਾਬੇ 'ਤੇ। ਅਮਰਜੀਤ ਗਰੇਵਾਲ ਕਹਿੰਦੇ, ਓ ਯਾਰ ਸੰਤੋਖ, ਇਥੇ ਸਾਰੇ ਮੀਟ ਮੁਰਗੇ ਬਣੇ ਪਏ ਸੀ ਆਪਾਂ ਇਥੇ ਰੋਟੀ ਖਾ ਲੈਂਦੇ ਫੇਰ ਕੀ ਸੀ?

ਜੁਆਬ ਵਿਚ ਸੰਤੋਖ ਸਿੰਘ ਦੀ ਦਲੀਲ ਕਮਾਲ ਦੀ ਸੀ, ਓ ਕੀ ਗੱਲ ਬਈ, ਆਪਾਂ ਕੋਈ ਗਰੀਡੀ ਡੌਗ (ਲਾਲਚੀ ਕੁੱਤੇ) ਆਂ ਜੋ ਮੀਟ ਮੁਰਗੇ ਖਾਣ ਬਹਿ ਜਾਂਦੇ, ਆਪਾਂ ਤਾਂ ਬੱਸ ਥਰਸਟੀ ਕ੍ਰੋ (ਪਿਆਸੇ ਕਾਂ) ਆਂ, ਇਸ ਕਰਕੇ ਪੀਣ ਵਾਲੀ ਚੀਜ਼ ਪੀ ਲਈ। ਉਨ੍ਹਾਂ ਦੀ ਇਸ ਸ਼ੇਅਰ ਵਰਗੀ ਸਟੇਟਮੈਂਟ 'ਤੇ ਮੈਂ ਉਨ੍ਹਾਂ ਨੂੰ ਅਣਗਿਣਤ ਵਾਰ ਦਾਦ ਦੇ ਚੁੱਕਾ ਹਾਂ। ਇਸ ਗੱਲ ਨੂੰ ਉਨ੍ਹਾਂ ਆਪਣੇ ਨਾਵਲ 'ਰੌਸ਼ਨੀਆਂ ਦਾ ਬਾਗਬਾਨ' ਵਿਚ ਯਾਰਾਂ ਦੀ ਇਕ ਮਹਿਫ਼ਿਲ ਦੀ ਗੱਲਬਾਤ ਵਿਚ ਵੀ ਵਰਤਿਆ ਹੈ। ਇਹ ਗੱਲ ਮੇਰੇ ਦਿਲ ਨੂੰ ਵਧੇਰੇ ਟੁੰਬਣ ਦਾ ਸ਼ਾਇਦ ਇਕ ਕਾਰਨ ਇਹ ਵੀ ਹੈ ਕਿ ਇਹ ਮੇਰੀ ਇਕ ਕਾਵਿ ਸਤਰ ਦੀ ਸਚਿੱਤਰ ਵਿਆਖਿਆ ਹੈ:

ਜਿੰਨੀ ਕੁ ਦੇਣੀ ਜ਼ਿੰਦਗੀ
ਜਿਊਣ ਦਾ ਅਹਿਸਾਸ ਦਈਂ।
ਥੋੜ੍ਹੀ ਤੋਂ ਥੋੜ੍ਹੀ ਭੁੱਖ ਤੇ
ਬਹੁਤੀ ਤੋਂ ਬਹੁਤੀ ਪਿਆਸ ਦਈਂ।

ਜੇ ਅਸੀਂ ਮਾਇਆ, ਚੀਜ਼ਾਂ-ਵਸਤਾਂ ਅਤੇ ਸ਼ੁਹਰਤਾਂ ਦੀ ਭੁੱਖ ਨੂੰ ਥੋੜ੍ਹਾ ਬਹੁਤ ਕਾਬੂ 'ਚ ਰੱਖਾਂਗੇ ਅਤੇ ਪ੍ਰੇਮ ਪਿਆਰ ਦੀ ਪਿਆਸ ਨੂੰ ਵਧਾਵਾਂਗੇ ਤਾਂ ਚੰਗੇ ਰਹਾਂਗੇ। ਪ੍ਰੋ. ਸੰਤੋਖ ਸਿੰਘ ਦੇ ਸ਼ਬਦਾਂ 'ਚ: ਗਰੀਡੀ ਡੌਗ ਨਾ ਬਣੀਏਂ, ਥਰਸਟੀ ਕ੍ਰੋ ਬਣੀਏਂ।

ਕਹਾਣੀ

# ਟੁੱਟਦੇ ਤਾਰਿਆਂ ਦੀ ਚੀਖ

***'ਟੁੱਟਦੇ ਤਾਰਿਆਂ ਦੀ ਚੀਖ' ਬੇਹੱਦ ਜਜ਼ਬਾਤੀ ਧਰਾਤਲ ਉਤੇ ਲਿਖੀ ਬਹੁਪਰਤੀ ਕਹਾਣੀ ਹੈ ਜੋ ਜ਼ਿੰਦਗੀ ਦੇ ਵਰਤਾਰੇ ਦੀਆਂ ਕਈ ਤੈਹਾਂ ਖੋਲ੍ਹਦੀ ਹੈ। ਇਕ ਪਾਸੇ ਸਹਿਣਸ਼ੀਲਤਾ ਦੀ ਮੂਰਤ ਉਸ ਔਰਤ ਦੀ ਗੱਲ ਹੈ ਜੋ ਆਪਣੇ ਪਤੀ, ਸੱਸ ਤੇ ਨਣਾਨਾਂ ਅਤੇ ਫਿਰ ਆਪਣੇ ਬੱਚਿਆਂ ਦੀਆਂ ਜ਼ਿਆਦਤੀਆਂ ਸਹਿੰਦੀ ਹੈ ਪਰ ਮੂੰਹੋਂ ਜ਼ਰਾ ਜਿੰਨਾ ਵੀ ਨਹੀਂ ਉਭਾਸਰਦੀ, ਦੂਜੇ ਪਾਸੇ ਪਰਾਏ ਦੇਸ਼, ਪਰਾਏ ਮਾਹੌਲ ਵਿਚ ਬੁਢੇ ਹੋਏ ਮਾਪਿਆਂ ਪ੍ਰਤੀ ਬੱਚਿਆਂ ਦੀ ਬੇਰੁਖੀ, ਇਸ ਬੇਗਾਨਗੀ ਵਿਚ 'ਵੜ ਵੇ ਜੀਆ, ਨਿਕਲ ਵੇ ਜੀਆ' ਦੀ ਮਾਨਸਿਕ ਸਥਿਤੀ ਦੀ ਵਾਰਤਾ ਹੈ। ਕਹਾਣੀ ਦੇ ਮੁਖ ਪਾਤਰ ਕਿਸ਼ਨ ਸਿੰਘ ਨੂੰ ਰੰਜ ਹੈ ਕਿ ਉਹ ਦੂਜਿਆਂ ਲਈ ਜਿਉਂਦਾ ਰਿਹਾ ਹੈ, ਆਪਣੇ ਲਈ ਨਹੀਂ, ਤਾਂ...ਗੱਲ ਕੀ ਇਹ ਕਹਾਣੀ ਜ਼ਿੰਦਗੀ ਦਾ ਵਡਆਕਾਰੀ ਚਿਤਰਣ ਹੈ। ਟੁੱਟਦੇ ਤਾਰਿਆਂ ਦੀ ਇਸ ਚੀਖ ਨੂੰ ਪਰਵੇਜ਼ ਸੰਧੂ ਨੇ ਬੜੀ ਖੂਬਸੂਰਤੀ ਨਾਲ ਕਲਮਬੱਧ ਕੀਤਾ ਹੈ। -ਸੰਪਾਦਕ***

ਘਰ ਦੇ ਅੰਦਰਲੀ ਰੌਣਕ ਤੱਕ ਕੇ ਕਿਸ਼ਨ ਸਿੰਘ ਨੂੰ ਘੁਟਣ ਜਿਹੀ ਮਹਿਸੂਸ ਹੋਈ। ਸ਼ਰਾਬ ਦੇ ਨਸ਼ੇ ਵਿਚ ਹੱਸਦੇ ਗੱਲਾਂ ਕਰਦੇ ਉਸ ਦੇ ਪੁੱਤਾਂ ਦੇ ਯਾਰ-ਦੋਸਤ...ਸੰਗੀਤ ਦੀ ਧੁਨ ਉਪਰ ਨੱਚਦੇ-ਟੱਪਦੇ ਮੁੰਡੇ-ਕੁੜੀਆਂ...ਕਿਸ਼ਨ ਸਿੰਘ ਦੇ ਅੰਦਰ ਜਿਵੇਂ ਗੁੱਸੇ ਦੀ ਇਕ ਜਵਾਲਾ ਜਿਹੀ ਮਘ ਰਹੀ ਸੀ। ਇਕ ਪਲ ਲਈ ਉਸ ਦਾ ਜੀਅ ਕੀਤਾ ਕਿ ਉਹ ਚੀਕ-ਚੀਕ ਕੇ ਕਹੇ, "ਐਹ ਕੀ ਕੰਜਰਖਾਨਾ ਲਾ ਰੱਖਿਆ।"

ਪਰ ਉਹ ਕਹਿ ਨਹੀਂ ਸਕਿਆ। ਬੁੱਲ੍ਹਾਂ ਦੇ ਅੰਦਰ ਹੀ ਬੁੜ-ਬੁੜ ਕਰਦਾ ਉਹ ਪਿਛਲੇ ਦਰਵਾਜ਼ੇ ਥਾਣੀਂ ਬਾਹਰ ਨਿਕਲ ਗਿਆ। ਜਾਂਦਿਆਂ-ਜਾਂਦਿਆਂ ਉਸ ਨੇ ਕਿਚਨ ਵਿਚ ਜੂਠੇ ਭਾਂਡਿਆਂ ਦੇ ਢੇਰ ਮੂਹਰੇ ਖੜੀ ਜੀਤੋ ਵਲ ਤੱਕਿਆ...ਉਸ ਦੇ ਧੁਰ ਅੰਦਰੋਂ ਛਾਤੀ ਨੂੰ ਚੀਰਦਾ ਹੋਇਆ ਇਕ ਲੰਬਾ ਸਾਹ ਹੌਕੇ ਵਾਂਗ ਨਿਕਲ ਗਿਆ। ਘਰ ਦੇ ਪਿਛਲੇ ਪਾਸੇ ਦੁੱਧ ਚਿੱਟੀ ਚਾਨਣੀ ਵਿਚ ਉਸ ਨੇ ਦੂਰ ਤੱਕ ਵਿਛੇ ਹਰੇ ਘਾਹ ਵੱਲ ਦੇਖਿਆ।

ਸਭ ਕੁਝ ਖਾਮੋਸ਼, ਪਰ ਪਿਆਰਾ...ਉਹ ਸੀਮਿੰਟ ਦੀਆਂ ਇੱਟਾਂ ਉਪਰ ਪੈਰ ਧਰਦਾ ਖੂੰਡੀ ਦੇ ਸਹਾਰੇ ਹੌਲੀ ਹੌਲੀ ਤੁਰਦਾ ਪੂਲ ਕੋਲ ਜਾ

ਪਰਵੇਜ਼ ਸੰਧੂ

ਪਹੁੰਚਾ, ਪੂਲ ਦੇ ਆਸੇ-ਪਾਸੇ ਜਗਦੀਆਂ-ਬੁਝਦੀਆਂ ਜੁਗਨੂੰਆਂ ਵਰਗੀਆਂ ਬੱਤੀਆਂ ਨੇ ਪੂਲ ਦੇ ਦੁਆਲੇ ਦਾ ਮਾਹੌਲ ਕਿੰਨਾ ਸੋਹਣਾ ਬਣਾ ਦਿੱਤਾ ਸੀ। ਲਾਅਨ ਚੇਅਰ 'ਤੇ ਬੈਠਦਿਆਂ ਉਸ ਨੇ ਮੁੜ ਕੇ ਘਰ ਵੱਲ ਗਹੁ ਨਾਲ ਦੇਖਿਆ...ਨਵਾਂ ਬਣਿਆ ਮਹਿਲ ਵਰਗਾ, ਉਸ ਦੇ ਪੁਤਾਂ ਦਾ ਘਰ...ਨਵੇਂ ਘਰ ਦੀ ਖੁਸ਼ੀ ਵਿਚ ਇਕੱਠੇ ਹੋਏ ਭੰਗੜੇ ਪਾਉਂਦੇ, ਸ਼ਰਾਬਾਂ ਪੀਂਦੇ ਉਸ ਦੇ ਪੁੱਤਾਂ ਦੇ ਯਾਰ ਬੇਲੀ...ਚਮਕਦੇ-ਚਮਕਦੇ ਕੱਪੜਿਆਂ, ਗਹਿਣਿਆਂ ਨਾਲ ਲੱਦੀਆਂ ਉਸ ਦੀਆਂ ਨੂੰਹਾਂ ਤੇ ਉਨ੍ਹਾਂ ਦੀਆਂ ਸਹੇਲੀਆਂ...ਤੇ ਉਸ ਰੌਣਕ ਵਿਚ ਗੁਆਚੀ ਹੋਈ ਬੇਗਾਨਿਆਂ ਵਾਂਗ ਤੁਰੀ ਫਿਰਦੀ ਉਸ ਦੀ ਘਰ ਵਾਲੀ ਜੀਤੋ...ਇਕ ਪਲ ਉਸ ਨੂੰ ਗੁੱਸਾ ਆਇਆ, ਪਰ ਦੂਸਰੇ ਹੀ ਪਲ ਬੇਵਸ ਜਿਹਾ ਇਧਰ-ਉਧਰ ਦੇਖਣ ਲੱਗ ਪਿਆ। ਪਿਛਲੇ ਦਰਵਾਜ਼ੇ ਤੋਂ ਲੈ ਕੇ ਪੂਲ ਤੱਕ ਦਾ ਕੋਈ ਜ਼ਿਆਦਾ ਫਾਸਲਾ ਤੇ ਨਹੀਂ ਸੀ, ਪਰ ਫੇਰ ਵੀ ਉਸ ਨੂੰ ਜਾਪਿਆ ਜਿਵੇਂ ਫੁੱਲਾਂ, ਬੂਟਿਆਂ, ਘਾਹ ਤੇ ਇਸ ਨਿੰਘੀ-ਨਿੰਘੀ ਚਾਨਣੀ ਨੇ ਆਪਣੀ ਹੀ ਇਕ ਦੁਨੀਆਂ ਵਸਾ ਰੱਖੀ ਹੋਵੇ, ਲੋਕਾਂ ਦੇ ਰੌਲੇ-ਰੱਪੇ ਤੇ ਭੀੜ ਤੋਂ ਵੱਖਰਾ ਹੀ ਇਕ ਜਹਾਨ ਵਸਾ ਲਿਆ ਹੋਵੇ...ਤੇ ਉਸ ਨੂੰ ਖਿਆਲ ਆਇਆ...ਉਸ ਦੀ ਸਾਰੀ ਉਮਰ ਹੀ ਲੰਘ ਗਈ...ਆਪਣੀ ਤਾਂ ਦੁਨੀਆਂ ਹੀ ਉਸ ਨੇ ਨਹੀਂ ਵਸਾਈ...ਇਹ ਖਿਆਲ ਅਚਾਨਕ ਅੱਜ ਉਸ ਨੂੰ ਨਹੀਂ ਸੀ ਆਇਆ। ਪਿਛਲੇ ਕਈ ਮਹੀਨਿਆਂ ਤੋਂ ਜਿਵੇਂ ਉਸ ਦੀ ਬੁੱਢੀ ਹਿੱਕ ਵਿਚ ਦੋ ਅੱਖਾਂ ਉਗ ਆਈਆਂ ਸਨ...ਸ਼ਾਇਦ ਇਕ ਨਿੱਕਾ ਜਿਹਾ ਦਿਲ ਵੀ ਪੁੰਗਰ ਪਿਆ ਸੀ...ਤੇ ਕਦੀ ਕਦੀ ਉਸ ਨੂੰ ਇਉਂ ਵੀ ਮਹਿਸੂਸ ਹੁੰਦਾ ਜਿਵੇਂ ਸਾਬਤਾ ਸਬੂਤਾ ਇਕ ਨਵਾਂ ਜੰਮਿਆ ਕਿਸ਼ਨ ਸਿੰਘ ਉਸ ਦੀ ਹਿੱਕ 'ਤੇ ਬੈਠਾ ਆਰੇ ਨਾਲ ਕੁਝ ਆਰ-ਪਾਰ ਚੀਰ ਰਿਹਾ ਹੋਵੇ...ਤੇ ਉਸ ਦੀ ਹਿੱਕ ਵਿਚ ਉਗੀਆਂ ਅੱਖਾਂ ਕਿਸ਼ਨ ਸਿੰਘ ਨੂੰ ਅੰਦਰੋਂ ਅੰਦਰ ਪਲ ਪਲ ਚੀਰੇ ਜਾਂਦੇ ਨੂੰ ਤੇ ਮੁਕ-ਮੁਕ ਜਾਂਦੇ ਨੂੰ ਦੇਖਦੀਆਂ...ਆਪਣੇ ਅੰਦਰ ਤਾਂ ਉਸ ਨੇ ਕਦੀ ਪਹਿਲਾਂ ਦੇਖਿਆ ਹੀ ਨਹੀਂ ਸੀ, ਸ਼ਾਇਦ ਇਸੇ ਲਈ ਉਹ ਆਪਣੇ ਲਈ ਕੋਈ ਦੁਨੀਆਂ ਨਹੀਂ ਵਸਾ ਸਕਿਆ ਸੀ...ਸ਼ਾਇਦ ਇਸੇ ਲਈ ਉਸ ਦੇ ਆਪਣੇ ਹਿੱਸੇ ਤਾਂ ਕੁਝ ਪਲ ਹੀ ਆਏ ਸਨ। ਉਹ ਤੇ ਜਿਉਂਦਾ ਰਿਹਾ ਹੈ, ਮਾਂ-ਬਾਪ, ਭੈਣਾਂ, ਬੱਚਿਆਂ ਤੇ ਘਰ ਵਾਲੀ ਲਈ...ਨਹੀਂ ਨਹੀਂ ਘਰ ਵਾਲੀ ਲਈ ਤਾਂ ਉਸ ਨੇ ਕੁਝ ਕੀਤਾ ਹੀ ਨਹੀਂ, ਉਸ ਵਿਚਾਰੀ ਦੇ ਹਿੱਸੇ ਤਾਂ ਕੁਝ ਪਲ ਵੀ ਨਹੀਂ ਆਏ...ਉਸ ਗਰੀਬਣੀ ਨੇ ਤਾਂ ਉਮਰ ਭਰ ਸਾਹ ਵੀ ਆਪਣੀ ਮਰਜ਼ੀ ਨਾਲ ਨਹੀਂ ਲਏ...। ਉਸ ਨੇ ਸੋਚਿਆ ਤੇ ਉਹ ਉਦਾਸ ਹੋ ਗਿਆ।

ਕਿਸ਼ਨ ਸਿੰਘ ਪੂਲ ਦੇ ਸਾਫ ਤੇ ਸ਼ਾਂਤ ਪਾਣੀ ਵਲ ਦੇਖਣ ਲੱਗ ਪਿਆ। ਨੀਲੇ ਸ਼ਾਂਤ ਪਾਣੀ ਦੀ ਹਿੱਕ ਉਪਰ ਝੁਕਿਆ ਅਸਮਾਨ ਤੇ ਚਮਕਦੇ ਤਾਰੇ...ਜਿਵੇਂ ਅਸਮਾਨ ਦਾ ਨਿੱਕਾ ਜਿਹਾ ਟੁਕੜਾ ਤੇ ਇਸ ਟੁਕੜੇ ਵਿਚ ਜੜੇ ਚੰਨ ਤਾਰੇ, ਸਿਰਫ ਪਾਣੀ ਦੇ ਇਸ ਛੋਟੇ ਜਿਹੇ ਦਾਇਰੇ ਲਈ ਹੀ ਬਣੇ ਹੋਣ...ਪਾਣੀ ਤੇ ਅਸਮਾਨ ਦਾ ਵੱਖਰਾ ਜਿਹਾ ਰਿਸ਼ਤਾ...ਆਪਣੀ ਹੀ ਪਿਆਰੀ ਜਿਹੀ ਦੁਨੀਆਂ... ਤੇ ਕਿਸ਼ਨ ਸਿੰਘ ਚੇਅਰ 'ਤੇ ਟੇਢਾ ਜਿਹਾ ਹੋ ਕੇ ਅਸਮਾਨ ਵੱਲ ਦੇਖਣ ਲੱਗ ਪਿਆ। ਚੰਨ-ਤਾਰਿਆਂ ਨੂੰ ਵੇਖ ਕੇ ਉਸ ਨੂੰ ਜੀਤੋ ਦੀ ਗੱਲ ਯਾਦ ਆਈ।

"ਹੈਂ ਜੀ ਅਮਰੀਕਾ ਦਾ ਅੰਬਰ ਖਾਲੀ ਖਾਲੀ ਕਿਉਂ ਆ, ਆਪਣੇ ਪਿੰਡ ਆਲਾ ਤਾਂ ਤਾਰਿਆਂ ਨਾਲ ਭਰਿਆ ਪਿਆ ਹੁੰਦਾ ਸੀ।" ਜੀਤੋ ਦੀ ਇਸ ਝੱਲੀ ਜਿਹੀ ਗੱਲ 'ਤੇ ਉਸ ਨੂੰ ਹਾਸਾ ਵੀ ਆਇਆ, ਪਰ ਉਸ ਦਿਨ ਪਹਿਲੀ ਵਾਰ ਉਸ ਨੇ ਜੀਤੋ ਦੀਆਂ ਉਦਾਸ ਅੱਖਾਂ ਦੇਖੀਆਂ ਸਨ... ਮੜ੍ਹੀਆਂ ਦੀ ਚੁੱਪ ਵਰਗੀ ਉਦਾਸੀ...ਕਿਸੇ ਦੀ ਦੁਨੀਆਂ ਉਜੜ ਜਾਣ ਵਰਗੀ ਉਦਾਸੀ...ਕਿਸ਼ਨ ਸਿੰਘ ਨੂੰ ਉਸ ਵੇਲੇ ਕੋਈ ਜਵਾਬ ਨਹੀਂ ਸੀ ਅਹੁੜਿਆ, ਪਰ ਉਸ ਨੂੰ ਆਪਣੇ ਬਚਪਨ ਦੀ ਯਾਦ ਜ਼ਰੂਰ ਆਈ ਸੀ, ਜਦੋਂ ਉਹ ਮਾਂ ਨੂੰ ਇਸੇ ਤਰ੍ਹਾਂ ਦੇ ਝੱਲ-ਵਲੱਲੇ ਸਵਾਲ ਵੀ ਕਰਿਆ ਕਰਦਾ ਸੀ।

"ਬੇਬੇ ਤਾਰੇ ਕਿਉਂ ਟੁੱਟਦੇ ਆ?"

"ਪੁੱਤਰ ਜਦੋਂ ਤਾਰੇ ਬਾਹਲੇ ਹੋ ਜਾਣ ਤਾਂ ਬੁੱਢੇ ਤਾਰਿਆਂ ਨੂੰ ਟੁੱਟਣਾ ਈ ਪੈਂਦੈ...ਕਿਉਂਕਿ ਨਵੇਂ ਤਾਰਿਆਂ ਨੂੰ ਥਾਂ ਜੂ ਚਾਹੀਦੀ ਹੁੰਦੀ ਆ।" ਬੇਬੇ ਉਸ ਨੂੰ ਪਰਚਾਉਣ ਲਈ ਆਖਦੀ ਜਾਂ ਉਸ ਦੀ ਸੂਝ-ਬੂਝ ਹੀ ਐਨੀ ਕੁ ਸੀ।

"ਬੇਬੇ ਟੁੱਟਣ ਵਾਲੇ ਤਾਰਿਆਂ ਨੂੰ ਦੁੱਖ ਨੀਂ ਲੱਗਦਾ...ਬੇਬੇ ਤਾਰੇ ਰੋਂਦੇ ਨੀਂ ਫੇ?"

ਉਹ ਹੈਰਾਨੀ ਨਾਲ ਪੁੱਛਦਾ।

"ਬੇਬੇ ਜੇ ਰੋਂਦੇ ਆ ਤਾਂ ਇਨ੍ਹਾਂ ਦੀਆਂ ਚੀਕਾਂ ਕਿਉਂ ਨੀਂ ਸੁਣੀਦੀਆਂ?"


"ਜੁਆਕਾਂ ਨੂੰ ਨੀਂ ਸੁਣਦੀਆਂ ਹੁੰਦੀਆਂ... ਜਦ ਵੱਡਾ ਹੋ ਜਾਵੇਂਗਾ ਫੇਰ ਸੁਣਨਗੀਆਂ ਤੈਨੂੰ...ਸੌਂ ਜਾ ਚੁੱਪ ਕਰਕੇ ਖਸਮਾਂ ਨੂੰ ਖਾਣਿਆਂ, ਮਾਂ ਨੂੰ ਮਸਾਂ ਈ ਮੰਜੀ ਜੁੜਦੀ ਆ ਤੇ ਪੁੱਤ ਗੱਲਾਂ ਕਰਦਾ ਤਾਰਿਆਂ ਦੀਆਂ, ਸੌਂ ਜਾਹ ਚੁੱਪ ਕਰਕੇ।"

ਬੇਬੇ ਤੋਂ ਡਰਦਾ ਉਹ ਚੁੱਪ ਕਰ ਜਾਂਦਾ ਤੇ ਟੁੱਟਦੇ ਤਾਰਿਆਂ ਨੂੰ ਗਿਣਦਾ ਪਤਾ ਨਹੀਂ ਕਿਹੜੇ ਵੇਲੇ ਸੌਂ ਜਾਂਦਾ। ਕਿਸ਼ਨ ਸਿੰਘ ਨੇ ਗਹੁ ਨਾਲ ਅਸਮਾਨ ਵੱਲ ਤੱਕਿਆ। ਇਕੋ ਅਸਮਾਨ ਵਿਚ ਵਸਦੇ ਤਾਰੇ...ਪਰ ਦੂਰ-ਦੂਰ ਅਲੱਗ-ਅਲੱਗ...ਜਿਵੇਂ ਉਮਰ ਭਰ ਉਹ ਘਰ ਵਾਲੀ ਦੇ ਨਾਲ ਰਹਿੰਦਿਆਂ ਹੋਇਆਂ ਵੀ ਕਿੰਨੀ ਦੂਰ ਰਿਹਾ ਹੈ। ਲੱਖ ਕੋਸ਼ਿਸ਼ਾਂ ਬਾਅਦ ਵੀ ਉਸ ਨੂੰ ਯਾਦ ਨਾ ਆਉਂਦਾ ਕਿ ਉਹ ਕਿਹੜਾ ਵਰ੍ਹਾ ਜਾਂ ਦਿਨ ਸੀ, ਜਦੋਂ ਉਹ ਜੀਤੋ ਨੂੰ ਵਿਆਹੁਣ ਗਿਆ ਸੀ। ਏਨਾ ਜ਼ਰੂਰ ਯਾਦ ਸੀ ਕਿ ਉਦੋਂ ਕਣਕਾਂ ਦੀ ਵਾਢੀ ਮੁੱਕੀ ਸੀ...ਸ਼ਾਇਦ ਉਹ ਸੋਲ੍ਹਾਂ-ਸਤਾਰਾਂ ਵਰ੍ਹਿਆਂ ਦਾ ਹੋਵੇ। ਪਹਿਲੀ ਵਾਰ ਉਸ ਨੂੰ ਨਵੇਂ ਨਕੋਰ ਵਧੀਆ ਕੱਪੜੇ, ਤਿੱਲੇ ਵਾਲੀ ਜੁੱਤੀ ਤੇ ਗੁਲਾਬੀ ਪੱਗ ਨਸੀਬ ਹੋਏ ਸਨ। ਕੁੜੀਆਂ ਵਾਂਗ ਸੰਗਦਾ-ਸੰਗਦਾ ਉਹ ਜੰਞ ਚੜ੍ਹਿਆ ਸੀ। ਉਨ੍ਹਾਂ ਦਿਨਾਂ ਬਾਰੇ ਜਦੋਂ ਵੀ ਉਹ ਸੋਚਦਾ ਤਾਂ ਉਸ ਨੂੰ ਲੱਗਦਾ ਉਹ ਹੀ ਦਿਨ ਚੰਗੇ ਸਨ ਤੇ ਹੁਣ ਤਾਂ ਜਿਵੇਂ ਕਲਜੁਗ ਹੀ ਆ ਗਿਆ ਹੋਵੇ। ਕਿੰਨੇ ਹੀ ਦਿਨ ਉਹ ਤੇ ਜੀਤੋ ਇਕ-ਦੂਜੇ ਨੂੰ ਬੁਲਾ ਵੀ ਨਹੀਂ ਸਕੇ ਸਨ, ਖਬਰੇ ਕਿੰਨੀ ਦੇਰ ਜੀਤੋ ਕਿਸ਼ਨ ਸਿੰਘ ਤੋਂ ਘੁੰਡ ਹੀ ਕੱਢਦੀ ਰਹੀ ਸੀ। ਜੀਤੋ ਦਾ ਚਿਹਰਾ ਯਾਦ ਕਰਦਿਆਂ ਉਸ ਦੇ ਸਾਹਮਣੇ ਕਦੇ ਨਵੀਂ ਵਹੁਟੀ ਦੀ ਤਸਵੀਰ ਨਹੀਂ ਬਣੀ ਸੀ। ਹਰ ਵਾਰ ਜਿੰਮੇਵਾਰੀਆਂ ਤੇ ਕੰਮ ਦੀ ਭੰਨੀ ਹੋਈ ਜੀਤੋ ਉਸ ਦੀਆਂ ਅੱਖਾਂ ਮੂਹਰੇ ਆ ਜਾਂਦੀ। ਬੇਬੇ ਦੀ ਬਿਮਾਰੀ ਤੇ ਉਸ ਦਾ ਚਿੜਚਿੜਾ ਸੁਭਾਅ, ਚਹੁੰ ਭੈਣਾਂ ਦੀ ਜਿੰਮੇਵਾਰੀ...ਜ਼ਿੰਦਗੀ ਤਾਂ ਭੇਡ ਵਾਂਗ ਸਿਰ ਸੁੱਟ ਕੇ ਤੁਰੀ ਗਈ ਸੀ। ਘਰ ਦੀ ਗਰੀਬੀ ਤੋਂ ਤੰਗ ਆ ਕੇ ਬੇਬੇ-ਬਾਪੂ ਨਾਲ ਲੜਦਾ-ਝਗੜਦਾ ਕਿਸ਼ਨ ਸਿੰਘ ਲੰਬੜਾਂ ਦੇ ਫੌਜੀ ਚਾਚੇ ਨਾਲ ਫੌਜ ਵਿਚ ਭਰਤੀ ਹੋਣ ਚਲਿਆ ਗਿਆ ਸੀ। ਥੋੜ੍ਹਾ-ਬਹੁਤ ਪੜ੍ਹਿਆ ਤਾਂ ਉਹ ਪਹਿਲਾਂ ਵੀ ਸੀ ਤੇ ਫੌਜ ਵਿਚ ਭਰਤੀ ਹੋਣ ਤੋਂ ਬਾਅਦ ਉਸ ਨੂੰ ਮਹਿਸੂਸ ਹੋਣ ਲੱਗ ਪਿਆ ਕਿ ਜੀਤੋ ਉਸ ਦੇ ਕਾਬਲ ਹੀ ਨਹੀਂ ਰਹੀ...ਕਾਲੀ ਕਲੂਟੀ...ਘਰ ਦੀ ਨੌਕਰਾਣੀ। ਛੁੱਟੀ ਆਇਆ ਪਤਾ ਨਹੀਂ ਕਿੰਨੀ ਵਾਰ ਉਸ ਦੁਆਲੇ ਜੁੱਤੀ ਲਾਹ ਲਿਆ ਕਰਦਾ। ਬੇਬੇ ਤੇ ਭੈਣਾਂ ਜਿਵੇਂ ਹੀ ਕੰਨ ਭਰ ਦਿੰਦੀਆਂ ਤੇ ਉਵੇਂ ਹੀ ਮੰਨ ਲੈਂਦਾ, ਪਰ ਜੀਤੋ ਦੇ ਬੁੱਲ੍ਹਾਂ 'ਤੇ ਤਾਂ ਕਦੀ ਕੋਈ ਸ਼ਿਕਾਇਤ ਵੀ ਨਾ ਆਉਂਦੀ। ਜਾਨਵਰਾਂ ਵਾਂਗ ਉਸ ਨੂੰ ਕੁੱਟਦਾ-ਮਾਰਦਾ ਤੇ ਉਹ ਸਭ ਕੁਝ ਸਹਿ ਜਾਂਦੀ। ਕਿਸ਼ਨ ਸਿੰਘ ਨੇ ਲਾਅਨ ਚੇਅਰ ਨੂੰ ਆਪਣੇ ਹੱਥਾਂ ਨਾਲ ਘੁੱਟ ਲਿਆ। ਆਪਣੇ-ਆਪ ਤੋਂ ਉਸ ਨੂੰ ਨਫਰਤ ਜਿਹੀ ਹੋਈ। ਉਮਰਾਂ ਦਾ ਪਹਾੜ ਚੜ੍ਹਦਿਆਂ ਤਾਂ ਉਸ ਇਕ ਵਾਰ ਵੀ ਜੀਤੋ ਵੱਲ ਨਜ਼ਰ ਭਰ ਕੇ ਨਹੀਂ ਦੇਖਿਆ ਸੀ ਤੇ ਹੁਣ ਉਹ ਇਸ ਉਮਰੇ...।

"ਜੀਤ ਕੁਰੇ ਮੈਨੂੰ ਮਾਫ ਕਰੀਂ।"

ਕਿਸ਼ਨ ਸਿੰਘ ਦਾ ਜੀਅ ਕੀਤਾ ਕਿ ਅੰਦਰ ਜਾ ਕੇ ਉਹ ਘਰ ਵਾਲੀ ਤੋਂ ਮੁਆਫੀ ਮੰਗੇ... ਉਸ ਨੂੰ ਘੁੱਟ ਕੇ ਸੀਨੇ ਨਾਲ ਲਾ ਲਵੇ...ਐਸ ਉਮਰੇ... ਬੁੱਢੇ ਵਾਰੇ? ਫੇਰ ਕੀ ਆ ਮੇਰੀ ਤੀਵੀਂ ਆ।

ਉਸ ਦੇ ਅੰਦਰ ਕੁਝ ਧੁਖਿਆ, ਕੁਝ ਮੱਚਿਆ...ਫੇਰ ਜਿਵੇਂ ਬੇਵਸੀ ਜਿਹੀ ਕੋਈ ਕਣੀ ਡਿੱਗੀ ਤੇ ਸਭ ਕੁਝ ਥਾਂ 'ਤੇ ਹੀ ਬੁਝ ਗਿਆ। ਉਮਰ ਭਰ ਤਾਂ ਉਹ ਡਰਦਾ ਹੀ ਰਿਹਾ...ਵਿਆਹ ਤੋਂ ਬਾਅਦ ਬੇਬੇ ਤੋਂ ਡਰਦਾ ਲੁਕ-ਲੁਕ ਜੀਤੋ ਨਾਲ



ਗੱਲ ਕਰਿਆ ਕਰਦਾ। ਜੇ ਕਿਧਰੇ ਬੇਬੇ ਦੇਖ ਲੈਂਦੀ ਤਾਂ ਜੀਤੋ ਮਗਰ ਡੰਡਾ ਚੁੱਕ ਲੈਂਦੀ...ਤੇ ਹੁਣ ਉਹ ਆਪਣੀ ਹੀ ਔਲਾਦ ਤੋਂ ਡਰਨ ਲੱਗ ਪਿਆ ਸੀ।

ਕਿਸ਼ਨ ਸਿੰਘ ਨੇ ਸਿਰ ਘੁਮਾ ਕੇ ਘਰ ਵੱਲ ਤੱਕਿਆ, ਹੌਲੀ-ਹੌਲੀ ਆ ਰਹੀ ਸੰਗੀਤ ਦੀ ਆਵਾਜ਼...ਭੰਗੜੇ ਗਿੱਧੇ ਤੇ ਹਾਸਿਆਂ ਦਾ ਨਿੰਮ੍ਹਾ-ਨਿੰਮ੍ਹਾ ਸ਼ੋਰ...ਬੰਦ ਦਰਵਾਜ਼ਿਆਂ ਦੇ ਅੰਦਰ ਖੜਕਦੀਆਂ ਗਲਾਸੀਆਂ...ਉਸ ਦੇ ਪੁੱਤਾਂ ਦੀ ਇਹ ਦੁਨੀਆਂ...ਉਸ ਦੀਆਂ ਨੂੰਹਾਂ ਦਾ ਘਰ-ਬਾਰ...ਅੱਜ ਤੇ ਕਿਸ਼ਨ ਸਿੰਘ ਨੂੰ ਖੁਸ਼ ਹੋਣਾ ਚਾਹੀਦਾ ਹੈ ਪਰ ਉਸ ਨੂੰ ਖੁਸ਼ੀ ਕਿਉਂ ਨਹੀਂ ਹੋ ਰਹੀ। ਲੱਖ ਚਾਹੁੰਦਿਆਂ ਵੀ ਅੰਦਰਲੀ ਰੌਣਕ ਵਿਚ ਉਹ ਘੁਲ-ਮਿਲ ਨਹੀਂ ਸੀ ਸਕਿਆ, ਜਿਵੇਂ ਉਹ ਤੇ ਜੀਤੋ ਕਿਸੇ ਹੋਰ ਦੇ ਘਰ ਪ੍ਰਾਹੁਣੇ ਆਏ ਹੋਣ। ਕਿੰਨੀ ਵਾਰ ਉਸ ਨੇ ਚਾਹਿਆ ਸੀ ਕਿ ਕੋਈ ਉਸ ਨੂੰ ਆ ਕੇ ਆਖੇ, "ਕਿਸ਼ਨ ਸਿੰਹਾਂ ਤੇਰਾ ਘਰ ਬਹੁਤ ਵਧੀਆ ਆ, ਵਧਾਈ ਹੋਵੇ ਨਵੇਂ ਘਰ ਦੀ ਕਿਸ਼ਨ ਸਿੰਹਾਂ...'ਤੇਰਾ ਘਰ'...।" ਹਰ ਵਾਰ ਉਸ ਦੇ ਕੰਨਾਂ ਨਾਲ ਇਕ ਆਵਾਜ਼ ਟਕਰਾ ਕੇ ਮੁੜ ਜਾਂਦੀ। "ਕਿੰਨਾ ਵਧੀਆ ਘਰ ਬਣਾਇਆ ਬਈ ਜਸਜੀਤ ਤੇ ਹਰਜੀਤ ਨੇ...ਸਾਰੇ ਕੈਲੀਫੋਰਨੀਆ 'ਚ ਬੱਲੇ-ਬੱਲੇ ਕਰਵਾ'ਤੀ।"

ਗੱਲ ਤੇ ਕੁਝ ਵੀ ਨਹੀਂ ਸੀ...ਉਸ ਦੇ ਪੁੱਤਾਂ ਦੀ ਕਮਾਈ...ਉਨ੍ਹਾਂ ਦਾ ਘਰ ਬਾਰ...ਪਰ ਉਸ ਦੇ ਅੰਦਰੋਂ ਕੁਝ ਖੁਰ ਗਿਆ ਸੀ...ਉਸ ਦੀ ਆਪਣੀ ਤਾਂ ਕੋਈ ਦੁਨੀਆਂ ਵਸੀ ਹੀ ਨਹੀਂ ਸੀ। ਆਪਣਾ ਜਹਾਨ ਵਸਾਉਣ ਦਾ ਤਾਂ ਕਦੀ ਉਸ ਨੂੰ ਵਿਹਲ ਹੀ ਨਹੀਂ ਸੀ ਮਿਲਿਆ। ਢਲ ਚੁੱਕੀ ਉਮਰੇ ਹਰ ਮਾਂ-ਬਾਪ ਵਾਂਗ ਉਸ ਨੂੰ ਔਲਾਦ ਦੀਆਂ ਖੁਸ਼ੀਆਂ ਵਿਚ ਹੀ ਖੁਸ਼ ਹੋਣਾ ਚਾਹੀਦਾ, ਪਰ ਉਸ ਖੁਸ਼ੀ ਨਾਲੋਂ ਵੱਧ ਸ਼ਾਇਦ ਉਸ ਨੂੰ ਇਹ ਗਮ ਸੀ ਕਿ ਉਹ ਉਮਰ ਭਰ ਜੀਤੋ ਨੂੰ ਇਕ ਘਰ ਨਹੀਂ ਦੇ ਸਕਿਆ...ਇਕ ਘਰ ਜੋ ਸਿਰਫ ਜੀਤੋ ਦਾ ਹੋਵੇ...ਤਾਰਿਆਂ ਨਾਲ ਭਰਿਆ ਅੰਬਰ ਜਿਸ ਉਪਰ ਸਿਰਫ ਜੀਤੋ ਦਾ ਹੱਕ ਹੋਵੇ...ਇਕ ਨਿੱਕੀ ਜਿਹੀ ਦੁਨੀਆਂ ਜਿਹੜੀ ਸਿਰਫ ਜੀਤੋ ਦੇ ਦੁਆਲੇ ਹੀ ਘੁੰਮੇ...ਪਰ ਇਸ ਉਮਰ ਵਿਚ ਕੁਝ ਵੀ ਤੇ ਨਹੀਂ ਕਰ ਸਕੇਗਾ...ਤੇ ਕਿਸ਼ਨ ਸਿੰਘ ਨੂੰ ਮੋਟੇ ਸ਼ੀਸ਼ਿਆਂ ਵਾਲੀ ਐਨਕ ਵਿਚੋਂ ਅਸਮਾਨ ਧੁੰਧਲਾ ਜਿਹਾ ਜਾਪਣ ਲੱਗ ਪਿਆ।

ਜੀਤੋ ਦਾ ਖਿਆਲ ਆਉਂਦਿਆਂ ਹੀ ਉਸ ਦਾ ਦਿਲ ਕੀਤਾ ਕਿ ਉਹ ਅੰਦਰ ਜਾ ਕੇ ਉਸ ਨੂੰ ਦੇਖੇ, ਉਸ ਨਾਲ ਗੱਲਾਂ ਕਰੇ ਤੇ ਅਚਾਨਕ ਉਸ ਨੂੰ ਛੋਟੀ ਨੂੰਹ ਦੀ ਆਖੀ ਗੱਲ ਯਾਦ ਆਈ।

"ਸਾਡਾ ਡੈਡੀ ਤਾਂ ਮੰਮੀ ਦੇ ਦੁਆਲੇ ਹੀ ਘੁੰਮਦਾ ਰਹਿੰਦਾ, ਜਿਵੇਂ ਕੱਲ੍ਹ ਮੁਕਲਾਵਾ ਆਇਆ ਹੋਵੇ, ਜੇ ਮੰਮੀ ਝਾੜੂ ਫੇਰਦੀ ਤਾਂ ਡੈਡੀ ਮਗਰ-ਮਗਰ ਕੂੜਾ ਚੁੱਕਦਾ ਰਹਿੰਦਾ...ਜੇ ਮੰਮੀ ਭਾਂਡੇ ਧੋਂਦੀ ਹੋ ਤਾਂ ਡੈਡੀ ਤੌਲੀਆ ਲੈ ਕੇ ਸਾਫ ਕਰਨ ਲੱਗ ਜੂ...ਬੁੱਢੇ ਵਾਰੇ ਜਿਉਂ ਜੁਆਨੀ ਚੜ੍ਹੀ ਐ।"

ਉਸ ਦੀ ਨੂੰਹ ਕਿਸੇ ਸਹੇਲੀ ਨਾਲ ਫੋਨ 'ਤੇ ਗੱਲਾਂ ਕਰਦੀ ਹੱਸਦੀ ਰਹੀ ਸੀ। ਨੂੰਹ ਦੀ ਗੱਲ ਕਿੰਨੇ ਹੀ ਦਿਨ ਉਸ ਦੇ ਕੰਨਾਂ ਵਿਚ ਕੋਲੇ ਵਾਂਗ ਮਘਦੀ ਰਹੀ ਸੀ। ਜਵਾਨੀ ਵਿਚ ਜੇ ਉਹ ਕਦੀ ਜੀਤੋ ਨਾਲ ਹੱਸ ਕੇ ਗੱਲ ਵੀ ਕਰ ਲੈਂਦਾ ਤਾਂ ਬੇਬੇ ਦੇ ਸੱਤੀਂ ਕੱਪੜੀਂ ਅੱਗ ਲੱਗ ਜਾਂਦੀ। ਬਿਨਾਂ ਗੱਲੋਂ ਜੀਤੋ ਦੇ ਹੱਡ ਭੰਨ ਸੁੱਟਦੀ ਤੇ ਉਹ ਚੁੱਪ-ਚਾਪ ਜੀਤੋ ਵਲ ਦੇਖਦਾ ਘਰੋਂ ਬਾਹਰ ਤੁਰ ਜਾਂਦਾ। ਜੀਤੋ ਆਪੇ ਹੀ ਰੋ-ਧੋ ਕੇ ਚੁੱਪ ਕਰ ਜਾਂਦੀ, ਖਬਰੇ ਐਨਾ ਸਬਰ ਰੱਬ ਨੇ ਉਸ ਨੂੰ ਕਿਉਂ ਦਿੱਤਾ ਸੀ। ਕੋਈ ਗੁੱਸਾ ਗਿਲਾ... ਕੋਈ ਸ਼ਿਕਾਇਤ... ਕੋਈ ਮੰਗ...।

ਅਮਰੀਕਾ ਆਉਣ ਤੋਂ ਬਾਅਦ ਪਹਿਲੀ ਵਾਰ ਜੀਤੋ ਨੇ ਪੁੱਤਾਂ ਤੋਂ ਕੁਝ ਮੰਗਿਆ ਸੀ।

"ਪੁੱਤ ਸਾਨੂੰ ਦੇਸ ਭੇਜ ਦਿਓ...ਅਸੀਂ ਉਥੇ ਹੀ ਰਹਿ ਲਾਂਗੇ।"

"ਕਿਉਂ ਬੀਬੀ ਚਿੱਤ ਨੀਂ ਲੱਗਦਾ ਅਮਰੀਕਾ 'ਚ?"

"ਸੁਣਿਆ ਥੋਡੇ ਐਥੇ ਬਕਸੇ ਜਿਹੇ ਬੜੇ ਮਹਿੰਗੇ ਨੇ...ਜੇ ਮਰ ਗਈ ਤਾਂ ਪੁੱਤ ਥੋਡੇ ਡਾਲੇ ਬਹੁਤ ਲੱਗ ਜਾਣੇ...ਦੇਸ ਹੋਵਾਂਗੇ ਤਾਂ ਪਿੰਡ ਵਾਲਿਆਂ ਨੇ ਝੱਟ ਪਾਥੀਆਂ ਕੱਠੀਆਂ ਕਰ ਲੈਣੀਆਂ।"

"ਬੀਬੀ ਤੇਰੇ ਪੁੱਤਾਂ ਦੀ ਇਲਾਕੇ ਵਿਚ ਇੱਜ਼ਤ ਆ, ਲੋਕੀਂ ਕੀ ਕਹਿਣਗੇ ਬਈ ਬੁੜ੍ਹੀ-ਬੁੜ੍ਹਾ ਪਿੰਡ ਰੋਲ ਕੇ ਮਾਰ'ਤੇ।"

ਜੀਤੋ ਦੀਆਂ ਅੱਖਾਂ ਵੀ ਸਲਾਬੀਆਂ ਗਈਆਂ ਸਨ। ਉਸ ਦਿਨ ਵੀ ਕਿਸ਼ਨ ਸਿੰਘ ਦੀ ਛਾਤੀ 'ਚ ਕੁਝ ਧੁਖਿਆ ਸੀ...ਕੁਝ ਮਘਿਆ ਸੀ...ਤੇ ਕੁਝ ਬਲਿਆ ਸੀ...ਤੇ ਕੁਝ ਬੁਝ ਗਿਆ ਸੀ। ਉਹ ਘਰ ਜਿਸ ਵਿਚ ਉਸ ਨੇ ਉਮਰ ਹੰਢਾਈ ਸੀ। ਉਹ ਘਰ ਤਾਂ ਬੇਬੇ ਬਾਪੂ ਦਾ ਸੀ ਤੇ ਇਹ ਘਰ ਉਸ ਦੇ ਪੁੱਤਾਂ ਦਾ। ਜੀਤੋ ਦੀ ਤਾਂ ਜ਼ਿੰਦਗੀ ਹੀ ਚੁੱਲ੍ਹੇ-ਚੌਂਕੇ ਦੁਆਲੇ ਘੁੰਮਦੀ ਰਹੀ ਸੀ। ਬੇਬੇ-ਬਾਪੂ ਮੌਤ ਤੋਂ ਲੈ ਕੇ ਧੀਆਂ-ਪੁੱਤਾਂ ਦੇ ਅਮਰੀਕਾ ਪਹੁੰਚਣ ਤੋਂ ਬਾਅਦ ਜੀਤੋ ਇਕ ਦੁਨੀਆਂ ਨਾਲ ਜੁੜ ਗਈ ਸੀ। ਆਂਢਣਾਂ-ਗੁਆਂਢਣਾਂ ਦੇ ਜਾਣਾ-ਆਉਣਾ, ਦਿਨ-ਸੁਦ 'ਤੇ ਇਕੱਠਿਆਂ ਹੋਣਾ ਉਸ ਜ਼ਿੰਦਗੀ ਵਿਚ ਉਹ ਕੁਝ ਪਲ ਖੁਸ਼ ਰਹੀ ਸੀ, ਪਰ ਕਿਸ਼ਨ ਸਿੰਘ ਨੇ ਆਖਰੀ ਦਿਨਾਂ ਵਿਚ ਜੀਤੋ ਦਾ ਉਹ ਤਾਰਿਆਂ ਭਰਿਆ ਅੰਬਰ ਵੀ ਖੋਹ ਲਿਆ। ਕਿਸ਼ਨ ਸਿੰਘ ਦੇ ਕੌੜੇ ਸੁਭਾਅ ਅੱਗੇ ਉਮਰ ਭਰ ਉਹ ਵਿਚਾਰੀ ਲਿਫਦੀ ਹੀ ਤਾਂ ਰਹੀ ਸੀ।

ਘਰ ਦਾ ਪਿਛਲਾ ਵੱਡਾ ਦਰਵਾਜ਼ਾ ਖੁਲ੍ਹਿਆ, ਜਵਾਨ ਕੁੜੀਆਂ ਦਾ ਹਾਸਾ ਉਸ ਦੇ ਕੰਨਾਂ ਨਾਲ ਟਕਰਾਇਆ। ਲਾਅਨ ਚੇਅਰ ਤੋਂ ਉਠ ਕੇ ਬੈਠਦਿਆਂ ਉਸ ਨੂੰ ਮੁੜ ਗੁੱਸਾ ਜਿਹਾ ਆ ਗਿਆ 'ਇਥੇ ਹੱਸਣ ਦਾ ਕਿਸੇ ਨੂੰ ਹੱਕ ਨਹੀਂ', ਉਸ ਨੇ ਉਚੀ-ਉਚੀ ਕਹਿਣਾ ਚਾਹਿਆ। ਉਹਨੇ ਹੱਥ ਵਾਲੀ ਖੂੰਡੀ ਨੂੰ ਸੀਮੈਂਟ ਉਪਰ ਠਕੋਰਦਿਆਂ...ਖੰਗੂਰਾ ਮਾਰ ਕੇ ਉਥੇ ਬੈਠੇ ਹੋਣ ਦਾ ਅਹਿਸਾਸ ਕਰਾਇਆ। ਕੁੜੀਆਂ ਹੱਸਦੀਆਂ-ਹੱਸਦੀਆਂ ਠਾਹ ਕਰਦਾ ਦਰਵਾਜ਼ਾ ਬੰਦ ਕਰਕੇ ਅੰਦਰ ਜਾ ਵੜੀਆਂ, ਜਿਵੇਂ ਉਸ ਦੇ ਮੂੰਹ ਉਪਰ ਕਿਸੇ ਥੱਪੜ ਮਾਰਿਆ ਹੋਵੇ...ਠਾਹ ਕਰਦਾ ਦਰਵਾਜ਼ਾ...ਉਸ ਦੇ ਅੰਦਰੋਂ ਇਕ ਪੁਰਾਣੀ ਯਾਦ ਤ੍ਰਬਕ ਗਈ। ਕੱਚ ਦੀ ਵੰਗ ਵਰਗੀ, ਸ਼ੀਲੋ ਦੇ ਚਿੱਟੇ ਦੰਦਾਂ ਦਾ ਹਾਸਾ, ਬੁੱਢੇ ਦੁਕਾਨਦਾਰ ਦੀ ਸੁਨੱਖੀ ਜੁਆਨ ਤੀਵੀਂ ਸ਼ੀਲੋ। ਫੌਜੀ ਕਿਸ਼ਨ ਸਿੰਘ ਸ਼ੀਲੋ ਦੀਆਂ ਝਾਂਜਰਾਂ ਦੇ ਬੋਰ ਗਿਣਦਾ ਖ਼ਬਰੇ ਕਿੰਨੇ ਵਰ੍ਹੇ ਸ਼ੀਲੋ ਦੇ ਸੁਹੱਪਣ ਵਿਚ ਡੁੱਬਿਆ ਰਿਹਾ ਸੀ। ਉਸ ਦਾ ਨਸ਼ਾ ਉਦੋਂ ਟੁੱਟਿਆ ਜਦੋਂ ਸ਼ੀਲੋ ਨੂੰ ਕਿਸੇ ਹੋਰ ਦੀ ਹਿੱਕ 'ਤੇ ਸਿਰ ਧਰ ਕੇ ਪਿਆਂ ਤੱਕਿਆ। ਗੁੱਸੇ ਵਿਚ ਆਏ ਕਿਸ਼ਨ ਸਿੰਘ ਨੇ ਸ਼ੀਲੋ ਦੇ ਗੋਰੇ-ਚਿੱਟੇ ਮੂੰਹ 'ਤੇ ਵੱਟ ਕੇ ਥੱਪੜ ਮਾਰਿਆ ਸੀ। ਦੂਸਰੀ ਵਾਰ ਹੱਥ ਚੁੱਕਣ ਤੋਂ ਪਹਿਲਾਂ ਹੀ ਸ਼ੀਲੋ ਨੇ ਘੁਮਾ ਕੇ ਇੱਕ ਥੱਪੜ ਉਸ ਦੇ ਜੜ ਦਿੱਤਾ।

"ਖਬਰਦਾਰ ਜੇ ਅੱਗੇ ਵਧਿਆ ਤਾਂ...ਲਾਂਵਾਂ ਨੀਂ ਲਈਆਂ ਤੇਰੇ ਨਾਲ ਜੋ ਬਾਹਲਾ ਹੱਕ ਦਿਖਾ ਰਿਹਾਂ।"

ਉਸ ਦਿਨ ਉਹ ਨੌਕਰੀ ਛੱਡ ਕੇ ਪਿੰਡ ਆ ਗਿਆ। ਔਰਤ ਵਲੋਂ ਵੱਜੇ ਇਕ ਥੱਪੜ ਨਾਲ ਕਿੰਨੀ ਵਾਰ ਉਹ ਤੜਫਿਆ...ਕਿੰਨੀ ਵਾਰ ਇਕ ਥੱਪੜ ਦਾ ਬਦਲਾ ਉਹ ਜੀਤੋ ਕੋਲੋਂ ਲੈਂਦਾ ਰਿਹਾ ਸੀ।

"ਕਮਲੀਏ ਕਦੇ ਗੁੱਸਾ ਗਿਲਾ ਤਾਂ ਕਰਦੀ।"

ਕਿਸ਼ਨ ਸਿੰਘ ਦੀਆਂ ਅੱਖਾਂ ਵਿਚੋਂ ਦੋ ਅੱਥਰੂ ਵਹਿ ਗਏ।

ਜੀਤੋ ਦਾ ਸਬਰ-ਸੰਤੋਖ, ਉਸ ਦੀਆਂ ਅੱਖਾਂ ਦੀ ਸਿਲ੍ਹ...ਕਿਸ਼ਨ ਸਿੰਘ ਨੇ ਕਦੀ ਉਸ ਨੂੰ ਜਿਵੇਂ ਔਰਤ ਦੇ ਰੂਪ ਵਿਚ ਦੇਖਿਆ ਹੀ ਨਾ ਹੋਵੇ। ਪਰਦੇਸਾਂ ਵਿਚ ਆ ਕੇ ਪਹਿਲੀ ਵਾਰ ਉਸ ਨੇ ਮਹਿਸੂਸ ਕੀਤਾ ਕਿ ਇੱਥੇ ਕਿਸੇ ਕੋਲ ਵਕਤ ਈ ਨਹੀਂ ਸੀ। ਇਕ-ਦੂਜੇ ਦੇ ਦੁੱਖ-ਸੁਖ ਸੁਣਨ ਦਾ...ਘਰ ਦੇ ਦੂਜੇ ਜੀਆਂ ਨਾਲ ਤੁਰਿਆ ਫਿਰਦਾ ਵੀ ਬਿਲਕੁਲ ਇਕੱਲਾ ਹੀ ਸੀ। ਕੋਈ ਉਸ ਦਾ ਸੀ ਤਾਂ ਸਿਰਫ ਉਸ ਦੀ ਘਰ ਵਾਲੀ ਜੀਤੋ...ਚੁੱਪ ਚੁਪੀਤੀ...ਰੋਣ-ਰੋਣ ਨੂੰ ਕਰਦੀ। ਜੀਤੋ ਵੱਲ ਦੇਖ ਕੇ ਉਸ ਨੂੰ ਤਰਸ ਆ ਜਾਂਦਾ, ਜੀਤੋ ਨੇ ਉਮਰ ਭਰ ਸਭਨਾਂ ਨੂੰ ਦਿੱਤਾ ਸੀ, ਬਦਲੇ ਵਿਚ ਕੁਝ ਮੰਗਿਆ ਹੀ ਨਹੀਂ। ਮਾਂ-ਬਾਪ ਦੇ ਮਰਨ ਬਾਅਦ ਉਸ ਘਰ ਦੀਆਂ ਕੰਧਾਂ ਉਪਰ ਨੂੰਹਾਂ-ਪੁੱਤਾਂ ਨੇ ਆਪਣੇ ਹੱਕ ਦੀਆਂ ਮੋਹਰਾਂ ਲਾ ਲਈਆਂ ਸਨ ਤੇ ਅੱਜ ਅਮਰੀਕਾ ਵਿਚ ਇਹ ਮਹੱਲ ਵਰਗਾ ਉਸ ਦੇ 'ਪੁੱਤਾਂ ਦਾ ਘਰ'...ਘਰ ਦਾ ਕੰਮ ਕਾਰ, ਨੂੰਹਾਂ ਦੇ ਬੋਲ-ਕੁਬੋਲ, ਜੁਆਕਾਂ ਦੀ ਸਾਂਭ-ਸੰਭਾਲ ਕਰਦੀ ਜੀਤੋ ਵੱਲ ਦੇਖਦਾ ਤਾਂ ਉਸ ਨੂੰ ਇਉਂ ਲਗਦਾ ਜਿਵੇਂ ਉਹ ਹੱਡੀਆਂ ਦੀ ਮੁੱਠ ਜਿਹੀ ਪਲ ਭਰ ਵਿਚ ਹੀ ਖਿੱਲਰ ਜਾਵੇਗੀ...ਕਿੰਨਾ ਚੰਗਾ ਹੁੰਦਾ ਜੇ ਉਸ ਨੇ ਜੁਆਨੀ ਵਿਚ ਇੱਕ ਵਾਰ ਵੀ ਪਿੱਛੇ ਮੁੜ ਕੇ ਜੀਤੋ ਨੂੰ ਦੇਖਿਆ ਹੁੰਦਾ...ਜਿਹੜੀ ਹੁਣ ਤੱਕ ਉਸ ਦੇ ਪਿੱਛੇ ਸਿਰ ਨੀਵਾਂ ਕਰਕੇ ਤੁਰੀ ਆਈ ਸੀ।

ਕਿਸ਼ਨ ਸਿੰਘ ਨੇ ਆਪਣੇ ਆਲੇ-ਦੁਆਲੇ ਦੇ ਸ਼ਾਂਤ ਮਾਹੌਲ ਵੱਲ ਤੱਕਿਆ। ਇਹ ਉਸ ਦੀ ਤੇ ਜੀਤੋ ਦੀ ਦੁਨੀਆਂ ਤਾਂ ਨਹੀਂ...ਸਾਰੀ ਉਮਰ ਅੜਬਾਈ ਵਿਚ ਕੱਢਣ ਵਾਲਾ ਕਿਸ਼ਨ ਸਿੰਘ ਅੱਜ ਲਿਫ ਗਿਆ ਸੀ ਜਿਵੇਂ ਉਹ ਹੱਥ ਅੱਡਦਾ ਤਾਂ ਉਸ ਦੀ ਛਾਤੀ ਵਿਚ ਕੁਝ ਬੁਝ ਜਿਹਾ ਜਾਂਦਾ...ਜੀਤੋ ਨੇ ਤਾਂ ਸਾਰੀ ਉਮਰ ਹੀ ਇੰਜ ਕੱਢ ਲਈ...ਇਸ ਸੋਚ ਨਾਲ ਉਹ ਪਾਗਲ ਜਿਹਾ ਹੋ ਉਠਦਾ।

ਉਸ ਦਾ ਜੀਅ ਕੀਤਾ ਕਿ ਅੰਦਰ ਜਾ ਕੇ ਉਹ ਜੀਤੋ ਨੂੰ ਗਲ ਨਾਲ ਲਾ ਕੇ ਉਸ ਦੇ ਹੰਝੂ ਪੂੰਝ ਦੇਵੇ...ਸਾਰੀ ਦੁਨੀਆਂ ਦੇ ਸਾਹਮਣੇ ਉਸ ਕੋਲੋਂ ਮੁਆਫੀ ਮੰਗੇ...ਵਰ੍ਹਿਆਂ ਤੋਂ ਠੁਰ-ਠੁਰ ਕਰਦੀ ਜੀਤੋ ਨੂੰ ਇੱਕ ਨਿੱਘਾ ਜਿਹਾ ਘਰ ਬਣਾ ਕੇ ਦੇਵੇ...ਦੁਨੀਆਂ ਤੋਂ ਜਾਣ ਤੋਂ ਪਹਿਲਾਂ ਇੱਕ ਨਿੱਕਾ ਜਿਹਾ ਤਾਰਿਆਂ ਨਾਲ ਭਰਿਆ ਅੰਬਰ ਉਸ ਦੀ ਝੋਲੀ ਵਿਚ ਪਾ ਕੇ ਦੇਵੇ...ਉਸ ਦੇ ਅੰਦਰ ਧੜਕਦੇ

(ਬਾਕੀ ਅਗਲੇ ਸਫੇ 'ਤੇ)

# ਲਾਠੀ ਦੀ ਕਾਢ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਭਾਰਤ ਦੇਸ਼ ਵਿਚ ਲਾਠੀ ਸੱਤਾ ਕਾਇਮ ਰੱਖਣ ਦਾ ਵਸੀਲਾ ਰਹੀ ਹੈ। ਅੱਜ ਵੀ ਲੋਕ ਮਨ ਵਿਚ ਇਹ ਰੁਹਬ, ਸ਼ਕਤੀ ਏਥੋਂ ਤੱਕ ਕਿ ਧੱਕੇ ਦੀ ਪ੍ਰਤੀਕ ਹੈ। ਸਾਮੰਤੀ ਯੁੱਗ ਵਿਚ ਜਗੀਰਦਾਰ ਕਿਸਾਨਾਂ 'ਤੇ ਗਲਬਾ ਰੱਖਣ ਲਈ ਲਠੈਤ ਕਹਾਉਂਦੇ ਲਾਠੀਧਾਰੀ ਗੁੰਡੇ ਰੱਖਿਆ ਕਰਦੇ ਸਨ। ਕੌਣ ਨਹੀਂ ਜਾਣਦਾ, ਜਿਸ ਕੋਲ ਲਾਠੀ ਹੁੰਦੀ ਹੈ, ਭੈਂਸ ਉਸੇ ਵੱਲ ਭੱਜੀ ਆਉਂਦੀ ਹੈ। ਲਾਠੀ ਦਾ ਵਾਰ ਹੀ ਅਜਿਹਾ ਹੈ ਕਿ ਇਸ ਨਾਲ ਸੱਪ ਤਾਂ ਮਰ ਜਾਂਦਾ ਹੈ ਪਰ ਖੁਦ ਇਸ 'ਤੇ ਝਰੀਟ ਤੱਕ ਨਹੀਂ ਆਉਂਦੀ। ਦੋ ਜਣਿਆਂ ਦੀ ਕਮਜ਼ੋਰੀ ਦਰਸਾ ਕੇ ਠਿੱਠ ਕਰਨ ਲਈ ਕਹਾਵਤ ਵਰਤੀ ਜਾਂਦੀ ਹੈ, 'ਚੋਰ ਤੇ ਲਾਠੀ ਦੋ ਜਣੇ ਮੈਂ ਤੇ ਬਾਪੂ ਕੱਲੇ' ਭਾਵ ਲਾਠੀ ਨਾਲ ਹਥਿਆਰਬੰਦ ਚੋਰ ਦੇ ਟਾਕਰੇ ਤੇ ਵਿਚਾਰੇ ਨਿਹੱਥੇ ਪਿਉ-ਪੁੱਤ ਦੀ ਕੀ ਪੇਸ਼ ਜਾਣੀ ਹੋਈ। ਏਥੇ 'ਇੱਕ ਇੱਕ ਤੇ ਦੋ ਗਿਆਰਾਂ' ਵਾਲੇ ਅਖਾਣ ਦੀ ਫੂਕ ਨਿਕਲਦੀ ਪ੍ਰਤੀਤ ਹੁੰਦੀ ਹੈ।

ਸਮਝਦਾਰ ਗੋਰੇ ਸ਼ਾਸਕਾਂ ਨੇ ਭਾਰਤ ਵਿਚ ਲਾਠੀ ਦੀ ਤਾਕਤ ਨੂੰ ਜੋਹਿਆ, ਜਾਚਿਆ, ਪਛਾਣਿਆ ਤੇ ਨਤੀਜਾ ਕਢਿਆ ਕਿ ਇਹ ਪਰਜਾ ਨੂੰ ਅਧੀਨ ਰੱਖਣ ਦਾ ਵਧੀਆ ਹਥਿਆਰ ਹੋ ਸਕਦੀ ਹੈ। ਇਹ ਸਿਰ ਪੋਲਾ ਕਰ ਸਕਦੀ ਹੈ, ਢੂਹੀ ਸੇਕ ਸਕਦੀ ਹੈ, ਲੱਤਾਂ ਬਾਹਾਂ 'ਤੇ ਲਾਸਾਂ ਪਾ ਸਕਦੀ ਹੈ ਤੇ ਰੂਹ ਨੂੰ ਤੜਪਾ ਸਕਦੀ ਹੈ। ਉਨ੍ਹਾਂ ਰੋਸ ਕਰਦੇ ਭਾਰਤੀਆਂ ਦੀ ਭੀੜ 'ਤੇ ਲਾਠੀਚਾਰਜ ਕਰਨਾ ਸ਼ੁਰੂ ਕੀਤਾ ਤੇ ਇਸ ਤਰ੍ਹਾਂ ਉਨ੍ਹਾਂ ਪੁੱਠੇ ਹੋਏ ਲੋਕਾਂ ਨੂੰ ਸਿਧੇ ਕਰਕੇ ਚੋਖਾ ਚਿਰ ਰਾਜ ਕੀਤਾ। ਸਾਡੇ ਆਪਣਿਆਂ ਨੇ ਗੋਰਿਆਂ ਦੇ ਇਸ ਅਨੁਭਵ ਦਾ ਖੂਬ ਲਾਭ ਉਠਾਇਆ ਤੇ ਇਸ ਦੀ ਖੁਲ੍ਹ ਕੇ ਵਰਤੋਂ ਸ਼ੁਰੂ ਕਰ ਦਿੱਤੀ। ਕਹਿੰਦੇ ਹਨ, ਦੁਨੀਆਂ ਭਰ ਵਿਚ ਭਾਰਤ ਹੀ ਅਜਿਹਾ ਦੇਸ਼ ਹੈ ਜਿਥੇ ਭੀੜ ਨੂੰ ਕਾਬੂ ਕਰਨ ਲਈ ਲਾਠੀ ਵਰਤੀ ਜਾਂਦੀ ਹੈ।

ਲਾਠੀ ਸ਼ਬਦ ਕਈ ਹੋਰ ਭਾਸ਼ਾਵਾਂ ਵਿਚ ਵੀ ਪੁੱਜ ਗਿਆ ਹੈ। ਪੁਲਸੀਆਂ ਨੂੰ ਲਾਠੀ ਚਾਰਜ ਦੀ ਬਾਕਾਇਦਾ ਟਰੇਨਿੰਗ ਦਿਤੀ ਜਾਂਦੀ ਹੈ। ਪੁਲਸੀਆਂ ਦੀ ਤਾਂ ਸ਼ਾਨ ਹੀ ਪੇਟੀ, ਸੀਟੀ ਤੇ ਲਾਠੀ ਹੈ। ਜਨਤਾ ਵਿਚਾਰੀ ਕਹਿੰਦੀ ਰਹੇ 'ਲਾਠੀ ਗੋਲੀ ਦੀ ਸਰਕਾਰ, ਨਹੀਂ ਚਲੇਗੀ, ਨਹੀਂ ਚਲੇਗੀ', ਅਗਲੇ ਲਾਠੀ ਦੇ ਬਲਬੂਤੇ ਆਪਣਾ ਹੱਛਾ ਰੱਜ ਕੇ ਰਾਜ ਕਮਾਈ ਜਾਂਦੇ ਹਨ। ਇਕ ਵਾਰੀ ਦਿੱਲੀ ਵਿਚ ਰਹਿੰਦੇ ਇਕ ਵਿਦੇਸ਼ੀ ਦੂਤ ਨੇ ਕਿਹਾ ਸੀ, "ਲਾਠੀ ਭਵਿਖ ਦਾ ਹਥਿਆਰ ਹੋ ਸਕਦੀ ਹੈ। ਮੈਨੂੰ ਪੱਕਾ ਯਕੀਨ ਹੈ ਕਿ ਲਾਠੀ ਦੇ ਅੰਦਰਵਾਰ ਕੋਈ ਜ਼ਬਰਦਸਤ ਤਕਨੀਕ ਵਾਲਾ ਸੈਂਸਰ ਲੱਗਾ ਹੋਇਆ ਹੈ ਕਿਉਂਕਿ ਜਦ ਵੀ ਕਿਤੇ ਬੰਬ ਚਲ ਜਾਵੇ, ਕਿਸੇ ਦਾ ਕਤਲ ਹੋ ਜਾਏ ਜਾਂ ਕੋਈ ਦੁਰਘਟਨਾ ਹੋ ਗਈ ਹੋਵੇ, ਪੁਲਸੀਆ ਲਾਠੀ ਲੈ ਕੇ ਫੌਰਨ ਮੌਕੇ 'ਤੇ ਪਹੁੰਚਿਆ ਹੁੰਦਾ ਹੈ।" ਹੈਰਾਨੀ ਵਾਲੀ ਗੱਲ ਹੈ ਕਿ ਲੱਕੜ ਦਾ ਇਹ ਲੰਬਾ ਟੁਕੜਾ ਜਟਿਲ ਤੋਂ ਜਟਿਲ ਕੇਸਾਂ ਨੂੰ ਝਟ ਸੁਲਝਾ ਲੈਂਦਾ ਹੈ। ਲਾਠੀ ਤਾਂ ਅੰਨ੍ਹੇ ਦੀ ਵੀ ਨਹੀਂ ਮਾਣ।

ਅਹਿੰਸਾਵਾਦੀ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ ਜੀਵਨ ਭਰ ਲਾਠੀ ਆਪਣੇ ਕੋਲ ਰੱਖੀ। ਕਈ ਆਪਣੀ ਲਾਠੀ ਨੂੰ ਪਾਲਤੂ ਜਾਨਵਰਾਂ ਵਾਂਗ ਖੂਬ ਪਾਲਦੇ ਪੋਸਦੇ ਹਨ। ਉਹ ਇਸ ਨੂੰ ਤੇਲ ਪਿਲਾਉਂਦੇ, ਰੇਸ਼ਮੀ ਕਪੜੇ ਪਹਿਨਾਉਂਦੇ ਤੇ ਸਿਰਿਆਂ 'ਤੇ ਸੰਮ ਜੜਵਾਉਂਦੇ ਹਨ। ਕਈ ਤਾਂ ਇਸ ਦਾ ਮਾਣ ਕਰਦੇ ਕਰਦੇ ਅਭਿਮਾਨ ਹੀ ਕਰਨ ਲਗਦੇ ਹਨ ਤੇ ਅਕਸਰ ਮੂੰਹ ਦੀ ਖਾ ਲੈਂਦੇ ਹਨ। ਬੱਸ ਇਕ ਪਾਣੀ ਹੀ ਹੈ ਜੋ ਲਾਠੀ ਮਾਰਿਆਂ ਅਲੱਗ ਨਹੀਂ ਹੋ ਸਕਦਾ ਜਿਸ ਤੋਂ ਲੋਕਾਂ ਦੀ ਭਰਪੂਰ ਇਕਮੁਠਤਾ ਦੀ ਸ਼ਕਤੀਮਾਨਤਾ ਦਾ ਪਤਾ ਚਲਦਾ ਹੈ। ਸੈਫ-ਉਲ-ਮਲੂਕ ਦੇ ਕਰਤਾ ਮੀਆਂ ਮੁਹੰਮਦ ਬਖਸ਼ ਨੇ ਆਪਣੀ ਰਚਨਾ ਦਾ ਮਨੋਰਥ ਇਹ ਦੱਸਿਆ ਹੈ:

ਬਾਤ ਮਿਜ਼ਾਜ਼ੀ, ਰਮਜ਼ ਹੱਕਾਨੀ, ਵੰਨ ਵੰਨਾਂ ਦੀ ਕਾਠੀ।

'ਸਫ਼ਰ-ਉਲ-ਇਸ਼ਕ' ਕਿਤਾਬ ਬਣਾਈ, ਸੈਫ਼ ਛੁਪੀ ਵਿਚ ਲਾਠੀ।

ਗਿਆਨ ਹੁੰਦਾ ਹੈ ਕਿ ਲਾਠੀ ਵਿਚ ਜੇ ਸਿਧੀ ਤਲਵਾਰ ਛੁਪੀ ਹੋਵੇ ਤਾਂ ਇਹ ਗੁਪਤ ਢੰਗ ਨਾਲ ਕਿੰਨੀ ਘਾਤਕ ਹੋ ਸਕਦੀ ਹੈ। ਮਤਲਬ ਲਾਠੀ ਹਥਿਆਰ ਵੀ ਹੈ ਤੇ ਆਸਰਾ ਵੀ। ਲਾਠੀ ਦੇ ਕਈ ਗੁਣ ਅਤੇ ਲੱਛਣ ਇਸ ਦੇ ਨਿੱਕੇ ਵੱਡੇ ਭੈਣ-ਭਰਾਵਾਂ ਜਿਵੇਂ ਡਾਂਗ, ਸੋਟਾ, ਡੰਡਾ ਆਦਿ ਵਿਚ ਵੀ ਵਿਦਮਾਨ ਹਨ। ਮਿਸਾਲ ਵਜੋਂ ਡਾਂਗ ਵੀ ਸੰਮਾਂ ਵਾਲੀ ਹੁੰਦੀ ਹੈ ਤੇ ਲਾਠੀ ਵੀ; ਡੰਡਾ ਪਰੇਡ ਕੀਤੀ ਜਾਂਦੀ ਹੈ ਤੇ ਲਾਠੀ ਚਾਰਜ, ਧੱਕਾ ਕਰਨ ਲਈ ਠਾਹ ਸੋਟਾ ਮਾਰਿਆ ਜਾਂਦਾ ਹੈ, ਟਾਕਰੇ 'ਤੇ ਲੱਠ ਮਾਰ ਵੀ ਇਹੋ ਕਰਦੇ ਹਨ। ਅੱਜ ਲਾਠੀ ਦੇ ਭੈਣਾਂ ਭਰਾਵਾਂ ਦੀ ਬਹੁਤੀ ਗੱਲ ਨਹੀਂ ਕਰਦੇ, ਇਨ੍ਹਾਂ ਸ਼ਬਦਾਂ ਦੀ ਸਾਰ ਕਿਸੇ ਹੋਰ ਵੇਲੇ ਲਵਾਂਗੇ। ਲਗਦੇ ਹੱਥ ਅੰਗਰੇਜ਼ੀ ਸ਼ਬਦ rule ਦੀ ਉਦਾਹਰਣ ਥਾਂ-ਸਿਰ ਹੈ, rule ਦਾ ਅਰਥ ਰਾਜ ਕਰਨਾ ਵੀ ਹੈ ਤੇ ਲਾਠੀ ਵੀ। ਸਕੂਲੀ ਦੌਰ ਵਿਚ ਮਾਸਟਰਾਂ ਤੋਂ ਰੂਲਾਂ ਦੀ ਬਥੇਰੀ ਮਾਰ ਖਾਧੀ ਹੈ। ਉਂਜ ਲਾਠੀ ਨਾਲੋਂ ਡਾਂਗ ਪੰਜਾਬ ਦੇ ਖਾੜਕੂ ਸੁਭਾਅ ਦੇ ਵਧੇਰੇ ਅਨੁਕੂਲ ਹੈ।



ਸਭ ਜਾਣਦੇ ਹੀ ਹਨ, ਲਾਠੀ ਛੇ ਸੱਤ ਫੁੱਟ ਲੰਬਾ ਡੰਡਾ, ਡਾਂਗ ਜਾਂ ਸੋਟਾ ਹੀ ਹੈ ਜੋ ਆਮ ਤੌਰ 'ਤੇ ਵਾਂਸ ਜਾਂ ਬੈਂਤ ਦਾ ਘੜਿਆ ਹੁੰਦਾ ਹੈ। ਭਾਰਤ ਵਿਚ ਇਸ ਹਥਿਆਰ ਦੀ ਵਰਤੋਂ ਸਦੀਆਂ ਤੋਂ ਹੁੰਦੀ ਆਈ ਹੈ ਭਾਵੇਂ ਸ਼ਬਦ ਹੋਰ ਵੀ ਸਨ। ਕਈ ਸ੍ਰੋਤ ਲਾਠੀ ਸ਼ਬਦ ਨੂੰ ਸੰਸਕ੍ਰਿਤ 'ਯਸ਼ਟਿ' ਤੋਂ ਬਣਿਆ/ਵਿਗੜਿਆ ਦਸਦੇ ਹਨ। 'ਮਹਾਨ ਕੋਸ਼' ਨੇ ਲਾਠੀ ਦਾ ਅਰਥ 'ਸੋਟੀ, ਯਸ਼ਟਿ' ਦੱਸਿਆ ਹੈ। ਕੋਸ਼ਕਾਰੀ ਦਾ ਮੁਢਲਾ ਅਸੂਲ ਹੈ ਕਿ ਕਿਸੇ ਸ਼ਬਦ ਦਾ ਅਰਥ ਆਮ ਜਾਣੇ ਜਾਂਦੇ ਸ਼ਬਦਾਂ ਨਾਲ ਦੇਣਾ ਚਾਹੀਦਾ ਹੈ। ਭਲਾ ਯਸ਼ਟਿ ਸ਼ਬਦ ਪੰਜਾਬੀ ਵਿਚ ਕਦੋਂ ਵਰਤਿਆ ਜਾਂਦਾ ਹੈ? ਖੈਰ ਯਸ਼ਟਿ ਦਾ ਅਲੱਗ ਇੰਦਰਾਜ ਵੀ ਇਸ ਕੋਸ਼ ਵਿਚ ਮੌਜੂਦ ਹੈ। 'ਮਹਾਨ ਕੋਸ਼' ਸਮੇਤ ਬਹੁਤ ਸਾਰੇ ਕੋਸ਼ਾਂ ਵਿਚ ਯਸ਼ਟਿ ਦੇ ਕੁਝ ਅਰਥ ਇਸ ਤਰ੍ਹਾਂ ਦੇ ਹਨ, ਸੋਟਾ, ਛੜੀ, ਡੰਡਾ, ਡਾਂਗ; ਵੰਝ; ਥੰਮ੍ਹ, ਪੰਛੀਆਂ ਦੇ ਬੈਠਣ ਦਾ ਅੱਡਾ; ਝੰਡੇ ਦਾ ਡੰਡਾ; ਤਣਾ, ਟਹਿਣੀ; ਫਾਲ; ਬਰਛਾ; ਧਾਗਾ, ਡੋਰ, ਲੜੀ, ਮੋਤੀਆਂ ਦਾ ਹਾਰ; ਮੁਲੱਠੀ; ਗੰਨਾ; ਬਾਂਹ; ਤੱਕੜੀ ਦੀ ਡੰਡੀ ਆਦਿ। ਗੌਰ ਕਰੋ ਕਿ ਸਭ ਅਰਥ ਡੰਡੇਨੁਮਾ ਚੀਜ਼ ਵੱਲ ਹੀ ਸੰਕੇਤ ਕਰਦੇ ਹਨ। ਯਸ਼ਟਿ ਦਾ ਪਾਲੀ ਅਤੇ ਪ੍ਰਾਕ੍ਰਿਤ ਵਿਚ ਰੂਪ ਹੋਇਆ ਲੱਠੀ ਜਾਂ ਲਠਿਕਾ। ਭਾਰਤ ਦੀਆਂ ਕਈ ਬੋਲੀਆਂ ਵਿਚ ਥੋੜ੍ਹੇ ਬਹੁਤੇ ਫਰਕ ਨਾਲ ਇਸ ਦੇ ਹੋਰ ਰੁਪਾਂਤਰ ਮਿਲਦੇ ਹਨ ਤੇ ਕਈਆਂ ਦੇ ਆਪਣੇ ਵਿਸ਼ੇਸ਼ ਵਿਕਸਿਤ ਅਰਥ ਵੀ ਹਨ। ਮਿਸਾਲ ਵਜੋਂ ਕੋਹਲੂ ਦਾ ਪੀੜਨ ਵਾਲਾ ਡੰਡਾ। ਲਾਠੀ ਸ਼ਬਦ ਦਾ ਇਕ ਰੂਪ ਲੱਠ ਵੀ ਹੈ ਜੋ ਲੋਹੇ ਦੀ ਮੋਟੀ ਸਲਾਖ ਹੁੰਦੀ ਹੈ, ਖਾਸ ਤੌਰ 'ਤੇ ਹਲਟ ਦੀ ਲੱਠ। ਇਸ ਦਾ ਇਕ ਹੋਰ ਰੂਪ ਹੈ ਲਾਠ ਜਿਵੇਂ ਕੁਤਬ ਦੀ ਲਾਠ। ਇਕ ਪ੍ਰਕਾਰ ਦੇ ਮੋਟੇ ਕਪੜੇ ਨੂੰ ਲੱਠਾ ਕਿਹਾ ਜਾਂਦਾ ਹੈ। ਲੱਠਾ ਦਾ ਇਕ ਅਰਥ ਅਸਭਿਅ, ਲੁੱਚਾ ਵੀ ਹੈ, 'ਰਹਿਨ ਨ ਗਨਕਾ ਵਾਵਿਅਹੁ ਵੇਕਰਮੀ ਲੱਠੇ'।

ਯਸ਼ਟਿ ਸ਼ਬਦ ਦੀ 'ਯ' ਧੁਨੀ 'ਲ' ਧੁਨੀ ਵਿਚ ਬਦਲੀ ਹੈ। 'ਯ' ਦਾ 'ਲ' ਵਿਚ ਬਦਲਨਾ ਇਕ ਅਨੋਖੀ ਮਿਸਾਲ ਹੈ। ਯਸ਼ਟਿ ਸ਼ਬਦ ਯਜੁ ਧਾਤੂ ਤੋਂ ਬਣਿਆ ਹੈ ਜਿਸ ਵਿਚ ਪੂਜਾ, ਆਹੂਤੀ, ਸਤਿਕਾਰ ਆਦਿ ਪ੍ਰਗਟ ਕਰਨ ਦੇ ਭਾਵ ਹਨ। ਯੱਗ ਦੀ ਪਵਿਤਰ ਅਗਨੀ ਵਿਚ ਸੁੱਕੀਆਂ ਟਹਿਣੀਆਂ ਡਾਹੀਆਂ ਜਾਂਦੀਆਂ ਸਨ। ਅਜਿਤ ਵਡਨੇਰਕਰ ਦਾ ਵਿਚਾਰ ਹੈ ਕਿ ਸੰਭਵ ਹੈ, ਹਵਨ ਸਮੱਗਰੀ ਦੇ ਤੌਰ 'ਤੇ ਯਜੁ ਤੋਂ ਯਸ਼ਟਿ ਸ਼ਬਦ ਬਣਿਆ ਹੋਵੇ। ਮੈਨੂੰ ਇੰਜ ਵੀ ਲਗਦਾ ਹੈ ਕਿ ਸ਼ਾਇਦ ਮੁਢਲੇ ਤੌਰ 'ਤੇ ਯੱਗ ਦੀ ਅਗਨੀ ਫਰੋਲਣ ਵਾਲੀ ਟਹਿਣੀ ਨੂੰ ਯਸ਼ਟਿ ਦਾ ਨਾਮ ਮਿਲਿਆ। ਕੁਝ ਵੀ ਹੋਵੇ ਏਨਾ ਜ਼ਰੂਰ ਹੈ ਕਿ ਯਸ਼ਟਿ ਦਾ ਸਬੰਧ ਯੱਗ ਨਾਲ ਹੈ। ਇਸ ਮੂਲ ਤੋਂ ਬਣੇ ਲਗਭਗ ਇਨ੍ਹਾਂ ਹੀ ਅਰਥਾਂ ਵਾਲੇ ਕੁਝ ਹੋਰ ਸ਼ਬਦ ਵੀ ਹਨ ਪਰ ਪੰਜਾਬੀ ਵਿਚ ਬਹੁਤ ਘਟ ਦਾਖਲ ਹੋਏ ਹਨ। ਯਸ਼ਟਿ-ਮਧੂ ਦਾ ਅਰਥ ਹੈ ਮੁਲੱਠੀ। ਖੁਦ ਮੁਲੱਠੀ ਸ਼ਬਦ ਮੂਲ+ਯਸ਼ਟਿ ਦਾ ਵਿਕਸਿਤ ਰੂਪ ਹੈ। ਜਾਠ ਸ਼ਬਦ ਦਾ ਅਰਥ ਹੈ ਕੋਹਲੂ ਦਾ ਡੰਡਾ ਅਤੇ ਤਲਾਬ ਵਿਚ ਗੱਡਿਆ ਡੰਡਾ (ਪਾਣੀ ਦੀ ਉਚਾਈ ਨਾਪਣ ਲਈ)। ਕੁਝ ਕੋਸ਼ਾਂ ਵਿਚ ਇਕੋ ਪ੍ਰਕਾਰ ਦੀਆਂ ਚੀਜ਼ਾਂ ਦੀ ਪੰਕਤੀ ਲਈ ਵਰਤਿਆ ਜਾਂਦਾ ਸ਼ਬਦ ਲੜ ਜਾਂ ਲੜੀ ਵੀ ਇਸ ਤੋਂ ਵਿਕਸਿਤ ਹੋਇਆ ਦੱਸਿਆ ਗਿਆ ਹੈ: ਯਸ਼ਟਿ >ਲੱਠਿ > ਲੜੀ। ਇਸ ਵਿਚ ਤਰਕ ਜਾਪਦਾ ਹੈ ਪਰ ਹਿੰਦੀ 'ਸ਼ਬਦਸਾਗਰ' ਨੇ ਤਾਂ ਜੱਟ ਸ਼ਬਦ ਵੀ ਏਥੋਂ ਹੀ ਕਢ ਮਾਰਿਆ ਹੈ। ਇਸ ਨੂੰ ਅਟਕਲ ਹੀ ਕਿਹਾ ਜਾਵੇਗਾ: ਯਸ਼ਟਿ > ਯਾਦਵ > ਜਾਦਵ > ਜਾਡਵ > ਜਾਡਅ > ਜਾਟਅ > ਜਾਟ > ਜੱਟ। ਸ਼ਾਇਦ ਜੱਟ ਦੇ ਲੱਠਮਾਰ ਗੁਣ ਤੋਂ ਇਹ ਸੰਕੇਤ ਮਿਲਿਆ ਹੋਵੇ। ਇਹ ਤਾਂ 'ਜਾਟ ਰੇ ਜਾਟ ਤੇਰੇ ਸਿਰ ਪੇ ਖਾਟ' ਵਾਲੀ ਗੱਲ ਹੀ ਲਗਦੀ ਹੈ।

---

ਮੈਂ ਉਦੋਂ ਸ਼ਾਇਦ ਦੂਜੀ ਤੀਜੀ ਵਿਚ ਹੀ ਪੜ੍ਹਦਾ ਸਾਂ। ਇਕ ਦਿਨ ਮੈਂ ਤੇ ਮੇਰਾ ਜਮਾਤੀ ਅਮਰਜੀਤ ਠੇਲਾ ਸਾਡੇ ਕੋਠੇ 'ਤੇ ਖੇਡ ਰਹੇ ਸਾਂ। ਅਚਾਨਕ ਅਸੀਂ ਬੁਝਣ ਵਾਲੀਆਂ ਬਾਤਾਂ (ਬੁਝਾਰਤਾਂ) ਪਾਉਣ ਲੱਗ ਪਏ। ਫਿਰ ਸਾਨੂੰ ਕੀ ਸੁਝੀ ਕਿ ਆਪਾਂ ਆਪਣੇ ਕੋਲੋਂ ਬਾਤਾਂ ਘੜੀਏ। ਮੈਨੂੰ ਉਸ ਵੇਲੇ ਦੀ ਸਿਰਫ ਇਕੋ ਬਾਤ ਚੇਤੇ ਹੈ ਜੋ ਅਮਰਜੀਤ ਠੇਲੇ ਨੇ ਘੜੀ ਸੀ। ਉਸ ਨੇ ਬਾਤ ਪਾਈ, "ਕਈ ਸੌ ਲਾਠੀਆਂ, ਸੇਬਾ ਖੋਲ੍ਹੇ ਪਾਟੀਆ।" ਮੈਂ ਸੋਚ ਸੋਚ ਕੇ ਕਈ ਜਵਾਬ ਦਿੱਤੇ ਪਰ ਠੇਲੇ ਅਨੁਸਾਰ ਕੋਈ ਵੀ ਉਸ ਦੀ ਬਾਤ ਦਾ ਸਹੀ ਜਵਾਬ ਨਹੀਂ ਸੀ। ਆਖਰ ਮੈਂ ਹਾਰ ਮੰਨ ਲਈ ਤੇ ਪੁਛਿਆ ਕਿ ਆਪ ਹੀ ਦੱਸ ਕੀ ਹੈ। ਉਸ ਨੇ ਮੁਸ਼ਕੜੀਆਂ ਵਿਚ ਹੱਸਦਿਆਂ ਕੋਠੇ ਦੇ ਇਕ ਖੂੰਜੇ ਵੱਲ ਉਂਗਲੀ ਕਰਦਿਆਂ ਕਿਹਾ, "ਔਹ ਕੀ ਹੈ?" ਮੈਂ ਉਧਰ ਝਾਕਦਿਆਂ ਸ਼ਰਮਿੰਦਾ ਜਿਹਾ ਹੋ ਗਿਆ, ਉਹ ਤਾਂ ਝਾੜੂ ਸੀ। ਅੱਜ ਵੀ ਮੈਂ ਠੇਲੇ ਦੀ ਬੁਧੀ ਬਾਰੇ ਸੋਚ ਕੇ ਦੰਗ ਰਹਿ ਜਾਂਦਾ ਹਾਂ ਜੋ ਉਂਜ ਪੜ੍ਹਾਈ ਵਿਚ ਉਹ ਮਹਾਂ ਨਲਾਇਕ ਸੀ।

# ਟੁੱਟਦੇ ਤਾਰਿਆਂ ਦੀ ਚੀਖ

(ਪਿਛਲੇ ਸਫੇ ਦੀ ਬਾਕੀ)

ਨਿੱਕੇ ਜਿਹੇ ਦਿਲ ਨੇ ਕਿਹੋ ਜਿਹਾ ਸੁਪਨਾ ਉਸ ਦੀ ਛਾਤੀ ਵਿਚ ਬੀਜ ਦਿੱਤਾ ਸੀ...ਉਹ ਵੀ ਇਸ ਉਮਰੇ...'ਬੁੱਢੇ ਵਾਰੇ ਜੁਆਨੀ,' ਨੂੰਹ ਦੀ ਗੱਲ ਉਸ ਨੂੰ ਯਾਦ ਆਈ। ਜੀਤੋ ਨੂੰ ਤਾਂ ਸ਼ਾਇਦ ਜੁਆਨੀ ਚੜ੍ਹੀ ਹੀ ਨਹੀਂ। ਕਈ ਵਾਰ ਉਸ ਨੇ ਉਠ ਕੇ ਅੰਦਰ ਜਾਣ ਦਾ ਮਨ ਬਣਾਇਆ, ਜੀਤੋ ਨੂੰ ਦੇਖਣ ਲਈ ਵਾਰ ਵਾਰ ਉਸ ਦਾ ਧਿਆਨ ਅੰਦਰ ਜਾਂਦਾ ਤੇ ਹਰ ਵਾਰ ਕਿਚਨ ਵਿਚ ਕੰਮ ਕਰਦੀ ਜੀਤੋ ਬਾਰੇ ਸੋਚ ਕੇ ਉਸ ਦੀਆਂ ਅੱਖਾਂ ਸਿਲ੍ਹੀਆਂ ਹੋ ਜਾਂਦੀਆਂ ਪਰ ਉਹ ਚਾਹੁੰਦਿਆਂ ਵੀ ਲਾਅਨ ਚੇਅਰ ਤੋਂ ਉਠ ਨਾ ਸਕਿਆ। ਜਵਾਬ ਦਿੰਦਾ ਜਾ ਰਿਹਾ ਸਰੀਰ ਤੇ ਸੁਪਨੇ ਤਾਰਿਆਂ ਦੇ, ਸੱਚਮੁੱਚ ਹੀ ਜਿਵੇਂ ਬੁੱਢੇ ਵਾਰੇ ਉਹ ਠਰਕ ਗਿਆ ਸੀ।

ਕਈ ਵਾਰ ਉਸ ਨੂੰ ਖਿਆਲ ਆਇਆ ਕਿ ਸ਼ਾਇਦ ਉਸ ਨੂੰ ਅੰਦਰੋਂ ਕੋਈ ਲੱਭਦਾ-ਲੱਭਦਾ ਬਾਹਰ ਆ ਜਾਵੇਗਾ। ਉਸ ਦੇ ਪੁੱਤਾਂ ਵਿਚੋਂ ਕੋਈ ਇੱਜ਼ਤ ਨਾਲ ਅੰਦਰ ਲੈ ਜਾਵੇਗਾ...ਪਰ ਐਨੀ ਰੌਣਕ ਵਿਚ ਉਸ ਨੂੰ ਪੁੱਛਣ ਵਾਲਾ ਉਥੇ ਕੋਈ ਨਹੀਂ ਸੀ। 'ਪਤਾ ਨਹੀਂ ਜੀਤੋ ਹੀ ਆ ਜਾਵੇ...ਜੀਅ ਭਰ ਕੇ ਮੈਂ ਜੀਤੋ ਨਾਲ ਗੱਲਾਂ ਕਰਾਂਗਾ...ਜੇ ਉਹ ਦੇਸ ਮੁੜਨਾ ਚਾਹੁੰਦੀ ਆ...ਬੱਸ ਮੈਂ ਉਸ ਨੂੰ ਇਥੋਂ ਲੈ ਜਾਵਾਂਗਾ...ਹੁਣ ਤਾਂ ਜਿਹੜੇ ਚਾਰ ਦਿਨ ਜੀਣੇ ਆ ਬੱਸ ਇਕੱਠਿਆਂ ਨੇ...।' ਜਿਵੇਂ ਉਹ ਜੀਤੋ ਨਾਲ ਵਾਅਦਾ ਕਰ ਰਿਹਾ ਹੋਵੇ। ਕਈ ਤਰ੍ਹਾਂ ਦੀਆਂ ਸੋਚਾਂ ਉਸ ਦੇ ਦਿਮਾਗ ਵਿਚ ਘੁੰਮਦੀਆਂ ਰਹੀਆਂ। ਅੱਜ ਉਸ ਦਾ ਸ਼ਰਾਬ ਪੀਣ ਨੂੰ ਚਿੱਤ ਕੀਤਾ ਸੀ ਕਈ ਦਿਨਾਂ ਬਾਅਦ। ਪਹਿਲਾਂ ਪਹਿਲਾਂ ਉਹ ਰੋਜ਼ ਹੀ ਦੋ ਪੈਗ ਪੀ ਕੇ ਸੌਂ ਜਾਂਦਾ, ਪਰ ਪਿਛਲੇ ਕਈ ਦਿਨਾਂ ਤੋਂ ਸ਼ਰਾਬ ਨੂੰ ਵੀ ਜੀਅ ਨਾ ਕਰਦਾ। ਕਿੰਨੀ ਕਿੰਨੀ ਰਾਤ ਤੱਕ ਉਹ ਨੇੜੇ ਵਾਲੇ ਬੈਡ 'ਤੇ ਪਈ ਜੀਤੋ ਦੇ ਹੌਕੇ ਸੁਣਦਾ ਰਹਿੰਦਾ। ਇਹ ਹੌਕੇ ਉਸ ਨੂੰ ਪਹਿਲਾਂ ਕਿਉਂ ਨਹੀਂ ਸੁਣਾਈ ਦਿੱਤੇ...ਹੁਣ ਉਮਰਾਂ ਦੇ ਜੰਗਲ ਤਾਂ ਉਹ ਦੋਵੇਂ ਪਾਰ ਕਰ ਚੁੱਕੇ ਸਨ ਤੇ ਬਾਕੀ ਬਚੇ ਚਹੁੰ ਦਿਨਾਂ ਵਿਚ ਘਰ ਵਾਲੀ ਨੂੰ ਕਿਹੜਾ ਸੁੱਖ ਦੇ ਸਕੇਗਾ...। ਕਿਸ਼ਨ ਸਿੰਘ ਨੂੰ ਜਾਪਿਆ ਜਿਵੇਂ ਉਸ ਦਾ ਸਿਰ ਫਟ ਜਾਵੇਗਾ। ਲੰਮਾ ਪਿਆ ਹੀ ਉਹ ਘਰ ਦੇ ਅੰਦਰਲੇ ਰੌਲੇ-ਰੱਪੇ ਬਾਰੇ ਸੋਚੀ ਜਾ ਰਿਹਾ ਸੀ। 'ਘਰ ਕਾਹਦਾ ਕੋਠਾ ਬਣਾਇਆ ਪਿਆ ਕੰਜਰਾਂ ਨੇ, ਕੁੜੀਆਂ-ਮੁੰਡੇ ਬੇਸ਼ਰਮਾਂ ਵਾਂਗ ਟੱਪੀ ਜਾਂਦੇ ਆ...ਮੂਲੋਂ ਈ ਸ਼ਰਮ ਲਾਹ'ਤੀ...ਜੁਆਨੀ ਜਿਵੇਂ ਇਨ੍ਹਾਂ 'ਤੇ ਈ ਆਈ ਆ?'

ਜੁਆਨੀ ਸ਼ਬਦ ਸੋਚਦਿਆਂ ਹੀ ਉਸ ਦੀ ਸੋਚ ਪਿੱਛੇ ਮੁੜ ਗਈ ਤੇ ਉਹ ਜੁਆਨੀ ਦੇ ਉਨ੍ਹਾਂ ਪਲਾਂ ਨੂੰ ਲੱਭਣ ਲੱਗ ਪਿਆ ਜਦੋਂ ਜੀਤੋ ਕਦੀ ਹੱਸਿਆ ਕਰਦੀ ਸੀ। ਅਜਿਹਾ ਕੋਈ ਵੀ ਪਲ ਉਸ ਨੂੰ ਯਾਦ ਨਾ ਆਇਆ। ਬੇਬੇ ਤੋਂ ਡਰਦੀ ਤਾਂ ਉਹ ਕਦੀ ਉਚਾ ਬੋਲੀ ਵੀ ਨਹੀਂ ਸੀ...ਅੱਜ-ਕੱਲ੍ਹ ਦੀਆਂ ਕੁੜੀਆਂ ਨੂੰ ਹਿੜ-ਹਿੜ ਕਰਦੀਆਂ ਦੇਖ ਕੇ ਉਸ ਨੂੰ ਕਈ ਵਾਰ ਗੁੱਸਾ ਆ ਜਾਂਦਾ। ਉਸ ਦੀ ਛੋਟੀ ਨੂੰਹ ਤਾਂ ਜਿਵੇਂ ਸਦਾ ਹੀ ਹੱਸਣ ਦਾ ਬਹਾਨਾ ਲੱਭਦੀ ਫਿਰਦੀ। "ਐਨਾ ਹਾਸਾ ਵੀ ਕੀ ਕਹੁ...ਨਾ ਟੈਮ ਦੇਖਦੀ ਆ ਨਾ ਥਾਂ।" ਉਹ ਜੀਤੋ ਨੂੰ ਖਿਝ ਕੇ ਕਈ ਵਾਰ ਦੱਸਦਾ।

"ਚਲੋ ਜੀ ਜੁਆਕਾਂ ਦੇ ਦਿਨ ਆ ਖੇਲਣ-ਹੱਸਣ ਦੇ।" ਜੀਤੋ ਦੇ ਇਸ ਸਾਧਾਰਨ ਜਿਹੇ ਜੁਆਬ 'ਤੇ ਉਹ ਆਪੇ ਹੀ ਝੂਠਾ ਜਿਹਾ ਹੋ ਜਾਂਦਾ। ਜਿਵੇਂ ਉਹ ਮਿਹਣਾ ਮਾਰ ਰਹੀ ਹੋਵੇ।

'ਹੋਰ ਤੇਰੇ ਵਾਂਗ ਹੋਣ, ਸਾਰੀ ਉਮਰ ਹੰਝੂਆਂ ਤੋਂ ਬਿਨਾਂ ਹੋਰ ਕੁਝ ਨ੍ਹੀਂ ਦਿੱਤਾ।' ਕਿਸ਼ਨ ਸਿੰਘ ਨੂੰ ਯਾਦ ਆਇਆ ਫੌਜ ਵਿਚੋਂ ਮੁੜਨ ਬਾਅਦ ਇਕ ਵਾਰ ਜੀਤੋ ਕਿਸੇ ਵਿਆਹ 'ਤੇ ਸ਼ਾਇਦ ਸਹੇਲੀਆਂ ਦੇ ਆਖੇ ਨੱਚਣ ਚਲੀ ਗਈ ਸੀ। ਬੇਬੇ ਤੋਂ ਚੋਰੀ...ਤੇ ਉਸ ਰਾਤ ਦਾ ਕੁੱਟ ਕਟਾਪਾ...ਉਸ ਰਾਤ ਦਾ ਉਹ ਦ੍ਰਿਸ਼ ਯਾਦ ਕਰਕੇ ਕਿਸ਼ਨ ਸਿੰਘ ਆਪ ਹੀ ਕੰਬ ਗਿਆ। ਅੱਜ ਉਸ ਦੀਆਂ ਅੱਖਾਂ ਸਾਹਮਣੇ ਨੱਚਦੇ-ਟੱਪਦੇ ਉਸ ਦੇ ਟੱਬਰ ਦੇ ਜੀਅ, ਉਸ ਦੀਆਂ ਨੂੰਹਾਂ...ਅੱਜ ਜੀਤੋ ਕੀ ਸੋਚਦੀ ਹੋਵੇਗੀ... ਸ਼ਾਇਦ ਉਸ ਦੇ ਬੁੱਢੇ ਹੱਡਾਂ ਨੂੰ ਅੱਜ ਵੀ ਕਿਸ਼ਨ ਸਿੰਘ ਦੇ ਹੱਥਾਂ ਦੀ ਪੁਰਾਣੀ ਮਾਰ ਕੁੱਟ ਯਾਦ ਆਉਂਦੀ ਹੋਵੇਗੀ...। ਉਸ ਦੀ ਹਿੱਕ ਦੇ ਆਰ-ਪਾਰ ਕੁਸ਼ ਚੀਰਿਆ ਗਿਆ ਤੇ ਸੀਨੇ ਵਿਚ ਉਗੀਆਂ ਦੋਵੇਂ ਅੱਖਾਂ ਤਿੱਪ-ਤਿੱਪ ਕਰਕੇ ਚੋ ਗਈਆਂ।

"ਕਿੰਨਾ ਚੰਗਾ ਹੁੰਦਾ ਜੇ ਜੀਤੋ ਬਾਹਰ ਨੂੰ ਆ ਜਾਂਦੀ, ਦੋ ਘੜੀਆਂ ਕੋਲ ਬੈਠ ਜਾਂਦੀ...ਘੱਟੋ-ਘੱਟ ਉਸ ਨੂੰ ਤਾਂ ਮਹਿਸੂਸ ਹੋਣਾ ਚਾਹੀਦੈ ਕਿ ਮੈਂ ਅੰਦਰ ਨ੍ਹੀਂ ਹਾਂ।" ਕਿਸ਼ਨ ਸਿੰਘ ਨੇ ਅੰਦਰੋਂ ਅੰਦਰ ਜੀਤੋ ਨਾਲ ਗੱਲ ਜਿਹੀ ਕੀਤੀ। ਘਰ ਦਾ ਪਿਛਲਾ ਦਰਵਾਜ਼ਾ ਖੁਲ੍ਹਿਆ, ਹਵਾ ਦੇ ਬੁੱਲ੍ਹੇ ਵਾਂਗ ਸੰਗੀਤ ਉਸ ਦੇ ਕੰਨਾਂ ਦੇ ਆਰ-ਪਾਰ ਲੰਘ ਗਿਆ। ਦਿਲ ਹੀ ਦਿਲ ਵਿਚ ਉਸ ਨੇ ਗਾਲ੍ਹ ਕੱਢੀ।

"ਕੰਜਰੋ ਚੈਨ ਨਾਲ ਕਿਸੇ ਨੂੰ ਤਾਂ ਬਹਿਣ ਦਿਓ।"

ਲਾਅਨ ਚੇਅਰ 'ਤੇ ਪਿਆਂ ਹੀ ਉਸ ਨੇ ਸਿਰ ਘੁਮਾ ਕੇ ਘਰ ਵੱਲ ਤੱਕਿਆ। ਕੋਈ ਗੱਭਰੂ ਤੇ ਮੁਟਿਆਰ ਘਰ ਦੇ ਸੱਜੇ ਪਾਸੇ ਬਣੇ ਬਰਾਂਡੇ ਵਿਚ ਖੜੇ ਗੱਲਾਂ ਕਰ ਰਹੇ ਸਨ। ਕੁੜੀ ਦਾ ਛਣਕਦਾ ਹਾਸਾ...ਉਸ ਨੂੰ ਖਿਝ ਜਿਹੀ ਆਈ, "ਆਪਣੇ ਘਰ ਮਰੋ ਜਾ ਕੇ।" ਉਸ ਦੇ ਅੰਦਰਲਾ ਬੁੱਢਾ ਕਿਸ਼ਨ ਸਿੰਘ ਜਿਵੇਂ ਚੀਕ ਕੇ ਬੋਲਿਆ। "ਕਿੰਨਾ ਚੰਗਾ ਹੁੰਦਾ ਜੇ ਇਕ ਵਾਰ ਜੀਤੋ ਵੀ ਇਉਂ...।"

ਉਸ ਦਾ ਨਵਾਂ ਪੁੰਗਰਿਆ ਦਿਲ ਧੜਕਿਆ। ਬਰਾਂਡੇ ਵਿਚ ਖੜ੍ਹੇ ਮੁੰਡਾ ਤੇ ਕੁੜੀ ਗੱਲਾਂ ਵਿਚ ਮਸਤ ਹੱਸੀ ਜਾ ਰਹੇ ਸਨ। ਇਕ ਪਲ ਉਸ ਦਾ ਜੀਅ ਕੀਤਾ ਕਿ ਉਹ ਖੰਗੂਰਾ ਮਾਰੇ...ਆਪਣੀ ਖੂੰਡੀ ਨੂੰ ਸੀਮੈਂਟ ਉਪਰ ਠਕੋਰੇ...ਆਪਣੀ ਹੋਂਦ ਦਾ ਉਨ੍ਹਾਂ ਨੂੰ ਅਹਿਸਾਸ ਕਰਾਵੇ...ਪਰ ਪਤਾ ਨਹੀਂ ਉਹ ਇਉਂ ਨਾ ਕਰ ਸਕਿਆ। ਘਰ ਵਲੋਂ ਮੂੰਹ ਫੇਰ ਕੇ ਉਹ ਐਨਕਾਂ ਦੇ ਮੋਟੇ ਸ਼ੀਸ਼ਿਆਂ ਵਿਚੋਂ ਧੁੰਦਲੇ ਹੋ ਰਹੇ ਅਸਮਾਨ ਵੱਲ ਦੇਖਣ ਲੱਗ ਪਿਆ...ਜਿਵੇਂ ਅਸਮਾਨ ਵਿਚੋਂ ਕਿਸੇ ਤਾਰੇ ਦੇ ਟੁੱਟਣ ਦੀ ਉਡੀਕ ਕਰ ਰਿਹਾ ਹੋਵੇ...।

## ਮਿਰਾਸੀਆਂ ਬਾਰੇ ਹਸਾਉਣੀਆਂ

ਇਕ ਮਿਰਾਸੀ ਦੇ ਚੋਰੀ ਹੋ ਗਈ। ਸਭੋ ਕੁਝ ਚੋਰ ਲੈ ਗਏ। ਕੇਵਲ ਇਕ ਗੜਬੀ ਹੀ ਬਚੀ। ਮਿਰਾਸੀ ਚੋਰੀ ਬਾਰੇ ਰਿਪੋਰਟ ਲਿਖਾਉਣ ਥਾਣੇ ਚਲਾ ਗਿਆ ਤੇ ਗੜਵੀ ਹੱਥ ਵਿਚ ਨਾਲ ਫੜੀ ਲੈ ਗਿਆ। ਜਾ ਕੇ ਰਿਪੋਰਟ ਵਿਚ ਜੋ ਜੋ ਚੋਰੀ ਹੋਇਆ ਸੀ-ਗਹਿਣੇ, ਕੱਪੜੇ ਤੇ ਹੋਰ ਵੀ ਜੋ ਨਿੱਕ-ਸੁੱਕ ਗਿਆ ਸੀ, ਸਭ ਲਿਖਾ ਦਿੱਤਾ। ਫਿਰ ਹੱਥ ਵਿਚ ਫੜੀ ਗੜਵੀ ਅੱਗੇ ਕਰਕੇ ਕਹਿਣ ਲੱਗਾ, "ਨਾਲੇ ਇਹ ਗੜਵੀ ਵੀ ਚੋਰੀ ਹੋ ਗਈ।"

ਥਾਣੇਦਾਰ ਕਹਿਣ ਲੱਗਾ, "ਇਹ ਤਾਂ ਤੂੰ ਆਪਣੇ ਹੱਥ ਵਿਚ ਫੜੀ ਹੋਈ ਏ, ਇਹ ਕਿਵੇਂ ਚੋਰੀ ਹੋ ਗਈ?"

ਮਿਰਾਸੀ ਬੋਲਿਆ, "ਜਨਾਬ ਇਹ ਤਾਂ ਹੁਣ ਤੁਸਾਂ ਰੱਖ ਲੈਣੀ ਏ। ਸਾਡੇ ਭਾਣੇ ਤਾਂ ਇਹ ਚੋਰੀ ਵਰਗੀ ਹੋ ਗਈ ਨਾ!"

---

ਪਿੰਡ ਵਿਚ ਹੜ੍ਹ ਆ ਗਿਆ। ਸਾਰੇ ਲੋਕ ਆਪਣਾ ਆਪਣਾ ਸਮਾਨ ਬਚਾਉਂਦੇ ਭੱਜੇ ਫਿਰਨ। ਇਕ ਪਾਸੇ ਵੱਲ ਪਿੰਡ ਦਾ ਮਿਰਾਸੀ ਰੱਬ ਅੱਗੇ ਹੱਥ ਜੋੜੀ ਖੜ੍ਹਾ ਕਹਿ ਰਿਹਾ ਸੀ, "ਸੱਚੇ ਪਾਤਸ਼ਾਹ, ਸਦਕੇ ਤੇਰੀ ਦਾਤ ਦੇ। ਅੱਜ ਤਾਂ ਤੇਰੀ ਬਖਸ਼ੀ ਗਰੀਬੀ ਦਾ ਸੁਆਦ ਆ ਗਿਐ।"

---

ਮਿਰਾਸੀਆਂ ਦਾ ਇਕ ਮੁੰਡਾ ਸੜਕ ਕਿਨਾਰੇ ਖੜ੍ਹਾ ਸੀ ਕਿ ਇਕ ਜਨਾਜ਼ਾ ਉਧਰੋਂ ਦੀ ਲੰਘਿਆ। ਨਾਲ ਅਲਾਹੁਣੀਆਂ ਅਲਾਈਆਂ ਜਾ ਰਹੀਆਂ ਸਨ, "ਵੇ ਤੂੰ ਓਥੇ ਚਲਿਓਂ ਜਿਥੇ ਲੈਂਪ ਨਾ ਦੀਵਾ, ਲੇਫ ਨਾ ਤਲਾਈ, ਮੰਜਾ ਨਾ ਪੀੜ੍ਹੀ, ਦਾਲ ਨਾ ਰੋਟੀ।"

ਸੁਣ ਕੇ ਮੁੰਡਾ ਭੱਜਾ ਭੱਜਾ ਆਇਆ ਤੇ ਆ ਕੇ ਮਾਂ ਨੂੰ ਕਹਿਣ ਲੱਗਾ, "ਅੰਮਾ, ਬੂਹਾ ਭੇੜ ਲੈ, ਲੋਕ ਮੁਰਦਾ ਸਾਡੇ ਘਰ ਲਈ ਆਉਂਦੇ ਨੇ।"

---

ਇਕ ਮਿਰਾਸੀ ਜਦੋਂ ਆਪਣੀ ਗਾਂ ਚੋਣ ਲੱਗਦਾ ਤਾਂ ਗੁਆਂਢੀ ਦਾ ਖੋਤਾ ਹੀਂਗ ਪੈਂਦਾ। ਤਦ ਗਾਂ ਛਹਿੜ ਜਾਂਦੀ ਤੇ ਦੁੱਧ ਨਾ ਦੇਂਦੀ। ਮਿਰਾਸੀ ਬੜਾ ਤੰਗ ਆਇਆ ਤੇ ਰੋਜ਼ ਦੀ ਅਰਦਾਸ ਕਰਨ ਲੱਗਾ, "ਹੇ ਰੱਬਾ, ਮੇਰੇ ਗੁਆਂਢੀ ਦੇ ਖੋਤੇ ਨੂੰ ਚੁੱਕ ਲੈ।"

ਦੇਵਨੇਤ, ਉਸ ਦੀ ਆਪਣੀ ਗਾਂ ਹੀ ਮਰ ਗਈ। ਕਹਿਣ ਲੱਗਾ, "ਹੇ ਰੱਬਾ, ਇਤਨੇ ਜੁਗ ਹੋ ਗਏ ਤੈਨੂੰ ਦੁਨੀਆਂ 'ਤੇ ਰਾਜ ਕਰਦਿਆਂ ਪਰ ਤੈਨੂੰ ਗਾਂ ਤੇ ਖੋਤੇ ਵਿਚ ਫਰਕ ਨਹੀਂ ਪਤਾ ਲੱਗਾ!"

---

ਇਕ ਮਿਰਾਸੀ ਪਿੰਡ ਦੇ ਉਘੇ ਸਰਦਾਰਾਂ ਦੇ ਘਰ ਜਾ ਬੈਠਾ। ਸਰਦਾਰ ਦਾ ਡਾਕੀਆ ਇਕ ਚਿੱਠੀ ਦੇਣ ਆ ਗਿਆ। ਸਰਦਾਰ ਨੇ ਚਿੱਠੀ ਤਿਪਾਈ 'ਤੇ ਰੱਖ ਦਿੱਤੀ ਤੇ ਨੌਕਰ ਨੂੰ ਆਵਾਜ਼ ਮਾਰੀ, "ਓਏ ਅੰਦਰੋਂ ਲਿਆਈਂ ਮੇਰੀ ਐਨਕ।"

ਮਿਰਾਸੀ ਕਹਿਣ ਲੱਗਾ, "ਆਪਣੇ ਪਾਸ ਤਾਂ ਐਨਕ ਹੁੰਦੀ ਹੀ ਨਹੀਂ, ਸੋ ਪੜ੍ਹਨ ਦਾ ਯੱਭ ਹੀ ਨਹੀਂ ਪੈਂਦਾ।"

ਚਿੱਠੀ ਦੇ ਬਾਹਰ ਕਈ ਕੁਝ ਲਿਖਿਆ ਵੇਖ ਕੇ ਮਿਰਾਸੀ ਸਰਦਾਰ ਹੋਰਾਂ ਨੂੰ ਪੁੱਛਣ ਲੱਗਾ, "ਆਹ ਸਰਦਾਰ ਜੀ, ਚਿੱਠੀ ਦੇ ਬਾਹਰ ਏਨਾ ਕੁਝ ਕੀ ਲਿਖਿਆ ਹੋਇਐ?"

"ਮੇਰਾ ਨਾਂ, ਪਿੰਡ ਦਾ ਨਾਂ, ਤਹਿਸੀਲ ਲਿਖੀ ਹੋਈ ਹੈ, ਜ਼ਿਲ੍ਹਾ ਲਿਖਿਆ ਹੋਇਐ। ਇਹ ਸਾਰਾ ਸਿਰਨਾਵਾਂ ਲਿਖਿਆ ਹੋਇਐ।"

"ਹਲਾ ਜੀ, ਤੁਹਾਨੂੰ ਤਾਂ ਸਾਰੀ ਦੁਨੀਆਂ ਜਾਣਦੀ ਐ, ਫੇਰ ਏਡਾ ਸਾਰਾ ਸਿਰਨਾਵਾਂ? ਸਾਨੂੰ ਤਾਂ ਇਕੋ ਵੇਰ ਹੀ ਇਕ ਚਿੱਠੀ ਮਿਲੀ ਸੀ, ਉਹਦੇ ਬਾਹਰ ਤਾਂ ਬਸ ਆਪਣਾ ਨਾਉਂ ਹੀ ਲਿਖਿਆ ਸੀ। ਸਾਨੂੰ ਤਾਂ ਉਹ ਸਿੱਧੀ ਹੀ ਮਿਲ ਗਈ।"

"ਮਿਰਾਸੀਆ, ਉਹ ਆਈ ਕਿਵੇਂ ਸੀ?"

ਮਿਰਾਸੀ ਬੋਲਿਆ, "ਜੀ ਦਸਤੀ।"

-ਡਾ. ਜਸਵੰਤ ਸਿੰਘ ਨੇਕੀ


'ਪੰਜਾਬੀ ਹਾਸ-ਵਿਲਾਸ' ਵਿਚੋਂ

# ਕੋਰਟ: ਅਦਾਲਤੀ ਢਾਂਚੇ 'ਤੇ ਚੋਟਾਂ

ਮਹਿਤਾਬ ਸਿੰਘ

ਅਠਾਈ ਵਰ੍ਹਿਆਂ ਦੇ ਫਿਲਮਸਾਜ਼ ਚੈਤੰਨਯ ਤਮਹਾਣੇ ਦੀ ਪਹਿਲੀ ਹੀ ਫੀਚਰ ਫਿਲਮ 'ਕੋਰਟ' ਆਸਕਰ ਫਿਲਮ ਮੇਲੇ ਦੇ ਵਿਦੇਸ਼ੀ ਵਰਗ ਵਿਚ ਭਾਰਤ ਦੀ ਨੁਮਾਇੰਦਗੀ ਲਈ ਚੁਣੀ ਗਈ ਹੈ। ਇਹ ਫਿਲਮ ਮਰਾਠੀ ਵਿਚ ਤਿਆਰ ਕੀਤੀ ਗਈ ਹੈ ਅਤੇ ਇਸ ਦੇ ਸਬ-ਟਾਈਟਲ ਹਿੰਦੀ, ਅੰਗਰੇਜ਼ੀ ਅਤੇ ਗੁਜਰਾਤੀ ਵਿਚ ਤਿਆਰ ਕੀਤੇ ਗਏ ਹਨ। ਇਹ ਫਿਲਮ ਭਾਰਤੀ ਨਿਆਂ ਪਾਲਿਕਾ ਉਤੇ ਬਹੁਤ ਤਿੱਖੀ ਚੋਟ ਕਰਦੀ ਹੈ।

'ਕੋਰਟ' ਦਾ ਖਿਆਲ ਚੈਤੰਨਯ ਤਮਹਾਣੇ ਨੂੰ ਚਾਰ ਸਾਲ ਪਹਿਲਾਂ 2011 ਵਿਚ ਉਸ ਵੇਲੇ ਆਇਆ ਸੀ ਜਦੋਂ ਉਹ ਆਪਣੀ ਪਹਿਲੀ ਲਘੂ ਫਿਲਮ 'ਸਿਕਸ ਸਟ੍ਰੈਂਡਜ਼' ਬਣਾ ਰਿਹਾ ਸੀ। ਜਿਸ ਵੇਲੇ ਚੈਤੰਨਯ ਨੇ ਇਸ ਫਿਲਮ ਉਤੇ ਕੰਮ ਸ਼ੁਰੂ ਕੀਤਾ ਸੀ, ਉਹ ਮਸਾਂ 24 ਵਰ੍ਹਿਆਂ ਦਾ ਸੀ। ਉਸ ਦਾ ਜਨਮ ਪਹਿਲੀ ਮਾਰਚ 1987 ਨੂੰ ਮੁੰਬਈ ਵਿਚ ਹੋਇਆ ਸੀ। ਹੁਣ ਇਸ ਫਿਲਮ ਦੀ ਚਰਚਾ ਸੰਸਾਰ ਪੱਧਰ 'ਤੇ ਇੰਨੀ ਜ਼ਿਆਦਾ ਹੋ ਗਈ ਹੈ ਕਿ ਤਮਹਾਣੇ ਖੁਦ ਹੈਰਾਨ ਹੋਈ ਜਾਂਦਾ ਹੈ। ਫਿਲਮ ਨੇ ਇਸ ਤੋਂ ਪਹਿਲਾਂ ਵੀ ਕਈ ਕੌਮਾਂਤਰੀ ਫਿਲਮ ਮੇਲਿਆਂ ਵਿਚ ਦਾਖ਼ਲਾ ਪਾਇਆ ਹੈ ਅਤੇ ਇਨਾਮ ਵੀ ਹਾਸਲ ਕੀਤੇ ਹਨ। ਆਸਕਰ ਲਈ ਚੋਣ ਦੌਰਾਨ ਇਸ ਫਿਲਮ ਦਾ ਮੁਕਾਬਲਾ ਕਿਲ੍ਹਾ, ਐਨ.ਐਚ.10, ਬਜਰੰਗੀ ਭਾਈਜਾਨ, ਬਾਹੂਬਲੀ, ਹੈਦਰ ਅਤੇ ਮਸਾਨ ਨਾਲ ਹੋਇਆ ਸੀ।





ਚੈਤੰਨਯ ਤਮਹਾਣੇ

ਇਸ ਫਿਲਮ ਦੀ ਕਹਾਣੀ ਇਕ ਲੋਕ ਗਾਇਕ ਨਾਲ ਸਬੰਧਤ ਕੇਸ ਦੁਆਲੇ ਘੁੰਮਦੀ ਹੈ ਅਤੇ ਤਮਹਾਣੇ ਨੇ ਇਸ ਕੇਸ ਨੂੰ ਇਸ ਢੰਗ ਨਾਲ ਪੇਸ਼ ਕੀਤਾ ਹੈ ਕਿ ਇਸ ਵਿਚ ਭਾਰਤੀ ਨਿਆਂ ਪਾਲਿਕਾ ਦਾ ਖੋਖਲਾਪਣ ਜ਼ਾਹਿਰ ਹੋ ਗਿਆ। ਇਸ ਫਿਲਮ ਲਈ ਤਮਹਾਣੇ ਦੀ ਮਦਦ ਉਸ ਦੇ ਪੱਕੇ ਮਿੱਤਰ ਵਿਵੇਕ ਗੋਮਬਰ ਨੇ ਕੀਤੀ। ਵਿਵੇਕ ਇਸ ਫਿਲਮ ਦਾ ਨਿਰਮਾਤਾ ਵੀ ਹੈ ਅਤੇ ਉਸ ਨੇ ਫਿਲਮ ਵਿਚ ਅਦਾਕਾਰੀ ਵੀ ਕੀਤੀ ਹੈ। ਪੁੱਛਣ 'ਤੇ ਉਹ ਸਿਰਫ ਇੰਨਾ ਹੀ ਆਖਦਾ ਹੈ ਕਿ ਚੈਤੰਨਯ ਨੇ ਜਦੋਂ ਉਸ ਨਾਲ ਇਸ ਫਿਲਮ ਦਾ ਸਾਰ ਵਿਚਾਰਿਆ ਸੀ, ਉਦੋਂ ਹੀ ਉਸ ਨੂੰ ਲੱਗਿਆ ਸੀ ਕਿ ਫਿਲਮ ਨਿਵੇਕਲੀ ਹੋਵੇਗੀ।

# ਮਰੀਨਾ ਖਾਨ ਦੀ ਮੁਹੱਬਤ

ਜ਼ੀ ਨੈਟਵਰਕ ਦੇ ਚੈਨਲ 'ਜ਼ਿੰਦਗੀ' ਜਿਸ ਉਤੇ ਪਾਕਿਸਤਾਨੀ ਲੜੀਵਾਰ ਨਸ਼ਰ ਕੀਤੇ ਜਾਂਦੇ ਹਨ, ਉਤੇ ਦਿਖਾਏ ਜਾ ਰਹੇ ਲੜੀਵਾਰ 'ਜੈਕਸਨ ਹਾਈਟਸ' ਵਿਚ ਮਿਸ਼ੇਲ ਦਾ ਕਿਰਦਾਰ ਨਿਭਾਉਣ ਵਾਲੀ ਮਰੀਨਾ ਖ਼ਾਨ ਖੂਬ ਚਰਚਾ ਵਿਚ ਹੈ। ਇਸ ਫਿਲਮ ਵਿਚ ਉਸ ਨੇ ਵੱਡੀ ਉਮਰ ਦੀ ਕਾਰੋਬਾਰੀ ਔਰਤ ਦਾ ਕਿਰਦਾਰ ਨਿਭਾਇਆ ਹੈ ਜਿਸ ਦਾ ਪਿਆਰ ਆਪਣੇ ਤੋਂ 15 ਸਾਲ ਛੋਟੇ ਨੌਜਵਾਨ ਨਾਲ ਪੈ ਜਾਂਦਾ ਹੈ। ਇਸ ਕਿਰਦਾਰ ਵਿਚ ਮਿਸ਼ੇਲ ਨੇ ਪੂਰੀ ਰੂਹ ਫੂਕ ਦਿੱਤੀ ਹੈ। ਆਪਣੀ ਅਦਾਕਾਰੀ ਕਰ ਕੇ ਉਹ ਪਹਿਲਾਂ ਵੀ ਚਰਚਾ ਵਿਚ ਰਹੀ ਹੈ। ਉਸ ਨੇ ਅਦਾਕਾਰੀ 1985 ਵਿਚ 'ਤਨਹਾਈਆਂ' ਲੜੀਵਾਰ ਨਾਲ ਸ਼ੁਰੂ ਕੀਤੀ ਸੀ। ਉਹ ਭਾਵੇਂ ਅਦਾਕਾਰੀ ਵੱਲ ਆਉਣ ਨੂੰ ਤੁੱਕਾ ਹੀ ਦੱਸਦੀ ਰਹੀ ਹੈ, ਪਰ ਜਿਸ ਤਰ੍ਹਾਂ ਦੀ ਅਦਾਕਾਰੀ ਇਸ ਲੜੀਵਾਰ ਅਤੇ ਬਾਅਦ ਵਾਲੇ ਹੋਰ ਲੜੀਵਾਰਾਂ (ਧੂਪ ਕਿਨਾਰੇ, ਨਿਜਾਤ, ਤੁਮਸੇ ਕਹਿਨਾ ਥਾ, ਫਰਾਰ, ਖਾਲੀ ਹਾਥ, ਅੰਮਾ ਅੱਬਾ ਔਰ ਅਲੀ, ਪੜੌਸੀ) ਕੀਤੀ ਹੈ, ਉਸ ਨਾਲ ਉਸ ਗੁੱਡੀ ਅਸਮਾਨ ਵਿਚ ਚੜ੍ਹਨੀ ਹੀ ਸੀ। ਅਦਾਕਾਰੀ ਤੋਂ ਇਲਾਵਾ ਮਰੀਨਾ ਖਾਨ ਨੇ ਡਾਇਰੈਕਟਰ ਵਜੋਂ ਵੀ ਚਾਰ ਲੜੀਵਾਰ ਤਿਆਰ ਕੀਤੇ। ਇਨ੍ਹਾਂ ਵਿਚ 'ਅਜ਼ਰ ਕੀ ਆਏਗੀ ਬਰਾਤ', 'ਡੋਲੀ ਕੀ ਆਏਗੀ ਬਰਾਤ', 'ਟੱਕੇ ਕੀ ਆਏਗੀ ਬਰਾਤ' ਅਤੇ 'ਐਨੀ ਕੀ ਆਏਗੀ ਬਰਾਤ' ਸ਼ਾਮਲ ਹਨ। ਇਨ੍ਹਾਂ ਲੜੀਵਾਰਾਂ ਵਿਚ ਹਾਸਿਆਂ ਦੇ ਫੁਆਰੇ ਤਾਂ ਛੁੱਟਦੇ ਹੀ ਹਨ, ਇਨ੍ਹਾਂ ਅੰਦਰ ਸਮਾਜਕ ਸੁਨੇਹੇ ਵੀ ਪਰੋਏ ਹੋਏ ਹਨ। 26 ਦਸੰਬਰ 1962 ਨੂੰ ਪੇਸ਼ਾਵਰ ਵਿਚ ਜੰਮੀ ਮਰੀਨਾ ਖਾਨ 'ਬਰਾਤ' ਸੀਰੀਜ਼ ਉਤੇ ਇਕ ਵਾਰ ਫਿਰ ਕੰਮ ਕਰ ਰਹੀ ਹੈ। ਇਸ ਵਾਰ ਪੰਜਾਬੀ ਅਤੇ ਗੁਜਰਾਤੀ ਪਰਿਵਾਰਾਂ ਉਤੇ ਧਿਆਨ ਕੇਂਦਰਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਹ 'ਜ਼ਿੰਦਗੀ' ਚੈਨਲ ਵੱਲੋਂ ਤਿਆਰੀ ਕੀਤੀ ਜਾ ਰਹੀ ਟੈਲੀਫਿਲਮ 'ਲਾਲਾ ਬੇਗਮ' ਵਿਚ ਵੀ ਕੰਮ ਕਰ ਰਹੀ ਹੈ।


ਮਰੀਨਾ ਖਾਨ


'ਜੈਕਸਨ ਹਾਈਟਸ' ਦੀ ਮਿਸ਼ੇਲ ਮਰੀਨਾ ਖਾਨ।

# ਸ਼ਿਆਮ ਬੈਨੇਗਲ: ਸਮਾਜਕ ਪਰਤਾਂ ਦਾ ਚਿਤੇਰਾ

ਆਵਾਜ਼ ਦੇ ਕਹਾਂ ਹੈ... -20-





ਕੁਲਦੀਪ ਕੌਰ
ਫੋਨ: +91-98554-04330

ਸ਼ਿਆਮ ਬੈਨੇਗਲ ਦੀ ਫ਼ਿਲਮ 'ਅੰਕੁਰ' ਵਿਚ ਜਦੋਂ ਸਾਮੰਤਵਾਦੀ ਸੋਚ ਵਾਲਾ ਅੰਨਤਨਾਗ, ਸ਼ਬਾਨਾ ਆਜ਼ਮੀ ਦੇ ਗੂੰਗੇ-ਬੋਲੇ ਪਤੀ ਨੂੰ ਬਿਨਾਂ ਕਸੂਰ ਮਾਰਦਾ-ਕੁੱਟਦਾ ਹੈ ਤਾਂ ਸਾਮਰਾਜਵਾਦੀ ਕਾਇਰਤਾ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ। ਬੈਨੇਗਲ ਹਿੰਦੀ ਸਿਨੇਮਾ ਦੇ ਸ਼ਾਹਕਾਰ ਨਿਰਦੇਸ਼ਕ ਗੁਰੂ ਦੱਤ ਦੇ ਰਿਸ਼ਤੇ ਵਿਚੋਂ ਦੂਰ ਦੇ ਭਰਾ ਲੱਗਦੇ ਹਨ ਅਤੇ ਹੈਦਰਾਬਾਦ ਵਿਚ ਜੰਮੇ-ਪਲੇ ਹਨ। ਉਨ੍ਹਾਂ ਉਤੇ ਜਿੱਥੇ ਹੈਦਰਾਬਾਦੀ ਤਹਿਜ਼ੀਬ ਦਾ ਡੂੰਘਾ ਅਸਰ ਹੈ, ਉਥੇ ਮੁੰਬਈ ਪੁੱਜ ਕੇ ਥੋਕ ਦੇ ਭਾਅ ਦੇਖੀਆਂ ਯੂਰਪੀ ਫ਼ਿਲਮਾਂ ਨੇ ਉਨ੍ਹਾਂ ਦੀ ਸਿਨੇਮਾ ਵਰਗੇ ਮਾਧਿਅਮ ਬਾਰੇ ਸਮਝ ਬਣਾਈ। 'ਅੰਕੁਰ' ਨੈਸ਼ਨਲ ਫਿਲਮ ਫਾਇਨਾਂਸ ਕਾਰਪੋਰੇਸ਼ਨ ਦੀ ਸਹਾਇਤਾ ਨਾਲ ਬਣੀ ਸੀ। ਭਾਰਤੀ ਸਿਨੇਮਾ ਵਿਚ ਉਸ ਸਮੇਂ ਅਜਿਹੀਆਂ ਫਿਲਮਾਂ ਦੇ ਰੁਝਾਨ ਕਾਰਨ ਕਈ ਪ੍ਰਾਈਵੇਟ ਅਦਾਰੇ ਵੀ ਦਿਲਚਸਪੀ ਦਿਖਾ ਰਹੇ ਸਨ। ਇਸ਼ਤਿਹਾਰ ਤਿਆਰ ਕਰਨ ਵਾਲੀ ਅਜਿਹੀ ਹੀ ਕੰਪਨੀ ਬਲੇਜ਼ ਐਡਵਰਟਾਈਜ਼ਿੰਗ ਨਾਲ ਬੈਨੇਗਲ ਨੇ ਕਈ ਇਸ਼ਤਿਹਾਰ ਅਤੇ ਦਸਤਾਵੇਜ਼ੀ ਫ਼ਿਲਮਾਂ ਬਣਾਈਆਂ ਜੋ ਕਲਾ ਤੇ ਰੂਪਕ ਪੱਖ ਤੋਂ ਨਿਹਾਇਤ ਵੱਖਰੀਆਂ ਸਨ।

'ਚਰਨ ਦਾਸ ਚੋਰ' ਬੈਨੇਗਲ ਨੇ ਬੱਚਿਆਂ ਲਈ ਤਿਆਰ ਕੀਤੀ, ਪਰ ਇਸ ਵਿਚਲੀ ਲੋਕ ਪ੍ਰੰਪਰਾ ਅਤੇ ਤਤਕਾਲੀ ਵਿਅੰਗ ਕਾਰਨ ਇਹ ਫਿਲਮ ਆਪਣੇ ਦਿੱਸਹਦਿਆਂ ਤੋਂ ਕਈ ਗੁਣਾਂ ਬਾਹਰ ਜ਼ਰਬ ਖਾ ਗਈ। ਵਿਸ਼ਾ ਇਸ ਦਾ ਨਿਵੇਕਲਾ ਸੀ। ਸਿਆਸੀ ਟਿੱਪਣੀਆਂ ਨਾਲ ਸਮੇਂ ਦੀ ਸਰਕਾਰ ਨੂੰ ਸਵਾਲ ਪੁੱਛੇ ਗਏ ਸਨ। ਭਾਸ਼ਾ ਦਿਲਾਂ ਨੂੰ ਟੁੰਬਦੀ ਸੀ। ਇਸ ਫਿਲਮ ਦੀ ਪਟਕਥਾ ਸ਼ਮ੍ਹਾ ਜ਼ੈਦੀ ਨੇ ਲਿਖੀ ਸੀ ਅਤੇ ਰੰਗਕਰਮੀ ਤਨਵੀਰ ਹਬੀਬ ਨੇ ਇਸ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ ਸੀ। ਹਿੰਦੀ ਸਿਨੇਮਾ ਦੀ ਸ਼ਾਨਦਾਰ ਅਦਾਕਾਰਾ ਸਮਿਤਾ ਪਾਟਿਲ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਇਸੇ ਫ਼ਿਲਮ ਤੋਂ ਕੀਤੀ। ਇੱਕ ਇੰਟਰਵਿਊ ਵਿਚ ਇਸ ਫਿਲਮ ਸਬੰਧੀ ਸ਼ਿਆਮ ਬੈਨੇਗਲ ਆਖਦਾ ਹੈ- "ਕਦੇ ਤਾਂ ਸਿਨੇਮਾ ਨੂੰ ਝੂਠ ਤੋਂ ਭੱਜਣਾ ਹੀ ਪੈਣਾ, ਇਸ ਨੂੰ ਤਤਕਾਲੀ ਹਾਲਾਤ ਨਾਲ ਜੁੜਨਾ ਪੈਣਾ ਅਤੇ ਅਜਿਹੀਆਂ ਫਿਲਮਾਂ ਬਣਾਉਣੀਆਂ ਹੀ ਪੈਣੀਆਂ ਜਿਹੜੀਆਂ ਤੁਹਾਡੇ ਦੌਰ ਦੇ ਸੱਚ ਨੂੰ ਬਿਆਨ ਕਰ ਸਕਣ।"

1977 ਵਿਚ ਬਣੀ ਫਿਲਮ 'ਭੂਮਿਕਾ' ਲਈ ਸ਼ਿਆਮ ਬੈਨੇਗਲ ਨੇ ਪਿੱਠਭੂਮੀ ਦੇ ਤੌਰ 'ਤੇ ਸ਼ਹਿਰ ਚੁਣਿਆ। ਇਹ ਫ਼ਿਲਮ ਮਰਾਠੀ ਨਾਟਕਾਂ ਦੀ ਪ੍ਰਸਿੱਧ ਅਭਿਨੇਤਰੀ ਹੰਸਾ ਵਾਡੇਕਰ ਦੀ ਜੀਵਨੀ 'ਤੇ ਆਧਾਰਿਤ ਸੀ। ਸ਼ਿਆਮ ਬੈਨੇਗਲ ਨੇ ਇਸ ਫਿਲਮ ਰਾਹੀ ਨਾ ਸਿਰਫ਼ ਹੰਸਾ ਵਾਡੇਕਰ ਦੀ ਜ਼ਿੰਦਗੀ ਦੇ ਸ਼ੰਘਰਸ ਅਤੇ ਹਾਲਾਤ ਨੂੰ ਪਰਦੇ 'ਤੇ ਲੈ ਕੇ ਆਂਦਾ, ਸਗੋਂ ਲੋਕਾਂ ਦੇ ਸਿਨੇਮਾ ਅਤੇ ਕਲਾਕਾਰਾਂ ਵੱਲ ਨਜ਼ਰੀਏ ਨੂੰ ਵੀ ਬਿਰਤਾਂਤ ਦਾ ਆਧਾਰ ਬਣਾਇਆ। ਫਿਲਮ ਵਿਚ ਮੁੱਖ ਕਿਰਦਾਰ ਹੰਸਾ (ਸਮਿਤਾ ਪਾਟਿਲ) ਦੇ ਬਚਪਨ ਤੋਂ ਅਭਿਨੇਤਰੀ ਬਣਨ ਦੇ ਸਫ਼ਰ ਨੂੰ ਦਿਖਾਉਂਦੇ ਹੋਏ ਬੈਨੇਗਲ ਉਸ ਅੰਦਰ ਪਈ ਜ਼ਿੱਦ, ਅਮੋੜਤਾ, ਪ੍ਰੰਪਰਾਵਾਂ ਤੋਂ ਬਗਾਵਤ ਨੂੰ ਸੰਵੇਦਨਸ਼ੀਲਤਾ ਨਾਲ ਫਿਲਮਾਉਂਦਾ ਹੈ। ਨਿੱਜੀ ਕਸ਼ਮਕਸ਼ ਨੂੰ ਕੈਮਰੇ ਰਾਹੀ ਫੜਦਾ ਬੈਨੇਗਲ ਉਸ ਦੀਆਂ ਉਲਝਣਾਂ ਅਤੇ ਬੇਵਿਸਾਹੀਆਂ ਨੂੰ ਬਿਆਨ ਕਰਦਾ ਹੈ। ਅੰਤ ਜਦੋਂ ਉਸ ਦੀ ਬੇਟੀ ਉਸ ਨੂੰ ਆਪਣੇ ਗਰਭਵਤੀ ਹੋਣ (ਵਿਆਹ ਬਾਹਰੇ) ਬਾਰੇ ਦੱਸਦੀ ਹੈ ਤਾਂ ਇੱਕੋ ਸਮੇਂ ਅਨੇਕ ਪ੍ਰੇਮ-ਪ੍ਰਸੰਗਾਂ ਵਿਚ ਉਲਝੀ ਰਹਿਣ ਵਾਲੀ ਹੰਸਾ ਨੂੰ ਭਾਵਨਾਤਮਿਕ ਧੱਕਾ ਤਾਂ ਲੱਗਦਾ ਹੀ ਹੈ, ਪਰ ਉਸ ਦੀ ਪ੍ਰਤੀਕਿਰਿਆ ਪ੍ਰੰਪਰਾਗਤ ਮੁੱਲਾਂ ਅਤੇ ਸੰਸਕਾਰਾਂ 'ਤੇ ਆਧਾਰਿਤ ਹੋਣਾ ਦਰਸ਼ਕਾਂ ਅੱਗੇ ਔਰਤ ਦੀ ਆਜ਼ਾਦੀ ਦੀਆਂ ਹੱਦਾਂ ਦਾ ਸਵਾਲ ਖੜ੍ਹਾ ਕਰਦੀ ਹੈ। ਹੰਸਾ ਆਪਣੀ ਹੋਂਦ ਦੇ ਸਵਾਲਾਂ ਸਾਹਵੇਂ ਖੜ੍ਹੀ ਹੈ ਜਿਥੇ ਸਾਰਾ ਸਾਗਰ ਉਸ ਦੀ ਮੁੱਠੀ ਵਿਚ ਹੈ, ਪਰ ਪਿਆਸ ਬੁਝਾਉਣ ਲਈ ਦੋ ਬੂੰਦ ਪਾਣੀ ਵੀ ਨਹੀਂ ਹੈ।






ਫਿਲਮਸਾਜ਼ ਸ਼ਿਆਮ ਬੈਨੇਗਲ ਅਤੇ (ਸੱਜੇ) ਫਿਲਮ 'ਜਨੂੰਨ' ਦਾ ਪੋਸਟਰ।

1857 ਦੇ ਗਦਰ 'ਤੇ ਬਣੀ ਫਿਲਮ 'ਜਨੂੰਨ' ਹਿੰਦੀ ਸਿਨੇਮਾ ਵਿਚ ਯਾਦਗਾਰੀ ਸਥਾਨ ਰੱਖਦੀ ਹੈ। ਇਸ ਫਿਲਮ ਦੀ ਪਟਕਥਾ ਉਘੇ ਨਾਟਕਕਾਰ ਗਿਰੀਸ਼ ਕਿਰਨਾਡ ਅਤੇ ਬੈਨੇਗਲ ਨੇ ਰਲ ਕੇ ਲਿਖੀ ਸੀ। ਇਸ ਦਾ ਆਧਾਰ ਰਸਕਿਨ ਬਾਂਡ ਦੀ ਕਹਾਣੀ 'ਏ ਫਲਾਈਟ ਆਫ ਪੀਜ਼ਨਜ਼' ਸੀ। ਉਰਦੂ ਲੇਖਕਾ ਇਸਮਤ ਚੁਗਤਾਈ ਨੇ ਇਸ ਫਿਲਮ ਦੇ ਸੰਵਾਦ ਲਿਖੇ। ਮੁੱਖ ਭੂਮਿਕਾਵਾਂ ਵਿਚ ਸ਼ਸ਼ੀ ਕਪੂਰ, ਸ਼ਬਾਨਾ ਆਜ਼ਮੀ, ਜੈਨੀਫਰ ਕੇਂਡਲ (ਕਪੂਰ) ਅਤੇ ਨਸੀਰੂਦੀਨ ਸ਼ਾਹ ਸਨ। ਫਿਲਮ ਵਿਚ ਜਦੋਂ ਅਮਰੀਸ਼ ਪੁਰੀ ਦੀ ਭਰਵੀਂ ਤੇ ਖਰ੍ਹਵੀਂ ਆਵਾਜ਼ ਘਟਨਾਵਾਂ ਨੂੰ ਸੂਤਰ ਵਿਚ ਪਰੋਂਦੀ ਸੀ ਤਾਂ ਦਰਸ਼ਕਾਂ ਦਾ ਸਾਹ ਰੁਕ ਜਾਂਦਾ ਸੀ। ਇਸ ਫਿਲਮ ਵਿਚ 1857 ਦੇ ਗਦਰ ਦੌਰਾਨ ਪ੍ਰਵਾਨ ਚੜ੍ਹੀ ਪ੍ਰੇਮ ਕਹਾਣੀ ਰਾਹੀ ਉਨ੍ਹਾਂ ਸਮਿਆਂ ਦਾ ਖਾਕਾ ਖਿੱਚਿਆ ਗਿਆ ਹੈ। ਮੁਸਲਮਾਨ ਸਾਮੰਤ ਦੇ ਇਸਾਈ ਕੁੜੀ ਨਾਲ ਸਬੰਧਾਂ ਨੂੰ ਬਿਆਨ ਕਰਦੀ ਇਸ ਫਿਲਮ ਵਿਚ ਸ਼ਸ਼ੀ ਕਪੂਰ ਪਠਾਣ ਦੀ ਭੂਮਿਕਾ ਵਿਚ ਸੀ।

(ਚਲਦਾ)

REGULAR 2.09 9/10

Diesel 8.88 9/10 EC Unleaded 2.09 9/10

GAS SIGN MESSAGE BOARD

Box & Channel Letters SIGNS

We Install any where in California

ELECTRIC SIGN COMPANY

Call For More Info:

1-661-586-5080

## Anu Attorney
## Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law

Licensed to practice Immigration in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁੱਲ੍ਹ ਚੁਕਾ ਹੈ

FAMILY LAW (Only In WA)
*Divorce *Annulment
*International Custody

INCORPORATIONS (Only In WA)
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

ਸਾਫ ਸੁਥਰੀ ਸੱਭਿਆਚਾਰਕ ਗਾਇਕੀ



ਜੀਤਾ ਗਿੱਲ

ਸੰਪਰਕ ਕਰੋ: 209-815-0013

HIGH QUALITY PICTURE

HD TVI, SDI, IP



We install anywhere in California

NEW TREND IN SECURITY SYSTEM
ULTRA HIGH DEFINITION
MOTORIZED LENS

Call Sukhpal for your next security solution purchase

2 YEAR WARRANTY

Vista CCTV TECHNOLOGY
SOLUTION PROVIDER COMPANY

661-586-5080
commvision@sbcglobal.net

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 28 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Jassi Gill Proudly Presents...




### 2653 GLEN FERGUSON CIR SAN JOSE CA 95148

- 5 Large Bedrooms 3 Full Bath
- 1 Bedroom 1.5 bath Downstairs
- Updated Kitchen with granite counter & stainless steel appliances
- 2533 Sq ft of living area
- 7405 sq ft Lot
- Large Living room
- Formal dinning
- Separate family room with fire place
- 3 Car Garage with opener

- *Evergreen Home Built in 1986*
- *All bedrooms with walk in closets.*
- *Copper plumbing*
- ***$1100 per month rental set up***
- *Fully landscaped front yard With brick and iron fence*
- *Large Rear yard have fruit trees and shed.*
- *View of hills*

**Offered at: $ 899,000**




### 4205 Lunar Way Union City CA 94587

- 2 story TH in Contempo Park
- Updated 4 Bedrooms & 1.5 bath
- 1 bedroom downstairs option
- Updated kitchen with Granite counter and tile flooring
- *New Stainless steel appliances*
- Large Living room
- 1342 sq ft of living area
- Inside laundry
- 2 Car Garage with opener
- All dual pane windows

- *Built in 1974*
- *New copper plumbing, New furnace & New water heater*
- *All new paint & texture*
- *Mirror closet doors*
- *LOW HOA OF 240/m includes water and garbage too*
- *Contempo park,pool and party hall*
- *Pioneer Elementary school*
- *Easy access to 84,92 & 880*

**Offered at: $ 455,000**




### 5919 Saint Mathew Dr., Newark CA 94560

- Updated 4 Bedrooms & 2bath
- New eat in kitchen with Granite counter and Laminate flooring
- Large Living room with Fire place
- Sep Family room
- 1472 sq ft of living area
- 6200 sq lot with side access
- 2 Car Garage with opener
- All dual pane windows

- *Built in 1974*
- *Newer furnace & AC*
- *All laminate & tile flooring*
- *All new paint in & out*
- *Fully landscaped yard*
- *Easy access to 84,92 & 880 freeways*

**Offered at: $ 687,000**

## JUST SOLD

1. 4124 Polaris Ave., Union City, CA 94587
2. 4105 Pluto Way, Union City, CA 94587
3. 49077 Tomahawk Pl Fremont, CA 94539
4. 3155 Courthouse Drive, Union City, CA 94587
5. 2781 Determine Drive Atwater, CA 95301
6. 105 Machado Ct., Tracy, CA 95376
7. 2622 Daniel Hansen Way, Tracy, CA 95377
8. 1849 Girard Dr., Milpitas, CA 95035
9. 29180 Marshbrook Dr., Hayward CA 94545
10. 1884 Daytona Dr., San Jose, CA 95122
11. 240 Lloyd Ave., Fremont, CA 94536
12. 824 Gilchrist Dr., #4 San Jose, CA 95133
13. 1337 Gentry Ln., Tracy, CA 95377
14. 1643 Orleans Dr., San Jose CA 95122



**Jaswinder (Jassi) Gill**

*Broker/Owner (BRE# 00966763)*

**Golden State Realty**

86 Pilgrim Loop,
Fremont, CA 94539

**Ph: 510-304-9292**

email: jassi@jassigill.com
www.jassigill.com